# ਦੋ ਸ਼ਬਦ

ਸੰਸਾਰ ਦਾ ਚੋਣਵਾਂ ਸਾਹਿਤ ਪੜ੍ਹਦਿਆਂ ਵਿਚਾਰਾਂ ਦਾ ਵਿਕਾਸ ਹੋਇਆ। ਜੀਵਨ ਬਤੀਤ ਕਰਦਿਆਂ ਜਿੰਨੀਆਂ ਔਕੜਾਂ ਰਾਹ ਵਿੱਚ ਆਈਆਂ, ਉਨ੍ਹਾਂ ਤੋਂ ਹੋਰ ਦ੍ਰਿੜਤਾ ਮਿਲੀ। ਗੁਰਬਾਣੀ ਪੜ੍ਹ ਕੇ, ਵਿਚਾਰ ਕਰਦਿਆਂ ਮਾਨੋ ਦੁਨੀਆਂ ਦਾ ਸਰਬੋਤਮ ਖਜਾਨਾ ਪ੍ਰਾਪਤ ਹੋ ਜਾਣ ਜਿੰਨੀ ਖ਼ੁਸ਼ੀ ਮਿਲੀ। ਗੁਰੂਬਾਣੀ ਤੋਂ ਹੱਕ ਸੱਚ, ਨਿਰਵਾਣਤਾ ਤੇ ਸੂਰਮਗਤੀ ਪ੍ਰਾਪਤ ਕਰ ਕੇ, ਮੌਤ ਨੂੰ ਟਿੱਚ ਕਰ ਕੇ ਜਾਣਨ ਵਾਲਿਆਂ ਦਾ ਜੀਵਨ ਪੜ੍ਹ ਕੇ, ਖ਼ੂਨ ਦੀ ਗਤੀ ਤੇਜ਼ ਹੋ ਜਾਂਦੀ ਹੈ। ਇੱਕ ਮਹਾਨ ਨਾਇਕ ਗੁਰੂ ਨਾਨਕ ਸਾਹਿਬ ਨੇ, ਇਸ ਭਾਰਤੀ ਖਿੱਤੇ ਵਿੱਚੋਂ, “ਆਟੇ ਦੇ ਬਾਵਿਆਂ, ਮਿੱਟੀ ਦੇ ਮਾਧੋਆਂ, ਪੱਥਰ ਦੀਆਂ ਮੂਰਤਾਂ” ਨੂੰ ਅਜਿਹੇ ਜਾਂਬਾਜ ਜੋਧੇ ਬਣਾ ਦਿੱਤਾ, ਕਿ ਉਹ ਹਰ ਪਾਸੇ ਜ਼ਿੰਦਗੀ ਦੇ ਜੇਤੂ ਸ਼ਾਹ ਸਵਾਰ ਬਣ ਗਏ। ਥੋੜੇ ਸਮੇਂ ਅੰਦਰ, ਜਿੱਥੇ ਮੁਸੀਬਤਾਂ ਬੇਅੰਤ ਝੱਲੀਆਂ। ਉਥੇ ਪ੍ਰਾਪਤੀਆਂ ਵੀ ਬਹੁਤ ਵੱਡੀਆਂ ਕੀਤੀਆਂ। ਗੁਰੂ ਬਾਬਾ ਜੀ ਦੀ ਅਨਮੋਲ ਸਿਖਿਆ ਨਾਲ ਸਿੱਖ ਹਰ ਤਰ੍ਹਾਂ ਦੇ ਭੈ ਤੋਂ ਮੁਕਤ ਹੋ ਗਏ। ਕਰਮਕਾਂਡਾਂ ਤੋਂ ਕਿਨਾਰਾ ਕਰ ਗਏ। ਜੜ ਪੂਜਾ ਜਾਂ ਵਿਅਕਤੀ ਪੂਜਾ ਤੋਂ ਅੱਗੇ ਲੰਘ ਕੇ, ਨਿਰੰਕਾਰ ਦੇ ਦਰਵਾਜ਼ੇ ’ਤੇ ਪਹੁੰਚ ਗਏ। ਸਾਰੇ ਵਖਰੇਵੇਂ ਮਿਟਾ ਕੇ, “ਮਾਈ ਭਾਈ” ਬਣ ਗਏ। ਖੁੱਲ੍ਹਾ ਸੁਭਾ, ਸੁਡੌਲ ਸਰੀਰ, ਸਾਦਾ ਜੀਵਨ, ਸੋਹਣੀ ਸੂਰਤ, ਸਿਆਣਪ ਅਤੇ ਮਿਹਨਤ ਨਾਲ, “ਬੱਬਰ ਸ਼ੇਰ” ਬਣ ਗਏ...।

ਬਾਬਾ ਨਾਨਕ ਦੀ ਲਾਸਾਨੀ ਸਿਖਿਆ ਦੁਆਰਾ, ਜਿਨ੍ਹਾਂ ਦੀ “ਉਚੀ ਜਾਤ” ਨੀਵੀਂ ਹੋ ਗਈ, ਜਿਨ੍ਹਾਂ ਦੀ ਪੂਜਾ ਮਾਨਤਾ ਖ਼ਤਮ ਹੋ ਗਈ, ਜਿਨ੍ਹਾਂ ਦੇ ਤੀਰਥ ਸੁੰਨੇ ਹੋਣ ਲੱਗ ਪਏ, ਜਿਨ੍ਹਾਂ ਡੇਰਿਆਂ ਵਿੱਚੋਂ ਅਯਾਸ਼ੀ ਦੇ ਅੱਡੇ ਖ਼ਤਮ ਹੋਣ ਲੱਗੇ, ਜੋ ਸਦੀਆਂ ਤੋਂ ‘ਭਗਵਾਨ’ ਬਣਾ ਕੇ ਪੂਜੇ ਜਾ ਰਹੇ ਸਨ, ਉਹ ਪੱਥਰ ਦੇ ਟੁਕੜੇ ਨਜ਼ਰ ਆਉਣ ਲੱਗ ਪਏ। ਤਿਲਕ ਮਾਲਾ, ਧੋਤੀ ਲੋਟਾ, ਜੰਜੂ ਕੱਖੋਂ ਹੋਲੇ ਕਰ ਵਿਖਾਏ। ਪੁਰਾਣੇ ਧਰਮ ਗ੍ਰੰਥਾਂ ਦੇ ਪੜਦੇ ਉਤਾਰ ਕੇ, ਅਸਲੀਅਤ ਜੱਗ ਜ਼ਾਹਰ ਕਰ ਦਿੱਤੀ। ਪੂਜਣ ਜੋਗ ਦੇਵੀਆਂ, ਦੇਵਤਿਆਂ ਨੂੰ ਅਰਸ ਤੋਂ ਫ਼ਰਸ਼ ’ਤੇ ਲਿਆ ਸੁੱਟਿਆ। ਜਾਲਮ ਰਾਜਿਆਂ ਨੂੰ ਜਿਥੇ ਰੱਤ ਪੀਣੇ ਆਖ ਕੇ ਫਿਟਕਾਰਿਆ। ਉਥੇ ਨਾਲ ਹੀ ਵਿਗੜੇ ਹੋਏ ਹਾਕਮਾਂ ਨੂੰ, ਰਾਹ ਸਿਰ ਲਿਆਉਣ ਲਈ ਆਪਣੇ ਸੇਵਕ ਸਿੱਖਾਂ ਨੂੰ, ਤੇਗਾਂ ਸੂਤ ਕੇ ਮੈਦਾਨ ਵਿੱਚ ਵੀ ਉਤਾਰ ਦਿੱਤਾ। ਜ਼ਿੰਦਗੀ ਦਾ ਰਹਿਬਰ, ਜਾਂ ਕੇਂਦਰ ਬਿੰਦੂ ਗੁਰੂ ਬਣ ਗਿਆ। ਬਾਕੀ ਸੱਭ ਦੀ ਛੁੱਟੀ ਕਰ ਦਿੱਤੀ। ਸਿੱਖਾਂ ਨੂੰ ‘ਪੂਰਨ ਆਜ਼ਾਦੀ’ ਦੇਣ ਦਾ ਬਿਗਲ ਵਜਾ ਦਿੱਤਾ।

ਸਦੀਆਂ ਤੋਂ ਸਥਾਪਤ ਹੋ ਚੁੱਕੇ ਪੁਜਾਰੀ, ਤਿਲਮਲਾ ਉਠੇ। ਜਾਬਰ ਹਾਕਮ ਅੱਗ ਬਬੂਲਾ ਹੋ ਗਏ। ਮੁਫ਼ਤ ਖੋਰੇ ਸਾਧ ਸੰਤ ਤੇ ਪਖੰਡੀ ਗੁਰੂ ਵਿਸ਼ ਘੋਲਣ ਲੱਗੇ। ਆਮ

ਜਨਤਾ ਹਾਲੀ ਇੰਨੀ ਸੁਚੇਤ ਨਹੀਂ ਹੋਈ ਸੀ ਕਿ ਦ੍ਰਿੜਤਾ ਨਾਲ ਗੁਰੂ ਵਾਲੇ ਖੇਮੇ ਵਿੱਚ ਪ੍ਰਵੇਸ਼ ਕਰ ਸਕਦੀ। ਸਿੱਖੀ ਦੇ ਦੁਸ਼ਮਣਾਂ ਨੇ ਲੋਕਾਂ ਨੂੰ ਡਰਾਇਆ, ਧਮਕਾਇਆ, ਲਾਲਚ ਦਿੱਤੇ। ਜੇ ਫਿਰ ਵੀ ਕੋਈ ਨਾ ਮੰਨਿਆ ਤਾਂ ਸਮੇਂ ਦੀਆਂ ਸਰਕਾਰਾਂ ਨਾਲ ਗੰਢ ਤੁਪ ਕਰ ਕੇ, ਬੇ ਓੜਕ ਕਹਿਰ ਢਾਹਿਆ ਗਿਆ। ਸਰੀਰਕ ਜਾਂ ਆਰਥਕ ਘਾਟਾ ਸਿੱਖ ਬਰਦਾਸ਼ ਕਰਦੇ ਗਏ। ਚਾਲਬਾਜ਼ ਦੁਸ਼ਮਣ ਨੇ ਸਿਧਾਂਤਕ ਪੱਖੋਂ ਚੌਤਰਫ਼ੀ ਹਮਲੇ ਕਰ ਦਿੱਤੇ। ਗੁਰੂ ਗੋਬਿੰਦ ਸਿੰਘ ਜੀ ਤੋਂ ਮਗਰੋਂ, ਥੋੜੀ ਦੇਰ ਅੰਦਰ ਹੀ ਕੂੜ ਕੁਫ਼ਰ ਨਾਲ ਭਰੀਆਂ ਪੁਸਤਕਾਂ ਦਾ ਹੜ ਆ ਗਿਆ। ਗੁਰਬਿਲਾਸ ਪਾਤਿਸ਼ਾਹੀ ਛੇਵੀਂ, ਬਚਿੱਤਰ ਨਾਟਕ, ਸੂਰਜ ਪ੍ਰਕਾਸ਼ ਤੇ ਹੋਰ ਕਈ ਕੁੱਝ। ਗੁਰਬਾਣੀ ਦੇ ਚਾਨਣ ਨੂੰ ਰੋਕਣ ਵਾਸਤੇ, ਦੁਆਲੇ ਕੰਧਾਂ ਉਸਾਰ ਦਿੱਤੀਆਂ। ਕਬਰਾਂ ਮੜੀਆਂ, ਰੁੱਖ ਬਿਰਖ ਤੀਰਥ ਸਰੋਵਰ, ਸੱਭ ਪੂਜੇ ਜਾਣ ਲੱਗ ਪਏ। ਗੁਰਬਾਣੀ ਦੀ ਉਤਮ ਵਿਚਾਰਧਾਰਾ ਤੋਂ ਉਲਟ। ਸਾਧਾਂ ਸੰਤਾਂ ਮਹੰਤਾਂ ਡੇਰਿਆਂ, ਮੱਠਾਂ ਟਕਸਾਲਾਂ ਦਾ ਹੜ ਆ ਗਿਆ। ਗੁਰਬਾਣੀ ਦਾ ਅਸਲੀ ਹੁਕਮ ਗੁੰਮ ਕਰ ਦਿੱਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਗੁਰਗੱਦੀ ਹਥਿਆ ਕੇ, ਡੇਰੇਦਾਰ ਸਾਧ ਖ਼ੁਦ ਗੁਰੂ ਬਣ ਬੈਠੇ ਹਨ। ਅਣਗਿਣਤ ਡਿਗਰੀਆਂ (ਸੰਤ, ਪੂਰਨ ਸੰਤ, ਬ੍ਰਹਮ ਗਿਆਨੀ, ਵਿਦਿਆ ਮਾਰਤੰਡ, ਮਹਾਰਾਜ ਤੇ ਸਤਿਗੁਰੂ ਆਦਿ) ਆਪਣੇ ਨਾਵਾਂ ਦੇ ਅੱਗੇ ਪਿੱਛੇ ਨੱਥੀ ਕਰ ਲਈਆਂ। ਗੁਰੂ ਦੀ ਬਾਣੀ ਤੋਂ ਤੋੜ ਕੇ, ਲੱਚਰ ਕਿਤਾਬਾਂ ਚੇਲਿਆਂ ਨੂੰ ਪੜ੍ਹਾਈਆਂ ਜਾਣ ਲੱਗੀਆਂ। ਗੁਰੂ ਸਾਹਿਬਾਨ ਦੇ ਪਰ ਉਪਕਾਰ ਸੁਣਾਉਣ ਦੀ ਥਾਵੇਂ, ਪਖੰਡੀ ਸੰਤਾਂ ਦੀਆਂ ਝੂਠੀਆਂ ਬੇਸਿਰ ਪੈਰ ਦੀਆਂ ਕਹਾਣੀਆਂ ਸੁਣਾਈਆਂ ਜਾਣ ਲੱਗੀਆਂ। ਹੌਲੀ ਹੌਲੀ ਸਿੱਖ ਪੰਥ ਅਰਸ਼ ਤੋਂ ਫਰਸ਼ ’ਤੇ ਆਣ ਡਿੱਗਾ।

ਸ਼੍ਰੋਮਣੀ ਕਮੇਟੀ, ਦਿੱਲੀ ਗੁਰਦਵਾਰਾ ਕਮੇਟੀ (ਅਤੇ ਹੋਰ ਅਨੇਕ ਵੱਡੇ ਬਜਟ ਵਾਲੀਆਂ ਗੁਰਦਵਾਰਾ ਕਮੇਟੀਆਂ) ਨੇ ਆਪਣੇ ਫ਼ਰਜ਼ ਦੀ ਪਛਾਣ ਨਾ ਕੀਤੀ। ਗੋਲਕਾਂ ਨੂੰ ਬੜੀ ਬੇਰਹਿਮੀ ਨਾਲ ਗ਼ਲਤ ਥਾਵਾਂ ’ਤੇ ਰੋਹੜਿਆ। ਸਾਧਵਾਦ ਤਾਂ ਵਧਿਆ ਹੀ ਸੀ ਤੇ ਸ਼੍ਰੋਮਣੀ ਕਮੇਟੀ ਵੀ ਇੱਕ ਵੱਡੇ ਡੇਰੇ ਦਾ ਰੂਪ ਧਾਰਨ ਕਰ ਚੁੱਕੀ ਹੈ। ਪੰਜਾਹ ਸਾਲਾਂ ਤੋਂ ਹੌਲੀ ਹੌਲੀ ਅੱਗੇ ਵਧਦਿਆਂ, ‘ਸ੍ਰੀ ਮਾਨ ਸੰਤਾਂ ਸਿਰ ਸੰਤ, ਹਰ ਚਤੁਰਾਈ ਵਿੱਚ ਨਿਪੁੰਨ, ਸ੍ਰੀ ਪ੍ਰਕਾਸ਼ ਸਿੰਘ ਜੀ ਬਾਦਲ, ਸਾਰੇ ਗੁਰਧਾਮਾਂ ’ਤੇ ਕਾਬਜ਼ ਹਨ। ਬਾਕੀ ਛੋਟੇ ਸੰਤ ਤੇ ਪ੍ਰਧਾਨ ਆਦਿਕ। ਇਨ੍ਹਾਂ ਦਾ ਛਤਰ ਛਾਇਆ ਵਿੱਚ ਪਲਦੇ ਹਨ। ਜਥੇਦਾਰਾਂ ਦੀ ਆਪਣੀ ਕੋਈ ਹੈਸੀਅਤ ਨਹੀਂ ਹੈ। ਕੇਵਲ ਕਠਪੁਤਲੀਆਂ ਹਨ। ਸਾਧ ਵਾਦ ਨੂੰ ਠੱਲ੍ਹ ਪਾਉਣ ਵਾਸਤੇ, ਸਿੱਖ ਪੰਥ ਨੂੰ ਗੁਰਮਤਿ ਦਾ ਗਿਆਨ ਦੇਣ ਵਾਸਤੇ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਲਗਪਗ ਸਾਰੇ ਗੁਰਦਵਾਰਿਆਂ ਵਿੱਚ ਸਾਧਾਂ ਦੇ ਚੇਲੇ ਹੀ ਗ੍ਰੰਥੀ ਜਾਂ ਕਥਾ ਵਾਚਕ ਵੇਖੇ ਜਾ ਸਕਦੇ ਹਨ। ਇਹ ਲੋਕ ਅਪਣੇ

ਮਹਾਂਪੁਰਖਾਂ ਤੋਂ ਸਿਖਿਆ ਕੁਫਰ, ਨਿਤ ਦਿਨ ਸਟੇਜਾਂ 'ਤੇ ਸੁਣਾਉਂਦੇ ਹਨ। ਨਿਰੋਲ ਤੇ ਨਿਆਰੇ ਪੰਥ ਨੂੰ ਬ੍ਰਾਹਮਣੀ ਖਾਰੇ ਸਾਗਰ ਵਿੱਚ ਗਰਕ ਕਰ ਦਿੱਤਾ ਹੈ।

ਸਿੱਖ ਮਾਈ ਭਾਈ ਨੂੰ ਝੰਜੋੜ ਕੇ ਜਗਾਉਣ ਲਈ ਇਹ ਪੂਰੀ ਕਿਤਾਬ ਟਕਸਾਲ ਬਾਰੇ ਤਿਆਰ ਕੀਤੀ ਗਈ ਹੈ। ਬਹੁਤ ਲੰਮੇ ਸਮੇਂ ਤੋਂ ਟਕਸਾਲ ਨੇ ਪੰਥ ਨੂੰ ਗੁਮਰਾਹ ਕੀਤਾ ਹੋਇਆ ਹੈ। ਉਨ੍ਹਾਂ ਵੱਲੋਂ ਕੀਤੇ ਗਏ ਦੁਸ਼ਟ ਕਰਮਾਂ ਨੂੰ ਸੰਗਤ ਦੀ ਕਚਿਹਰੀ ਵਿੱਚ ਪੇਸ਼ ਕਰ ਰਹੇ ਹਾਂ। ਇਸ ਕਿਤਾਬ ਨੂੰ ਪੜ੍ਹ ਕੇ ਕਈਆਂ ਦੇ ਢਿੱਡ ਪੀੜ ਹੋਵੇਗੀ! ਕਈਆਂ ਦੀ ਸ਼ਰਧਾ ਨੂੰ ਸੱਟ ਵੱਜੇਗੀ ਪਰ ਸਾਡੀਆਂ ਲਿਖੀਆਂ ਦਲੀਲਾਂ ਦਾ ਦਲੀਲ ਨਾਲ ਜਵਾਬ ਦੇਣ ਦੀ ਖੇਚਲ ਕਰਿਓ। "ਸੰਤ ਕੀ ਨਿੰਦਾ" ਦਾ ਡਰਾਵਾ ਦੇ ਕੇ ਅੱਜ ਤੱਕ ਇਹ ਲੋਕ ਆਮ ਸਿੱਖਾਂ ਦੀ ਜ਼ੁਬਾਨ ਬੰਦ ਕਰ ਦਿੰਦੇ ਰਹੇ ਹਨ। ਸਾਨੂੰ ਸਮਝ ਆ ਗਈ ਹੈ ਕਿ ਇਹ ਲੋਕ ਕੋਈ ਸੰਤ ਜਾਂ ਬਹ੍ਮ ਗਿਆਨੀ ਨਹੀਂ ਹਨ। ਸਗੋਂ ਪੰਥ 'ਤੇ ਚੜ੍ਹੀ ਅਕਾਸ਼ਵੇਲ ਹਨ। ਜੜ੍ਹਾਂ ਨੂੰ ਲੱਗੀ ਸਿਉਂਕ ਹਨ। ਨਿਰੇ ਕਿਰਪਾਨਧਾਰੀ ਬ੍ਰਾਹਮਣ ਹਨ। ਗੁਰੂਆਂ ਨਾਲੋਂ ਦੇਵੀਆਂ, ਦੇਵਤਿਆਂ ਦੇ ਵੱਧ ਹੇਜਲੇ ਹਨ। ਲੋਕਾਂ ਨੂੰ ਤਿਆਗ ਦਾ ਉਪਦੇਸ਼ ਕਰਦੇ ਹਨ, ਤੇ ਖ਼ੁਦ ਹਿਰਸੀ ਦੇ ਲਾਲਚੀ ਹਨ। ਕਰੋੜਾਂ ਦੀਆਂ ਜਾਇਦਾਦਾਂ ਬਣਾ ਚੁੱਕੇ ਹਨ। ਭੋਲੇ ਸੇਵਕਾਂ ਦਾ ਜੋਕਾਂ ਵਾਂਗ ਨਿਤ ਖ਼ੂਨ ਚੂਸਦੇ ਹਨ। ਆਪੋ ਆਪਣੇ ਡੇਰਿਆਂ ਸੰਤਾਂ ਦੇ ਚੇਲੇ ਬਣਾਉਂਦੇ ਹਨ। ਗੁਰਬਾਣੀ ਦੀਆਂ ਦੋ ਪੰਕਤੀਆਂ ਦੇ ਅਰਥ ਨਹੀਂ ਸਮਝਾਉਂਦੇ, ਸਗੋਂ 'ਮੰਤਰ ਜਾਪ, ਪਾਠ ਸਿਮਰਣ' ਕਰਾਉਂਦੇ ਹਨ। ਗੁਰਬਾਣੀ ਪੜ੍ਹਨੀ, ਸੁਣਨੀ, ਸਮਝਣੀ ਤੇ ਮੰਨਣੀ ਹੁੰਦੀ ਹੈ। ਟਕਸਾਲ ਵਾਲੇ 'ਸੰਤਾਂ ਮਹਾਂ ਪੁਰਖਾਂ' ਦੀ ਕਾਰਗੁਜਾਰੀ ਇਹ ਲਿਖਤ ਵਿੱਚ ਸੱਭ ਕੁੱਝ ਸਪੱਸ਼ਟ ਕਰ ਦੇਵੇਗੀ। ਗੁਰਬਾਣੀ ਦਾ ਫੁਰਮਾਨ ਅਜਿਹੇ ਲੋਕਾਂ ਪਰਥਾਏ ਹੀ ਹੈ, ਪੜ੍ਹੋ :

ਨਾਉ ਫਕੀਰੈ ਪਾਤਿਸਾਹ, ਮੂਰਖ ਪੰਡਿਤੁ ਨਾਉ ॥
ਅੰਧੇ ਦਾ ਨਾਉ ਪਾਰਖੂ, ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ, ਕੂੜੀ ਪੂਰੇ ਥਾਉ ॥
ਨਾਨਕ ਗੁਰਮੁਖਿ ਜਾਣੀਐ, ਕਲਿ ਕਾ ਏਹੁ ਨਿਆਉ ॥

(1288)

ਜੂਨ 2008

ਭਾਈ ਸੁਖਵਿੰਦਰ ਸਿੰਘ ਸਭਰਾ
ਪ੍ਰੋ. ਇੰਦਰ ਸਿੰਘ ਘੱਗਾ

# 1. ਗੁਰਸਿਖਾਂ ਕੀ ਹਰਿ ਧੂੜਿ ਦੇਹ

ਜਗਤ ਕਲਿਆਣ ਹਿਤ, ਸਤਿਗੁਰੂ ਸਹਿਬਾਨ ਜੀ ਨੇ ਪਾਵਨ ਬਾਣੀ ਦੀ ਰਚਨਾ ਕਵਿਤਾ ਦੇ ਅਨੇਕ ਰੰਗਾਂ, ਵੰਨਗੀਆਂ ਰਾਹੀਂ ਕੀਤੀ ਹੈ। ਕਵਿਤਾ ਵਿਚ ਕਲਪਣਾ ਉਡਾਰੀਆਂ, ਜਜ਼ਬਾਤੀ ਵਲਵਲੇ, ਅਲੰਕਾਰ, ਉਦਾਹਰਣਾਂ ਆਦਿ ਦੀ ਵਾਰਤਕ ਨਾਲੋਂ ਵਧੇਰੇ ਖੁੱਲ੍ਹ ਹੋਇਆ ਕਰਦੀ ਹੈ। ਜੋ ਕਾਵਿ ਉਡਾਰੀਆਂ ਕਵਿਤਾ ਵਿੱਚ ਹੁੰਦੀਆਂ ਹਨ, ਉਨ੍ਹਾਂ ਦੇ ਕੇਵਲ ਅਖਰੀਂ ਅਰਥ ਨਹੀਂ ਕੀਤੇ ਜਾ ਸਕਦੇ। ਕਵਿਤਾ ਵਿੱਚ ਆਖੀਆਂ ਅਤਿ ਕਥਨੀਆਂ ਨੂੰ ਭੀ, ਸਨਮਾਨ ਦੀ ਨਿਗਾਹ ਨਾਲ ਦੇਖਣ ਦੀ ਰਵਾਇਤ ਹੈ। ਪਾਤਿਸ਼ਾਹ ਜੀ ਨੇ ਬੇਸ਼ੁਮਾਰ ਤਰੀਕੇ ਵਰਤਕੇ, ਗੁਰਬਾਣੀ ਨੂੰ ਰੌਚਕ ਭੀ ਬਣਾਇਆ ਹੈ, ਯਾਦ ਕਰਨਯੋਗ ਭੀ, ਅਤੇ ਸਿੱਖਿਆ ਦਾਇਕ ਭੀ। ਅਸੀਂ ਆਮ ਮਨੁੱਖ, ਨਿੱਤ ਦਿਨ ਆਪਣੀ ਬੋਲਚਾਲ ਵਿਚ, ਅਲੰਕਾਰਾਂ, ਉਦਾਹਰਣਾਂ ਦੀ ਖੁੱਲ੍ਹੀ ਵਰਤੋਂ ਕਰਦੇ ਹਾਂ। ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਦੇ ਪੰਨਾ 86 ਤੇ, ਅਲੰਕਾਰਾਂ ਬਾਰੇ ਇਸ ਤਰ੍ਹਾਂ ਲਿਖਦੇ ਹਨ– "ਸੰਗਿਆ–ਗਹਿਣਾ, ਜੇਵਰ, ਭੂਖਣ (ਅਲੰਕਾਰ ਮਿਲਿ ਥੈਲੀ ਹੋਈ ਹੈ ਧਨਾ: ਮ: ੫) ਸ਼ਬਦ ਅਤੇ ਅਰਥ ਦੇ ਵਰਨਣ ਕਰਨ ਦੀ ਉਹ ਰੀਤ, ਜੋ ਕਾਵਯ ਦੀ ਸ਼ੋਭਾ ਵਧਾਵੇ। ਅਲੰਕਾਰ ਅਨੰਤ ਹਨ, ਪਰ ਮੁੱਖ ਦੋ ਹਨ–ਸ਼ਬਦ ਅਲੰਕਾਰ, ਜੋ ਸ਼ਬਦਾਂ ਨੂੰ ਭੂਸ਼ਿਤ ਕਰਨ, ਜੈਸੇ ਕਿ ਅਨੁਪ੍ਰਾਸ ਆਦਿ। ਅਰਥ ਅਲੰਕਾਰ, ਜੋ ਅਰਥਾਂ ਨੂੰ ਸੋਭਾ ਦੇਣ, ਜੈਸੇ ਕਿ ਉਪਮਾ ਰੂਪਕ ਆਦਿ। ਜੇ ਸ਼ਬਦ ਅਤੇ ਅਰਥ ਅਲੰਕਾਰ ਦੋਵੇਂ ਇੱਕੋ ਥਾਂਵੇਂ ਪਾਏ ਜਾਣ, ਤਦ ਉਭਯਾਲੰਕਾਰ ਸੰਗਿਯਾ ਹੁੰਦੀ ਹੈ। ਭਾਈ ਕਾਨ੍ਹ ਸਿੰਘ ਜੀ ਇਸੇ ਗ੍ਰੰਥ ਦੇ ਪੰਨਾ 10 ਤੇ ਲਿਖਦੇ ਹਨ– "ਉਦਾਹਰਣ– ਸੰਗਿਯਾ–ਦ੍ਰਿਸ਼ਟਾਤ, ਮਿਸਾਲ, ਨਜੀਰ"।

ਆਉ ਹੁਣ ਗੁਰਬਾਣੀ ਵਿੱਚੋਂ ਦ੍ਰਿਸ਼ਟਾਂਤ ਵੇਖੀਏ! ਕੀ ਸਿੱਧੇ ਤਰੀਕੇ ਅੱਖਰੀਂ ਅਰਥ ਕਰ ਕੇ, ਕਿਸੇ ਸਾਰਥਕ ਨਤੀਜੇ ਤੇ ਪੁੱਜਿਆ ਜਾ ਸਕੇਗਾ? ਘੱਟ ਮਾਨਸਿਕ ਪੱਧਰ ਵਾਲਿਆਂ ਨੂੰ ਤਾਂ ਸਾਧਾਰਣ ਜਿਹੀ ਕਵਿਤਾ ਭੀ ਸਮਝ ਨਹੀਂ ਆਉਂਦੀ, ਗੁਰਬਾਣੀ ਵਰਗੀ ਡੂੰਘੀ ਵਿਚਾਰ ਕਿਵੇਂ ਮਨ ਭਾਂਡੇ ਵਿਚ ਪਵੇਗੀ ?

"ਸਤਿਗੁਰੂ ਆਗੈ ਸੀਸੁ ਭੇਟ ਦੇਉ, ਜੇ ਸਤਿਗੁਰੂ ਸਾਚੇ ਭਾਵੈ।
ਆਪੇ ਦਇਆ ਕਰਹੁ ਪ੍ਰਭੁ ਦਾਤੇ ਨਾਨਕ ਅੰਕਿ ਸਮਾਵੈ ॥"
(1114)

ਉਪਰੋਕਤ ਸ਼ਬਦ ਵਿੱਚ, ਸੀਸ ਭੇਟ ਚੜ੍ਹਾਉਣ ਦਾ ਹੁਕਮ ਹੈ, ਪਰ ਸਿੱਖ ਅਖਵਾਣ ਵਾਲਿਆਂ ਆਪਣਾ ਸੀਸ ਕੱਟ ਕੇ ਗੁਰੂ ਅੱਗੇ ਭੇਟ ਕੀਤਾ? ਇਥੇ ਅਰਥ ਹੋਵੇਗਾ, ਆਪਣਾ ਆਪਾ ਗੁਰੂ ਹੁਕਮਾਂ ਮੁਤਾਬਕ ਚਲਾਉਣਾ। ਅੱਗੇ ਹੋਰ ਵੇਖੋ–

ਮੈਂ ਕਾਮਣਿ ਮੇਰਾ ਕੰਤੁ ਕਰਤਾਰੁ ॥ ਜੇਹਾ ਕਰਾਏ ਤੇਹਾ ਕਰੀ ਸੀਗਾਰੁ ॥ (1128)

ਇਸ ਪੰਕਤੀ ਵਿੱਚ ਸਤਿਗੁਰੂ ਆਪਣੇ ਆਪ ਨੂੰ ਔਰਤ ਹੋਣਾ ਲਿਖ ਰਹੇ ਹਨ। ਤੇ ਆਖ ਰਹੇ ਹਨ, ਮੈਂ ਔਰਤ, (ਪਤਨੀ) ਪ੍ਰਮੇਸਰ ਪਤੀ ਨੂੰ ਰੀਝਾਉਣ ਵਾਸਤੇ, ਉਸ ਦੇ ਮਨ ਭਾਉਂਦਾ ਸੀਂਗਾਰ ਕਰ ਰਹੀ ਹਾਂ ਪਰ ਸਤਿਗੁਰੂ ਜੀ ਤਾਂ ਪੁਰਖ ਸਨ, ਔਰਤ ਨਹੀਂ। ਕਹਿਣ ਤੋਂ ਮੁਰਾਦ ਕਿ ਅਸੰਖਾਂ ਅਜਿਹੇ ਪਰਮਾਣ ਗੁਰਬਾਣੀ ਵਿੱਚੋਂ ਪ੍ਰਾਪਤ ਹੋ ਜਾਂਦੇ ਹਨ। ਆਉ ਹੁਣ "ਚਰਨਧੂੜੀ" ਬਾਰੇ ਵਿਚਾਰ ਕਰੀਏ। ਚਰਨ ਧੂੜੀ ਨਿਮਰਤਾ ਪ੍ਰਗਟ ਕਰਨ ਦਾ ਕੇਵਲ ਇੱਕ ਢੰਗ ਹੈ। ਅਖਰੀਂ ਅਰਥਾਂ ਨਾਲ ਗ਼ਲਤ ਨਤੀਜੇ ਹੋਣਗੇ। "ਚਰਨਧੂੜੀ ਜਾਂ ਸਾਧ ਕੀ ਧੂੜ" ਦਾ ਬੇਥਵਾ ਪ੍ਰਚਾਰ ਆਪੂੰ ਬਣੇ ਸੰਤਾਂ ਨੇ ਕੀਤਾ ਹੈ। ਸਿੱਧੇ ਜਾਂ ਅਸਿੱਧੇ ਢੰਗ ਤਰੀਕੇ ਵਿੱਚ, ਉਹ ਆਪਣੇ ਆਪ ਨੂੰ ਸਿੱਖ ਸੰਗਤ ਨਾਲੋਂ ਉਚੇ, ਤੇ ਲੱਗਭਗ ਸਤਿਗੁਰੂ ਜੀ ਦੇ ਬਰਾਬਰ ਹੋਣ ਦਾ ਕੁਕਰਮ ਕਰ ਰਹੇ ਹਨ। ਉਨ੍ਹਾਂ ਨੇ ਸੰਗਤ ਨੂੰ ਗਿਆਨ ਨਹੀਂ ਦੇਣਾ, ਕਿਉਂਕਿ ਇਹ ਵਸਤੂ (ਗਿਆਨ) ਉਨ੍ਹਾਂ ਕੋਲ ਹੈ ਹੀ ਨਹੀਂ। ਹਾਂ ਆਪਣੀ ਪੂਜਾ ਨਿਸੰਗ ਕਰਵਾਉਣੀ ਹੈ, ਤੇ ਸਿੱਖਾਂ ਦਾ (ਜੋਕਾਂ ਵਾਂਗ) ਖ਼ੂਨ ਭੀ ਪੀਣਾ ਹੈ। ਜੇ ਕਿਸੇ "ਗੈਬੀ ਸ਼ਕਤੀ" ਨਾਲ, ਸਿੱਖ ਗਿਆਨਵਾਨ ਹੋ ਗਏ, ਤਾਂ ਸਾਧਾਂ ਸੰਤਾਂ ਦਾ ਫਾਤੀਆ (ਅੰਤਮ ਕਿਰਿਆ) ਅਵੱਸ਼ ਪੜ੍ਹਿਆ ਜਾਵੇਗਾ।

ਸਰੀਰਕ ਇਸ਼ਨਾਨ ਦਾ, ਸਫਾਈ ਦਾ, ਗੁਰਬਾਣੀ ਵਿੱਚ ਅਨੇਕ ਵਾਰ ਜ਼ਿਕਰ ਮਿਲਦਾ ਹੈ। "ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ, ਮਨ ਤਨ ਪਏ ਅਰੋਗਾ॥" (611) ਲੇਕਿਨ ਪਾਣੀ ਪੀ ਲੈਣ ਨਾਲ, (ਸਮੇਤ ਚਰਨ ਧੂੜੀ ਵਾਲਾ ਪਾਣੀ) ਜਾਂ ਸਰੀਰ ਦਾ ਇਸ਼ਨਾਨ ਕਰ ਲੈਣ ਨਾਲ, ਮਨ ਤੋਂ ਵਿਕਾਰਾਂ ਦੀ ਮੈਲ ਰਾਈ ਮਾਤਰ ਨਹੀਂ ਉਤਰ ਸਕੇਗੀ। ਨਾ ਹੀ ਗੁਰਬਾਣੀ ਦਾ ਉਤਮ ਗਿਆਨ ਮੈਲਾ ਪਾਣੀ ਪੀ ਲੈਣ ਨਾਲ ਪ੍ਰਾਪਤ ਹੋਵੇਗਾ। ਸਤਿਗੁਰੂ ਜੀ ਤਾਂ ਫ਼ੁਰਮਾਨ ਕਰ ਰਹੇ ਹਨ–

ਮਨਿ ਜੂਠੈ, ਤਨਿ ਜੂਠਿ ਹੈ, ਜਿਹਵਾ ਜੂਠੀ ਹੋਇ॥
ਮੁਖਿ ਝੂਠੈ, ਝੂਠ ਬੋਲਣਾ, ਕਿਉਂ ਕਰ ਸੂਚਾ ਹੋਇ॥
ਬਿਨੁ ਅਭ ਸਬਦ ਨ ਮਾਂਜੀਐ, ਸਾਚੇ ਤੇ ਸਚੁ ਹੋਇ॥ (55)

ਵਿਕਾਰਾਂ ਕਾਰਨ ਮਨ ਜੂਠਾ ਹੈ, ਤਨ ਜੂਠਾ ਹੈ, ਜੀਭ ਭੀ ਜੂਠੀ ਹੈ। ਕਿਉਂਕਿ ਜੀਭ ਨਾਲ, ਮੂੰਹ ਨਾਲ ਝੂਠ ਜੋ ਬੋਲਿਆ ਗਿਆ ਹੈ। ਗੁਰੂ ਦੇ ਗਿਆਨ ਰੂਪੀ (ਸ਼ਬਦ) ਜਲ ਨਾਲ, ਮਨ ਤਨ ਸਾਫ ਪਵਿੱਤਰ ਹੋਵੇਗਾ। ਸਤਿਗੁਰੂ ਜੀ ਨਿਮਰਤਾ ਦੇ ਸੋਮੇ, ਪਰਉਪਕਾਰ ਦਾ ਮੁਜੱਸਮਾ ਸਨ। ਉਨ੍ਹਾਂ ਆਪਣੇ ਆਪ ਨੂੰ ਬਹੁਤ ਥਾਈ ਨੀਵਾਂ,

ਨਿਮਾਣਾ, ਪਾਪੀ, ਮੂਰਖ, ਨੀਚ ਤੇ ਕੀਟ ਤਕ ਲਿਖਿਆ ਹੈ। ਕੀ ਸਤਿਗੁਰੂ ਜੀ ਅਜਿਹੇ ਸਨ ? ਜੀ ਨਹੀਂ! ਉਹ ਮਹਾਨ ਸਨ, ਗਿਆਨ ਦਾ ਸਾਗਰ ਸਨ, ਅਕਾਸ਼ ਗੰਗਾ ਦੇ ਸੂਰਜ ਸਨ। ਪਰ ਆਪਣੇ ਆਪ ਨੂੰ ਸੰਗਤ ਦੇ ਸੇਵਕ ਕਰ ਕੇ ਜਾਣਦੇ ਸਨ। ਪਾਵਨ ਪੰਕਤੀ ਦੇ ਦਰਸ਼ਨ ਕਰੋ -

ਮੈਂ ਬਧੀ ਸਚ ਧਰਮਸਾਲ ਹੈ॥ ਗੁਰਸਿਖਾਂ ਲੈਹਦਾ ਭਾਲ ਕੈ॥
ਪੈਰ ਧੋਵਾਂ ਪਖਾ ਫੇਰਦਾ, ਤਿਸ ਨਿਵ ਨਿਵ ਲਗਾਂ ਪਾਇ ਜੀਉ॥ (73)

ਗੁਰਸਿੱਖ ਸਤਿਗੁਰੂ ਜੀ ਦੇ ਪਸੀਨੇ ਵਾਲੀ ਥਾਂਵੇਂ, ਆਪਣਾ ਖ਼ੂਨ ਡੋਹਲਣ ਲਈ ਤਿਆਰ ਰਹਿੰਦੇ ਸਨ/ਹਨ। ਇਹ ਵਿਚਾਰ ਸੁਪਨੇ ਵਿੱਚ ਭੀ ਨਹੀਂ ਲਿਆ ਸਕਦੇ, ਕਿ ਸਤਿਗੁਰੂ ਜੀ ਸਾਡੇ (ਸਿੱਖਾਂ ਦੇ) ਚਰਨੀ ਲੱਗਣ ਉਨ੍ਹਾਂ ਤੋਂ ਸੇਵਾ ਕਰਵਾਉਣ। ਸਤਿਗੁਰੂ ਜੀ ਨੇ ਦਸ ਜਾਮੇ ਧਾਰਨ ਕਰ ਕੇ, ਮਨੁੱਖਤਾ ਦੀ ਬਹੁਤ ਸੇਵਾ ਕੀਤੀ, ਸ਼ਾਨਦਾਰ ਕੀਰਤੀਮਾਨ ਸਥਾਪਤ ਕੀਤੇ। ਉਤਮ ਜੀਵਨ ਦਾ ਸੰਸਾਰੀ ਲੋਕਾਂ ਅੱਗੇ, ਮਾਡਲ ਪੇਸ਼ ਕੀਤਾ। ਮਨੁੱਖਤਾ ਦਾ ਪਵਿੱਤਰ ਗੁਰਬਾਣੀ ਸਦਾ, ਮੌਜੂਦਾ ਸਮੇਂ ਵਿੱਚ (ਅਤੇ ਭਵਿੱਖ) ਇਹ ਰਾਹ ਰੁਸ਼ਨਾਉਂਦੀ ਰਹੇਗੀ। ਗੁਰਬਾਣੀ ਦਾ ਗਿਆਨ, ਜ਼ਿੰਮੇਵਾਰ ਸੰਸਥਾਵਾਂ ਵੱਲੋਂ, ਵਿਧੀ ਪੂਰਵਕ ਵੰਡਿਆ ਨਹੀਂ ਗਿਆ। ਇਸੇ ਲਈ ਆਮ ਮਾਈ ਭਾਈ, ਜਨ ਸਮੂੰਹ "ਚਰਨਧੂੜੀ, ਚਰਨ ਪਾਹੁਲ, ਕੁੰਭ ਅੰਮ੍ਰਿਤ, ਸਰੋਵਰ ਜਲ, ਚੁਬੱਚੇ ਦਾ ਮੈਲਾ ਪਾਣੀ ਪੀ ਕੇ, "ਜਨਮ ਸਫਲਾ" ਕਰਨ ਦਾ ਕੂੜਾ ਭਰਮ ਪਾਲ ਰਹੇ ਹਨ। ਇਸ ਦਾ ਮਤਲਬ ਕਿ ਗੁਰਬਾਣੀ ਜੀਵਨ ਸੇਧ ਨਹੀਂ ਦੇ ਰਹੀ, ਪੈਰ ਧੋਤਿਆਂ ਵਾਲਾ ਮੈਲਾ ਪਾਣੀ ਚੰਗਾ ਲਗਦਾ ਹੈ। ਕਾਰਨ ਸਾਫ ਹੈ ਕਿ ਅੱਜ ਤੱਕ, ਦਰਬਾਰ ਸਾਹਿਬ ਦੇ ਸਰੋਵਰ ਨੂੰ "ਅੰਮ੍ਰਿਤ" ਕਰ ਕੇ ਪਰਚਾਰਿਆ ਗਿਆ ਹੈ। ਅਖੌਤੀ ਹਰਿ ਕੀ ਪੌੜੀ ਤੇ ਫੱਟੀ ਲਿਖ ਕੇ ਲਾਈ ਵੇਖੀ ਜਾ ਸਕਦੀ ਹੈ ਜਿਸ 'ਤੇ ਇਹ ਅੱਖਰ ਲਿਖੇ ਹਨ- "ਅੰਮ੍ਰਿਤ ਦਾ ਚੂਲ੍ਹਾ ਪਿੱਛੇ ਹਟ ਕੇ ਲਵੋ ਜੀ"। ਇਸ ਦੇ ਉਲਟ ਗੁਰਬਾਣੀ ਦਾ ਇਲਾਹੀ ਫੁਰਮਾਨ ਕੁਝ ਹੋਰ ਹੈ, ਲਉ ਸੁਣੋ-

"ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥
ਨਾਨਕ "ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤ ਨਾਹਿ"॥ (1238)

ਜੇ ਅਸੀਂ ਸਤਿਗੁਰੂ ਜੀ ਦੇ ਸਿੱਖ ਹਾਂ, ਤਾਂ ਤੇ ਫੈਸਲਾ ਗੁਰਬਾਣੀ ਦਾ ਅਟੱਲ ਹੈ, ਜੇ ਵਿਅਕਤੀਆਂ ਜਥੇਬੰਦੀਆਂ ਦੀ ਸਿੱਖੀ ਹੈ, ਤਾਂ ਗੁਰਬਾਣੀ ਪਿਛਾਂਹ ਧੱਕ ਦਿੱਤੀ ਜਾਵੇਗੀ। ਹੋਰ ਅਸਥਾਨਾਂ ਦੀ ਗੱਲ ਨਾ ਭੀ ਕਰੀਏ, ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਹੀ, ਇੱਕ ਰੁੱਖ (ਬੇਰੀ) ਦੁੱਖ ਦੂਰ ਕਰਨ ਦੀ ਯੋਗਤਾ ਪ੍ਰਾਪਤ ਕਰੀ ਬੈਠਾ ਹੈ। "ਦੁਖ ਭੰਜਨੀ" ਬੇਰੀ ਹੈ? ਕਿ ਪਾਵਨ ਗੁਰਬਾਣੀ? ਫਿਰ ਪ੍ਰਕਰਮਾਂ ਵਿੱਚ ਅਜਿਹਾ ਕਿਉਂ? ਮੁੱਖ ਸਰੋਵਰ ਵਿੱਚੋਂ ਇਸ਼ਨਾਨ ਕਰ ਕੇ "ਕੋਹੜੀ ਦਾ ਰੋਗ ਹਟਿਆ",

ਪਰਚਾਰਿਆ ਜਾ ਰਿਹਾ ਹੈ। ਕੀ ਸੱਚਮੁੱਚ ਇਸ ਤਰ੍ਹਾਂ ਹੋਇਆ ਹੈ ? ਕੀ ਗੁਰਬਾਣੀ ਪੜ੍ਹਨ ਕਰ ਕੇ, ਸਰੋਵਰ ਦਾ ਪਾਣੀ ਸ਼ਕਤੀ ਵਾਲਾ ਬਣ ਗਿਆ ਹੈ ? ਪਰ ਅਫਸੋਸ ! ਉਥੋਂ ਦੇ ਸੇਵਾਦਾਰਾਂ/ਮੁਲਾਜ਼ਮਾਂ ਵਿੱਚ ਨਿਮਰਤਾ ਮਿਠਾਸ ਨੇੜੇ ਤੇੜੇ ਭੀ ਨਹੀਂ। ਜੇ ਇਸ਼ਨਾਨ ਕਰ ਕੇ ਸਰੀਰ ਦਾ ਕੋਹੜ ਹਟ ਸਕਦਾ ਹੈ, ਤਾਂ ਭਾਰਤ ਭਰ ਵਿੱਚੋਂ ਸਾਰੇ ਕੋਹੜੀਆਂ ਦਾ ਇਸ਼ਨਾਨ ਇਥੇ ਨਹੀਂ ਕਰਾਉਣਾ ਚਾਹੀਦਾ ? ਭਗਤ ਪੂਰਨ ਸਿੰਘ ਦਾ ਪਿੰਗਲਵਾੜਾ ਪਿਛਲੇ 60 ਸਾਲ ਤੋਂ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਸਰੋਵਰ ਦੇ ਨੇੜੇ ਸਥਿਤ ਹੈ। ਉਥੋਂ ਦੇ ਕੋਹੜੀ ਤੇ ਪਿੰਗਲੇ ਕਿਉਂ ਤੰਦਰੁਸਤ ਨਹੀਂ ਹੁੰਦੇ ? ਗੁਰਬਾਣੀ ਕੁੱਝ ਹੋਰ ਉਪਦੇਸ਼ ਕਰ ਰਹੀ ਹੈ-

ਬਗੁਲਾ ਕਾਗ ਨੀਚ ਕੀ ਸੰਗਤਿ, ਜਾਇ ਕੁਰੰਗ ਬਿਖੁ ਮੁਖਿ ਲਾਈਐ ॥
ਨਾਨਕ ਮੇਲਿ ਮੇਲਿ ਪ੍ਰਭ ਸੰਗਤਿ ਮਿਲ ਸੰਗਤਿ ਹੰਸੁ ਕਰਾਈਐ ॥ (881)

ਸਤਿਗੁਰੂ ਜੀ ਨੇ, ਬਗੁਲਾ ਕਾਂ ਅਤੇ ਹੰਸ ਬਿਰਤੀ ਦਾ ਜ਼ਿਕਰ ਕੀਤਾ ਹੈ ਪਰ ਅੱਖਰੀ ਅਰਥ ਕਰਨ ਵਾਲਿਆਂ "ਵਿਦਵਾਨਾਂ ਬ੍ਰਹਮ ਗਿਆਨੀਆਂ" ਨੇ, ਕਾਵਾਂ ਤੋਂ ਹੰਸ ਬਣਾ ਕੇ ਉਡਾ ਦਿੱਤਾ। ਹੁਣ ਤਾਂ ਹਾਲਤ ਇੱਥੋਂ ਤੱਕ ਨਿੱਘਰ ਚੁੱਕੀ ਹੈ, ਕੁੱਝ ਗੁਰਦਵਾਰਿਆਂ ਵਿੱਚ ਪਲਾਸਟਿਕ ਦੀਆਂ ਥੈਲੀਆਂ ਵਿੱਚ ਪਾ ਕੇ, ਸ਼ਰਧਾਵਾਨ ਸੇਵਕਾਂ ਨੂੰ "ਚਰਨਧੂੜੀ ਦਾ ਪ੍ਰਸਾਦਿ" ਵਰਤਾਇਆ ਜਾ ਰਿਹਾ ਹੈ। ਸਾਧਾਂ ਦਾ ਜੂਠਾ ਪਾਣੀ, ਜੂਠੇ ਟੁਕੜੇ, ਪ੍ਰਸਾਦ ਸਮਝ ਕੇ ਖਾਧੇ ਪੀਤੇ ਜਾ ਰਹੇ ਹਨ। ਕੁੱਝ ਅਖੌਤੀ ਸਾਧ ਤਾਂ ਬਹੁਤ ਅੱਗੇ ਨਿਕਲ ਚੁੱਕੇ ਹਨ। ਆਪਣੀ ਜੂਠ ਸੰਗਤ ਵਾਲੇ ਸਾਂਝੇ ਲੰਗਰ ਵਿੱਚ ਮਿਲਾ ਦਿੰਦੇ ਹਨ। ਇਸ਼ਨਾਨ ਕੀਤਾ ਮੈਲਾ ਪਾਣੀ, ਕਛਹਿਰਾ ਧੋਇਆ ਪਾਣੀ, ਸੇਵਕਾਂ ਨੂੰ ਅੰਮ੍ਰਿਤ ਵਾਂਗ ਪਿਲਾਇਆ ਜਾ ਰਿਹਾ ਹੈ। ਜਥੇਦਾਰ, ਗ੍ਰੰਥੀ, ਸਕੱਤਰ ਅਤੇ ਹੋਰ ਲੀਡਰ ਲੋਕ, ਆਪਣੇ ਸੇਵਕ ਸਿੱਖਾਂ ਤੋਂ ਚਰਨੀਂ/ਗੋਡੀਂ ਹੱਥ ਲਗਵਾਉਂਦੇ ਆਮ ਵੇਖੇ ਜਾ ਸਕਦੇ ਹਨ। ਦਰਬਾਰ ਸਾਹਿਬ ਵਿਚਲਾ ਬਹੁਤਾ ਲਾਣਾ ਸਾਧਾਂ ਦੇ ਡੇਰਿਆਂ, ਟਕਸਾਲਾਂ ਵਿੱਚੋਂ ਇਸੇ ਤਰ੍ਹਾਂ ਦੀ "ਪੜ੍ਹਾਈ" ( ?) ਕਰ ਕੇ ਆਉਂਦਾ ਹੈ। ਡੇਰਿਆਂ ਵਾਲੀ ਮਰਿਆਦਾ ਡੇਰਿਆਂ ਵਾਲਾ ਪ੍ਰਚਾਰ ਹੀ ਦਰਬਾਰ ਸਾਹਿਬ ਵਿੱਚ ਹੁੰਦਾ ਹੈ। ਇੱਥੋਂ "ਸਿੰਘ ਸਾਹਿਬ" ਜਦੋਂ ਬਾਹਰ ਦੀਆਂ ਸਟੇਜਾਂ 'ਤੇ "ਧਰਮ ਪ੍ਰਚਾਰ" ਵਾਸਤੇ ਜਾਂਦੇ ਹਨ, ਇਨ੍ਹਾਂ ਦੇ "ਵਿਦਵਤਾ ਭਰਪੂਰ ਪ੍ਰਵਚਨ" ਬਸ ਸੁਣਦੇ ਹੀ ਰਹਿ ਜਾਈਦਾ ਹੈ। ਜਿਸ ਅਕਾਲੀ ਦਲ ਦਾ ਪ੍ਰਧਾਨ, ਹਵਨ ਕਰਾਵੇ, ਮੁਕਟ ਲਗਾਵੇ, ਗਲ ਵਿੱਚ ਮਾਤਾ ਦੀਆਂ ਚੁੰਨੀਆਂ ਪੁਆਵੇ, ਅਤੇ ਵਡੇ ਇਕੱਠਾਂ ਵਿੱਚ **"ਵਾਹਿਗੁਰੂ ਜੀ ਕਾ ਖਾਲਸਾ ਰਾਮ ਜੀ ਕੀ ਫਤੇ,"** ਆਖ ਕੇ, ਫਿਰਕੂ ਹਿੰਦੂ ਲੀਡਰਾਂ ਦਾ ਅਸ਼ੀਰਵਾਦ ਲੈਣਾ ਚਾਹੇ, ਉਸ ਪੰਥ ਦਾ ਕੌਣ ਰਾਖਾ ? ਜਿਸ ਗੁਰਦਵਾਰਾ ਕਮੇਟੀ ਦਾ ਪ੍ਰਧਾਨ ਸਤਾਈ ਸਾਲ ਤੱਕ ਰਾਜਨੀਤੀ ਦੇ ਚਿੱਕੜ ਵਿੱਚ ਗਲ ਤੱਕ ਧਸਿਆ ਹੋਵੇ, ਹਜ਼ਾਰਾਂ ਲੱਖਾਂ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ

ਦੀ ਹਜ਼ੂਰੀ ਵਿੱਚ, ਬੜੀ ਬੇਹਯਾਈ ਨਾਲ ਝੂਠ ਬੋਲੇ, ਉਸ ਕੌਮ ਦਾ ਰੱਬ ਰਾਖਾ। ਜਿਸ ਪਵਿਤਰ ਧਰਮ ਅਸਥਾਨ ਦੇ ਸੇਵਕ ਅਣਪੜ੍ਹ/ਅਧਪੜ੍ਹ ਹੋਣ, ਰਾਜਸੀ ਲੋਕਾਂ ਦੀਆਂ ਕਠਪੁਤਲੀਆਂ ਬਣ ਜਾਣ, ਧੜਾਧੜ ਮਨ ਮਰਜ਼ੀ ਦੇ "ਹੁਕਮਨਾਮੇ" ਜਾਰੀ ਕਰਦੇ ਰਹਿਣ ਸਿੱਖਾਂ ਨੂੰ ਅਕਾਲ ਪੁਰਖ ਦੇ ਪੁੱਤਰ ਧੀਆਂ ਆਖਣ ਦੀ ਥਾਵੇਂ, "ਲਵ-ਕੁਸ਼" ਦੀ ਔਲਾਦ ਗਰਦਾਨਣ, ਉਹ ਦੂਲਾ ਪੰਥ ਡੁੱਬਿਆ ਹੀ ਸਮਝੋ। "ਚਰਨਧੂੜੀ" ਵਾਲਾ ਮਸਲਾ ਤਾਂ ਮਾਮੂਲੀ ਜਿਹਾ ਹੈ, ਬਹੁਤ ਵੱਡੇ ਮਸਲੇ ਅਜਗਰ ਵਾਂਗ ਖਾਲਸਾ ਪੰਥ ਨੂੰ ਨਿਗਲ ਰਹੇ ਹਨ, ਪਰ ਸਿੱਖਾਂ ਦੇ ਮੁੱਖੀ "ਚੈਨ ਦੀ ਬੰਸਰੀ ਵਜਾ ਰਹੇ ਹਨ।" "ਚਰਨਧੂੜੀ" ਨਾਲ ਸਬੰਧਤ ਗੁਰਬਾਣੀ ਫੁਰਮਾਣ ਹਾਜ਼ਰ ਹਨ, ਆਓ ਸੰਖੇਪ ਅਰਥ ਵਿਚਾਰ ਕਰੀਏ -

1. ਧਣੀ ਵਿਹੂਣੀ ਪਾਟ ਪਟੰਬਰ ਭਾਹੀ ਸੇਤੀ ਜਾਲੇ ॥
   ਧੂੜੀ ਵਿਚ ਲੁਡੰਦੜੀ ਸੋਹਾਂ ਨਾਨਕ ਤੈ ਸਹਿ ਨਾਲੇ ॥ (1424)
2. ਗੁਰਮੁਖਿ ਸਖੀ ਸਹੇਲੀ ਮੇਰੀ, ਮੋ ਕਉ ਦੇਵਉ ਦਾਨੁ ਹਰਿ ਪ੍ਰਾਨ ਜੀਵਾਇਆ ॥
   ਹਮ ਹੋਵਹ ਲਾਲੇ ਗੋਲੇ ਗੁਰਸਿਖਾਂ ਕੇ, ਜਿਨਾ ਅਨਦਿਨ ਹਰਿ ਪ੍ਰਭੁ ਪੁਰਖੁ ਧਿਆਇਆ ॥ (473)
3. ਸਤਿਗੁਰ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ ॥
   ਅਠਸਠਿ ਤੀਰਥ ਮਜਨੁ ਕੀਆ ਸਤਸੰਗਤਿ ਪਗ ਨਾਏ ਧੂਰਿ ॥ (1198)
4. ਸੰਤ ਰੇਨੁ ਨਿਤਿ ਮਜਨੁ ਕਰੈ ॥ ਜਨਮ ਜਨਮ ਕੇ ਕਿਲਬਿਖ ਹਰੈ ॥ (1300)
5. "ਸੰਤ ਚਰਨ ਧਰਉਂ ਮਾਥੈ" ਚਾਂਦਨਾ ਗ੍ਰਿਹਿ ਹੋਇ ਅੰਧੇਰੈ ॥ (1301)
6. ਸੰਤ ਧੂਰਿ ਪਾਈਐ ਵਡਭਾਗੀ ॥ ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ ॥ (194)
7. ਜਨ ਪਾਰਬ੍ਰਹਮ ਜਾਕੀ ਨਿਰਮਲ ਮਹਿਮਾ, ਜਨ (ਗੁਰੂ) ਕੇ ਚਰਨ ਤੀਰਥ ਕੋਟਿ ਗੰਗਾ ॥
   ਜਨ ਕੀ ਧੂਰਿ ਕੀਓ ਮਜਨੁ ਨਾਨਕ ਜਨਮ ਜਨਮ ਕੇ ਹਰੇ ਕਲੰਗਾ ॥ (828)
8. ਮੋਕਉ ਧਾਰਿ ਕ੍ਰਿਪਾ ਜਗਜੀਵਨ ਦਾਤੇ, ਹਰਿ ਸੰਤ ਪਗੀ ਲੇ ਪਾਵੈ ॥
   ਹਉ ਕਾਟਉ ਕਾਟਿ ਬਾਢਿ ਸਿਰ ਰਾਖਉ ਜਿਤੁ ਨਾਨਕ ਸੰਤੁ ਚੜਿ ਆਵੈ ॥ (881)
9. ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ ॥

ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥ (812)

10. ਚਰਨ ਸਾਧ ਕੇ ਧੋਇ ਧੋਇ ਪੀਉ ॥ ਅਰਪ ਸਾਧ ਕਉ ਅਪਨਾ ਜੀਉ ॥
ਸਾਧ ਕੀ ਧੂਰਿ ਕਰਹੁ ਇਸਨਾਨ ॥ ਸਾਧ ਉਪਰਿ ਜਾਈਐ ਕੁਰਬਾਨ ॥
(ਸੁਖਮਨੀ)

11. ਅੰਤਰ ਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
ਨਾਨਕ ਦਾਸ ਇਹੈ ਸੁਖ ਮਾਂਗੈ ਮੋਕਉ ਕਰਿ "ਸੰਤਨ ਕੀ ਧੂਰੈ" ॥ (ਸੋਹਿਲਾ)

12. ਐਸੀ ਕਿਰਪਾ ਮੋਹਿ ਕਰਹੁ ॥
"ਸੰਤਹ ਚਰਨ" ਹਮਾਰੋ ਮਾਥਾ ਨੈਨ ਦਰਸ "ਤਨ ਧੂਰਿ ਪਰਹੁ ॥" (828)

13. ਧੂਰਿ ਸੰਤਨ ਕੀ ਮਸਤਕਿ ਲਾਇ ॥ ਜਨਮ ਜਨਮ ਕੀ ਦੁਰਮਤਿ ਮਲੁ ਜਾਇ ॥ (897)

14. ਗੁਰ ਕਾ ਨਾਮ ਜਪਿਓ ਦਿਨੁ ਰਾਤੀ ਗੁਰ ਕੇ ਚਰਨ ਮਨਿ ਧਾਰਿਆ ॥
ਗੁਰ ਕੀ ਧੂਰਿ ਕਰਉ ਨਿਤ ਮਜਨੁ ਕਿਲਵਿਖ ਮੈਲੁ ਉਤਾਰਿਆ ॥ (1218)

15. "ਗੁਰ ਸਾਧੂ ਅੰਮ੍ਰਿਤ, ਗਿਆਨ ਸਰਿ" ਨਾਇਣ ॥
ਸਭਿ ਕਿਲ ਵਿਖ ਪਾਪ ਗਏ ਗਾਵਾਇਣ ॥ (1134)

16. ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥ ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥
ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹ ਅਪਨੀ ਪਤਿ ਖੋਵੈ ॥
(1151)

17. ਸੇ ਜਨ ਸਚੇ ਨਿਰਮਲੇ, ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰੂ ਕਾ ਭਾਣਾ ਕਮਾਂਵਦੇ, ਬਿਖੁ ਹਉਮੈ ਤਜਿ ਵਿਕਾਰ ॥ (65)

18. ਜਿਉ ਸਾਬੁਨਿ ਕਾਪਰ ਊਜਲ ਹੋਤ ॥ ਨਾਮ ਜਪਤ ਸਭੁ ਭ੍ਰਮੁ ਭਉ ਖੋਤ ॥
(914)

19. ਸਤਿਗੁਰ ਹੈ ਅੰਮ੍ਰਿਤਸਰ ਸਾਚਾ, "ਮਨੁ ਨਾਵੈ ਮੈਲੁ ਚੁਕਾਵਣਿਆ ॥"
(113)

20. ਉਘਰਿ ਗਇਆ ਜੈਸਾ ਖੋਟਾ ਢਬੂਆ, ਨਦਰਿ ਸਰਾਫਾ ਆਇਆ ॥
ਅੰਤਰ ਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ ॥
(381)

21. ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰ ਲੰਘਾਇ ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਹਿ ॥
ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਲਕ ਮਿਲਿਆ ਆਇ ॥
(1424)

ਅਸਲ ਮਕਸਦ ਸੀ ਸਤਿਗੁਰੂ ਜੀ ਦੇ ਪਾਵਨ ਉਪਦੇਸ਼ ਨੂੰ, ਤਨ ਮਨ ਕਰ ਕੇ

ਪਰਵਾਨ ਕਰਨਾ, ਉਸ ਮੁਤਾਬਕ ਜੀਵਨ ਬਣਾਉਣਾ। ਵਿਕਾਰਾਂ ਦਾ ਮੁਕੰਮਲ ਤਿਆਗ ਕਰਨਾ ਸੀ। ਹੋ ਰਿਹਾ ਹੈ ਇਹ ਕਿ ਬਾਹਰੀ ਧਾਰਮਕ ਪਹਿਰਾਵਾ, ਕਰਮਕਾਂਡ, ਸੁੱਚ ਭਿੱਟ, ਤੀਰਥ ਯਾਤਰਾ, ਅਖੰਡ ਪਾਠ ਕੀਰਤਨ (ਵਿਖਾਵੇ ਮਾਤਰ), ਮਾਲਾ ਮੰਤਰ, ਜਾਪ ਆਦਿ। ਸਤਿਗੁਰੂ ਜੀ ਤਾਂ ਬਖਸ਼ਿਸ਼ ਕਰ ਰਹੇ ਹਨ-

ਗੁਰ ਕੀ ਸਿਖ ਕੋ ਵਿਰਲਾ ਲੇਵੈ ॥
ਨਾਨਕ ਜਿਸੁ ਆਪਿ ਵਡਿਆਈ ਦੇਵੈ ॥
(509)

ਮਨ ਕੀ ਮਤਿ ਤਿਆਗਹੁ ਹਰਿ ਜਨ, ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥ (800)

ਸਤਿਗੁਰੂ ਜੀ ਇੱਕ ਸਿਧਾਂਤਕ ਸ਼ਬਦ ਰਾਹੀਂ, ਕੁੱਲ ਮਨੁੱਖਤਾ ਦੀ ਡਿਊਟੀ ਵੰਡ ਕਰ ਰਹੇ ਹਨ। ਜਿਥੇ ਕਿਤੇ ਕੋਈ ਇਨਸਾਨ ਕੰਮ ’ਤੇ ਹਾਜ਼ਰ ਹੋਵੇ, ਉਹ ਪ੍ਰਮਾਤਮਾ ਨੂੰ “ਸਦ ਸੁਣਦਾ ਸਦ ਵੇਖਦਾ” ਜਾਣ ਕੇ, ਆਪਣੀ ਸੇਵਾ ਸਿਦਕ ਦਿਲੀ, ਇਮਾਨਦਾਰੀ ਨਾਲ ਨਿਭਾਵੇ। ਕਿਸਾਨ, ਦੁਕਾਨਦਾਰ, ਨੌਕਰੀ ਪੇਸ਼ਾ, ਧਰਮ ਉਪਦੇਸਕ, ਜੱਜ ਅਤੇ ਦੇਸ਼ ਦਾ ਹਾਕਮ ਬਾਦਸ਼ਾਹ, ਸਾਰੇ ਹੀ ਜਦੋਂ ਆਪਣੇ ਜ਼ਿੰਮੇ ਲੱਗੀ ਡਿਊਟੀ ਰੱਬ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਰਨਗੇ ਤਾਂ ਇਹ ਸਾਰੀ ਧਰਤੀ ਹੀ “ਧਰਤੀ ਧਰਮਸਾਲ” ਬਣ ਜਾਵੇਗੀ। ਚਰਨਧੂੜੀ ਨਾਲ ਤਾਂ ਅੱਜ ਤੱਕ ਕੁੱਝ ਨਹੀਂ ਸੰਵਰਿਆ ਤੇ ਅੱਗੋਂ ਭੀ ਨਹੀਂ ਸੌਰੇਗਾ।

ਨਾਨਕ ਚੁਲੀਆਂ ਸੁਚੀਆਂ, ਜੇ ਭਰਿ ਜਾਣੈ ਕੋਇ ॥
ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ ॥
ਬ੍ਰਾਹਮਣ ਚੁਲੀ ਸੰਤੋਖ ਕੀ, ਗਿਰਹੀ ਕਾ ਸਤੁ ਦਾਨ ॥
ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥
ਪਾਣੀ ਚਿਤੁ ਨ ਧੋਪਈ, ਮੁਖਿ ਪੀਤੈ ਤਿਖ ਜਾਇ ॥
ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ ॥ (1240)

ਜਿਨਾਂ ਅੰਦਰਿ ਨਾਮ ਨਿਧਾਨੁ ਹੈ, ਗੁਰਬਾਣੀ ਵੀਚਾਰਿ ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥
(1422)

ਮਨ ਮੇਰੇ ! ਗੁਰ ਕੀ ਮੰਨਿ ਲੈ ਰਜਾਇ ॥
ਮਨੁ ਤਨੁ ਸੀਤਲੁ ਸਭੁ ਥੀਐ ਨਾਮਿ ਵਸੈ ਮਨਿ ਆਇ ॥ (37)

ਚਰਨ ਧੂੜੀ ਲੈਣੀ ਜਾਂ ਚੁਬੱਚੇ ਦਾ ਮੈਲਾ ਪਾਣੀ ਪੀਣਾ, ਅਗਿਆਨਤਾ ਦਾ ਸੂਚਕ ਹੈ। ਖੰਡੇ ਕੀ ਪਹੁਲ ਪ੍ਰਾਪਤ ਮਾਈ ਭਾਈ ਅਤੇ ਹੋਰ ਸਿਆਣੇ ਮਨੁੱਖ, ਕਿਸੇ ਦਾ ਜੂਠਾ ਕੁੱਝ ਨਹੀਂ ਖਾਂਦੇ ਪੀਂਦੇ। ਫਿਰ ਚਰਨ ਧੂੜੀ ਜਾਂ ਦੁਨੀਆ ਭਰ ਦੀ ਮੈਲ, ਗੰਦਗੀ ਚਿੱਕੜ ਕਿਉਂ ਮੂੰਹ ਵਿੱਚ ਪਾਈਏ? ਮੈਲਾ ਪਾਣੀ ਪੀਣ ਨਾਲ ਨਿਮਰਤਾ ਨਹੀਂ ਆਉਣੀ। ਜ਼ਿੰਦਗੀ ਦਾ ਚਾਨਣ, ਅਗਵਾਈ ਦਾ ਸੋਮਾ, ਦਸਾਂ ਪਾਤਿਸ਼ਾਹੀਆਂ ਦੀ ਜੋਤ, ਜੁਗੋ ਜੁਗ ਅਟੱਲ, ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਹਨ। ਹਰ ਮਸਲੇ ਬਾਰੇ ਇਨ੍ਹਾਂ ਤੋਂ ਅਗਵਾਈ ਪ੍ਰਾਪਤ ਕਰਨੀ ਹੈ। ਹਰ ਮਾਈ ਭਾਈ ਸਿੱਖ ਅਖਵਾਉਣ ਵਾਲਾ, ਗੁਰਬਾਣੀ ਦਾ ਅਰਥਾਂ ਸਮੇਤ ਪਾਠ ਜ਼ਰੂਰ ਕਰੇ। ਸਾਰੇ ਸੁਆਲਾਂ ਦੇ ਜੁਆਬ ਮਿਲ ਜਾਣਗੇ। ਸਾਰੇ ਤਰ੍ਹਾਂ ਦੇ ਸ਼ੰਕੇ, ਤੇ ਭਰਮ ਨਾਸ ਹੋ ਜਾਣਗੇ। ਭਾਵ ਅਰਥਾਂ ਵਿੱਚ ਆਖੇ ਗਏ ਬਚਨ ਸਮਝ ਆ ਜਾਣਗੇ। ਫਿਰ ਪਤਾ ਲਗ ਜਾਵੇਗਾ "ਚਰਨ ਧੂੜਿ" ਕਿਨਾਂ ਅਰਥਾਂ ਵਿੱਚ ਆਇਆ ਹੈ।

000

# 2. ਸੰਤਾਂ ਦੀ ਸਿੱਖੀ, ਕੌਮ ਦੀ ਤਬਾਹੀ

ਗੁਰੂ ਨਾਨਕ ਸਾਹਿਬ ਵੱਲੋਂ ਚਲਾਏ ਗਿਆਨ 'ਤੇ ਆਧਾਰਤ, ਭਰਮ ਰਹਿਤ, ਸਰਬ ਕਲਿਆਣਕਾਰੀ, ਗੁਰਮਤਿ ਮਾਰਗ ਸਥਾਪਤ ਕਰਨ ਦੀ ਖੁਦਗਰਜ਼ ਲੋਕਾਂ ਵੱਲੋਂ ਡੱਟ ਕੇ ਵਿਰੋਧਤਾ ਕੀਤੀ ਗਈ। ਫਿਰ ਭੀ ਸਤਿਗੁਰੂ ਜੀ ਦੀਆਂ ਉਤਮ ਨੀਤੀਆਂ ਦੁਆਰਾ, ਇਹ ਮਤ ਅੱਗੇ ਹੀ ਅੱਗੇ ਵਧਦਾ ਚਲਿਆ ਗਿਆ। ਦੁਸ਼ਮਣ ਭੀ ਆਪਣੇ ਵਾਰ ਤੇਜ਼ ਕਰਦਾ ਗਿਆ ਤੇ ਸਿੱਖ ਭੀ ਹਰ ਮੁਹਾਜ ਤੇ ਤਕੜੀ ਟੱਕਰ ਦੇਣ ਲੱਗੇ। ਦਸਮ ਪਾਤਿਸ਼ਾਹ ਤੋਂ ਮਗਰੋਂ ਕੁੱਝ ਸਮਾਂ ਬੰਦਾ ਸਿੰਘ ਬਹਾਦਰ ਦੀ ਹੈਰਾਨਕੁਨ ਚੜ੍ਹਤ ਰਹੀ।

ਪਰ ਇਹ ਸਮਾਂ ਬਹੁਤ ਸੰਕੋਚਵਾਂ ਸੀ, ਕੇਵਲ ਅੱਠ ਕੁ ਸਾਲ। ਫਿਰ ਸ਼ੁਰੂ ਹੋਇਆ ਸਿੱਖਾਂ ਦਾ ਸਮੂੰਹਕ ਕਤਲੇਆਮ, ਸਰਬਨਾਸ। ਲਗਭਗ 90 ਸਾਲ ਤਕ ਇਸੇ ਜ਼ੁਲਮ ਨੂੰ ਸਹਿੰਦਿਆਂ, ਸਿੱਖ ਦ੍ਰਿੜ ਇਰਾਦੇ ਅਤੇ ਗੁਰੂ ਦੀ ਉਚਤਮ ਸਿੱਖਿਆ ਰਾਹੀਂ, ਅਡੋਲ ਰਹਿ ਕੇ ਕਾਮਯਾਬ ਹੋ ਗਏ। ਆਪਣਾ ਆਪ ਸੰਭਾਲਿਆ ਤੇ ਹਿੰਦੂ, ਮੁਸਲਮਾਨ ਦੀ ਰੱਖਿਆ ਕੀਤੀ। ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁੱਟ ਕੇ, ਸਰਬਸਾਂਝਾ ਰਾਜ ਕਾਇਮ ਕੀਤਾ, ਸਮਾਂ ਬੀਤਦਾ ਗਿਆ, ਰਾਜ ਸੁਖ ਵਿੱਚ ਸਿੱਖ ਅਵੇਸਲੇ ਹੋ ਗਏ। ਬਾਹਰਲੇ ਦੁਸ਼ਮਣ ਨਾਲ ਤਾਂ ਲੜਦੇ ਰਹੇ ਜਿੱਤਾਂ ਪ੍ਰਾਪਤ ਕਰਦੇ ਰਹੇ। ਦੁਸ਼ਮਣਾਂ ਨੂੰ ਦੇਸ਼ ਆਜ਼ਾਦ ਕਰ ਜਾਣ ਲਈ ਮਜਬੂਰ ਕਰ ਦੇਂਦੇ ਰਹੇ। ਘਰ ਦੇ ਭੇਤੀ ਅਤੀ ਸ਼ਾਤਰ ਦੁਸ਼ਮਣ ਮਿੱਠੀ ਛੁਰੀ ਫੜ ਕੇ ਸਿੱਖਾਂ ਦੇ ਅੰਦਰਲੇ ਖੇਮੇ ਵਿੱਚ ਦਾਖਲ ਹੁੰਦੇ ਗਏ। ਸਿੱਖਾਂ ਨੇ ਬਾਹਰਲੇ ਦੁਸ਼ਮਣਾਂ ਨਾਲ ਜੰਗ ਲੜਦਿਆਂ ਜੰਗਲੀਂ ਵਾਸ ਕੀਤਾ। ਦਿਨ ਰਾਤ ਤੇਗ ਦੇ ਮੁੱਠੇ ’ਤੇ ਹੱਥ ਰੱਖਿਆ, ਘੋੜਿਆਂ ਦੀਆਂ ਕਾਠੀਆਂ ਨੂੰ ਹੀ ਘਰ ਬਣਾਇਆ। ਜੰਗਲੀਂ ਫੁੱਲ ਫਲ ਸਾਗ ਪੱਤੇ ਖਾ ਕੇ ਛੱਪੜਾਂ ਦਾ ਪਾਣੀ ਪੀ ਕੇ ਭੀ ਹੌਸਲਾ ਨਾ ਛੱਡਿਆ। ਅਜਿਹੇ ਹਾਲਾਤਾਂ ਵਿੱਚ ਗੁਰਬਾਣੀ ਦੀ ਪਕੜ, ਸਮਝ ਘੱਟ ਗਈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜੰਗ ਬਹੁਤ ਲੜੇ ਤੇ ਫਤਿਹ ਪਾਈ। ਅੰਦਰਲੇ ਦੁਸ਼ਮਣ ਹੋਰ ਤਾਕਤਵਰ ਹੁੰਦੇ ਗਏ। ਸਿੱਖਾਂ ਨੇ ਮਜਬੂਰੀ ਵਸ, ਪੜ੍ਹਨਾ ਲਿਖਣਾ ਛੱਡ ਦਿੱਤਾ। ਗੁਰਬਾਣੀ ਦੇ ਅਸੂਲਾਂ ਤੋਂ ਭੀ ਸੱਖਣੇ ਹੋ ਗਏ। ਇਹੀ ਕਾਰਨ ਸਨ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਿਤ ਹੁੰਦਿਆਂ ਤਕ, ਸਾਰੀਆਂ ਬ੍ਰਾਹਮਣੀ ਰੀਤਾਂ, ਸਿੱਖਾਂ ਦੇ ਸਿਰ ਚੜ੍ਹ ਕੇ ਜਲਵਾ ਵਿਖਾ ਰਹੀਆਂ ਸਨ।

ਮਿਸਲਾਂ ਦੇ ਇਸ ਭਿਆਨਕ ਸਮੇਂ ਨੂੰ ਸਿਧਾਂਤਕ ਤੌਰ ’ਤੇ ਸਿੱਖ ਦੁਸ਼ਮਣ ਨੇ ਗਨੀਮਤ ਜਾਣ ਕੇ, ਆਪਣੀ ਛੁਰੀ ਤੇਜ਼ੀ ਨਾਲ ਵਰਤਣੀ ਸ਼ੁਰੂ ਕਰ ਦਿੱਤੀ। ਪੜ੍ਹਿਆ ਲਿਖਿਆ ਵਿਅਕਤੀ ਉਨ੍ਹਾਂ ਦਿਨਾਂ ਵਿੱਚ ਕੇਵਲ ਬ੍ਰਾਹਮਣ ਹੀ ਸੀ। ਸਿੱਖਾਂ ਬਾਰੇ ਗੁਰਇਤਿਹਾਸ ਬਾਰੇ, ਜਾਂ ਗੁਰਬਾਣੀ ਦੀ ਟੀਕਾਕਾਰੀ ਬਾਰੇ, ਜੋ ਕੁੱਝ ਲਿਖਿਆ ਗਿਆ, ਬਹੁਤਾਤ ਵਿੱਚ ਬਿਪਰਾਂ ਵਲੋਂ ਹੀ ਲਿਖਿਆ ਗਿਆ। ਜਿਵੇਂ ਗੁਰਬਿਲਾਸ ਪਾਤਿਸ਼ਾਹੀ ਛੇਵੀਂ ਕਿਤਾਬ, ਗੁਰੂ ਸਾਹਿਬਾਨ ਦਾ ਪੁੱਜ ਕੇ ਅਪਮਾਨ ਕਰਨ ਵਾਲੀ ਸੰਨ 1718 ਵਿੱਚ ਕਵੀ ਸੋਹਣ ਵਲੋਂ ਲਿਖੀ ਗਈ। ਇਸੇ ਤਰ੍ਹਾਂ ਕੁੱਝ ਬ੍ਰਾਹਮਣ ਕਵੀਆਂ ਰਾਮ ਤੇ ਸ਼ਿਆਮ ਆਦਿਕ ਵੱਲੋਂ ਇਨ੍ਹਾਂ ਹੀ ਸਮਿਆਂ ਵਿੱਚ ਦਸਮ ਗ੍ਰੰਥ ਵਰਗੀ ਨਖਿੱਧ ਲਿਖਤ ਤਿਆਰ ਕੀਤੀ ਗਈ। ਅਣਜਾਣਪੁਣੇ ਵਿੱਚ ਸਿੱਖਾਂ ਨੇ ਇਨ੍ਹਾਂ ਗੁਰੂ ਦੋਖੀ ਲਿਖਤਾਂ ਨੂੰ ਆਪਣੇ “ਸਰੋਤ ਗ੍ਰੰਥ” ਦਸਣਾ ਸ਼ੁਰੂ ਕਰ ਦਿੱਤਾ। ਕੋਈ ਹਿੰਦੂ ਮੁਸਲਮਾਨ ਜਾਂ ਅੰਗ੍ਰੇਜ਼ ਜਦੋਂ ਸਿੱਖ ਇਤਿਹਾਸ ਬਾਰੇ ਕੋਈ ਗ਼ਲਤ ਬਿਆਨੀ ਲਿਖ ਦਿੰਦਾ ਹੈ। ਉਸ ਵਕਤ ਸਿੱਖਾਂ ਵਿੱਚ ਬੜਾ ਸ਼ੋਰ ਮਚਦਾ ਹੈ। ਦੁੱਧ ਦੇ ਉਬਾਲ ਵਾਂਗ ਸਾਰੇ ਪਾਸੇ ਉਬਾਲ

ਆਇਆ ਪ੍ਰਤੀਤ ਹੁੰਦਾ ਹੈ। ਕੁੱਝ ਸਮੇਂ ਤੋਂ ਬਾਅਦ ਚਾਰੇ ਬੰਨੇ ਸ਼ਾਂਤੀ ਪਸਰ ਜਾਂਦੀ ਹੈ, ਜਿਵੇਂ ਕੁੱਝ ਹੋਇਆ ਹੀ ਨਹੀਂ ਹੁੰਦਾ। ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਵਿਸ਼ਿਆਂ ਨਾਲ ਸਬੰਧਤ ਵਿਦਵਾਨਾਂ ਤੋਂ ਖੋਜ ਭਰਪੂਰ ਕਿਤਾਬਾਂ ਲਿਖਵਾਈਆਂ ਜਾਂਦੀਆਂ। ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਤੇ ਹੋਰ ਗੁਰਦਵਾਰਾ ਕਮੇਟੀਆਂ, ਇਸ ਕੰਮ ਵਿੱਚ ਪਲਾਨਿੰਗ ਬਣਾ ਕੇ ਯੋਗਦਾਨ ਪਾਉਂਦੀਆਂ। ਇਨ੍ਹਾਂ ਕਿਤਾਬਾਂ ਨੂੰ ਫਿਰ ਇੰਗਲਿਸ਼ ਆਦਿਕ ਜ਼ੁਬਾਨਾਂ ਵਿੱਚ ਅਨੁਵਾਦ ਕੀਤਾ ਜਾਂਦਾ। ਇਹ ਪ੍ਰਮਾਣਿਕ ਸਾਹਿਤ ਦੁਨੀਆਂ ਵਿੱਚ ਬਣੇ ਹਰ ਗੁਰਦਵਾਰੇ ਵਿੱਚ ਪ੍ਰਾਪਤ ਹੋ ਸਕਦਾ। ਅਫਸੋਸ ਕਿ ਇਸ ਤਰ੍ਹਾਂ ਨਹੀਂ ਕੀਤਾ ਗਿਆ। ਕਿਸੇ ਹੋਰ ਨੂੰ ਦੋਸ਼ ਦੇਣ ਦੀ ਥਾਵੇਂ, ਸਿੱਖ ਮੁਖੀ, ਗੁਰਦਵਾਰਾ ਕਮੇਟੀਆਂ ਦੇ ਪ੍ਰਧਾਨ ਖੁਦ ਹੀ ਸਿੱਖ ਪੰਥ ਦੀਆਂ ਬੇੜੀਆਂ ਵਿੱਚ ਛੇਕ ਕਰ ਰਹੇ ਹਨ। ਗੁਰਬਾਣੀ ਅਤੇ ਇਤਿਹਾਸ ਨੂੰ ਵਿਦਵਾਨਾਂ ਦੀਆਂ ਟੀਮਾਂ ਬਣਾ ਕੇ, ਸੁਲਝੇ ਹੋਏ ਵਿਗਿਆਨਕ ਢੰਗਾਂ ਨਾਲ ਤਿਆਰ ਕਰਨਾ ਬਣਦਾ ਸੀ। ਲੰਮੇ ਸਮੇਂ ਤੋਂ ਅਜਿਹਾ ਕੋਈ ਕਾਰਜ ਨਹੀਂ ਕੀਤਾ ਗਿਆ। ਹਾਂ ਕੁੱਝ ਮਿਸ਼ਨਰੀ ਸੰਸਥਾਵਾਂ ਵੱਲੋਂ ਜਾਂ ਕੁੱਝ ਵਿਅਕਤੀਆਂ ਵੱਲੋਂ ਨਿੱਜੀ ਸਾਧਨਾਂ ਦੁਆਰਾ ਇਹ ਕੰਮ ਕੀਤੇ ਜਾ ਰਹੇ ਹਨ। ਪਰ ਇਨ੍ਹਾਂ ਦੇ ਸਾਧਨ ਅਤੀ ਸੀਮਤ ਹਨ, ਰੁਪਏ ਪੈਸੇ ਦੀ ਕਮੀ ਹੈ। ਵਿਦਵਾਨਾਂ ਨੂੰ ਯੋਗ ਖਰਚਾ ਦੇ ਕੇ ਸੇਵਾ ਨਹੀਂ ਕਰਵਾ ਸਕਦੇ। ਛਪਾਈ ਦਾ ਕੰਮ ਬਹੁਤ ਖਰਚੀਲਾ ਅਤੇ ਥਕਾਊ ਕਿਸਮ ਦਾ ਹੈ। ਅਨੁਵਾਦ ਵਿੱਚ ਹੋਰ ਭੀ ਜ਼ਿਆਦਾ ਮੁਸ਼ਕਲਾਂ ਆਉਂਦੀਆਂ ਹਨ। ਜੇ ਇਹੀ ਕੰਮ ਗੁਰਦਵਾਰਾ ਕਮੇਟੀਆਂ ਚੁਕ ਲੈਣ, ਹੋਰ ਬੰਨਿਓਂ ਖਰਚੇ ਰੋਕ ਕੇ, ਸਿੱਖ ਸਾਹਿਤ ਵਲ ਧਿਆਨ ਦੇ ਸਕਣ, ਤਾਂ ਬਹੁਤ ਸਾਰੇ ਮਸਲੇ ਸਹਿਜੇ ਹੀ ਹੱਲ ਹੋ ਸਕਦੇ ਹਨ। ਸਿੱਖਾਂ ਵਿਰੁੱਧ ਗ਼ੈਰ ਸਿੱਖਾਂ ਨੂੰ ਕੁੱਝ ਭੀ ਲਿਖਣ ਦੀ ਹਿੰਮਤ ਨਹੀਂ ਪਵੇਗੀ। ਅਸੀਂ ਠੋਕ ਵਜਾ ਕੇ ਕਹਿ ਸਕਾਂਗੇ ਕਿ ਜਿਸ ਲਿਖਤ ਦਾ ਹਵਾਲਾ ਵਿਰੋਧੀ ਲੇਖਕ ਦੇ ਰਿਹਾ ਹੈ, ਪੰਥਕ ਧਾਰਾ ਵਾਲੇ ਲੇਖਕ ਇਸ ਨੂੰ ਪਹਿਲਾਂ ਹੀ ਰੱਦ ਕਰ ਚੁੱਕੇ ਹਨ। ਅਪ੍ਰਵਾਨਤ ਸਰੋਤਾਂ ਦਾ ਹਵਾਲਾ ਸਾਨੂੰ ਮਨਜ਼ੂਰ ਨਹੀਂ ਹੈ।

ਜਦੋਂ 1849 ਈ. ਵਿੱਚ ਅੰਗਰੇਜ਼ਾਂ ਨੇ ਪੰਜਾਬ ’ਤੇ ਕਬਜਾ ਕਰ ਲਿਆ। ਉਸ ਵਕਤ ਸਿੱਖ ਫੌਜਾਂ ਭਾਵੇਂ ਜੰਗ ਵਿੱਚ ਹਾਰ ਗਈਆਂ ਸਨ। ਰਾਜ ਭਾਗ ਅਤੇ ਇੱਜ਼ਤ ਮਾਣ ਖੁੱਸ ਚੁੱਕਿਆ ਸੀ। ਬਹੁਤ ਸਾਰੇ ਸਿੱਖ ਸੂਰਮੇ ਡੋਗਰਾ ਗਰਦੀ ਅਤੇ ਬ੍ਰਾਹਮਣੀ ਸਾਜ਼ਿਸ਼ਾਂ ਕਾਰਨ ਲੇਖੇ ਲਗ ਗਏ। ਫੌਜੀ ਕਮਾਂਡਰ ਤੇਜ ਸਿੰਘ, ਲਾਲ ਸਿੰਘ ਤੇ ਪਹਾੜਾ ਸਿੰਘ ਨੇ ਸਿੱਖ ਫੌਜਾਂ ਨੂੰ ਮਰਵਾਉਣ ਵਿਚ ਨੀਚਤਾ ਦੀਆਂ ਸੱਭ ਹੱਦਾਂ ਪਾਰ ਕਰਦਿਆਂ, ਬੇਸ਼ਰਮੀ ਦਾ ਨੰਗਾ ਨਾਚ ਕੀਤਾ। ਇਸ ਤੋਂ ਬਾਅਦ ਜਿਥੇ ਕਿਤੇ ਕੋਈ ਸਿੱਖ ਸੀ, ਉਹ ਕ੍ਰੋਧਿਤ ਹੋ ਉਠਿਆ। ਮਨ ਕਰ ਕੇ ਉਨ੍ਹਾਂ ਗ਼ੁਲਾਮੀ ਸਵੀਕਾਰ ਨਾ ਕੀਤੀ। ਛੋਟੇ ਵੱਡੇ ਜਥੇ ਬਣਾ ਕੇ ਜਾਂ ਵਿਅਕਤੀਗਤ ਤੌਰ ’ਤੇ, ਸਿੱਖਾਂ ਨੇ ਅੰਗਰੇਜ਼ ਹਕੂਮਤ ਨਾਲ ਦੋ

ਹੱਥ ਕਰਨੇ ਜਾਰੀ ਰੱਖੇ। ਇਨ੍ਹਾਂ ਨਿੱਤ ਦੀਆਂ ਬਗ਼ਾਵਤਾਂ ਨੂੰ ਦਬਾਉਣ ਵਾਸਤੇ ਗੋਰੀ ਸਰਕਾਰ ਵੱਲੋਂ ਜਿਥੇ ਪੂਰੀ ਸਖ਼ਤੀ ਵਰਤੀ ਜਾ ਰਹੀ ਸੀ। ਉਥੇ ਸਿੱਖਾਂ ਨੂੰ ਪਤਿਆਉਣ ਲਈ ਖਾਸ ਰਿਆਇਤਾਂ ਭੀ ਦਿੱਤੀਆਂ ਜਾ ਰਹੀਆਂ ਸਨ। ਸਰਦਾਰਾਂ ਨੂੰ ਜ਼ਮੀਨਾਂ ਦਿੱਤੀਆਂ ਗਈਆਂ। ਰੋਪੜ ਵਿਖੇ ਸਤਲੁਜ ਦਰਿਆ ’ਤੇ ਵੱਡਾ ਬੰਨ੍ਹ ਮਾਰ ਕੇ ਸਰਹੰਦ ਨਹਿਰ ਦੀ ਪੁਟਾਈ ਸ਼ੁਰੂ ਕੀਤੀ। ਜਿਸ ਵਿੱਚ ਵਿਹਲੇ ਲੋਕਾਂ ਨੂੰ ਕਾਫੀ ਰੁਜ਼ਗਾਰ ਮਿਲਿਆ। ਨਹਿਰ ਤਿਆਰ ਹੋ ਕੇ ਇਸ ਪਾਣੀ ਨਾਲ ਫਸਲਾਂ ਵਧੇਰੇ ਹੋਣ ਲੱਗੀਆਂ। ਸਿਵਲ ਤੇ ਸਰਕਾਰੀ ਨੌਕਰੀਆ ਵਿੱਚ ਭੀ ਕਾਫੀ ਲੋਕਾਂ ਨੂੰ ਨੌਕਰੀ ਦਿੱਤੀ ਗਈ। ਸੰਨ 1857 ਤੋਂ ਮਗਰੋਂ ਸਿੱਖਾਂ ਲਈ ਫੌਜੀ ਭਰਤੀ ਦੇ ਦਰਵਾਜੇ ਭੀ ਖੋਹਲ ਦਿੱਤੇ ਗਏ। ਸਿੱਖ ਸਿਪਾਹੀ ਅੰਗਰੇਜ਼ੀ ਸਰਕਾਰ ਲਈ ਇੱਕ ਵੱਡੀ ਸ਼ਕਤੀ ਬਣ ਕੇ ਉਭਰੇ। ਪਰ ਗੋਰੇ ਇਹ ਭਲੀ ਭਾਂਤ ਜਾਣਦੇ ਸਨ ਕਿ ਇਨ੍ਹਾਂ ਦਾ ਗੁੱਸਾ ਕਿਸੇ ਵਕਤ ਭੀ ਭਿਆਨਕ ਰੂਪ ਧਾਰਨ ਕਰ ਸਕਦਾ ਹੈ। ਅੰਦਰਲੇ ਉਬਲ ਰਹੇ ਲਾਵੇ ਨੂੰ ਕਾਬੂ ਵਿੱਚ ਰੱਖਣ ਵਾਸਤੇ, ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਆਪਣੇ ਸਰਬਰਾਹ ਥਾਪ ਕੇ, ਅਸਿੱਧੇ ਢੰਗ ਨਾਲ ਸਰਕਾਰ ਅਧੀਨ ਲਿਆਂਦਾ। ਕਥਾ ਕਰਨ ’ਤੇ ਰੋਕ ਲਾ ਦਿੱਤੀ ਗਈ। ਹੋਰ ਭੀ ਸਾਰੇ ਵੱਡੇ ਗੁਰਦਵਾਰਿਆਂ ਵਿਚ ਆਪਣੇ ਨਿਗਰਾਨ ਥਾਪ ਦਿੱਤੇ, ਭਾਵੇਂ ਸ਼ਕਲੋਂ ਇਹ ਸਿੱਖ ਹੀ ਨਜ਼ਰ ਕਿਉਂ ਨਾ ਆਉਂਦੇ ਹੋਣ।

ਅੰਗਰੇਜ਼ੀ ਫੌਜ ਵਿੱਚ ਵਫਾਦਾਰੀ ਨਾਲ ਸਰਕਾਰੀ ਡਿਊਟੀ ਕਰਨ ਵਾਲੇ, ਕੁੱਝ ਵਿਅਕਤੀਆਂ ਨੂੰ ਵਿਸ਼ੇਸ਼ ਮਕਸਦ ਦੀ ਪੂਰਤੀ ਵਾਸਤੇ, “ਸੰਤਗੀਰੀ” ਦਾ ਰੁਤਬਾ ਦੇ, ਕੇ ਫੌਜ ਵਿੱਚੋਂ ਪੰਜਾਬ ਦੇ ਵੱਖੋ ਵੱਖਰੇ ਇਲਾਕਿਆਂ ਵਿਚ ਨਿਯੁਕਤ ਕੀਤਾ ਗਿਆ। ਰਾਧਾ ਸੁਆਮੀ ਡੇਰੇ ਵਾਲਿਆਂ ਦਾ ਪਹਿਲਾ ਮੁਖੀ, ਭਾਈ ਜੈਮਲ ਸਿੰਘ ਫੌਜੀ ਸੀ। ਨਾਮਧਾਰੀਆਂ ਦਾ ਪਹਿਲਾ ਮੁਖੀ ਰਾਮ ਸਿੰਘ (ਕੂਕਾ) ਫੌਜੀ ਸੀ। ਨੌਰੰਗਾਬਾਦ ਵਾਲਾ ਭਾਈ ਬੀਰ ਸਿੰਘ ਫੌਜੀ ਸੀ। ਮਸਤੂਆਣੇ ਡੇਰੇ ਦਾ ਪਹਿਲਾ ਮੁਖੀ ਭਾਈ ਅਤਰ ਸਿੰਘ ਫ਼ੌਜੀ ਸੀ। ਇਸ ਦੇ ਨਾਲ ਅਤਰ ਸਿੰਘ ਅਤਲੇ ਵਾਲਾ, ਅਤਰ ਸਿੰਘ ਰੇਰੂਵਾਲਾ ਤੇ ਅਤਰ ਸਿੰਘ ਘੁੰਨਸਵਾਲਾ ਸਾਰੇ ਫ਼ੌਜੀ ਸਨ। ਇਸੇ ਤਰ੍ਹਾਂ ਪ੍ਰਸਿੱਧ “ਸੰਤ” ਲਗਭਗ ਸਾਰੇ ਫੌਜ ਵਿਚੋਂ ਲਿਆ ਕੇ ਫਿੱਟ ਕੀਤੇ ਗਏ ਸਨ। ਇਨ੍ਹਾਂ “ਸਰਕਾਰੀ ਸੰਤਾਂ” ਨੇ ਥੋੜ੍ਹੇ ਹੀ ਸਮੇਂ ਵਿੱਚ ਚੰਗਾ ਨਾਮ ਕਮਾ ਲਿਆ। ਲੋਕੀਂ ਵਹੀਰਾਂ ਘੱਤ ਕੇ ਇਨ੍ਹਾਂ ਦੇ “ਪਰਵਚਨ ਸਰਵਣ” ਕਰਨ ਲਈ ਡੇਰਿਆਂ ਦੀ ਸ਼ੋਭਾ ਵਧਾਉਣ ਲੱਗੇ। ਸਮੇਂ ਸਮੇਂ ਅੰਗਰੇਜ਼ ਅਫਸਰ ਅਤੇ ਵੱਡੇ ਫੌਜੀ ਜਰਨੈਲ ਭੀ ਇਨ੍ਹਾਂ “ਸਰਕਾਰੀ ਸੰਤਾਂ” ਦੇ ਚਰਨ ਪਰਸਣ ਆ ਜਾਂਦੇ ਤੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਦੇ। ਇਨ੍ਹਾਂ “ਸਰਕਾਰੀ ਮਹਾਪੁਰਖਾਂ” ਨੇ ਲੋਕਾਂ ਦੇ ਕਲਿਆਣ ਲਈ ਬਹੁਤ ਸਾਰੇ ਨਵੇਂ ਫਾਰਮੂੱਲੇ (ਤਜਰਬੇ) ਈਜਾਦ ਕੀਤੇ। ਜਿਨ੍ਹਾਂ ਵਿਚੋਂ ਕੁੱਝ ਕੁ ਇਉਂ ਹਨ :

ੳ ਆਪਣੇ ਅਧੀਨ ਚੱਲਣ ਵਾਲੇ ਅਦਾਰਿਆਂ ਦੇ ਨਾਮ ਗੁਰਦਵਾਰੇ ਨਾ ਰੱਖ ਕੇ, ਡੇਰੇ, ਠਾਠ, ਭੌਰੇ ਅਤੇ ਟਿਕਾਣੇ ਟਕਸਾਲ ਨਾਮ ਪ੍ਰਚਲਤ ਕਰਨੇ।

ਅ ਇਨ੍ਹਾਂ ਥਾਵਾਂ ਵਿੱਚ ਨਿਸ਼ਾਨ, (ਝੰਡਾ) ਨਗਾਰਾ, ਹਥਿਆਰ ਨਾ ਰੱਖਣੇ।

ੲ ਇਨ੍ਹਾਂ ਡੇਰਿਆਂ ਵਿਚਲੇ ਸਾਰੇ ਵਿਅਕਤੀਆਂ ਵੱਲੋਂ ਨੀਲੇ ਪਹਿਰਾਵੇ ਤਿਆਗ ਕੇ, ਸਫੈਦ ਭਾਵ ਸ਼ਾਂਤੀ ਦੇ ਪ੍ਰਤੀਕ ਬਸਤਰ ਧਾਰਨ ਕਰਨੇ।

ਸ ਸਿਰ 'ਤੇ ਵੱਡੀਆਂ ਦਸਤਾਰਾਂ ਦੀ ਥਾਂ, ਨਿੱਕੇ-ਨਿੱਕੇ ਪਟਕੇ ਬੰਨ੍ਹਣੇ।

ਹ ਪੈਰਾਂ ਵਿੱਚ ਜੁੱਤੀ ਪਾਉਣ ਦੀ ਥਾਂ ਖੜਾਵਾਂ ਪਹਿਨਣੀਆਂ ਜਾਂ ਨੰਗੇ ਪੈਰੀਂ ਵਿਚਰਨਾ।

ਕ ਕਿਰਪਾਨ ਖੰਡਾ ਜਾਂ ਹੋਰ ਰਵਾਇਤੀ ਸਿੱਖ ਸ਼ਸਤਰਾਂ ਦਾ ਵਿਰੋਧ ਕਰਨਾ।

ਖ ਤਿੰਨ ਫੁਟੀ ਕਿਰਪਾਨ ਦੀ ਬਜਏ ਗਾਤਰੇ ਵਾਲੀ ਛੋਟੀ ਜਾਂ ਤਵੀਤ ਨੁਮਾ ਗਲ ਵਿੱਚ ਕਿਰਪਾਨ ਪਾਉਣੀ।

ਗ ਗੁਰਬਾਣੀ ਦਾ ਸਹੀ ਗਿਆਨ ਦੇਣ ਦੀ ਥਾਵੇਂ ਮੰਤਰ ਪਾਠ, ਅਖੰਡ ਪਾਠ, ਸੰਪਟ ਪਾਠ ਅਤੇ ਹੋਰ ਕਈ ਤਰ੍ਹਾਂ ਦੇ ਪਾਠ ਪ੍ਰਚਲਤ ਕਰਨਾ। ਗੁਰਬਾਣੀ ਦੇ ਨਾਲ ਬਚਿੱਤਰ ਨਾਟਕ (ਅਖੌਤੀ ਦਸਮ ਗ੍ਰੰਥ) ਨੂੰ ਉਤਾਰਨਾ।

ਘ ਕਿਸੇ ਭੀ ਮੁਸ਼ਕਲ ਵਕਤ ਚੰਗੀ ਸਲਾਹ ਨਾ ਦੇ ਕੇ, ਅਰਦਾਸ ਜਾਂ ਕਿਸੇ ਤਰ੍ਹਾਂ ਦੇ ਮੰਤਰ ਪਾਠ ਦੇ ਰਾਹ ਪਾਉਣਾ।

ਙ ਕਿਰਤੀ ਸਿੱਖਾਂ ਦੀ ਕਮਾਈ ਡਕਾਰਨ ਵਾਲਾ, ਨਵਾਂ ਪੁਜਾਰੀ ਤਬਕਾ ਪੈਦਾ ਕਰਨਾ, ਜੋ ਲੋਕਾਂ ਦੀ ਕਮਾਈ ਨਾਲ ਗੁਲਛਰਰੇ ਉਡਾਵੇ।

ਚ ਵਿਆਹ ਨਾ ਕਰਵਾ ਕੇ ਗ੍ਰਿਸਤ ਮਾਰਗ ਦਾ ਤ੍ਰਿਸਕਾਰ ਕਰਨਾ ਤੇ ਡੇਰਿਆਂ ਵਿੱਚ ਅਨੈਤਕ (ਪਰ ਤਨ ਭੋਗ ਤੇ ਮੁੰਡੇਬਾਜੀ) ਕੰਮਾਂ ਨੂੰ ਵਧਾਉਣਾ।

ਛ ਡੇਰਿਆਂ ਨੂੰ ਆਪਣੀ ਨਿੱਜੀ ਮਾਲਕੀ ਬਣਾ ਲੈਣਾ।

ਜ ਚੜ੍ਹਤ ਦੇ ਪੈਸੇ ਨੂੰ ਪੰਥਕ ਹਿਤਾਂ ਵਿੱਚ ਨਾ ਵਰਤ ਕੇ, ਐਸ਼ ਪ੍ਰਸਤੀ ਵਿੱਚ ਰੋਹੜ ਦੇਣਾ।

ਝ ਗ਼ੈਰਤਮੰਦ ਨੌਜੁਆਨ ਤਿਆਰ ਕਰਨ ਦੀ ਥਾਵੇਂ, ਗ਼ੁਲਾਮ ਜਹਿਨੀਅਤ ਵਾਲੇ, ਜੀ ਹਜ਼ੂਰੀਏ ਟੁਕੜਬੋਚ, ਗਿਆਨ ਤੋਂ ਕੋਰੇ, ਵਿਹਲੜਾਂ ਦੀਆਂ ਧਾੜਾਂ ਖੜੀਆਂ ਕਰਨੀਆਂ, ਗ੍ਰੰਥੀ ਥਾਪਣੇ।

ਞ ਪੁੱਤਰ ਦੇਣ ਦੇ ਦੁਸ਼ਟ ਕਰਮ ਰਾਹੀਂ ਲੋਕਾਂ ਦੀਆਂ ਨਾ ਸਮਝ, ਨੂੰਹਾਂ ਧੀਆਂ ਨੂੰ ਡੇਰਿਆਂ ਵਿੱਚ ਬੁਲਾ ਕੇ ਸਰੀਰਕ ਸ਼ੋਸ਼ਣ ਕਰਨਾ।

ਟ ਸਿੱਖਾਂ ਅੰਦਰੋਂ ਸਵੈਮਾਣ ਭਰਿਆ ਅਣਖੀਲਾ ਤੇ ਜੁਝਾਰੂ ਸੁਭਾਅ ਖ਼ਤਮ ਕਰ ਕੇ, ਗ਼ੁਲਾਮ ਮਾਨਸਿਕਤਾ ਵਾਲੇ ਬਣਾਉਣਾ।

ਠ ਗੁਰਬਾਣੀ ਵੱਲੋਂ ਰੱਦ ਕੀਤੇ ਗਏ ਬ੍ਰਾਹਮਣੀ ਕਰਮਕਾਂਡਾਂ ਨੂੰ ਸਿੱਖ ਸਮਾਜ ਵਿੱਚ, ਜ਼ੋਰ ਸ਼ੋਰ ਨਾਲ ਚਾਲੂ ਕਰਨਾ।

ਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੂਰਤੀਆ ਵਾਂਗ ਜਾਂ ਵਿਅਕਤੀਆਂ ਵਾਂਗ ਪੂਜਾ ਕਰਵਾਉਣੀ।

ਢ ਅਣਖੀਲੇ ਸਿੱਖ ਗਭਰੂਆਂ ਦਾ ਅਪਮਾਨ ਕਰਨਾ ਜਾਂ ਉਨ੍ਹਾਂ ਨੂੰ "ਮੰਤਰ ਜਾਪ" ਦੇ ਰਾਹ ਟੋਰ ਦੇਣ ਲਈ ਕੋਸ਼ਿਸ਼ ਕਰਨੀ।

ਣ ਸਰਕਾਰ ਦੀ ਕਿਸੇ ਵਧੀਕੀ ਵਿਰੁੱਧ ਨਾ ਕਦੇ ਖੁਦ ਜਬਾਨ ਖੋਹਲਣੀ, ਨਾ ਆਪਣੇ ਚੇਲਿਆਂ ਨੂੰ ਇਸ ਪਾਸੇ ਸੋਚਣ ਦੇਣਾ।

ਤ ਗੁਰਬਾਣੀ ਦੀ ਥਾਵੇਂ ਆਪਣੀਆਂ "ਕਵਿਤਾਵਾਂ ਦਾ ਕੀਰਤਨ" (ਧਾਰਨਾਵਾਂ) ਪ੍ਰਚਲਤ ਕਰਨਾ।

ਥ ਸੂਰਮਗਤੀ ਵਾਲਾ ਇਤਿਹਾਸ ਨਾ ਸੁਣਾ ਕੇ, ਮਨ ਘੜਤ ਝੂਠੀਆਂ ਕਹਾਣੀਆਂ ਚਾਲੂ ਕਰਨੀਆਂ।

ਦ ਮਾਸ ਦਾ ਬੇਲੋੜਾ ਵਿਰੋਧ ਕਰ ਕੇ ਸਿੱਖਾਂ ਨੂੰ ਕਾਇਰਤਾ ਵਾਲੇ ਰਾਹ ਟੋਰਨਾ।

ਧ ਨਗਾਰਾ ਨਾ ਵਜਾ ਕੇ ਸੰਖ ਤੇ ਟੱਲੀਆਂ ਖੜਕਾਉਣੀਆਂ।

ਨ ਰਾਜ ਕਰੇਗਾ ਖਾਲਸਾ ਵਾਲਾ ਦੋਹਿਰਾ ਬੰਦ ਕਰਾਉਣਾ।

ਪ ਅਰਦਾਸ ਮਗਰੋਂ "ਜੋ ਬੋਲੇ ਸੋ ਨਿਹਾਲ। ਸਤਿ ਸਿਰੀ ਅਕਾਲ", ਵਾਲਾ ਜੈਕਾਰਾ ਬੰਦ ਕਰਾਉਣਾ।

ਫ ਸਿੰਘ ਤੇ ਖਾਲਸਾ ਸ਼ਬਦ ਦੀ ਥਾਂ ਸੰਤ, ਬ੍ਰਹਮ ਗਿਆਨੀ, ਉਦਾਸੀ ਨਿਰਮਲੇ ਸੇਵਾ ਪੰਥੀ ਨਾਮ ਪ੍ਰਚਲਤ ਕਰਨੇ।

ਇਹ ਸਨ ਕੁੱਝ ਵਿਸ਼ੇਸ਼ ਨੁਕਤੇ ਜਿਨ੍ਹਾਂ ਨੂੰ ਫੌਜ ਵਿੱਚੋਂ ਤਿਆਰ ਕਰ ਕੇ ਭੇਜੇ "ਸਰਕਾਰੀ ਸੰਤਾਂ" ਨੇ ਪੰਜਾਬ ਵਿੱਚ ਲਾਗੂ ਕਰਨ ਦੀ "ਤਨੋਂ ਮਨੋਂ ਸੇਵਾ" ਕੀਤੀ। ਅੰਗਰੇਜ਼ ਸਰਕਾਰ ਵੱਲੋਂ, ਇਨ੍ਹਾਂ ਡੇਰਿਆਂ ਨੂੰ ਜ਼ਮੀਨਾਂ ਭੀ ਦਿੱਤੀਆਂ ਗਈਆਂ ਤੇ ਹਰ ਤਰ੍ਹਾਂ ਦੀ ਸੁਰੱਖਿਆ ਛਤਰੀ ਭੀ ਦਿੱਤੀ ਗਈ। ਫੌਜ ਵਿੱਚੋਂ ਚਲੇ ਜਾਣ ਦੇ ਬਾਵਜੂਦ ਕਈ ਸਾਰੇ "ਸੰਤਾਂ" ਦੀ ਹਾਜ਼ਰੀ ਫੌਜ ਦੇ ਰਜਿਸਟਰਾਂ ਵਿੱਚ ਉਸੇ ਤਰ੍ਹਾਂ ਲੱਗਦੀ ਰਹੀ, ਤਨਖਾਹ ਘਰ ਪੁੱਜਦੀ ਰਹੀ।

ਉਨ੍ਹਾਂ ਦਿਨਾਂ ਵਿੱਚ ਸਰਕਾਰ ਦੀ ਇੱਛਾ ਦੇ ਮੁਤਾਬਿਕ ਕੰਮ ਕਰਨ ਵਾਲੇ ਸਾਰੇ ਸਿਰ ਕੱਢਵੇਂ "ਸੰਤ" ਪੂਰੇ ਵੱਡੇ ਪੰਜਾਬ ਵਿੱਚ "ਮਹਾਨ ਪੰਥਕ ਸੇਵਾ" ਬੜੇ ਧੜਲੇਦਾਰ ਢੰਗ ਨਾਲ ਕਰ ਰਹੇ ਸਨ। ਜਦੋਂ ਕਲਕੱਤੇ ਤੋਂ ਭਾਰਤ ਦੀ ਰਾਜਧਾਨੀ ਬਦਲ ਕੇ, ਦਿੱਲੀ ਲਿਆਂਦੀ ਗਈ ਸੀ। ਉਸ ਵਕਤ ਬਰਤਾਨੀਆਂ ਦਾ ਸਮਰਾਟ, ਜਾਰਜ ਪੰਜਵਾਂ ਵਿਸ਼ੇਸ਼ ਤੌਰ 'ਤੇ ਪੁੱਜਿਆ ਸੀ। ਪਹਿਲਾਂ ਦੇਸ਼ ਭਰ ਵਿੱਚ ਉਤਸ਼ਾਹ ਪੈਦਾ ਕਰਨ ਲਈ,

"ਗੋਲਡਨ ਜੁਬਲੀ ਫਲੇਮ", ਭਾਵ ਸਾਰੇ ਹਿੰਦੁਸਤਾਨ 'ਤੇ ਪੂਰਨ ਰਾਜਸੀ ਤਾਕਤ ਜਮਾ ਲੈਣ ਦੀ ਖੁਸ਼ੀ ਵਿੱਚ, ਥਾਉਂ ਥਾਈਂ ਵੱਡੇ ਸ਼ਹਿਰਾਂ ਵਿੱਚ ਰੰਗਾ ਰੰਗ ਸਮਾਗਮ ਕੀਤੇ ਗਏ। ਇੱਕ ਅੰਗਰੇਜ਼ੀ ਰਾਜ ਦੀ ਪ੍ਰਤੀਕ, ਫਲੇਮ (ਰੌਸ਼ਨ ਚਿਰਾਗ) ਭੀ ਖ਼ੂਬ ਘੁਮਾਈ ਗਈ। ਆਖਰੀ ਸ਼ਾਹੀ ਜਸ਼ਨਾਂ ਵਿੱਚ ਜਿਥੇ ਵੱਡੇ ਵੱਡੇ ਗੋਰੇ ਅਫਸਰ ਸ਼ਾਮਿਲ ਹੋਏ ਉਥੇ ਗ਼ੁਲਾਮ ਮਾਨਸਿਕਤਾ ਵਾਲੇ, ਟੁੱਕੜਬੋਚ ਭਾਰਤੀ ਭੀ ਸ਼ਾਮਲ ਹੋਏ। ਇਸ ਜੀ ਹਜ਼ੂਰੀ ਬਦਲੇ ਉਨ੍ਹਾਂ ਨੂੰ ਕੁੱਝ ਟੁਕੜੇ (ਖਿਤਾਬ, ਰੁਪਏ ਜ਼ਮੀਨ ਅਹੁਦੇ।) ਚੱਟਣ ਨੂੰ ਮਿਲ ਜਾਂਦੇ ਸਨ। ਰਾਜਨੀਤਿਕ ਲੋਕਾਂ ਦਾ ਕੋਈ ਦੀਨ ਇਮਾਨ ਨਹੀਂ ਹੁੰਦਾ, ਸਵੀਕਾਰ ਕਰ ਲੈਂਦੇ ਹਾਂ। ਜੋ ਆਪਣੇ ਆਪ ਨੂੰ ਸੰਤ ਭਗਤ ਅਚਾਰੀਆ ਰਿਸ਼ੀ ਮੁਨੀ, ਧਰਮ ਦੇ ਮੁਖੀ ਅਖਵਾਉਂਦੇ ਹੋਣ। ਜਦੋਂ ਉਹ "ਮਹਾਂਪੁਰਖ", ਦੇਸ਼ 'ਤੇ ਰਾਜ ਕਰਨ ਵਾਲੇ, ਬਦੇਸ਼ੀ ਹਾਕਮਾਂ ਨੂੰ ਅਸ਼ੀਰਵਾਦ ਦੇਣ। ਧਰਮ ਛਤਰੀ ਬਖਸ਼ਿਸ਼ ਕਰਨ। ਉਨ੍ਹਾਂ ਦੀ ਚੜ੍ਹਦੀ ਕਲਾ ਲਈ ਅਰਦਾਸਾਂ ਕਰਨ। ਆਪੋ ਆਪਣੇ ਧਰਮ ਗ੍ਰੰਥਾਂ ਵਿੱਚੋਂ ਪਰਮ ਪਵਿੱਤਰ ਸ਼ਬਦ ਸਲੋਕ ਪੜ੍ਹਕੇ, ਉਨ੍ਹਾਂ ਬਦੇਸ਼ੀ ਧਾੜਵੀਆਂ ਨੂੰ ਸੱਚੇ ਸੁੱਚੇ ਹੋਣ ਦਾ ਧਾਰਮਿਕ ਸਰਟੀਫ਼ਿਕੇਟ ਜਾਰੀ ਕਰ ਦੇਣ........। ਤੇ ਫਿਰ ਭੀ ਆਪਣੇ ਆਪ ਨੂੰ ਧਰਮ ਮੁਖੀ ਗਰਦਾਨਣ, ਤਾਂ ਕਹਿਣਾ ਪਵੇਗਾ :

ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥ (ਮ. 1. 140)

ਜਾਰਜ ਪੰਜਵੇਂ ਨੂੰ ਸੰਨ 1911 ਦੇ ਇਸ ਲਾਸਾਨੀ ਰਾਜਸੀ ਇਕੱਠ ਵਿੱਚ, ਪੰਜਾਬ ਦੇ ਇਕ ਉੱਘੇ "ਸੰਤ" ਅਤਰ ਸਿੰਘ ਮਸਤੂਆਣਾ ਨੇ ਪੰਜਾਬ ਵੱਲੋਂ ਤੇ ਸਮੂਹ ਸਿੱਖਾਂ ਵੱਲੋਂ ਚੜ੍ਹਦੀ ਕਲਾ ਦਾ ਅਸ਼ੀਰਵਾਦ ਦੇ ਕੇ ਕਿਰਤਾਰਥ ਕੀਤਾ। ਇਸ ਤਰ੍ਹਾਂ ਇਹ ਸੰਤ ਜੀ, ਗੋਰੀ ਸਰਕਾਰ ਦੇ ਨਜ਼ਰੇ ਕਰਮ ਬਣੇ। ਗੋਰੀ ਸਰਕਾਰ ਨੂੰ ਧਾਰਮਿਕ ਸਰਪ੍ਰਸਤੀ ਦਿੱਤੀ। ਇਵਜਾਨੇ ਵਿੱਚ ਗੋਰੀ ਸਰਕਾਰ ਨੇ ਜ਼ਰ ਜ਼ਮੀਨ ਤੇ ਮਾਣ ਸਤਿਕਾਰ ਵਿੱਚ ਢੇਰ ਸਾਰਾ ਵਾਧਾ ਕਰ ਦਿੱਤਾ। ਕਈ ਸਾਰੇ ਵੱਡੇ ਗੋਰੇ ਅਫਸਰ, ਸੰਤ ਜੀ ਦੇ ਡੇਰੇ ਵਿੱਚ ਆ ਕੇ ਭੇਟਾਵਾਂ ਅਰਪਣ ਕਰਦੇ, ਬਾਬਾ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਮਹਾਂ ਪੁਰਖਾਂ ਨੂੰ ਹੋਰ ਵੱਡੇ ਕਰ ਜਾਂਦੇ। ਗੋਰੇ ਅਫਸਰਾਂ ਨਾਲ ਆਏ ਕਾਲੇ ਪੀਲੇ ਅਫਸਰ, ਪਿੱਛੇ ਕਿਵੇਂ ਰਹਿ ਸਕਦੇ ਹਨ ? ਉਨ੍ਹਾਂ ਭੀ ਬਾਬਾ ਜੀ ਅੱਗੇ ਭੇਟਾਵਾਂ ਅਰਪਣ ਕਰ ਕੇ, ਨਮਸ਼ਕਾਰਾਂ ਕਰਨੀਆਂ। ਫਿਰ ਭਲਾ ਆਮ ਜੰਤਾਂ ਜਨਾਰਦਨ ਸੰਤਾਂ ਦੇ ਚਰਨਾਂ ਤੇ ਲੰਮਿਆਂ ਪੈ ਕੇ ਡੰਡਵਤ ਕਿਉਂ ਨਹੀਂ ਕਰੇਗੀ ? ਬਾਬਾ ਜੀ ਨੂੰ ਰੱਬੀ ਅਵਤਾਰ, ਗੁਰੂ ਨਾਨਕ ਸਾਹਿਬ ਦਾ ਖਾਸ ਰੂਪ, ਇੱਕੋ ਇਸ਼ਾਰੇ ਨਾਲ ਸਭ ਦੀ ਕਿਸਮਤ ਬਦਲ ਦੇਣ ਵਾਲੇ ਕਿਉਂ ਨਹੀਂ ਮੰਨੇਗੀ ? ਜੀ ਹਾਂ ਸੱਚ ਇਹੀ ਹੈ। ਅੱਜ ਭੀ ਵੱਡੇ ਅਫਸਰ ਤੇ ਵਜ਼ੀਰ ਇਸੇ ਤਰ੍ਹਾਂ ਸੰਤਾਂ

ਦੀ ਮਹਾਨਤਾ ਵਿੱਚ ਅਥਾਹ ਵਾਧਾ ਕਰ ਰਹੇ ਹਨ। ਅੰਦਰ ਖਾਤੇ ਇਕਮਿਕ ਹਨ। "ਤੂੰ ਮੈਨੂੰ ਮੁੱਲਾਂ ਜੀ ਆਖੀਂ, ਮੈਂ ਤੈਨੂੰ ਕਾਜੀ ਜੀ ਆਖਾਂਗਾ"। ਯਾਰੀ ਪੱਕੀ ਰਹੇਗੀ। ਔਖੇ ਵਕਤ ਦੋਵੇਂ ਇੱਕ ਦੂਜੇ ਦੇ ਕੰਮ ਆਵਾਂਗੇ, ਵੰਡ ਕੇ ਛਕਾਂਗੇ.........।

ਪਿਛਲੇ ਡੇਢ ਸੌ ਸਾਲ ਤੋਂ ਅਜਿਹੇ ਮਹਾਪੁਰਖ ਚਾਰੇ ਬੰਨੇ ਧਰਮ 'ਤੇ ਹਾਵੀ ਹੋਏ ਵੇਖੇ ਜਾ ਸਕਦੇ ਹਨ। ਇਨ੍ਹਾਂ ਵਿਚੋਂ ਕਿਸੇ ਨੂੰ ਪੁੱਛ ਵੇਖੋ ਸੰਤਗੀਰੀ ਦੀ ਸੰਗਲੀ ਕਾਂਸ਼ੀ ਨਾਲ ਨੱਥੀ ਕਰਨ ਵਿੱਚ ਫਖਰ ਮਹਿਸੂਸ ਕਰਨਗੇ। ਅਖੇ, ਸਾਡੇ ਸਭ ਤੋਂ ਪਹਿਲੇ ਸੰਤ ਜੀ ਨੇ ਕਾਂਸ਼ੀ ਤੋਂ ਵਿਦਿਆ ਪੜ੍ਹੀ ਸੀ। ਉਹੀ ਕਾਂਸ਼ੀ ਵਾਲੀ ਬ੍ਰਾਹਮਣੀ ਵਿਦਿਆ ਇਨ੍ਹਾਂ ਦਾੜ੍ਹੀ ਕੇਸਾਂ ਵਾਲੇ ਬ੍ਰਾਹਮਣਾਂ ਨੇ ਸਿੱਖਾਂ ਅੰਦਰ ਠੋਸ ਦਿਤੀ ਹੈ। ਹੌਲੀ-ਹੌਲੀ ਇਹੀ ਬਿਪਰੀ ਰੀਤਾਂ (ਜੋ ਗੁਰਮਤਿ ਤੋਂ ਉਲਟ ਹਨ) ਸਿੱਖਾਂ ਨੂੰ ਚੰਗੀਆਂ ਲੱਗਣ ਲੱਗ ਪਈਆਂ। ਅੱਜ ਸਿੱਖਾਂ ਦਾ ਗੁਰੂ ਸ਼ਬਦ ਨਹੀਂ ਹੈ ਗਿਆਨ ਨਹੀਂ ਹੈ। ਹਰ ਐਰਾ ਗੈਰਾ ਨੱਥੂ ਖੈਰਾ ਸਿੱਖਾਂ ਦਾ ਗੁਰੂ ਬਣ ਚੁੱਕਿਆ ਹੈ। ਉਸ ਦਾ ਪਹਿਰਾਵਾ ਤੇ ਸ਼ਕਲ ਭਾਵੇਂ ਕੋਈ ਭੀ ਹੋਵੇ। ਅਸੀਂ ਸਾਰੇ ਹੀ "ਸੰਤ ਹਾਂ ਸਾਰੇ ਹੀ ਸਿਪਾਹੀ ਹਾਂ"। ਸੰਤਾਂ ਦੀ ਵਖਰੀ ਕੋਈ ਸ਼੍ਰੇਣੀ ਸਤਿਗੁਰੂ ਜੀ ਨੇ ਨਹੀਂ ਬਣਾਈ।

ਹਵਸ ਕੇ ਬੰਦੇ, ਵਫਾ ਕੋ ਬੇਚ ਦੇਤੇ ਹੈਂ।
ਖ਼ੁਦਾ ਕੇ ਘਰ ਕੀ ਕਿਆ ਕਹੀਏ, ਯਿਹ ਖ਼ੁਦਾ ਕੋ ਬੇਚ ਦੇਤੇ ਹੈਂ। (ਇਕਬਾਲ)

000

# 3. ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾ ਚੱਲਣ ਦੇ ਕਾਰਨ

## (ਮਸਲਾ ਟਕਸਾਲ ਦਾ)

'ਖਾਲਸਾ ਜੀਵਨ' ਦੇ ਪੰਨਾ 13 ਤੋਂ 17 ਤੱਕ ਇੰਞ ਲਿਖਿਆ ਹੈ: ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾ ਚੱਲਣ ਦੇ ਕਾਰਨ ਦਸਮ ਪਾਤਸ਼ਾਹ ਬਚਨ ਕੀਤੇ, ਸੱਭ ਸਿੰਘ ਗੁਰਬਾਣੀ ਨੂੰ ਸੋਧ ਕੇ, ਸਮਝ ਕੇ ਵਿਚਾਰ ਕੇ ਅਤੇ ਚਿੱਤ ਟਿਕਾ ਕੇ ਪੜ੍ਹਿਆ ਕਰੋ। ਇਹ

ਸੁਣ ਕੇ ਭਾਈ ਦਇਆ ਸਿੰਘ ਆਦਿ ਮੁਖੀ ਸਿੰਘਾਂ ਨੇ ਬੇਨਤੀ ਕੀਤੀ, ਹੇ ਗਰੀਬ ਨਿਵਾਜ ਜੀ, ਅਰਥਾਂ ਬਿਨਾਂ ਗੁਰਬਾਣੀ ਦੀ ਸ਼ੁੱਧੀ ਅਸ਼ੁੱਧੀ ਦਾ ਪਤਾ ਨਹੀਂ ਲੱਗਦਾ। ਤਾਂ ਹਜ਼ੂਰ ਨੇ ਕਿਹਾ, ਸਿੰਘੋ! ਸਾਡਾ ਇਕਰਾਰ ਰਿਹਾ, ਹੁਣ ਤਾਂ ਜੰਗਾਂ ਯੁੱਧਾਂ ਦਾ ਵਕਤ ਹੈ, ਵਿਹਲੇ ਹੋ ਕੇ ਅਰਥ ਪੜ੍ਹਾਵਾਂਗੇ।

ਜਦੋਂ ਕਲਗੀਧਰ ਪਿਤਾ ਜੀ, ਸਰਬੰਸ ਵਾਰ ਕੇ ਮੁਕਤਸਰ ਸਾਹਿਬ ਟੁੱਟੀ ਗੰਢ ਕੇ, ਸਾਬੋ ਕੀ ਤਲਵੰਡੀ ਆਏ ਤਾਂ ਸਿੰਘਾਂ ਨੇ ਬੇਨਤੀ ਕੀਤੀ ਕਿ ਹਜ਼ੂਰ, ਹੁਦ ਅਰਥ ਪੜ੍ਹਾਉਣ ਦੀ ਕਿਰਪਾ ਕਰੋ, ਤਾਂ ਹਜ਼ੂਰ ਨੇ ਕਿਹਾ ਕਿ ਤੁਸੀਂ ਧੀਰਮੱਲ ਦੇ ਪਾਸ ਕਰਤਾਰਪੁਰ ਦੁਆਬੇ ਵਿਚ ਜਾਉ। ਪੰਜਵੇਂ ਪਾਤਸ਼ਾਹ ਨੇ ਬਾਣੀ ਦੀ ਬੀੜ ਰਚੀ ਹੈ। ਉਸ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਲਿਖਣ ਵਾਸਤੇ ਜਗ੍ਹਾ ਖਾਲੀ ਛੱਡੀ ਹੈ, ਉਹ ਸਰੂਪ ਲੈ ਆਵੋ। ਨਾਲੇ ਗੁਰਬਾਣੀ ਪੜ੍ਹਾਂ ਦੇਈਏ ਨਾਲੇ ਅਰਥ ਪੜ੍ਹਾ ਦੇਈਏ। ਹੁਕਮ ਮੰਨ ਕੇ 25 ਸਿੰਘ ਧੀਰ ਮੱਲ ਕੋਲ ਗਏ। ਧੀਰ ਮੱਲ ਨੇ ਉੱਤਰ ਦਿੱਤਾ ਕਿ ਦਸਵੇਂ ਪਾਤਸਾਹ ਵੀ ਉਹੋ ਸਰੂਪ ਹਨ, ਕੰਠੋਂ ਉਚਾਰ ਲੈਣ। ਮੇਰੇ ਪਾਸੋਂ ਵੱਡਿਆਂ ਦੀ ਬਖ਼ਸ਼ਿਸ਼ ਕਿਉਂ ਖੋਂਹਦੇ ਹੋ? ਇਹ ਸੁਣ ਕੇ ਸਿੰਘਾਂ ਨੇ ਖਾਲੀ ਵਾਪਸ ਆ ਕੇ ਬੇਨਤੀ ਕੀਤੀ ਕਿ ਧੀਰ ਮੱਲ ਇਸ ਪ੍ਰਕਾਰ ਕਹਿੰਦਾ ਹੈ।

(ਭਿੰਡਰਾਂਵਾਲੀ) ਟਕਸਾਲ ਸ੍ਰੀ ਦਮਦਮਾ ਸਾਹਿਬ, ਹਜ਼ੂਰ ਨੇ ਭਾਈ ਮਨੀ ਸਿੰਘ ਨੂੰ ਲਿਖਾਰੀ ਲਾ ਕੇ ਆਪਣੀ ਪਵਿੱਤਰ ਰਸਨਾ ਤੋਂ ਸਾਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਕੰਠੋਂ ਉਚਾਰਨ ਲੱਗੇ। ਸਵੇਰੇ ਲਿਖਾਉਂਦੇ ਅਤੇ ਸ਼ਾਮ ਨੂੰ ਅਰਥ ਪੜ੍ਹਾਉਂਦੇ ਸਨ। 48 ਸਿੰਘਾਂ ਨੂੰ ਅਰਥ ਪੜ੍ਹਾਏ। ਇਸ ਪ੍ਰਕਾਰ 9 ਮਹੀਨੇ 9 ਦਿਨ ਵਿਚ ਇਹ ਕਾਰਜ ਕੀਤਾ ਅਤੇ ਸਾਰੀ ਬਾਣੀ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਸਮੇਤ ੧ਓ ਤੋਂ ਅਠਾਰਹ ਦਸ ਬੀਸ ਤੱਕ ਸੰਪੂਰਨ ਕੀਤੀ। ਇਕ ਲਗ ਮਾਤਰ ਦਾ ਵੀ ਫਰਕ ਸਤਿਗੁਰਾਂ ਨੇ ਨਹੀਂ ਪਾਇਆ।

ਸ੍ਰੀ ਦਸਮੇਸ਼ ਪਿਤਾ ਜੀ ਤੋਂ ਅਰਥ ਸੁਣ ਕੇ, ਇਹ ਸਾਰੇ 48 ਸਿੰਘ ਹੀ ਬ੍ਰਹਮ ਗਿਆਨ ਪਾ ਕੇ, ਜੀਵਨ ਮੁਕਤ ਤੇ ਬਿਦੇਹ-ਮੁਕਤ ਹੋ ਗਏ। ਕਿਸੇ ਨੂੰ ਸਰੀਰ ਦਾ ਚੇਤਾ ਨਾ ਰਿਹਾ। ਇਹ ਵੇਖ ਕੇ ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਆਗਿਆ ਦਿਤੀ ਕਿ ਭਾਈ ਸਾਹਿਬ ਤੁਸੀਂ ਦੂਜੇ ਸਿੰਘਾਂ ਵਾਂਗ ਬਿਦੇਹ ਮੁਕਤ ਹੋ ਕੇ ਸੱਭ ਕੁੱਝ ਛੱਡਣਾ ਨਹੀਂ, ਸਗੋਂ ਸੇਵਾ ਕਰਨੀ ਹੈ। (ਖਾਲਸਾ ਜੀਵਨ ਪੰਨਾ 13 ਤੋਂ 17)

ਬਹੁਤੇ ਟਕਸਾਲੀ ਸਟੇਜਾਂ 'ਤੇ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ 48 ਸਿੰਘਾਂ ਨੂੰ ਗੁਰਬਾਣੀ ਦੇ ਅਰਥ ਪੜ੍ਹਾਏ ਤਾਂ 46 ਸਿੰਘ ਸਣਦੇਹੀ ਉੱਡ ਉੱਡ ਕੇ ਸੱਚਖੰਡ ਚਲ ਗਏ। ਇਨ੍ਹਾਂ ਦੋਹਾਂ ਨੂੰ ਭਾਈ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਨੂੰ ਹਜ਼ੂਰ ਨੇ ਫੜ ਲਿਆ ਅਤੇ ਕਿਹਾ, ਤੁਸੀਂ ਸੇਵਾ ਕਰਨੀ ਹੈ ਤਾਂ ਇਨ੍ਹਾਂ ਦੋਹਾਂ ਨੇ ਕਿਹਾ ਕਿ ਮਹਾਰਾਜ

ਐਸੀ ਅਵਸਥਾ ਫੇਰ ਕਿਤੇ ਪਤਾ ਨਹੀਂ ਮਿਲਣੀ ਹੈ ਕਿ ਨਹੀਂ ?

ਵਿਚਾਰ : ਗੁਰ ਫੁਰਮਾਨ ਹੈ – 'ਆਗੈ ਜਾਤਿ ਰੂਪੁ ਨ ਜਾਇ ॥' (ਆਸਾ ਮ: 3) ਗੁਰੂ ਜੀ ਕਹਿੰਦੇ ਹਨ ਕਿ ਅੱਗੇ ਦੇਹੀ ਨਹੀਂ ਜਾ ਸਕਦੀ, ਜਾਤਿ ਵੀ ਨਹੀਂ ਜਾਂਦੀ। ਰੱਬੀ ਦਰਗਾਹ ਸੂਖ਼ਮ ਹੈ, ਉਥੇ ਸਥੂਲ ਚੀਜ਼ ਨਹੀਂ ਜਾ ਸਕਦੀ। ਇਹ ਦੇਹਾਂ ਕਿਵੇਂ ਉੱਡ ਗਈਆਂ ਅਤੇ ਸਿੰਘਾਂ ਨੂੰ ਗੁਰਬਾਣੀ ਅਤੇ ਦਸਵੇਂ ਪਾਤਸ਼ਾਹ ਨਾਲੋਂ ਹੋਰ ਕਿਹੜਾ ਸੱਚਖੰਡ ਪਿਆਰਾ ਸੀ ? ਗੁਰ ਫੁਰਮਾਨ ਹੈ :

ਜਬੁ ਲਗੁ ਮਨਿ ਬੈਕੁੰਠ ਕੀ ਆਸਿ ॥
ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥ (ਪੰਨਾ 325)

ਮਾਟੀ ਮਾਟੀ ਹੋਈ ਏਕੁ ॥ ਰੋਵਨਹਾਰੇ ਕੀ ਕਵਨ ਟੇਕ ॥ (ਪੰਨਾ 885)

ਜੇ ਭਾਈ ਮਨੀ ਸਿੰਘ ਅਤੇ ਭਾਈ ਦੀਪ ਸਿੰਘ ਜੀ ਨੇ ਸੱਚਖੰਡ ਦੀ ਆਸ ਰੱਖੀ ਹੋਈ ਸੀ ਤਾਂ ਸਤਿਗੁਰ ਕਹਿੰਦੇ ਚਰਨਾਂ ਵਿਚ ਨਿਵਾਸ ਹੋ ਹੀ ਨਹੀਂ ਸਕਦਾ। ਦਸਵੇਂ ਪਾਤਸ਼ਾਹ ਤਾਂ ਭਾਈ ਮਨੀ ਸਿੰਘ, ਭਾਈ ਦੀਪ ਸਿੰਘ ਕਹਿ ਰਹੇ ਹਨ, ਕੁੱਝ ਹੀ ਸਮੇਂ ਬਾਅਦ ਗੁਰੂ ਹੁਕਮ ਦੇ ਉਲਟ ਇਹ ਸੰਤ ਕਿਉਂ ਅਖਵਾਉਣ ਲੱਗੇ ? ਕੀ ਇਨ੍ਹਾਂ ਦੀ ਅਵਸਥਾ ਗੁਰੂ ਦੇ ਪੰਜ ਪਿਆਰਿਆਂ ਅਤੇ ਭਾਈ ਦੀਪ ਸਿੰਘ, ਭਾਈ ਮਨੀ ਸਿੰਘ ਨਾਲੋਂ ਵੱਡੀ ਸੀ ? ਗੁਰੂ ਜੀ ਇਨ੍ਹਾਂ ਸਾਰਿਆਂ ਨੂੰ 'ਭਾਈ' ਆਖ ਕੇ ਸੰਬੋਧਨ ਕਰਦੇ ਰਹੇ। ਫਿਰ ਵੀ ਗੁਰੂ ਹੁਕਮ ਦੇ ਉਲਟ ਇਹ ਸੰਤ ਅੱਖਰ ਟਕਸਾਲੀ ਸੰਤਾਂ ਦੇ ਨਾਵਾਂ ਨਾਲ ਕਿਉਂ ਲੱਗਾ ?

ਤਾਤਪਰਜ ਇਹ ਹੈ ਕਿ ਲਿਖਤ ਖਾਲਸਾ ਜੀਵਨ ਦੇ ਪੰਨਾ 17 ਦੇ ਥੱਲੇ ਵਾਲੇ ਜੋ ਪਹਿਰੇ ਹਨ, ਇਹ ਕੇਵਲ ਟਕਸਾਲੀ ਕਿਤਾਬਾਂ ਵਿਚ ਹੀ ਹਨ। ਇਹ ਹਵਾਲਾ ਕਿਸੇ ਇਕ ਵੀ ਪੁਰਾਤਨ ਗ੍ਰੰਥ ਵਿਚ ਦਰਜ ਨਹੀਂ ਹੈ। ਦਸਵੇਂ ਪਾਤਸ਼ਾਹ ਨੇ ਖ਼ਾਲਸਾ ਪੰਥ (ਗੁਰੂ ਕਾ ਪੰਥ) ਸਾਜਿਆ ਹੈ, ਕੋਈ ਟਕਸਾਲ ਨਹੀਂ ਚਲਾਈ। ਬਚਨ ਕਹੇ ਹਨ, 'ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ' ਕਿਤੇ ਵੀ ਐਸਾ ਲਿਖਿਆ ਨਹੀਂ ਮਿਲਦਾ ਕਿ ਆਗਿਆ ਭਈ ਅਕਾਲ ਦੀ ਤਬੈ ਚਲਾਇਓ ਦਮਦਮੀ ਟਕਸਾਲ। ਟਕਸਾਲੀਆਂ ਨੇ ਇਹ ਸਾਰਾ ਕੁੱਝ ਮਨੋ ਘੜਿਆ ਹੈ। ਇਹ ਟਕਸਾਲੀ ਕਹਿੰਦੇ ਹਨ ਕਿ ਦੋ ਟਕਸਾਲਾਂ ਚਲਾਈਆਂ ਪਰ ਜੋ ਸੰਪ੍ਰਦਾਈ ਪ੍ਰਣਾਲੀ ਲਿਖੀ ਫਿਰਦੇ ਹਨ ਇਸ ਵਿਚ ਤਿੰਨ ਟਕਸਾਲਾਂ ਇਨ੍ਹਾਂ ਲਿਖੀਆਂ ਹਨ, ਜਿਨ੍ਹਾਂ ਵਿਚ ਇਕ ਟਕਸਾਲੀ ਮੁਖੀ ਨਿਗੁਰਾ ਹੈ, ਬੇ-ਅੰਮ੍ਰਿਤੀਆ ਹੈ, ਉਸ ਦਾ ਨਾਂ ਸੰਤ ਫਤਹਿ ਚੰਦ ਹੈ, ਜਿਸ ਟਕਸਾਲ ਦਾ ਮੁਖੀ ਨਿਗੁਰਾ ਹੈ, ਉਹ ਟਕਸਾਲ ਸਿੱਖ ਪੰਥ ਦਾ ਕੀ ਸੰਵਾਰੇਗੀ ? ਇਹ ਟਕਸਾਲੀ ਇਹ ਵੀ ਕਹਿੰਦੇ ਹਨ ਕਿ ਸਾਡੀ ਟਕਸਾਲ ਭਾਈ ਦੀਪ ਸਿੰਘ ਤੋਂ ਚਲਦੀ ਹੈ ਪਰ ਇਨ੍ਹਾਂ ਦੀ

ਲਿਖੀ ਸੰਪ੍ਰਦਾਈ ਪ੍ਰਣਾਲੀ ਵਿਚ ਇਨ੍ਹਾਂ ਦੇ ਸੰਤਾਂ ਦੇ ਨਾਂ ਭਾਈ ਮਨੀ ਸਿੰਘ ਦੇ ਥੱਲੇ ਆਉਂਦੇ ਹਨ। ਹਜ਼ੂਰ ਦਸਮ ਪਾਤਸ਼ਾਹ ਕਹਿੰਦੇ, 'ਖਾਲਸਾ ਮੇਰੋ ਰੂਪ ਹੈ ਖਾਸ', ਕਿਤੇ ਨਹੀਂ ਕਿਹਾ ਕਿ ਟਕਸਾਲੀ ਮੇਰੋ ਰੂਪ ਹੈ ਖਾਸ। ਫਿਰ ਇਹ ਟਕਸਾਲੀ ਕਹਿੰਦੇ ਹਨ ਕਿ ਇਹ ਟਕਸਾਲਾਂ ਹੁਣ ਤਕ ਸੀਨਾ-ਬ-ਸੀਨਾ ਚੱਲੀਆਂ ਆਉਂਦੀਆਂ ਹਨ। ਜਦੋਂ ਗਿਆਨੀ ਗੁਰਬਚਨ ਸਿੰਘ ਨੇ (ਇਨ੍ਹਾਂ ਦੀ ਲਿਖਤ ਮੁਤਾਬਕ) ਗਿਆਨੀ ਕਰਤਾਰ ਸਿੰਘ ਨੂੰ ਜ਼ਿੰਮੇਵਾਰੀ ਸੌਂਪੀ ਤਾਂ ਕਈ ਟਕਸਾਲੀਆਂ ਦੇ ਸੀਨੇ ਪਾਟ ਗਏ। ਮਾਝੇ ਮਾਲਵੇ ਦਾ ਸਵਾਲ ਖੜਾ ਕਰ ਦਿੱਤਾ। ਮਾਲਵੇ ਵਾਲਿਆਂ ਨੇ ਬ੍ਰਹਮ ਗਿਆਨੀ ਕਹਾਉਂਦੇ ਗੁਰਬਚਨ ਸਿੰਘ ਦੇ ਕਹੇ ਦੀਆਂ ਧੱਜੀਆਂ ਉਡਾਈਆਂ। ਸੱਭ ਜਾਣਦੇ ਹਨ ਕਿ ਸੀਨਾ ਪਾਟ ਗਿਆ, ਪੱਗ ਗਿਆਨੀ ਮੋਹਨ ਸਿੰਘ ਨੂੰ ਬੰਨ੍ਹ ਦਿੱਤੀ। ਗਿਆਨੀ ਕਰਤਾਰ ਸਿੰਘ ਨੂੰ ਮਾਝੇ ਵਾਲਿਆਂ ਪੱਗ ਬੰਨ੍ਹ ਦਿੱਤੀ। ਕੋਈ ਸੀਨਾ ਕਿਸੇ ਪਾਸੇ, ਕੋਈ ਸੀਨਾ ਕਿਸੇ ਪਾਸੇ ਤੁਰ ਗਿਆ। ਭਾਈ ਗੁਰਦਾਸ ਜੀ ਦੇ ਕਥਨ ਮੁਤਾਬਕ, 'ਕੂੜ ਨਾ ਪਹੁੰਚੇ ਸਚ ਨੋ ਸੌ ਘਾੜਤ ਘੜੀਏ॥' ਟਕਸਾਲੀਆਂ ਨੇ ਝੂਠ ਨੂੰ ਸੱਚ ਬਣਾਉਣ ਦੀ ਵਿਅਕਥ ਕੋਸ਼ਿਸ਼ ਕੀਤੀ ਹੈ ਅਤੇ ਪੰਥ ਨੂੰ ਖੇਰੂੰ ਖੇਰੂੰ ਕਰਨ ਵਾਸਤੇ ਪੂਰਾ ਯੋਗਦਾਨ ਪਾਇਆ ਹੈ।

ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ, ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋਏ। ਗੁਰਬਾਣੀ ਪੜ੍ਹਦੇ, ਸ਼ਬਦ ਵਿਚ ਸੁਰਤ ਜੋੜਦੇ, ਗੁਰ ਮੰਤਰ, ਮੂਲ ਮੰਤਰ ਦਾ ਜਾਪ ਕਰਦੇ। ਪੰਡਤ ਤਾਰਾ ਸਿੰਘ ਅਤੇ ਪੰਡਤ ਸਾਧੂ ਸਿੰਘ ਤੋਂ ਜੋਗ ਮੱਤ, ਪੁਰਾਣ, ਸਿਮਰਤੀਆਂ, ਵਿਆਕਰਣ ਆਦਿ ਕਈ ਗ੍ਰੰਥ 9 ਸਾਲਾਂ ਵਿਚ ਪੜ੍ਹੇ ਤੇ ਵਿਚਾਰੇ। (ਖਾਲਸਾ ਜੀਵਨ ਪੰਨਾ 19)

ਵਿਚਾਰ : ਹਿੰਦੂ ਮੱਤ ਦੇ ਗ੍ਰੰਥ ਪੜ੍ਹੇ ਹੋਣ ਕਰ ਕੇ ਹੀ ਟਕਸਾਲੀ ਸੰਤ, ਸਿਰਫ਼ 10 ਫੀਸਦੀ ਸਿੱਖ ਮੱਤ ਦਾ ਪ੍ਰਚਾਰ ਅਤੇ 90 ਫੀਸਦੀ ਬ੍ਰਾਹਮਣੀ ਮੱਤ ਦਾ ਪ੍ਰਚਾਰ ਕਰ ਰਹੇ ਹਨ। ਟਕਸਾਲੀ ਸੰਤ ਹਿੰਦੂ ਮੱਤ ਦੇ ਤੀਰਥਾਂ ਦੀ ਯਾਤਰਾ ਵੀ ਕਰਦੇ ਰਹੇ ਜਦੋਂ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੀਰਥਾਂ 'ਤੇ ਜਾ ਵੱਸਣ ਅਤੇ ਤੀਰਥਾਂ 'ਤੇ ਭ੍ਰਮਣ ਕਰਨ ਦੀ ਨਿਖੇਧੀ ਕਰ ਰਹੇ ਹਨ।

ਗੁਰ ਫੁਰਮਾਨ ਹੈ :

"ਤੀਰਥ ਨਾਤਾ ਕਿਆ ਕਰੇ, ਮਨ ਮਹਿ ਮੈਲੁ ਗੁਮਾਨੁ ॥" (ਪੰਨਾ 61)
"ਮਲ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥" (ਪੰਨਾ 64)

ਇਸ ਸੰਬੰਧੀ 300 ਤੋਂ ਵੀ ਵੱਧ ਹੋਰ ਪ੍ਰਮਾਣ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚੋਂ ਦਿੱਤੇ ਜਾ ਸਕਦੇ ਹਨ।

ਮੁਰਾਲੇ ਆਉਣਾ

'ਖਾਲਸਾ ਜੀਵਨ' ਦੇ ਪੰਨਾ ਨੰ: 21 'ਤੇ ਲਿਖਦੇ ਹਨ : ਆਪ ਜੀ ਅੰਮ੍ਰਿਤ ਵੇਲੇ ਇਕ ਸਮੇਂ ਹੀ ਪਹੁ ਫੁਟਾਲੇ ਤੋਂ ਲੈ ਕੇ ਹਰ ਰੋਜ਼ 2 ਘੰਟੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੀ ਕਥਾ ਕਰਿਆ ਕਰਦੇ। ਫਿਰ ਵਿਦਿਆਰਥੀਆਂ ਤੋਂ ਦੂਰ ਨਿਰਲੇਪ ਸਿਮਰਨ ਭਜਨ ਵਿਚ ਜੁੜੇ ਰਹਿੰਦੇ। ਹੋਰ ਕਿਸੇ ਵਿਹਾਰ ਵਿਚ ਬਹੁਤ ਘੱਟ ਪੈਂਦੇ। (ਖਾਲਸਾ ਜੀਵਨ ਪੰਨਾ 21)

ਵਿਚਾਰ : ਵਿਹਲੜਾਂ ਨੂੰਹੋਰ ਕਿਸੇ ਵਿਹਾਰ ਵਿਚ ਪੈਣ ਦੀ ਲੋੜ ਵੀ ਕੀ ਹੈ ? ਕਿਰਤ ਕਰਨਾ ਵੰਡ ਛਕਣਾ, ਇਹ ਕਿਸਨੇ ਕਰਨਾ ਹੈ ? ਕਿਰਤੀ ਹੋਣ ਦਾ ਕਿਤੇ ਜ਼ਿਕਰ ਤੱਕ ਨਹੀਂ ਆਇਆ। ਗੁਰੂ ਦੇ ਬੋਲ ਭੁਲਾ ਕੇ ਕਿਸਦਾ ਸਿਮਰਨ ਕਰਦੇ ਰਹੇ।

ਜਿਹ ਗ੍ਰਿਹੁ ਬਨ ਸਮਰਸਰ ਕੀਆ ਤੇ ਵਿਰਲੇ ਸੰਸਾਰਿ॥ (ਪੰਨਾ 938)
ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈ ਸਾਣੈ
ਜਿਉ ਕਮਲ ਰਹੈ ਵਿਚ ਪਾਣੀ ਹੇ॥ ਵਿਚੇ ਗ੍ਰਿਹਿ ਸਦਾ ਰਹੈ ਉਦਾਸੀ॥ (ਪੰਨਾ 1070)
ਘਾਲਿ ਖਾਇ ਕਿਛੁ ਹਥਹੁ ਦੇਇ ਨਾਨਕੁ ਰਾਹੁ ਪਛਾਣਹਿ ਸੇਇ॥ (1245)

ਇਨ੍ਹਾਂ ਕਿਹੜੀ ਬਾਣੀ ਦੀ ਕਥਾ ਕੀਤੀ ਉਸ ਬਾਣੀ ਵਿਚ ਇਹ ਬਚਨ ਨਹੀਂ ਸਨ ? ਕਿਹੜਾ ਇਕਾਂਤ ਭਾਲਦੇ ਸੀ ? ਗੁਰਮੁਖ ਮਾਇਆ ਵਿਚ ਉਦਾਸੀ। ਕੀ ਇਹ ਹੁਕਮ ਗੁਰੂ ਨੇ ਜੋਗੀਆਂ ਵਾਸਤੇ ਕੀਤਾ ?

ਅੱਗੇ ਕਹਿੰਦੇ ਹਨ ਕਿ ਦਸਾਂ ਪਾਤਸ਼ਾਹੀਆਂ ਨੂੰ ਕੜਾਹ ਪ੍ਰਸ਼ਾਦ ਦਾ ਭੋਗ ਲਵਾਉਣਾ ਹੈ, ਇਸ ਲਈ ਬੇਹਾ ਆਟਾ ਦੇਗ ਵਿਚ ਨਹੀਂ ਪਾਉਣਾ। (ਖਾਲਸਾ ਜੀਵਨ, ਪੰਨਾ 22)

ਵਿਚਾਰ : ਗੁਰ ਫੁਰਮਾਨ ਹੈ :

ਬ੍ਰਹਮਗਿਆਨੀ ਕਾ ਭੋਜਨ ਗਿਆਨੁ (ਪੰਨਾ 273)
ਸਤਿਨਾਮੁ ਹੈ ਹਰਿ ਭੋਗ ਤੁਹਾਰੇ॥ (ਪੰਨਾ 694)
ਸਚਿ ਖਾਣਾ ਸਚਿ ਪੈਨਣਾ....॥ (ਪੰਨਾ 69)

ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ, ਨਿਰੰਕਾਰ ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਹੜਾ ਆਟਾ ਖਵਾਉਣਾ ਚਾਹੁੰਦੇ ਹਨ ?

ਵਿਚਿ ਸੰਗਤਿ ਹਰਿ ਪ੍ਰਭ ਵਸੈ ਜੀਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ)

ਜੇ ਗੁਰੂ ਦੇ ਸਿੱਖਾਂ ਨੇ, ਸੰਗਤ ਨੇ ਛੱਕ ਲਿਆ ਤਾਂ ਗੁਰੂ ਨੇ ਛਕ ਲਿਆ। ਬ੍ਰਾਹਮਣ ਜੋ ਪੱਥਰ ਦੀਆਂ ਮੂਰਤੀਆਂ ਨੂੰ ਭੋਗ ਲਵਾਉਂਦਾ ਸੀ, ਉਹੋ ਜਿਹੇ ਭੋਗਾਂ ਦਾ ਗੁਰਮਤਿ ਵਿਚ ਕੋਈ ਵਿਧਾਨ ਨਹੀਂ ਹੈ।

'ਥਾਲ ਵਿਚ ਤਿਨ ਵਸਤੂ ਪਈਓ ਸਤ ਸੰਤੋਖੁ ਵੀਚਾਰੋ॥ (ਪੰਨਾ 1429)

ਕੋਈ ਸਿੱਖ ਆਪਣੇ ਹਿਰਦੇ ਰੂਪੀ ਥਾਲ ਵਿਚ ਸੱਚ, ਸੰਤੋਖ ਅਤੇ ਗੁਰਮਤਿ ਵਿਚਾਰਧਾਰਾ ਜੋ ਮੌਤ ਤੋਂ ਰਹਿਤ ਕਰ ਦੇਣ ਵਾਲੀ ਹੈ, ਇਹ ਰੱਬੀ ਗੁਣਾਂ ਨਾਲ ਭਰਿਆ

ਹਿਰਦੇ ਰੂਪੀ ਥਾਲ ਗੁਰੂ ਅੱਗੇ ਰੱਖੇ,
ਮਨ ਬੇਚੈ ਸਤਿਗੁਰੂ ਕੈ ਪਾਸਿ॥ (ਪੰਨਾ 286)
ਮਨ ਦੇ ਰਾਮ ਲਿਆ ਹੈ ਮੋਲ॥ (ਪੰਨਾ 327)

ਐਸੇ ਭੋਗ ਲਵਾਵੇ। ਗੁਰੂ ਵੀ ਖੁਸ਼ ਤਾਂ ਸਿੱਖ ਦਾ ਵੀ ਹਲਤ ਪਲਤ ਸੰਵਰ ਜਾਵੇਗਾ। ਜਿਹੜੇ ਆਟਾ ਆਖਰ ਵਿਸ਼ਟਾ ਹੋ ਜਾਂਦਾ ਹੈ, ਉਸ ਨੂੰ ਗੁਰਬਾਣੀ ਗੁਰੂ ਨੇ ਕੀ ਕਰਨਾ ਹੈ ? ਫੋਕੇ ਕਰਮ ਕਾਂਡਾਂ ਨੂੰ ਸਿੱਖ ਧਰਮ ਵਿਚ ਕੋਈਥਾਂ ਨਹੀਂ ਹੈ। ਸਿੱਖ ਰਹਿਤ ਮਰਿਆਦਾ ਮੁਤਾਬਕ ਕੜਾਹ ਪ੍ਰਸ਼ਾਦ ਦਰ ਪ੍ਰਵਾਨ ਕਰਾਇਆ ਜਾ ਸਕਦਾ ਹੈ।

'ਖਾਲਸਾ ਜੀਵਨ' ਪੰਨਾ 22 'ਤੇ ਲਿਖਦੇ ਹਨ : ਕਹਿੰਦੇ ਇਕ ਵਾਰੀ ਸੰਤਾਂ ਨੂੰ ਗੁਰਦਵਾਰੇ ਦੀ ਗੋਲਕ ਗਿਣਨ ਲਾ ਲਿਆ। ਗਿਣਦੇ ਰਹੇ। ਫਿਰ ਰੋ ਪਏ ਕਿ ਸੰਸਾਰੀ ਕੰਮ ਕਿਉਂ ਲਾਇਆ ਹੈ ? ਏਨਾ ਸਮਾਂ ਭਜਨ ਤੋਂ ਬਿਨਾਂ ਗੁਜ਼ਾਰ ਗਿਆ। ਉਨ੍ਹਾਂ ਦਿਨਾਂ ਵਿਚ ਆਪ ਅੱਠੀਂ ਪਹਿਰੀਂ 2 ਮੁੱਠਾਂ ਛੋਲਿਆਂ ਦੇ ਦਾਣੇ ਅਤੇ ਇਕ ਸੇਰ ਪਾਣੀ ਪੀ ਕੇ 23-23 ਘੰਟੇ ਸਿਮਰਨ ਕਰਦੇ। ਕੇਵਲ ਹਿਕ ਘੰਟਾ ਸੌਂਦੇ। (ਖਾਲਸਾ ਜੀਵਨ, ਪੰਨਾ 22)

ਵਿਚਾਰ : ਕੀ ਸੰਤ ਨੇ ਗੁਰਬਾਣੀ ਵਿਚੋਂ ਨਹੀਂ ਪੜ੍ਹਿਆ, 'ਹਾਥ ਪਾਉ ਕਰਿ ਕਾਮ ਸਭਿ ਚੀਤੁ ਨਿਰੰਜਨ ਨਾਲ॥' ਕੀ ਇਹ ਸਿਮਰਨ ਕੇਵਲ ਵਿਹਲੜਾਂ ਵਾਸਤੇ ਹੈ ?
'ਛੋਡਹਿ ਅੰਨ ਕਰਹਿ ਪਾਖੰਡ ਨ ਉਹ ਸੁਹਾਗਣ ਨਾ ਉਇ ਰੰਡ॥'
'ਜਗ ਮਹਿ ਬਕਤੇ ਦੂਧਾਧਾਰੀ ਗੁਪਤੀ ਖਾਵਹਿ ਵਟਿਕਾ ਸਾਰੀ॥' (ਪੰਨਾ 873)

ਜਿਹੜੀ ਉਹ ਕਥਾ ਕਰਦੇ ਸੀ, ਉਸ ਵਿਚ ਕਦੇ ਇਹ ਬਚਨ ਨਾ ਆਏ ? ਕੀ ਗੁਰ ਦੇ ਸਾਰੇ ਬਚਨਾ ਦੀ ਉਲੰਘਣਾ ਇਨ੍ਹਾਂ ਸੰਤਾਂ ਦੇ ਲੇਖਾਂ ਵਿਚ ਲਿਖੀ ਹੋਈ ਸੀ ਕਿ ਜੱਟ ਖਚਰਾ ਖੁਦਾ ਨੂੰ ਲੈ ਗਏ ਚੋਰ, ਵਾਲੀ ਕਹਾਵਤ ਸੱਚ ਕਰ ਰਹੇ ਹਨ ?

000

# 4. ਗਿਆਨੀ ਸੁੰਦਰ ਸਿੰਘ ਭਿੰਡਰਾਂ ਵਾਲੇ

'ਖਾਲਸਾ ਜੀਵਨ' ਪੰਨਾ 26 'ਤੇ ਲਿਖਦੇ ਹਨ : 9-10 ਸਾਲ ਦੀ ਉਮਰ ਵਿਚ

ਅਖੰਡ ਪਾਠੀ ਬਣ ਗਏ ਅਤੇ ਅੰਮ੍ਰਿਤ ਛਕ ਕੇ ਪੂਰਨ ਖਾਲਸਾ ਸੱਜ ਗਏ। ਇਕ ਪੰਡਤ ਤੋਂ ਸੰਸਕ੍ਰਿਤ ਪੜ੍ਹੀ, ਪੰਡਤ ਜਵਾਲਾ ਦਾਸ ਉਦਾਸੀ ਤੋਂ ਗ੍ਰੰਥ ਪੜ੍ਹੇ, ਗਿਆਨੀ ਭਗਤ ਰਾਮ ਤੋਂ ਬ੍ਰਹਮ ਵਿੱਦਿਆ ਗ੍ਰਹਿਣ ਕੀਤੀ।

ਵਿਚਾਰ : ਠੀਕ ਸਮਝ ਆਈ ਕਿ ਬ੍ਰਾਹਮਣਾਂ ਤੋਂ ਗ੍ਰੰਥ ਪੜ੍ਹੇ, ਬ੍ਰਾਹਮਣਾਂ ਤੋਂ ਬ੍ਰਹਮ ਵਿੱਦਿਆ ਹਾਸਲ ਕੀਤੀ ਤਾਂ ਸਾਰੀ ਜ਼ਿੰਦਗੀ ਪ੍ਰਚਾਰ ਵੀ ਤਾਂ ਬ੍ਰਾਹਮਣੀ ਮੱਤ ਦਾ ਹੀ ਕਰਨਾ ਸੀ ਤਾਂ ਉਹ ਗੁਰਮਤਿ ਸਿਧਾਂਤਾਂ ਤੋਂ ਕੋਹਾਂ ਦੂਰ ਰਹੇ। ਨਾਲੇ ਕਹਿੰਦੇ ਟਕਸਾਲ ਚੱਲੀ ਭਾਈ ਦੀਪ ਸਿੰਘ ਤੋਂ ਤੇ ਪੜ੍ਹਦੇ ਬ੍ਰਾਹਮਣਾਂ ਕੋਲ ਰਹੇ ਹਨ। ਜੇ ਬ੍ਰਹਮ ਵਿੱਦਿਆ ਬ੍ਰਾਹਮਣਾਂ ਕੋਲ ਹੈ ਤਾਂ ਫਿਰ ਭਗਤਾਂ ਨੂੰ ਗੁਰੂਆਂ ਨੂੰ ਗੁਰਬਾਣੀ ਉਚਾਰਣ ਦੀ ਲੋੜ ਹੀ ਨਹੀਂ ਸੀ। ਭੁੱਲ ਗਏ ਬਚਨ :

ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥...
ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥
(1158)

ਸਤਿਗੁਰ ਕਹਿੰਦੇ ਹਨ ਜਦ ਇਹ ਸਿੱਖ ਅਨਮਤਾਂ ਨਾਲ ਰਲ ਮਿਲ ਜਾਣਗੇ, ਇਨ੍ਹਾਂ ਦਾ ਤੇਜ ਘੱਟ ਜਾਵੇਗਾ, ਜਦ ਇਹ ਸਿੱਖ ਹੋ ਕੇ ਬ੍ਰਾਹਮਣਾਂ ਵਾਲੀਆਂ ਰੀਤਾਂ ਕਰਨਗੇ, ਮੈਂ ਇਨ੍ਹਾਂ ਦੀ ਪ੍ਰਤੀਤ ਨਹੀਂ ਕਰਾਂਗਾ। ਵਾਕਿਆ ਹੀ ਤੇਜ਼ ਘੱਟ ਗਿਆ। ਜਿੰਨੇ ਵੀ ਸੰਤ ਅੱਜ ਤਕ ਹੋਏ ਹਨ 90 ਫੀਸਦੀ ਬ੍ਰਾਹਮਣੀ ਰੀਤਾਂ ਦਾ ਪ੍ਰਚਾਰ ਕਰਦੇ ਰਹੇ ਹਨ। ਇਨ੍ਹਾਂ ਆਗੂਆਂ ਦਾ ਫ਼ਰਜ਼ ਬਣਦਾ ਸੀ ਕਿ ਗੁਰਮਤਿ ਸਿਧਾਂਤ ਦੀ ਖੋਜ ਕਰ ਕੇ ਗੁਰਮਤਿ ਦਾ ਪ੍ਰਚਾਰ ਕਰਨਾ। ਗੁਰਸਿੱਖੀ ਦੀ ਫੁਲਵਾੜੀ ਨੂੰ ਖੋਜ ਕਰ ਕੇ ਗੁਰਮਤਿ ਦਾ ਪ੍ਰਚਾਰ ਕਰਨਾ। ਗੁਰਸਿੱਖੀ ਦੀ ਫੁਲਵਾੜੀ ਨੂੰ ਇਨ੍ਹਾਂ ਵਧਾਉਣਾ, ਫੈਲਾਉਣਾ ਸੀ ਪਰ ਇਨ੍ਹਾਂ ਨੇ ਫੁਲਵਾੜੀ ਨੂੰ ਪੈਰਾਂ ਥੱਲੇ ਮਧੋਲਿਆ। ਅੱਜ ਪਿੰਡ ਦੇ ਵਿਚ ਗੁਰਦਵਾਰੇ ਤਾਂ 20 ਵੀ ਲੱਭ ਜਾਣਗੇ ਪਰ ਪਿੰਡ ਵਿਚ ਗੁਰਮਤਿ ਦਾ ਧਾਰਨੀ ਇਕ ਸਿੰਘ ਵੀ ਲੱਭਣਾ ਔਖਾ ਹੋਇਆ ਪਿਆ ਹੈ।

ਚਾਨਣੀ 'ਚੋਂ ਅੰਮ੍ਰਿਤ ਰਸ ਚੋਣਾ

'ਖਾਲਸਾ ਜੀਵਨ' ਪੰਨਾ 28 'ਤੇ ਲਿਖਦੇ ਹਨ : ਇਕ ਵਾਰ ਸੰਤ ਕਥਾ ਕਰ ਰਹੇ ਸਨ, ਸੰਗਤ ਸੁਣ ਰਹੀ ਸੀ, ਉਪਰ ਚਾਨਣੀ ਲੱਗੀ ਹੋਈ ਸੀ। ਪ੍ਰਤੱਖ ਦੇਵਤਿਆਂ ਦਾ ਮਿੱਠਾ ਰਸ ਵੱਡੀ ਚਾਨਣੀ ਵਿਚੋਂ ਚੋਣ ਲੱਗਾ। ਉਪਰ ਬੱਦਲ ਨਹੀਂ ਸੀ। ਚਾਨਣੀ 'ਤੇ ਵੇਖਿਆ, ਦੋ ਤਿੰਨ ਬੁੱਕ ਉਹ ਦੇਵ ਰਸ ਜਮ੍ਹਾਂ ਹੋਇਆ ਸੀ। ਚਖਿਆ ਜੋ ਮਿੱਠਾ ਸੀ। (ਖਾਲਸਾ ਜੀਵਨ, ਪੰਨਾ 28)

ਵਿਚਾਰ : ਗੁਰ ਫੁਰਮਾਣ ਹੈ :

ਦੇਵੀ ਦੇਵਾ ਸਭਿ ਮੂਲ ਹੈ ਮਾਇਆ ॥ (129)
ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥

(637)

ਸੋ ਸੰਤਾਂ ਨੇ ਗੁਰੂ ਹੁਕਮ ਦੇ ਉਲਟ ਲੋਕਾਂ ਦੇ ਸਿਰਾਂ ਵਿਚ ਐਸਾ ਦੇਵ ਰਸ ਧੂੜਿਆ ਕਿ ਸਿੱਖ ਅੱਜ ਤਕ ਬ੍ਰਾਹਮਣੀ ਕਰਮ ਕਾਂਡਾਂ ਨੂੰ ਹੀ ਸਿੱਖੀ ਮੰਨੀ ਬੈਠੇ ਹਨ। ਇਹ ਦੇਣ ਹੈ ਇਨ੍ਹਾਂ ਮਹਾਨ ਹਸਤੀਆਂ ਦੀ।

ਇਕ ਸਿੰਘ ਨੂੰ ਅਲੌਕਿਕ ਨਜ਼ਾਰਾ। ਇਸ ਵਿਚ ਇੱਕ ਪਾਗਲਪੁਣੇ ਨਾਲ ਸੰਬੰਧ ਰੱਖਦੀ ਕਹਾਣੀ ਲਿਖੀ ਹੈ। ਗੁਰਮਤਿ ਵਿਚ ਐਸਾ ਕੋਈ ਵਿਧਾਨ ਨਹੀਂ ਹੈ।

ਸਿੰਘਾਂ ਨੂੰ ਕੰਧਾਂ ਚੋਂ ਜਾਪ ਸੁਣਾਉਣਾ।

ਸੰਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਗੁਰਮਤਿ ਨਾ ਲੱਭੀ, ਇਥੇ ਵੀ ਉਸ ਗੁਰੂ ਹੁਕਮ ਦਾ ਖੰਡਨ ਕਰ ਦਿੱਤਾ। 'ਮਿਲਿਆ ਹਇ ਨ ਵੀਛੜੇ ਜੇ ਹੋਵੈ ਮਿਲਿਆ।' ਧਰਮ ਤਾਂ ਨਿੱਜੀ ਸਾਧਨਾਂ 'ਤੇ ਖੜਾ ਹੈ, ਜਿਸ ਨੇ ਕਮਾਇਆ ਹੈ, ਉਸ ਕੋਲ ਹੈ, ਹਾਂ ਪ੍ਰੇਰਨਾ ਲਈ ਜਾ ਸਕਦੀ ਹੈ। ਸੰਗਤ ਕੀਤੀ ਜਾ ਸਕਦੀ ਹੈ ਪਰ ਸੰਤ ਨੇ 'ਹੋਨਿ ਨਜ਼ੀਕਿ ਖੁਦਾਇ ਦੇ ਭੇਤ ਨ ਕਿਸੇ ਦੇਣ॥' ਗੁਰ ਹੁਕਮ ਨੂੰ ਤੋੜ ਕੇ ਆਪ ਧੱਕੇ ਨਾਲ ਸਿੰਘਾਂ ਨੂੰ ਕੰਧਾਂ ਵਿਚੋਂ ਮੂਲ ਮੰਤਰ ਅਤੇ ਤਖ਼ਤਿਆਂ ਵਿਚੋਂ ਗੁਰ ਮੰਤਰ ਸੁਣਾਇਆ। ਐਸਾ ਢੌਂਗ ਰਚਿਆ ਅਤੇ ਲਿਖਿਆ ਹੈ ਕਿ ਸਿੰਘਾਂ ਨੂੰ ਕਈ ਦਿਨ ਆਪਣੇ ਸਰੀਰਾਂ ਦੀ ਵੀ ਸੁੱਧ ਨਾ ਰਹੀ। ਫਿਰ ਕਈ ਦਿਨ ਬਾਅਦ ਉਨ੍ਹਾਂ ਸਿੰਘਾਂ ਨੂੰ ਸਰੀਰਾਂ ਦੀ ਸੁੱਧ ਹੋਈ। ਗੁਰਸਿੱਖੀ ਤਾਂ ਸਿਰਾਂ ਦਾ ਵਾਪਾਰ ਹੈ। ਇਹ ਜਾਦੂ ਦੇ ਖੇਡ ਨਹੀਂ ਹੈ। ਗੁਰੂ ਹੁਕਮ ਦੇ ਉਲਟ ਪੈਦਾ ਹੋਏ ਇਨ੍ਹਾਂ ਸੰਤਾਂ ਨੇ ਸਿੱਖੀ ਨੂੰ ਜਾਦੂ ਦੀ ਖੇਡ ਬਣਾ ਕੇ ਰੱਖ ਦਿੱਤਾ ਹੈ।

ਜਤ ਸਤ ਵਿਚ ਪੂਰੇ ਰਹਿਣਾ। (ਖਾਲਸਾ ਜੀਵਨ, ਪੰਨਾ 32)

ਇਥੇ ਸੰਤਾਂ ਦੀ ਆਪਸੀ ਈਰਖਾ ਦੀ ਇਕ ਕਹਾਣੀ ਲਿਖੀ ਹੈ, ਜੇ ਗੁਰੂ ਹੁਕਮਾਂ ਦੇ ਉਲਟ ਚੱਲ ਕੇ ਆਪਣੇ ਨਾਵਾਂ ਦੇ ਨਾਲ ਸੰਤ ਅੱਖਰ ਨਾ ਲਾਉਂਦੇ, ਸਾਰੇ ਭਾਈ ਬਣੇ ਰਹਿੰਦੇ ਤਾਂ, ਇਸ ਈਰਖਾ ਤੋਂ ਬਚਿਆ ਜਾ ਸਕਦਾ ਸੀ।

ਡਾ. ਦੀਵਾਨ ਸਿੰਘ ਜੀ ਨਾਲ ਬਚਨ ਬਿਲਾਸ :

ਇਸ ਵਿਚ ਵੀ 'ਹੋਨਿ ਨਜੀਕਿ ਖੁਦਾਇ ਦੇ ਭੇਤੁ ਨ ਕਿਸੈ ਦੇਨਿ॥" (ਪੰਨਾ 1384) ਵਾਲੇ ਗੁਰਮਤਿ ਸਿਧਾਂਤ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ। ਐਸੀਆਂ ਕਹਾਣੀਆਂ ਨੂੰ ਗੁਰਮਤਿ ਵਿਚ ਕੋਈ ਥਾਂ ਨਹੀਂ ਹੈ। ਤੂੰ ਮੈਨੂੰ ਮੁਲਾਂ ਕਹਿ ਮੈਂ ਤੈਨੂੰ ਕਾਜ਼ੀ ਕਹਾਂ। ਇਹ ਸੰਤ ਜਾਂਦੇ ਜਾਂਦੇ 1000 ਪਾਠੀ 200 ਪ੍ਰਚਾਰਕ ਅਤੇ 100 ਗਿਆਨੀ ਬਣਾ ਗਏ ਜਿਨ੍ਹਾਂ ਨੇ ਵੱਧ ਤੋਂ ਵੱਧ ਬ੍ਰਾਹਮਣੀ ਮੱਤ ਦਾ ਪ੍ਰਚਾਰ ਕੀਤਾ ਅਤੇ ਘੱਟ ਤੋਂ ਘੱਟ ਸਿੱਖ ਮੱਤ ਦਾ ਪ੍ਰਚਾਰ ਕੀਤਾ।

000

# 5. ਗਿਆਨੀ ਗੁਰਬਚਨ ਸਿੰਘ ਭਿੰਡਰਾਂ ਵਾਲੇ

ਹਿੰਦੂ ਮੱਤ ਦੇ ਗ੍ਰੰਥ ਪੜ੍ਹਨੇ :

'ਖਾਲਸਾ ਜੀਵਨ' ਪੰਨਾ 41 'ਤੇ ਲਿਖਦੇ ਹਨ : ਉਦਾਸੀ ਸਾਧੂ ਮਹੰਤ ਲਾਲ ਦਾਸ ਪਾਸੋਂ 13 ਸਾਲ ਦੀ ਉਮਰ ਵਿਚ ਸੰਸਕ੍ਰਿਤ ਪੜ੍ਹੀ ਅਤੇ ਉਨ੍ਹਾਂ ਨੇ ਬੜੇ ਪਿਆਰ ਨਾਲ ਇਨ੍ਹਾਂ ਨੂੰ ਰਮਾਇਣ, ਮਹਾਭਾਰਤ ਅਤੇ ਹੋਰ ਹਿੰਦੂ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਾਇਆ। ਯੋਗ ਵਸ਼ਿਸ਼ਟ ਅਤੇ ਹੋਰ ਵੈਦਿਕ ਗ੍ਰੰਥ ਪੜ੍ਹੇ। (ਖਾਲਸਾ ਜੀਵਨ, ਪੰਨਾ 41-42)

ਵਿਚਾਰ : ਦੇਖੋ ਪਿਛੇ ਆ ਚੁਕਿਆ ਵਿਚਾਰ, 'ਹਮਰਾ ਝਗਰਾ' ....

ਖਾਲਸਾ ਜੀਵਨ ਵਿਚ ਅੱਗੇ ਲਿਖਿਆ ਹੈ ਕਿ ਸੰਤ ਸੁੰਦਰ ਸਿੰਘ ਨੇ ਸਿੰਘ ਸਭਾ ਲਹਿਰ ਦੌਰਾਨ ਪ੍ਰਚਾਰ ਕੀਤਾ ਪਰ ਅਸਲੀ ਘੁੰਡੀ ਜੋ ਟਕਸਾਲੀ "ਸੰਤ" ਗੁਰਜੀਤ ਸਿੰਘ ਗੋਹਾਵਰ (ਜਲੰਧਰ) ਨੇ ਖੋਲ੍ਹੀ ਹੈ ਉਹ ਉਸ ਦੀ ਹੱਥ ਲਿਖਤ ਸਾਡੇ ਕੋਲ ਹੈ। ਉਸ ਨੇ ਬੜਾ ਵਧੀਆ ਇੰਕਸ਼ਾਫ਼ ਕੀਤਾ ਹੈ ਕਿ ਦਸਵੇਂ ਪਾਤਸ਼ਾਹ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ 1708 ਈਸਵੀ ਤੋਂ ਲੈ ਕੇ 1925 ਈਸਵੀ ਤੱਕ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਦਵਾਰਿਆਂ ਵਿਚ ਟਕਸਾਲੀ ਮਰਿਆਦਾ ਚਲਦੀ ਸੀ। ਇਸ ਦਾ ਮਤਲਬ ਬੜਾ ਸਪੱਸ਼ਟ ਹੈ, ਜਿਨ੍ਹਾਂ ਮਹੰਤਾਂ ਦੀਆਂ ਸਰਕਾਰ ਨਾਲ ਸਾਂਝਾਂ ਸਨ, ਸ਼ਰਾਬੀ ਕਬਾਬੀ ਸਨ, ਗੁਰਦਵਾਰਿਆਂ ਦੀਆਂ ਗੋਲਕਾਂ ਵਰਤ ਦੇ ਐਸ਼ ਪ੍ਰਸਤੀ ਕਰਦੇ ਸਨ, ਇਹ ਸਾਰੇ ਮਹੰਤ ਟਕਸਾਲੀ ਸਨ, ਜਿਨ੍ਹਾਂ ਨੂੰ ਮੋਰਚੇ ਲਾ ਕੇ ਗੋਲੀਆਂ ਖਾ ਕੇ, ਅੱਗ ਵਿਚ ਸੜ ਕੇ, ਖ਼ੂਨ ਡੋਲ ਕੇ ਸਿੰਘ ਸਭਾ ਲਹਿਰ ਦੇ ਸਿੰਘਾਂ ਨੇ ਗੁਰਦਵਾਰਿਆਂ ਵਿਚੋਂ ਕਢਿਆ। ਗੁਰਦਵਾਰੇ ਆਜ਼ਾਦ ਕਰਵਾਏ। ਜਾਂ ਤਾਂ ਇਸ 'ਖਾਲਸਾ ਜੀਵਨ' ਦਾ ਲਿਖਾਰੀ ਝੂਠਾ ਹੈ ਜਾਂ ਟਕਸਾਲੀ "ਸੰਤ" ਗੁਰਜੀਤ ਸਿੰਘ ਗੋਹਾਵਰ (ਜਲੰਧਰ) ਝੂਠਾ ਹੈ, ਉਹ ਆਪਸ ਵਿਚ ਫ਼ੈਸਲਾ ਕਰਨ, ਮੇਰੇ ਕੋਲ ਗੁਰਜੀਤ ਸਿੰਘ ਦੀ ਹੱਥ ਲਿਖਤ ਮੌਜੂਦ ਹੈ। ਇਹ ਸੱਚ ਹੈ ਕਿ ਪੰਥਕ ਰਹਿਤ ਮਰਿਆਦਾ ਦਾ ਇੱਕ ਵੀ ਆਦੇਸ਼ ਅੱਜ ਤੱਕ ਟਕਸਾਲੀਆਂ ਨੇ ਆਪਣੇ ਡੇਰੇ ਦੇ ਨੇੜੇ ਵੀ ਨਹੀਂ ਲੱਗਣ ਦਿੱਤਾ।

ਗੁਰਧਾਮ ਯਾਤਰਾ,

ਸਿਮਰਨ ਤੇ ਅਲੌਕਿਕ ਨਜ਼ਾਰਾ, ਹਰਿਮੰਦਰ ਸਾਹਿਬ ਅੰਮ੍ਰਿਤਸਰ, ਸੰਗਰਾਣਾ ਸਾਹਿਬ, ਖਡੂਰ ਸਾਹਿਬ ਦੇ ਦਰਸ਼ਨ ਕਰ ਕੇ ਸ਼੍ਰੀ ਗੋਇੰਦਵਾਲ ਸਾਹਿਬ ਪੁੱਜੇ। ਇਥੇ ਚਉਰਾਸੀ ਕੱਟਣ ਹਿੱਤ ਸ੍ਰੀ ਬਉਲੀ ਸਾਹਿਬ ਵਿੱਚ ਵਿਧੀ ਪੂਰਵਕ 'ਜਪੁ ਜੀ' ਸਾਹਿਬ ਦੇ 84 ਪਾਠ, 84 ਵਾਰੀ ਸਣੇ ਕੇਸੀਂ ਇਸ਼ਨਾਨ ਕਰ ਕੇ ਕੜਾਹ ਪ੍ਰਸ਼ਾਦ ਕਰਵਾ ਕੇ ਅਰਦਾਸ ਕਰ ਕੇ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

(ਖਾਲਸਾ ਜੀਵਨ, ਪੰਨਾ 47)

ਵਿਚਾਰ : ਸਿੱਖੀ ਅੰਦਰ ਤਾਂ ਜੇ ਸਿੱਖ ਮਨ ਬਿਰਤੀ ਕਰ ਕੇ ਸੱਚ ਤੱਤ ਗੁਰਮਤਿ ਨਾਲ ਜੁੜ ਗਿਆ ਤਾਂ ਵਰ ਹੈ, ਜੇ ਝੂਠ ਵਿਚ ਗਰਕ ਹੋ ਗਿਆ ਤਾਂ ਸ਼ਰਾਪ ਹੈ। ਇਥੇ ਹਿੰਦੂ ਮੱਤ ਵਾਲੇ ਵਰਾਂ-ਸਰਾਪਾਂ ਵਾਸਤੇ ਸਿੱਖੀ ਅੰਦਰ ਕੋਈ ਥਾਂ ਨਹੀਂ ਹੈ। ਜੇ ਬਉਲੀ ਵਿਚ ਨਹਾ ਕੇ 84 ਕੱਟੀ ਜਾਂਦੀ ਹੁੰਦੀ ਤਾਂ ਫਿਰ ਸਤਿਗੁਰਾਂ ਨੂੰ ਗੁਰਬਾਣੀ ਉਚਾਰਣ ਦੀ ਲੋੜ ਹੀ ਨਹੀਂ ਸੀ। ਸਾਰੇ ਸਿੱਖ ਉਥੇ ਜਾ ਕੇ ਇਸ਼ਨਾਨ ਕਰੀ ਜਾਂਦੇ। ਇਹ ਬਉਲੀ ਸਤਿਗੁਰਾਂ ਨੇ ਬਣਾਈ ਸੀ ਕਿ ਜੋ ਬ੍ਰਾਹਮਣ ਨੇ ਜਾਤ ਪਤਾ ਫੈਲਾਈ ਹੈ, ਸੁੱਚ-ਭਿੱਟ, ਛੂਤ-ਛਾਤ, ਵਹਿਮ ਭਰਮ ਆਦਿ ਪਾਏ ਹਨ, ਸਾਰੇ ਉਚੇ-ਨੀਵੇਂ ਇਥੇ ਸਾਂਝੇ ਅਸਥਾਨ 'ਤੇ ਆ ਕੇ ਜਲ ਵਰਤਣ, ਇਸ਼ਨਾਨ ਕਰਨ, ਇਨ੍ਹਾਂ ਦੇ ਅੰਦਰੋਂ ਦੁਬਿਧਾ ਮਿਟੇ। ਤੀਰਥ ਇਸ਼ਨਾਨਾਂ ਦਾ ਤਾਂ ਗੁਰਬਾਣੀ ਅੰਦਰ ਥਾਂ-ਥਾਂ 'ਤੇ ਖੰਡਨ ਕੀਤਾ ਹੋਇਆ ਹੈ। ਗੁਰਬਾਣੀ ਸਰੋਵਰ ਅੰਦਰ ਆਪਣੇ ਮਨ ਨੂੰ ਇਸ਼ਨਾਨ ਕਰਾਉਣਾ ਹੈ।

ਗੁਰ ਫੁਰਮਾਨ ਹੈ :

'ਮਨ ਮੈਲੇ ਸਭਿ ਕਿਛੁ ਮੈਲਾ ਤਨ ਧੋਤੈ ਮਨ ਹਛਾ ਹੋਇ॥'
(558)

ਅੰਦਰਹੁ ਝੂਠੇ ਪੈਜ ਬਾਹਰਿ, ਦੁਨੀਆ ਅੰਦਰਿ ਫੈਲੁ॥
ਅਠਸਠਿ ਤੀਰਥ ਜੇ ਨਾਵਹਿ, ਉਤਰੈ ਨਾਹੀ ਮੈਲੁ॥ (473)

ਖਾਲਸਾ ਜੀਵਨ ਦਾ ਕਰਤਾ ਅੱਗੇ ਲਿਖਦਾ ਹੈ -ਬਖ਼ਸ਼ਿਸ਼ ਭਰੇ ਬਚਨ ਕਹੇ, ਅੱਗੇ ਤੋਂ ਟਕਸਾਲ ਦੀ ਸੇਵਾ ਤੈਨੂੰ ਸੌਂਪਣੀ ਹੈ। ਅੱਗੇ ਵਾਸਤੇ 'ਜਤੁ ਪਾਹਾਰਾ ਧੀਰਜੁ ਸੁਨਿਆਰ' ਪੂਰਨ ਜਤੀ ਰਹਿਣਾ। ਫਿਰ "ਸੰਤ" ਗੁਰਬਚਨ ਸਿੰਘ ਚਮਕੌਰ ਸਾਹਿਬ ਚਲੇ ਗਏ। ਉਥੇ 40 ਦਿਨ ਬਉਲੀ ਸਾਹਿਬ ਵਿਚ ਗਲ ਗਲ ਤੱਕ ਜਲ ਵਿਚ ਖਲੋ ਕੇ ਸਿਮਰਨ ਕੀਤਾ ਤੇ ਫਿਰ ਆਪਣੇ ਪਿੰਡ ਆਖਾੜੇ ਆ ਗਏ। (ਖਾਲਸਾ ਜੀਵਨ, ਪੰਨਾ 48)

ਵਿਚਾਰ : ਹੁਣ ਦੇਖੋ ਸੰਤ ਗੁਰਬਚਨ ਸਿੰਘ ਨੂੰ ਦਸਵੇਂ ਪਾਤਸ਼ਾਹ 'ਤੇ ਵੀ ਇਤਬਾਰ ਨਹੀਂ। ਦਸਮ ਪਾਤਸ਼ਾਹ ਤਾਂ ਅੰਮ੍ਰਿਤਧਾਰੀ ਸਿੰਘਾਂ ਨੂੰ 'ਏਕਾ ਨਾਰੀ ਜਤੀ ਹੋਇ' ਕਹਿੰਦੇ ਹਨ ਪਰ ਇਥੇ ਸੰਤ ਕਰਤਾਰ ਸਿੰਘ ਨੂੰ ਕਿਹੋ ਜਿਹਾ ਜਤੀ ਬਣਾਉਣਾ ਚਾਹੁੰਦੇ ਹਨ ?

'ਬਿੰਦ ਰਾਖਿ ਜਉ ਤਰੀਐ ਭਾਈ॥ ਖੁਸਰੇ ਕਿਉ ਨ ਪਰਮ ਗਤਿ ਪਾਈ॥' (324)
ਸੁਪਨੇ ਬਿੰਦ ਨ ਦੇਈ ਝਰਨਾ॥ ਤਿਸੁ ਪਾਖੰਡੀ ਜਰਾ ਨ ਮਰਨਾ॥ (953)

ਗੁਰੂ ਦਾ ਕਿਹਾ ਇਹ ਸਾਰਾ ਕੁੱਝ ਭੁੱਲ ਗਿਆ ਇਸ ਸੰਤ ਨੂੰ ? ਅਤੇ ਜਲ ਵਿੱਚ ਖੜੇ ਹੋ ਕੇ ਸਿਮਰਨ ਕਰਨੇ ਇਹ ਕਿਹੜੀ ਗੁਰਮਤਿ ਹੈ? ਇਹ ਤਾਂ ਸਾਰਾ ਬ੍ਰਾਹਮਣੀ ਕਰਮਕਾਂਡ ਹੈ ਜੋ ਗੁਰਬਾਣੀ ਵਿੱਚ ਖੰਡਨ ਹੈ। ਇਹ ਸੰਤ ਸਦਾ ਬ੍ਰਾਹਮਣੀ ਕਰਮਕਾਂਡਾਂ ਦਾ ਹੀ ਪ੍ਰਚਾਰ ਕਰਦੇ ਰਹੇ ਹਨ।

ਵਿਦਿਆ ਪੜ੍ਹਨੀ ਅਤੇ ਵਿਸ਼ੇਸ਼ ਜਾਪ

ਛਿਅ ਜਤੀ ਮਾਇਆ ਕੇ ਬੰਦਾ॥ (1160)

ਜਤਨ ਕਰੈ ਬਿੰਦੁ ਕਿਵੈ ਨ ਰਹਾਈ॥ ਮਨੂਆ ਡੋਲੈ ਨਰ ਕੇ ਪਾਈ॥
(906)

ਅੱਗੇ 'ਖਾਲਸਾ ਜੀਵਨ' ਪੰਨਾ 49 'ਤੇ ਲਿਖਦੇ ਹਨ : ਆਪ ਇਨ੍ਹਾਂ ਨੂੰ ਭਾਈ ਗੁਰਦਾਸ ਦੀਆਂ ਵਾਰਾਂ, ਕਬਿੱਤ ਸਵਿਯ, ਭਾਈ ਨੰਦਲਾਲ ਜੀ ਦੀ ਰਚਨਾ, **ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਸ੍ਰੀ ਗੁਰੂ ਪੰਥ ਪ੍ਰਕਾਸ਼, ਸ੍ਰੀ ਗੁਰ ਬਿਲਾਸ ਪਾ. ਛੇਵੀਂ, ਦਸਵੀਂ ਅਤੇ ਹੋਰ ਪ੍ਰਮਾਣੀਕ ਗ੍ਰੰਥ ਅਰਥਮਈ ਵਿਆਖਿਆ ਕਰ ਕੇ ਉਚੇਚੇ ਗਹੁ ਅਤੇ ਪਿਆਰ ਨਾਲ ਪੜ੍ਹਾਏ। ਵਿਚਾਰ ਸਾਗਰ ਯੋਗ ਵੇਦਾਂਤ, ਪੰਜ ਦਸ਼ੀ ਮੋਖਸ਼ ਪੰਥ ਅਤੇ ਹੋਰ ਗ੍ਰੰਥਾਂ ਦੇ ਨਾਲ ਨਾਲ ਗੁਰ ਇਹਿਤਾਸ ਦਾ ਖਾਸ ਤੌਰ 'ਤੇ ਅਧਿਐਨ ਕਰਵਾਇਆ। ਤਕਰੀਬਨ ਸਵਾ ਲੱਖ ਜਪੁ ਜੀ ਸਾਹਿਬ ਦੇ ਪਾਠ ਅਤੇ 36 ਲੱਖ ਮੂਲ ਮੰਤਰ ਦਾ ਜਾਪ ਅਤੇ ਬੇਅੰਤ ਵਾਹਿਗੁਰੂ ਮੰਤਰ ਦਾ ਸਿਮਰਨ ਕਰਵਾਇਆ। (ਖਾਲਸਾ ਜੀਵਨ, ਪੰਨਾ 49)

ਵਿਚਾਰ : ਇਹ ਅਖੌਤੀ ਬ੍ਰਾਹਮਗਿਆਨੀ ਏਨਾ ਹੀ ਦੱਸ ਜਾਂਦੇ ਕਿ ਦਸਮ ਗ੍ਰੰਥ ਵਿਚਲੇ ਤ੍ਰੀਆ ਚਰਿੱਤਰ (ਕੋਕ ਸ਼ਾਸਤਰਾਂ) ਤੋਂ ਵੀ ਭੈੜੀ ਲਿਖਤ ਲਿਖੀ ਹੋਈ ਹੈ ਅਤੇ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਨਿਰਾ ਬ੍ਰਾਹਮਣਵਾਦੀ ਕਰਮਕਾਂਡ, ਝੂਠ ਮਿਥਿਹਾਸ ਕਿਸਦਾ ਲਿਖਿਆ ਹੋਇਆ ਹੈ? ਜਿਹੜੀਆਂ ਲਿਖਤਾਂ ਵਿਸ਼ਨੂੰ ਨੂੰ ਉਚਾ ਤੇ ਗੁਰੂ ਰਾਮਦਾਸ ਸਾਹਿਬ ਅਤੇ ਗੁਰੂ ਅਰਜਨ ਸਾਹਿਬ ਨੂੰ ਨੀਂਵਾਂ ਦਿਖਾਉਂਦੀਆਂ ਹਨ, "ਸੰਤ" ਨੇ ਇਨ੍ਹਾਂ ਦੀ ਕਥਾ ਕਿਵੇਂ ਕਰ ਦਿੱਤੀ? ਉਦੋਂ ਬ੍ਰਹਮ ਗਿਆਨੀਆਂ ਨੇ ਗੁਰਮਤਿ ਦੀ ਘੋਰ ਖੰਡਨਾ ਕੀਤੀ ਹੈ। ਅੱਗੇ ਜੋ ਸਵਾ ਲੱਖ ਪਾਠ ਜਪੁ ਜੀ ਸਾਹਿਬ ਦਾ ਕੀਤਾ ਲਿਖਿਆ ਹੈ, 36 ਲੱਖ ਮੂਲ ਮੰਤਰ ਦਾ ਜਾਪ। ਇਹ ਗਿਣਤੀਆਂ ਕੌਣ ਕਰਦਾ ਰਿਹਾ। ਜੇ ਉਹ ਆਪ ਗਿਣਤੀਆਂ ਕਰਦਾ ਰਿਹਾ ਤਾਂ ਫਿਰ ਜਾਪ ਗਿਣਤੀਆਂ ਦਾ ਹੋਇਆ ਕਿ ਜਪੁ ਜੀ ਸਾਹਿਬ ਦਾ?

ਗੁਰ ਫੁਰਮਾਨ ਹੈ :

ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥
(474)

ਗਣਤੈ ਪ੍ਰਭੂ ਨ ਪਾਈਐ ਦੂਜੈ ਭਰਮੀਤਾ॥ (510)

ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ॥
ਸਬਦੈ ਸਾਦੁ ਨ ਆਇਓ, ਸਚਿ ਨ ਲਗੋ ਨਾਉ॥
(1246)

ਦੁਨੀਆਂ ਦੀਆਂ ਇਹ ਗਣਿਤ ਆਦਿ ਦੀਆਂ ਗਿਣਤੀਆਂ ਸਾਰੀਆਂ ਦੀਆਂ ਸਾਰੀਆਂ ਜਿਥੇ ਖ਼ਤਮ ਹੋ ਜਾਂਦੀਆਂ ਹਨ, ਗੁਰੂ ਪ੍ਰਮਾਤਮਾ ਦੀ ਗੱਲ ਤਾਂ ਉਥੋਂ ਸ਼ੁਰੂ ਹੁੰਦੀ ਹੈ। ਇਹ ਸੰਤ ਕਿਹੜੀਆਂ ਗਿਣਤੀਆਂ ਕਰਦੇ ਰਹੇ ? ਅੰਤਰਜਾਮੀ ਸਤਿਗੁਰੂ ਦਾ ਇਨ੍ਹਾਂ ਗਿਣਤੀਆਂ ਨਾਲ ਕੀ ਵਾਸਤਾ ? ਇਹ ਗਿਣਤੀਆਂ ਵੀ ਇਨ੍ਹਾਂ ਨੇ ਬ੍ਰਾਹਮਣੀ ਕਰਮ ਕਾਂਡਾਂ ਅਧੀਨ ਹੀ ਕੀਤੀਆਂ। ਗੁਰਮਤਿ ਦਾ ਇਨ੍ਹਾਂ ਗਿਣਤੀਆਂ ਨਾਲ ਦੂਰ ਦਾ ਵੀ ਵਾਸਤਾ ਨਹੀਂ।

ਖਾਲਸਾ ਜੀਵਨ ਦਾ ਕਰਤਾ ਅੱਗੇ ਲਿਖਦਾ ਹੈ : 'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥ ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥" (ਪੰਨਾ 982) ਇਨ੍ਹਾਂ ਟਕਸਾਲੀਆਂ ਨੂੰ ਕੀ ਅਧਿਕਾਰ ਹੈ ਕਿ ਗੁਰੂ ਦੇ 'ਰ' ਨਾਲੋਂ ਔਂਕੜ ਲਾਹ ਦੇਣ ? ਇਹ ਗੁਰ ਬਾਣੀ 'ਰ' ਨੂੰ ਔਂਕੁੜ ਸਹਿਤ ਅਤੇ ਗੁਰੂ ਵੱਖ ਬਾਣੀ ਵੱਖ ਪੜ੍ਹਨਾ ਹੈ, ਇਕੱਠਾ ਨਹੀਂ।

ਮਹਾਂਪੁਰਖਾਂ ਕਥਾ ਸੁਣ ਕੇ ਬਖ਼ਸ਼ਿਸ਼ ਕਰਨੀ

'ਖਾਲਸਾ ਜੀਵਨ' 'ਚ ਇਸ ਤਰ੍ਹਾਂ ਲਿਖਿਆ ਹੈ : ਜਦੋਂ ਦਸਤਾਰ ਦੇਣ ਵਾਸਤੇ ਕਿਹਾ ਲਿਆਉ ! ਇਨ੍ਹਾਂ ਨੂੰ ਦਸਤਾਰ ਦੇਈਏ ਤਾਂ ਕੁੱਝ ਈਰਖਾਲੂ ਸਿੰਘਾ ਨੇ ਅੰਦਰੋਂ ਦਸਤਾਰ ਨਾ ਲਿਆ ਕੇ ਦਿੱਤੀ। ਮਹਾਂਪੁਰਖਾਂ ਨੇ ਵਾਜੇ ਦੀ ਫੁਲਕਾਰੀ ਚੁੱਕ ਕੇ ਖਾਲਸਾ ਜੀ ਦੇ ਉੱਤੇ ਰੱਖ ਦਿੱਤੀ ਅਤੇ ਸਰੋਂ ਦੇ ਫੁੱਲ ਤੋੜ ਕੇ ਸੀਸ 'ਤੇ ਰੱਖੇ ਅਤੇ ਬਚਨ ਕਹੇ, ਇਨ੍ਹਾਂ ਫੁੱਲਾਂ ਦੀ ਤਰ੍ਹਾਂ ਖਿੜਿਆ ਰਹੇਂਗਾ। ਤਾਂ ਦੀਵਾਨ ਵਿਚ ਹੀ ਇੱਕ ਸਿੰਘ ਨੇ ਕਿਹਾ, ਤੁਸੀਂ ਸਾਰੀ ਝੋਲੀ ਬੱਚੇ ਨੂੰ ਝਾੜ ਦਿੱਤੀ ਹੈ। ਅਸੀਂ ਇੰਨੇ ਚਿਰ ਦੇ ਐਵੇਂ ਨਾਲ ਤੁਰੇ ਫਿਰਦੇ ਸੀ। ਕੋਈ ਸਿੰਘ ਈਰਖਾ ਵਸ ਕੁੱਝ ਬੋਲਿਆ, ਕੋਈ ਕੁੱਝ ਬੋਲਿਆ ਅਤੇ 14 ਸਿੰਘ ਟਕਸਾਲ ਛੱਡ ਕੇ ਚਲੇ ਗਏ। ਮਾਝੇ ਮਾਲਵੇ ਦਾ ਸਵਾਲ ਪੈ ਗਿਆ। ਮਾਲਵਈਆਂ ਨੇ ਗਿਆਨੀ ਮੋਹਨ ਸਿੰਘ ਨੂੰ ਪੱਗ ਬੰਨ੍ਹ ਦਿੱਤੀ।

ਵਿਚਾਰ : ਭਗਤ ਕਬੀਰ ਸਾਹਿਬ ਦੇ ਪਾਵਨ ਬੋਲ, 'ਤਬ ਜਾਨੋਗੇ ਜਬ ਉਘਰੈਗੋ ਪਾਜ ॥' (ਪੰਨਾ 324) ਸੀਨਾ-ਬ-ਸੀਨਾ ਦੇ ਦਮਗਜ਼ੇ ਮਾਰਨ ਵਾਲਿਆਂ ਦਾ ਸੀਨਾ ਬੁਰੀ ਤਰ੍ਹਾਂ ਪਾਟਿਆ। ਦੁਨੀਆਂ ਦੇ ਲੋਕਾਂ ਨੇ ਦੇਖਿਆ। ਲੰਬੇ ਲੰਬੇ ਨਿਤਨੇਮ ਕਰਨ ਵਾਲੇ, ਲੰਬੀਆਂ ਰਹਿਰਾਸਾਂ ਕਰਨ ਵਾਲੇ, ਸਵਾ ਸਵਾ ਲੱਖ ਜਪੁ ਜੀ ਸਾਹਿਬ ਅਤੇ ਮੂਲ ਮੰਤਰ ਦੇ ਪਾਠ ਕਰਨ ਵਾਲਿਆਂ ਨੂੰ ਈਰਖਾ ਦੀ ਅੱਗ ਵਿੱਚ ਮਚਦਿਆਂ ਵੇਖਿਆ, ਝੂਠੀਆਂ ਪੱਗਾਂ, ਜਥੇਦਾਰੀਆਂ ਦਾ ਮੋਹ ਇਨ੍ਹਾਂ ਦਾ ਕਦੇ ਨਾ ਟੁੱਟਾ, ਝੂਠ ਦੀ ਕੰਧ ਇਨ੍ਹਾਂ ਅੰਦਰ ਸਦਾ ਬਣੀ ਰਹੀ। ਜਿਹੜੇ ਅਖੌਤੀ ਬ੍ਰਹਮਗਿਆਨੀ ਆਪਣਾ ਡੇਰਾ ਨਾ ਸੰਭਾਲ ਸਕੇ, ਉਨ੍ਹਾਂ ਗੁਰੂ ਪੰਥ ਦਾ ਕੀ ਸਵਾਰਨ ਸੀ ? ਸੰਤਾਂ ਨੇ ਇਨ੍ਹਾਂ ਟਕਸਾਲੀਆਂ ਨੂੰ ਬ੍ਰਾਹਮਣਵਾਦ ਤਾਂ ਸਿਖਾ ਦਿੱਤਾ ਪਰ ਤੱਤ ਗੁਰਮਤਿ ਤੋਂ ਕੋਹਾਂ ਦੂਰ ਕਰ ਦਿੱਤਾ।

ਈਰਖਾ ਕਰਨ ਵਾਲਿਆਂ ਨੂੰ ਨਵਾਬ ਕਪੂਰ ਸਿੰਘ ਵਰਗੇ ਸੂਰਮੇ ਨਜ਼ਰ ਨਾ ਆਏ ਜਿਨ੍ਹਾਂ ਨਵਾਬੀਆਂ ਨੂੰ ਵੀ ਜੁੱਤੀ ਦੀ ਨੋਕ ਤੋਂ ਲੰਘਾ ਕੇ ਰਖਿਆ।

ਸ੍ਰੀ ਹਰਿ ਗੋਬਿੰਦਪੁਰ ਸਾਹਿਬ ਦੇ ਸਰੋਵਰ ਦੀ ਸੇਵਾ ਸੰਪੂਰਨ ਤੇ ਸਵਾ ਲੱਖ ਜਾਪੁ ਸਾਹਿਬ ਦੇ ਪਾਠ

'ਖਾਲਸਾ ਜੀਵਨ' ਪੰਨਾ 58 'ਤੇ ਲਿਖਦੇ ਹਨ : ਬਾਕੀ ਸਾਰੀ ਸੇਵਾ ਖ਼ਾਲਸਾ ਜੀ ਨੇ ਪੂਰਨ ਕਰਵਾਈ ਅਤੇ ਸਵਾ ਲੱਖ ਜਾਪੁ ਸਾਹਿਬ ਦਾ ਪਾਠ ਸਚਖੰਡ ਵਾਸੀ ਮਹਾਂ ਪੁਰਖਾਂ ਦੇ ਸੰਕਲਪ ਕਰ ਕੇ ਇਥੇ ਰਹਿ ਕੇ ਜਥੇ ਤੋਂ ਕਰਵਾਇਆ।(ਖਾਲਸਾ ਜੀਵਨ, ਪੰਨਾ 58)

ਵਿਚਾਰ : ਗੁਰਬਾਣੀ ਨੂੰ ਪੜ੍ਹਨਾ, ਸੁਣਨਾ, ਸਮਝਣਾ, ਮੰਨਣਾ ਅਤੇ ਕਮਾਉਣਾ ਗੁਰਮਤਿ ਦਾ ਵਿਧਾਨ ਹੈ। ਗਿਣਤੀ ਮਿਣਤੀ ਦੇ ਪਾਠਾਂ ਵਾਸਤੇ ਗੁਰਮਤਿ ਵਿੱਚ ਕੋਈ ਥਾਂ ਨਹੀਂ। ਪਿੱਛੇ ਖੁੱਲ੍ਹੀ ਵਿਚਾਰ ਗੁਰਬਾਣੀ ਪ੍ਰਮਾਣਾਂ ਸਮੇਤ ਕਰ ਆਏ ਹਾਂ।

ਨਿੱਤਨੇਮ 'ਚ ਪਰਪੱਕ

'ਖਾਲਸਾ ਜੀਵਨ' ਪੰਨਾ 61 'ਤੇ ਲਿਖਦੇ ਹਨ : ਜਦੋਂ ਕੋਈ ਗੁਰਮੁਖ ਕਹਿੰਦਾ ਹੈ ਆਪ ਥੋੜ੍ਹੇ ਦਿਨ ਕਥਾ ਨਾ ਕਰੋ ਤਾਂ ਕਹਿੰਦੇ ਭਾਈ! ਸਾਡੀ ਜ਼ਿੰਦਗੀ ਹੀ ਕਥਾ ਆਸਰੇ ਹੈ, ਮਹਾਂਪੁਰਖਾਂ ਦਾ ਹੁਕਮ ਰੂਪੀ ਡੰਡਾ ਸਾਡੇ ਸਿਰ 'ਤੇ ਹੈ। ਜਦੋਂ ਤੱਕ ਸਵਾਸ ਹਨ ਉਦੋਂ ਤੱਕ ਸਤਿਗੁਰੂ ਜੀ ਆਪ ਸਾਡੇ ਤੋਂ ਸੇਵਾ ਲੈ ਰਹੇ ਹਨ ਤੇ ਲੈਂਦੇ ਰਹਿਣਗੇ। ਗੁਰੂ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਮਹਾਂਪੁਰਖਾਂ ਦਾ ਹੁਕਮ ਸਿਰ ਤੋੜ ਨਿਭ ਜਾਵੇ।(ਖਾਲਸਾ ਜੀਵਨ, ਪੰਨਾ 61)

ਵਿਚਾਰ : ਸਿੱਖ ਗੁਰੂ ਦਾ ਹੈ ਜਾਂ ਕਿਸੇ ਮਹਾਂਪੁਰਖ ਦਾ ? 'ਗੁਰੂ ਨਾਨਕ ਸਾਹਿਬ ਜੀ' ਸੱਚੇ ਪਾਤਸ਼ਾਹ ਦੇ ਪ੍ਰਗਟ ਹੋਣ ਤੋਂ ਪਹਿਲਾਂ ਸੰਤਾਂ ਦੀ ਕੋਈ ਘਾਟ ਨਹੀਂ ਸੀ। ਦਸਮ ਪਾਤਸ਼ਾਹ ਨੇ ਵੀ ਵੱਖ ਵੱਖ ਮਤਾਂ ਦੇ ਸੰਤਾਂ ਨੂੰ ਲੰਬੇ ਹੱਥੀਂ ਲਿਆ। ਅੱਖਾਂ ਮੀਟ ਕੇ ਸਮਾਧੀਆਂ ਲਾਉਣ ਵਾਲਿਆਂ, ਸਵਾਹ ਮਲਣ ਵਾਲਿਆਂ, ਨਾਂਗਿਆਂ ਅਤੇ ਲੰਬੇ ਚੋਲੇ ਵਾਲਿਆਂ, ਪੁੱਠੇ ਲਟਕਣ ਵਾਲਿਆਂ, ਧੂਣੀਆਂ ਤਪਾਉਣ ਵਾਲਿਆਂ, ਜਲ ਧਾਰੇ ਕਰਨ ਵਾਲਿਆਂ ਨੂੰ ਚਮਗਿੱਦੜ ਆਦਿ ਕਈ ਕੁੱਝ ਕਿਹਾ ਹੈ। 'ਗੁਰੂ ਨਾਨਕ ਸਾਹਿਬ ਜੀ' ਨੇ ਆਪਣੇ ਆਪ ਵਾਸਤੇ ਨਾਨਕੁ ਨੀਚੁ, ਨਾਨਕ ਵਿਚਾਰਾ, ਨਾਨਕੁ ਸਗ ਆਦਿ ਅੱਖਰ ਵਰਤੇ ਹਨ। ਪਰ ਇਥੇ ਤਾਂ ਗੁਰੂ ਹੁਕਮਾਂ ਦੇ ਉਲਟ ਪਤਾ ਨਹੀਂ ਕਿੰਨੇ ਕੁ 1008 ਬ੍ਰਹਮਗਿਆਨੀ , ਸੰਤ ਮਹਾਰਾਜ, ਹਜ਼ੂਰ ਸ਼੍ਰੋਮਣੀ ਸੰਤ ਪੂਰਨ, ਸੰਪੂਰਨ ਬ੍ਰਹਮਗਿਆਨੀ ਬਣੇ ਫਿਰਦੇ ਹਨ। ਜੇ ਸਾਰੇ ਸਿੱਖ ਗੁਰੂ ਹੁਕਮ ਮੰਨੇ ਕੇ 'ਭਾਈ' ਬਣੇ ਰਹਿੰਦੇ ਤਾਂ ਸਿੱਖ ਕੌਮ ਦੀ ਇਹ ਹਾਲਤ ਨਾ ਹੁੰਦੀ ਜੋ ਹੋਈ ਹੈ। ਜੇ ਮਹਾਂਪੁਰਖਾਂ ਨੂੰ ਛੱਡ ਕੇ ਗੁਰੂ ਦਾ ਹੁਕਮ ਮੰਨਦੇ ਤਾਂ ਕਦੀ ਵੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਸਤਿਕਾਰ ਨਾ ਘਟਦਾ ਅਤੇ ਨਾ ਹੀ ਕੋਈ ਦੇਹਧਾਰੀ ਗੁਰੂ ਹੁੰਦਾ। ਉਪਰਲਾ ਪਹਿਰਾ ਜੋ ਖਾਲਸਾ ਜੀਵਨ ਵਿਚ

ਲਿਖਿਆ ਹੈ। ਉਸ ਵਿਚ ਵਾਰ ਵਾਰ ਮਹਾਂਪੁਰਖਾਂ ਦਾ ਹੁਕਮ ਕਿਹਾ ਜਾ ਰਿਹਾ ਹੈ। ਸੰਤਾਂ ਦਾ ਹੁਕਮ ਸਿਰ ਤੋੜ ਨਿਭਾਉਣ ਦੀਆਂ ਅਰਦਾਸਾਂ ਕੀਤੀਆਂ ਜਾ ਰਹੀਆਂ ਹਨ। ਕੀ ਗੁਰੂ ਦੇ ਹੁਕਮ ਨਾਲ ਟਕਸਾਲੀਆਂ ਦਾ ਕੋਈ ਸੰਬੰਧ ਨਹੀਂ ਹੈ? 239 ਸਾਲ ਸਿੱਖ ਕੌਮ ਵਿਚ ਇੱਕ ਵੀ ਸੰਤ ਨਹੀਂ ਸੀ ਸਾਰੇ ਭਾਈ ਭਾਈ ਸਨ। ਉਹ ਸਿੱਖ ਕਿਹੜੇ ਮਹਾਂਪੁਰਖ ਦਾ ਹੁਕਮ ਮੰਨ ਕੇ ਤਰੇ। ਜੇ ਦਸਾਂ ਗੁਰੂਆਂ ਦੇ ਹੁੰਦਿਆਂ ਸਿੱਖਾਂ ਨੂੰ ਕਿਸੇ ਸੰਤ ਦੀ ਲੋੜ ਨਹੀਂ ਪਈ ਤਾਂ ਯਾਦ ਰਖਿਓ, "ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ" ਦੇ ਹੁੰਦਿਆਂ ਵੀ ਕਿਸੇ ਸੰਤ ਦੀ ਲੋੜ ਨਹੀਂ ਹੈ। ਸਾਰੀ ਗੁਰਮਤਿ ਗੁਰੂ ਕੀ ਬਾਣੀ ਵਿੱਚ ਦਰਸਾਈ ਦ੍ਰਿੜਾਈ ਹੋਈ ਹੈ। ਕਿਸੇ ਹੋਰ ਦੀ ਸਿਫ਼ਾਰਸ਼ ਦੀ ਲੋੜ ਨਹੀਂ ਹੈ।

ਗੁਰਵਾਕ ਹੈ :

ਸਤਿਗੁਰ ਬਚਨ, ਬਚਨ ਹੈ ਸਤਿਗੁਰ ਪਾਧਰ ਮੁਕਤਿ ਜਨਾਵੈਗੋ ॥ (1309)
ਚਰਨ ਭਏ ਸੰਤ ਬੋਹਿਥਾ ਤਰੇ ਸਾਗਰ ਜੇਤ ॥
ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥
(910)

ਗੁਰਬਾਣੀ ਅੰਦਰ ਸਾਧ, ਸੰਤ ਅੱਖਰ ਗੁਰੂ ਵਾਸਤੇ ਵਰਤੇ ਹਨ। ਸੰਤਨ ਬਹੁਵਚਨ ਸਤਸੰਗੀਆਂ ਵਾਸਤੇ ਵਰਤਿਆ ਹੈ ਜੋ ਇਕੱਠੇ ਬੈਠ ਕੇ ਗੁਰਬਾਣੀ, ਗੁਰੂ ਪ੍ਰਮਾਤਮਾ ਦੀ ਸਿਫ਼ਤ ਸਲਾਹ ਕਰਦੇ ਹਨ। ਚੌਧਰਾਂ ਦੇ ਭੁੱਖਿਆਂ, ਵਿਹਲੜਾਂ, ਮਾਇਆ ਦੇ ਭੁੱਖਿਆਂ, ਪੂਜਾ ਕਰਵਾਉਣ ਦੇ ਭੁੱਖਿਆਂ, ਗੁਰੂ ਅਤੇ ਸਿੱਖ ਦੇ ਗੁਰਮਤਿ ਸੱਚ ਮਾਰਗ ਦੇ ਰਸਤੇ ਦੇ ਰੋੜੇ ਬਣ ਕੇ ਸੰਤ ਕਹਾ ਕੇ ਸਿੱਖ ਕੌਮ ਨਾਲ ਬਹੁਤ ਧੋਖਾ ਕੀਤਾ ਹੈ। ਜੇ ਭਾਈ ਦਇਆ ਸਿੰਘ 'ਭਾਈ' ਕਹਾ ਕੇ ਸਿਰ ਵਾਰ ਕੇ ਸਿੱਖ ਕੌਮ ਦੀ ਨਿੱਗਰ ਸੇਵਾ ਕਰ ਸਕਦੇ ਸੀ ਤਾਂ ਗਿਆਨੀ ਗੁਰਬਚਨ ਸਿੰਘ ਨੇ 'ਭਾਈ' ਕਿਉਂ ਨਹੀਂ ਕਹਾਇਆ? ਭਾਈ ਮਨੀ ਸਿੰਘ ਜੀ ਬੰਦ ਬੰਦ ਕਟਾ ਕੇ ਭਾਈ ਕਹਾ ਸਕਦੇ ਹਨ ਤਾਂ ਗਿਆਨੀ ਕਰਤਾਰ ਸਿੰਘ ਨੇ ਭਾਈ ਕਿਉਂ ਨਹੀਂ ਕਹਾਇਆ? ਕੀ ਇਨ੍ਹਾਂ ਦੀ ਅਵਸਥਾ ਭਾਈ ਦਇਆ ਸਿੰਘ, ਭਾਈ ਮਨੀ ਸਿੰਘ ਨਾਲੋਂ ਉੱਪਰ ਸੀ? ਟਕਸਾਲੀ ਜਵਾਬ ਦੇਣ।

ਸਿੰਘਾਂ ਦਾ ਆਦਰ ਅਤੇ ਸੇਵਾ :

ਖ਼ਾਲਸਾ ਜੀਵਨ ਵਿਚ ਅੱਗੇ ਲਿਖਿਆ ਹੈ : ਆਪਣੇ ਆਪ ਨੂੰ ਸਾਰੀ ਉਮਰ ਮੱਥਾ ਨਹੀਂ ਟਿਕਾਇਆ। ਜੇ ਕੋਈ ਅਚਨਚੇਤ ਮੱਥਾ ਟੇਕਣ ਦਾ ਯਤਨ ਕਰਦਾ ਤਾਂ ਬੜੀ ਭਾਰੀ ਤਾੜਨਾ ਕਰਦੇ। (ਖਾਲਸਾ ਜੀਵਨ, ਪੰਨਾ 62)

ਵਿਚਾਰ : ਕਾਰਨ ਕੀ? ਮੱਥਾ ਇਸ ਕਰ ਕੇ ਨਹੀਂ ਟਿਕਾਇਆ ਕਿਉਂਕਿ ਬ੍ਰਾਹਮਵਾਣੀ ਧਾਰਮਿਕ ਕਰਮਕਾਂਡਾਂ ਅਧੀਨ ਇਹ ਧਾਰਨਾ ਬਣੀ ਹੋਈ ਹੈ ਕਿ ਜੇ ਕੋਈ ਕਿਸੇ ਨੂੰ ਮੱਥਾ ਟੇਕ ਦੇਵੇ ਤਾਂ ਅਗਲੇ ਦੀ ਸ਼ਕਤੀ ਘੱਟ ਜਾਂਦੀ ਹੈ। ਉਹ ਮੱਥਾ ਟੇਕਣ

ਵਾਲਾ, ਮੱਥਾ ਟਿਕਾਉਣ ਵਾਲੇ ਦੀ ਤਾਕਤ ਖਿੱਚ ਕੇ ਲੈ ਜਾਂਦਾ ਹੈ। ਮੱਥਾ ਟਿਕਾਉਣਾ ਗੁਰੂ ਦਾ ਹੁਕਮ ਨਹੀਂ ਹੈ, ਸੰਤ ਅੱਖਰ ਆਪਣੇ ਨਾਮ ਨਾਲ ਲਾਉਣਾ ਵੀ ਗੁਰੂ ਦਾ ਹੁਕਮ ਨਹੀਂ ਹੈ। ਜੇ ਉਹ ਗੁਰੂ ਦੇ ਹੁਕਮ ਦੇ ਉਲਟ ਚੱਲ ਕੇ ਬ੍ਰਹਮ ਗਿਆਨੀ ਖਾਲਸੇ ਕਹਾ ਸਕਦੇ ਸਨ ਤਾਂ ਮੱਥੇ ਵੀ ਟਿਕਾ ਸਕਦੇ ਹਨ। ਬ੍ਰਾਹਮਣੀ ਕਰਮਕਾਂਡ ਦੇ ਅਧੀਨ ਹੋਣ ਕਰ ਕੇ ਉਨ੍ਹਾਂ ਮੱਥਾ ਨਹੀਂ ਟਿਕਾਇਆ ਕਿ ਕੋਈ ਉਨ੍ਹਾਂ ਦਾ ਕੀਤਾ ਜਪ ਤਪ ਖਿੱਚ ਕੇ ਨਾ ਲੈ ਜਾਵੇ। ਜੇ ਇਹ ਕਾਰਨ ਨਾ ਹੁੰਦਾ ਤਾਂ ਜ਼ਰੂਰ ਮੱਥੇ ਟਿਕਾਉਂਦੇ। ਵੈਸੇ ਮੈਂ ਆਪ ਖ਼ੁਦ ਉਨ੍ਹਾਂ ਨੂੰ ਮੱਥੇ ਟੇਕਦਿਆਂ ਅਤੇ ਟਿਕਾਉਂਦਿਆਂ ਨੂੰ ਦੇਖਿਆ ਹੈ।

ਖਾਲਸਾ ਜੀਵਨ ਵਿਚ ਅੱਗੇ ਚੱਲ ਕੇ ਲਿਖਿਆ ਹੈ ਕਿ ਸੰਤ ਅੰਮ੍ਰਿਤ ਛਕਾਉਂਦੇ ਸੀ।

ਵਿਚਾਰ : ਜਿਹੜੇ ਟਕਸਾਲੀ ਪੱਗ ਦੇ ਬਦਲੇ ਈਰਖਾਲੂ ਟਕਸਾਲ ਛੱਡ ਕੇ ਚਲੇ ਗਏ ਸੀ ? ਕੀ ਉਹ ਅੰਮ੍ਰਿਤਧਾਰੀ ਨਹੀਂ ਸੀ ? ਕੀ ਉਹ ਨਿੱਤਨੇਮੀ ਨਹੀਂ ਸੀ ? ਕੀ ਉਹ ਪਾਠ ਨਹੀਂ ਸੀ ਕਰਦੇ ? ਕੀ ਉਨ੍ਹਾਂ ਨੂੰ ਗੁਰਬਾਣੀ ਕੰਠ ਨਹੀਂ ਸੀ ? ਅਖੇ, ਉਹ ਗੁਰਬਾਣੀ ਬੜਾ ਸਤਿਕਾਰ ਕਰਦੇ ਸੀ। ਗੁਰੂ ਹੁਕਮ ਉਲਟ, ਦਾਸ ਬਣਨ ਦੀ ਬਜਾਏ, ਸਿੱਖ, ਸਿੰਘ ਬਣਨ ਦੀ ਬਜਾਏ ਸੰਤ ਬ੍ਰਹਮ ਗਿਆਨੀ ਬਣ ਕੇ ਬਹਿ ਗਏ, ਕੀ ਇਹ ਗੁਰਬਾਣੀ ਦਾ ਸਤਿਕਾਰ ਹੈ ? ਗੁਰਬਾਣੀ ਦਾ ਅਸਲੀ ਸਤਿਕਾਰ ਗੁਰੂ ਦਾ ਹੁਕਮ ਮੰਨਣਾ ਹੈ।

ਨਾਨਕ ਜਿਨੀ ਸੁਣਿਕੇ ਮੰਨਿਆ, ਹਉ ਤਿਨਾ ਵਿਟਹੁ ਕੁਰਬਾਣੁ ॥ (790)

"ਸੰਤ" ਬਿਸ਼ਨ ਸਿੰਘ, "ਸੰਤ" ਗੁਰਬਚਨ ਸਿੰਘ ਸਦਾ ਹੀ ਮਜ਼੍ਹਬੀ ਸਿੰਘਾਂ ਨੂੰ ਅੰਮ੍ਰਿਤ ਵੱਖ ਛਕਾਉਂਦੇ ਰਹੇ, ਕੀ ਇਹ ਗੁਰਬਾਣੀ ਦਾ ਸਤਿਕਾਰ ਸੀ ਕਿ ਬੇਅਦਬੀ ? ਕੇਵਲ ਮੱਥਾ ਟੇਕਣਾ ਹੀ ਸਤਿਕਾਰ ਨਹੀਂ ਹੈ, ਮੱਥਾ ਤਾਂ ਚੋਰ, ਠੱਗ, ਬਲੈਕੀਏ, ਨੋਟਾਂ ਅਤੇ ਵੋਟਾਂ ਦੇ ਵਪਾਰੀ ਵੀ ਟੇਕਦੇ ਹਨ।

ਤੁਧਨੋ ਨਿਵਣ ਮੰਨਣੁ ਤੇਰਾ ਨਾਉ ॥ (878)

ਹੇ ਗੁਰੂ ਜੀ, ਤੁਹਾਨੂੰ ਨਿਊਣਾ ਕੀ ਹੈ ? ਤੁਹਾਡੇ ਬਚਨ ਨੂੰ ਸਿਰ ਮੱਥੇ ਮੰਨਣਾ ਇਹ ਬਚਨ ਮੰਨਣਾ ਹੀ ਮੱਥਾ ਟੇਕਣਾ ਹੈ। ਇਹੀ ਸਤਿਕਾਰ ਹੈ। ਹੋਰ ਕਹਿੰਦੇ ਬ੍ਰਾਹਮਣਾਂ ਵਾਲੀ ਸੁੱਚ ਭਿੱਟ ਵੀ ਟਕਸਾਲ ਵਿੱਚ ਬਹੁਤ ਹੈ। ਉਹ ਤਾਂ ਪਤਾ ਹੀ ਹੈ।

ਖਾਲਸਾ ਜੀ ਦੀ ਪੰਥ ਨੂੰ ਦੇਣ

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' **ਦਸਮ ਗੁਰੂ ਗ੍ਰੰਥ**, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸਵਈਯੇ, ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲਾਂ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਗੁਰ ਬਿਲਾਸ ਪਾ. ਛੇਵੀਂ ਤੇ ਦਸਵੀਂ ਮਹਿਮਾ ਪ੍ਰਕਾਸ਼ ਸ੍ਰੀ ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼ ਅਤੇ ਛੋਟੀਆਂ ਪੁਸਤਕਾਂ ਪ੍ਰਬੋਧ ਚੰਦਰ

ਨਾਟਕ, ਵਿਚਾਰ ਸਾਗਰ, ਬਿਰਤੀ ਪ੍ਰਭਾਕਰ, ਮੋਖਸ਼ ਪੰਥ ਆਦਿਕ ਅਰਥਾਂ ਸਮੇਤ ਚੰਗੀ ਤਰ੍ਹਾਂ ਸਿੰਘਾਂ ਨੂੰ ਪੜ੍ਹਾਉਂਦੇ। (ਖਾਲਸਾ ਜੀਵਨ, ਪੰਨਾ 64-65)

ਵਿਚਾਰ : 'ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੋਂ ਬਿਨਾਂ ਬਾਕੀਆਂ ਵਿੱਚੋਂ ਅੱਧੇ ਗ੍ਰੰਥ ਬ੍ਰਾਹਮਣਵਾਦੀ ਕਿਰਿਆ ਕਰਮ, ਕਰਮਕਾਂਡਾਂ ਨਾਲ ਸੰਬੰਧ ਰੱਖਦੇ ਹਨ। ਇਹ ਪੜ੍ਹੇ ਹੋਣ ਕਰ ਕੇ ਹੀ ਟਕਸਾਲ 10% ਗੁਰਮਤਿ ਅਤੇ 90% ਬ੍ਰਾਹਮਣੀ ਮੱਤਾਂ ਦਾ ਪ੍ਰਚਾਰ ਕਰਦੀ ਰਹੀ ਅਤੇ ਕਰ ਰਹੀ ਹੈ। ਕੋਈ ਟਕਸਾਲ, ਦਸਮ ਗ੍ਰੰਥ ਵਿਚਲੇ ਤ੍ਰੀਆ ਚਰਿੱਤਰਾਂ ਦੀ ਕਥਾ ਆਪਣੇ ਘਰ ਪਰਿਵਾਰ ਵਿੱਚ ਬਹਿ ਕੇ ਅਰਥਾਂ ਸਮੇਤ ਸੁਣਾ ਕੇਵੇ ਅਸੀਂ ਦਸਮ ਗ੍ਰੰਥ ਦੀ ਸਾਰੀ ਬਾਣੀ ਨੂੰ ਦਸਮ ਗ੍ਰੰਥ ਬਾਣੀ ਮੰਨ ਲਵਾਂਗੇ, ਨਹੀਂ ਤਾਂ....। ਅੱਗੇ ਕਈਆਂ ਨੂੰ ਕਿਹਾ ਅੱਜ ਤੱਕ ਕਿਸੇ ਨਹੀਂ ਸੁਣਾਈ।

'ਕੂੜ ਠਗੀ ਗੁਝੀ ਨ ਰਹੈ ਮੁਲੰਮਾ ਪਾਜੁ ਲਹਿ ਜਾਇ॥' (303)

ਆਪ ਜੀ ਤੋਂ ਵਰੋਸਾਏ ਬੇਅੰਤ ਗੁਰਮੁੱਖ ਹਿੰਦੁਸਤਾਨ ਭਰ ਵਿੱਚ ਗੁਰੂ ਕੇ ਤਖ਼ਤ ਸਾਹਿਬ ਅਤੇ ਬੇਅੰਤ ਗੁਰਦਵਾਰਿਆਂ ਵਿੱਚ ਸਿੰਘ ਸਾਹਿਬ, ਗ੍ਰੰਥੀ ਸਿੰਘ ਲੱਗੇ ਹੋਏ ਹਨ। ਬਹੁਤ ਸਾਰੇ ਗਿਆਨੀ, ਕਥਾ ਵਾਚਕ ਬਣਾਏ। (ਖਾਲਸਾ ਜੀਵਨ, ਪੰਨਾ 65)

ਵਿਚਾਰ : ਸੁਣੇ ਹਨ ਬਥੇਰੇ ਟਕਸਾਲੀ ਬ੍ਰਾਹਮਣਵਾਦੀ ਮੱਤਾਂ ਨਾਲ ਭਰੀਆਂ ਸਾਖੀਆਂ ਸੁਣਾਉਣ ਵਾਲੇ। ਗੁਰਮਤਿ ਸਿਧਾਂਤਾਂ ਨੂੰ ਖੰਡਨ ਕਰਨ ਵਾਲੇ ਅਤੇ ਆਪਣੇ ਮਨ ਦੀਆਂ ਮੱਤਾਂ ਦਾ ਪ੍ਰਚਾਰ ਕਰਨ ਵਾਲੇ ਬੜੇ ਫਿਰਦੇ ਹਨ ਇਥੇ। ਸਿਆਸੀ ਆਗੂਆਂ ਦੀ ਜੇਬ ਵਿੱਚੋਂ ਨਿਕਲਿਆਂ ਵੇਦਾਂਤੀ ਜਥੇਦਾਰ ਬਣਿਆ ਹੈ। ਉਸ ਦੇ ਜਥੇਦਾਰ ਹੁੰਦਿਆਂ ਜੋ ਜਹਾਨ ਦੀ ਮਨਮਤਿ ਹੈ। ਉਹ ਸ਼੍ਰੋਮਣੀ ਕਮੇਟੀ ਅਤੇ ਡੇਰੇਦਾਰ ਸਾਧ, ਰਾਜਨੀਤਕ ਕਰ ਰਹੇ ਹਨ। ਉਸ ਦੇ ਜਥੇਦਾਰ ਹੁੰਦਿਆਂ, ਅਕਾਲ ਤਖ਼ਤ 'ਤੇ ਗ਼ਲਤ ਫ਼ੈਸਲੇ ਹੋ ਰਹੇ ਹਨ। ਬਹੁਤ ਵੱਡਾ ਤ੍ਰਿਸਕਾਰ 'ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਸਰੂਪ ਦੁਕਾਨਾਂ 'ਤੇ ਵਿਕ ਰਹੇ ਹਨ। ਦੇਹਧਾਰੀ ਗੁਰੂ ਡੰਮ੍ਹ, ਪਤਿਤਪੁਣਾ, ਚਾਰੇ ਪਾਸੇ ਫੈਲਿਆ ਹੋਇਆ ਹੈ। ਜਥੇਦਾਰ ਮੂੰਹ ਤੱਕ ਵੀ ਨਹੀਂ ਖੋਲ੍ਹਦਾ। ਕੀ ਇਹੋ ਜਿਹੇ ਪੈਦਾ ਕੀਤੇ ਟਕਸਾਲ ਨੇ ? ਹੈੱਡ ਗ੍ਰੰਥੀ ਪੂਰਨ ਸਿੰਘ ਲੱਗਾ ਹੈ। ਬ੍ਰਾਹਮਣੀ ਮੱਤਾਂ ਦਾ ਪੜ੍ਹਾਇਆ ਸਿੰਘਾਂ ਨੂੰ ਲਵ-ਕੁਸ਼ ਦੀ ਔਲਾਦ ਦੱਸ ਰਿਹਾ ਹੈ। ਕਥਾ ਵਿੱਚ ਕਰਾਮਾਤੀ ਅਤੇ ਗੁਰਮਤਿ ਸਿਧਾਂਤ ਨੂੰ ਖੰਡਨ ਕਰਨ ਵਾਲੀਆਂ ਕਹਾਣੀਆਂ ਸੁਣਾਉਂਦਾ ਹੈ। ਆਰ.ਐਸ.ਐਸ. ਜੋ ਸਿੱਖਾਂ ਦੀ ਦੁਸ਼ਮਣ ਹੈ ਉਸਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਇਸ ਨੇ ਖ਼ੁਦ ਕੀਤੀ ਹੈ। ਫ਼ੋਟੋਆਂ ਸਮੇਤ ਸਬੂਤ ਸਾਡੇ ਕੋਲ ਹਨ। ਕਥਾ ਕਰਦਿਆਂ ਗੁਰਮਤਿ ਦੀ ਗੱਲ ਇਸ ਦੇ ਮੂੰਹੋਂ ਭੁੱਲ ਕੇ ਵੀ ਨਹੀਂ ਨਿਕਲਦੀ। ਕੀ ਇਹੋ ਜਿਹੇ ਸਿੰਘ ਸਾਹਿਬ ਪੈਦਾ ਕੀਤੇ ਟਕਸਾਲ ਨੇ ? ਹੋਰ ਵੀ ਐਸੇ ਹੀ ਪੈਦਾ ਕੀਤੇ ਹੋਣਗੇ ਕਿਉਂਕਿ ਦਾਲ ਬਣ ਗਈ ਦਾ ਪਤਾ ਲਾਉਣਾ ਹੋਵੇ ਤਾਂ ਕੇਵਲ ਇੱਕ ਦਾਣਾ ਹੀ ਟੋਹ ਕੇ ਦੇਖੀਦਾ ਹੈ। ਸਾਰੇ

ਦਾਣੇ ਵਾਰੀ ਵਾਰੀ ਟੋਹਣ ਦੀ ਲੋੜ ਨਹੀਂ ਪੈਂਦੀ।

ਅੱਗੇ 'ਖਾਲਸਾ ਜੀਵਨ' ਪੰਨਾ 67 'ਤੇ ਲਿਖਦੇ ਹਨ : ਗੁਰਬਾਣੀ ਪਾਠ ਦਰਸ਼ਨ ਜਿਸ ਵਿੱਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੇ ਕਠਿਨ ਪਾਠਾਂ ਦਾ ਨਿਰਣਾ ਕੀਤਾ ਹੈ। ਸ਼ੁੱਧ ਪਾਠ ਕਰਨ ਵਾਸਤੇ ਇੱਕ ਅਲੌਕਿਕ ਪੁਸਤਕ ਹੈ।

ਵਿਚਾਰ : ਇਹ ਪੁਸਤਕ ਅਸੀਂ ਪੜ੍ਹੀ ਹੈ। ਇਸ ਵਿਚ ਪਾਠ ਸਮੇਂ ਅੱਧਕ ਲਾ ਦਿੱਤੇ ਹਨ ਪਰ ਕਹਿੰਦਾ ਬਿੰਦੀ ਕੋਲੋਂ ਕਿਤੇ ਨਹੀਂ ਲਾਉਣੀ। ਜੇ ਪਾਠ ਕਰਨ ਸਮੇਂ ਅੱਧਕ ਬੋਲਿਆ ਜਾ ਸਕਦਾ ਹੈ ਤਾਂ ਬਿੰਦੀ ਕਿਉਂ ਨਹੀਂ ? ਕਰੀਬ 2000 ਬਿੰਦੇ, 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਲੱਗੇ ਹਨ ਪਰ ਅੱਧਕ ਤਾਂ ਕਿਤੇ ਇੱਕ ਵੀ ਨਹੀਂ ਹੈ। ਇਹ ਦੁੱਤ ਉਚਾਰਨ ਨਾਸਕੀ ਉਚਾਰਨ ਕਰਨੇ ਜ਼ਰੂਰੀ ਹਨ ਪਰ ਟਕਸਾਲੀ ਐਸਾ ਨਹੀਂ ਕਰਦੇ। ਗੁਰਬਾਣੀ ਪਾਠ ਦਰਸ਼ਨ ਵਿੱਚ ਲਿਖਿਆ ਹੈ :

'ਲਾਖ ਕਰੋਰੀ ਬੰਧੁ ਨ ਪਰੈ ॥

(264)

ਕੋਈ ਟਕਸਾਲੀ ਸਾਰੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਅੰਦਰ ਕਿਤੇ ਵੀ ਧੁ ਵਾਲਾ ਬੰਧਨ ਲਿਖਿਆ ਦਿਖਾਵੇ। ਜਿਸ ਦਾ ਅਰਥ ਬੰਧਨ ਕੱਟਣੇ ਬਣਦਾ ਹੋਵੇ। ਕਿਤੇ ਨਹੀਂ ਹੈ। ਬੰਧਨੁ "ਨ" ਹੋ ਸਕਦਾ ਹੈ ਬੰਧਨ ਮੁਕਤਾ ਹੋ ਸਕਦਾ ਹੈ ਪਰ "ਧੁ" ਵਾਲਾ ਬੰਧਨ ਸਾਰੇ ਸਰੂਪ ਵਿੱਚ ਕਿਤੇ ਨਹੀਂ ਹੈ। ਇਸ ਤਰ੍ਹਾਂ ਹੋਰ ਵੀ ਪਾਠ ਟਕਸਾਲ ਵਾਲੇ ਗਲਤ ਕਰਦੇ ਹਨ।

ਅੱਖੀਂ ਡਿੱਠੀ ਘਟਨਾ ਯਾਦ ਆ ਗਈ ਹੈ। ਸਾਡੇ ਨੇੜੇ ਪਿੰਡ ਮਾੜੀ ਗੌੜ ਸਿੰਘ ਨਿੱਤਨੇਮ ਸੰਥਿਆ ਵਾਸਤੇ ਕੈਂਪ ਲੱਗਾ ਜੋ ਐਸ.ਜੀ.ਪੀ.ਸੀ. ਨੇ ਲਾਇਆ। ਇਹ ਚਾਰ ਦਿਨਾਂ ਦਾ ਕੈਂਪ ਸੀ। ਅਸੀਂ ਸਾਰੇ ਦਿਨ ਹਾਜ਼ਰੀ ਭਰੀ ਪਹਿਲੇ ਦਿਨ ਸ਼੍ਰੋਮਣੀ ਕਮੇਟੀ ਵਿੱਚ ਤਨਖ਼ਾਹੀਆਂ ਮੁਲਾਜ਼ਮ ਟਕਸਾਲੀ ਹੈੱਡ ਗ੍ਰੰਥੀ ਗੁ. ਪਿਪਲੀ ਸਾਹਿਬ ਅੰਮ੍ਰਿਤਸਰ ਨੇ ਜਪੁ ਜੀ ਸਾਹਿਬ ਦੀ ਸੰਥਿਆ ਕਰਵਾਈ। ਅਸੀਂ ਡਾਇਰੀ 'ਤੇ ਉਸ ਦੀਆਂ ਗਲਤੀਆਂ ਨੋਟ ਕਰੀ ਗਏ। ਜਦੋਂ ਜਪੁ ਜੀ ਸਾਹਿਬ ਦਾ ਭੋਗ ਪਿਆ ਤਾਂ ਅਸੀਂ ਕਿਹਾ ਕਿ ਸਾਡੇ ਸਵਾਲਾਂ ਦਾ ਜਵਾਬ ਉਹ ਟਕਸਾਲੀ ਖ਼ੁਦ ਦੇਵੇ ਜਿਸ ਨੇ ਸੰਥਿਆਾ ਕਰਵਾਈ ਹੈ। ਟਕਸਾਲੀ ਨੂੰ ਇੱਕ ਵੀ ਜਵਾਬ ਨਾ ਆਇਆ। ਉਹ ਸਾਰੇ ਜਵਾਬ ਭਾਈ ਅਨੂਪ ਸਿੰਘ ਹੈੱਡ ਪ੍ਰਚਾਰਕ ਨੇ ਦਿੱਤੇ। ਟਕਸਾਲੀ ਚੁੱਪ ਕਰ ਕੇ ਬੈਠਾ ਰਿਹਾ। ਅਗਲੇ ਦਿਨ ਸੰਥਿਆ ਦੇਣ ਨਾ ਆਇਆ। ਸੋ ਇਹ ਫ਼ੈਸਲੇ ਹੋ ਚੁੱਕੇ ਹਨ ਕਿ ਟਕਸਾਲੀ ਪਾਠ ਗਲਤ ਹੈ।

ਗੁਰਦਵਾਰਿਆਂ ਦੀ ਸੇਵਾ ਤੇ ਇਕੌਤਰੀਆਂ ਕੀਤੀਆਂ, ਖ਼ਾਲਸਾ ਜੀਵਨ ਵਿੱਚ ਲਿਖੀਆਂ ਹਨ

ਵਿਚਾਰ : ਇਕੌਤਰੀ ਕਹਿੰਦੇ 101 ਅਖੰਡ ਪਾਠ ਨੂੰ। ਇਹ ਇਕੌਤਰੀਆਂ ਬ੍ਰਾਹਮਣੀ ਮੱਤ ਹੈ। ਇਹੋ ਜਿਹੀਆਂ ਇਕੌਤਰੀਆਂ ਵਾਸਤੇ ਸਿੱਖ ਮੱਤ ਵਿੱਚ ਕੋਈ ਥਾਂ ਨਹੀਂ ਹੈ। ਸਿੱਖ ਨੇ ਗੁਰਬਾਣੀ ਨੂੰ ਪੜ੍ਹਨਾ, ਸੁਣਨਾ, ਸਮਝਣਾ, ਮੰਨਣਾ ਕਮਾਉਣਾ ਵੀ ਹੈ। ਇਹ ਇਕੌਤਰੀਆਂ ਨਹੀਂ ਕਰਨੀਆਂ ਅਤੇ ਨਾ ਹੀ ਕਰਾਉਣੀਆਂ ਹਨ। ਸਿੱਖ ਨੇ ਗੁਰੂ ਦਾ ਬਚਨ ਹਿਰਦੇ ਵਿੱਚ ਵਸਾਉਣਾ ਹੈ। ਮੰਤਰ ਰਟਨ ਪਾਠ ਨਹੀਂ ਕਰਨਾ। ਇਸ ਬਾਰੇ ਇਸੇ ਪੁਸਤਕ ਵਿੱਚ ਪਿੱਛੇ ਖੁੱਲ੍ਹੀ ਵਿਚਾਰ ਹੋ ਚੁੱਕੀ ਹੈ। (ਵਿਸਥਾਰ ਸਹਿਤ ਜਪ ਸਿਮਰਣ ਬਾਰੇ ਪੜ੍ਹੋ ਪੁਸਤਕ –"ਜਿਨਾਂ ਨਾਮ ਜਪਿਆ ਤਿਨਾ ਤੇਗ ਵਾਹੀ"–ਪ੍ਰੋ. ਇੰਦਰ ਸਿੰਘ ਘੱਗਾ)

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਮੰਗਲਾਂ ਦੀ ਸੇਵਾ

ਪੁਰਾਤਨ ਸਰੂਪਾਂ ਵਿੱਚ ਮੰਗਲ ਇਸ ਤਰ੍ਹਾਂ ਹੈ :

ੴ ਸਤਿਗੁਰ ਪ੍ਰਸਾਦਿ ॥ ਆਸਾ ਮਹਲਾ ੧

ਟਕਸਾਲ ਨੇ ਕੀ ਸੇਵਾ ਕੀਤੀ ?

ਆਸਾ ਮਹਲਾ ੧ ॥ੴ ਸਤਿਗੁਰ ਪ੍ਰਸਾਦਿ ॥

ਪਾਠਕ ਜਨ ਆਪ ਫ਼ੈਸਲਾ ਕਰ ਸਕਦੇ ਹਨ। ਪਹਿਲਾਂ ਸਹੀ ਲਿਖਿਆ ਗਿਆ ਹੈ ਕਿ ਦੂਜਾ। ਪ੍ਰਮਾਤਮਾ ਪਹਿਲਾਂ ਬਾਕੀ ਸੱਭ ਬਾਅਦ ਵਿੱਚ। ਗੁਰੂ ਨੇ ਪ੍ਰਮਾਤਮਾ ਨੂੰ ਪਹਿਲਾਂ ਰੱਖਿਆ ਹੈ। ਮੰਗਲਾਂ ਦੇ ਸੰਬੰਧ ਵਿੱਚ ਟਕਸਾਲ ਨੇ ਸੇਵਾ ਨਹੀਂ ਕੀਤੀ, ਕੁਸੇਵਾ ਕੀਤੀ ਹੈ। ਟਕਸਾਲ ਨੇ ਇਥੇ ਅਖੰਡ ਸੰਪਟ ਪਾਠਾਂ ਦੀ ਗੱਲ ਵੀ ਕੀਤੀ ਹੈ ਜੋ ਸਰਾਸਰ ਗਲਤ ਹੈ। ਗੁਰਮਤਿ ਵਿੱਚ ਸੰਪਟ ਪਾਠ ਵਾਸਤੇ ਕੋਈ ਥਾਂ ਨਹੀਂ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਗੁਰਮਤਿ ਮਾਰਤੰਡ ਵਿੱਚ ਜ਼ਿਕਰ ਕੀਤਾ ਹੈ ਕਿ ਸੰਪਟ ਪਾਠਾਂ ਦਾ ਸਿੱਖ ਮੱਤ ਵਿਚ ਕੋਈ ਵਿਧਾਨ ਨਹੀਂ ਹੈ। ਇਸ ਬਾਰੇ ਅੱਗੇ ਚੱਲ ਕੇ ਹੋਰ ਵੀ ਵਿਚਾਰ ਕੀਤੀ ਜਾਵੇਗੀ। ਖਾਲਸਾ ਜੀਵਨ ਦੇ ਪੰਨਾ 145 'ਤੇ ਜੋ ਗਿਆਨੀ ਸੁੰਦਰ ਸਿੰਘ ਭਿੰਡਰਾਂ ਵਾਲਿਆਂ ਦਾ ਭਰਾ ਸੰਤ ਇੰਦਰ ਸਿੰਘ ਲਿਖਿਆ ਹੈ ਇਸ ਬਾਰੇ ਟਕਸਾਲੀ ਪੁਸਤਕ 'ਭਿੰਡਰਾਂ ਵਾਲੇ' ਵਿੱਚੋਂ ਮੈਂ ਖ਼ੁਦ ਪੜ੍ਹਿਆ ਹੈ। ਪੰਨਾ ਯਾਦ ਨਹੀਂ ਹੈ। ਕਿ ਇਹ ਸੰਤ ਇੰਦਰ ਸਿੰਘ ਕਿਹਾ ਕਰਦੇ ਸੀ ਕਿ ਐ ਲਉ ਭਾਈ ਇਕ ਪੁੜੀ ਲੈ ਜਾਉ ਤੁਹਾਨੂੰ ਕਦੇ ਦੁੱਖ ਨਹੀਂ ਲੱਗੇਗਾ। ਇਹ ਪੁੜੀ ਦਿੰਦੇ ਸੀ 'ਪਰ ਕਾ ਬੁਰਾ ਨਾ ਰਾਖਹੁ ਚੀਤਿ ॥ ਤੁਮ ਕਉ ਦੁਖੁ ਨਹੀਂ ਭਾਈ ਮੀਤੁ ॥' ਪੁੜੀਆਂ ਵੰਡਦੇ ਰਹੇ ਦੂਜਿਆਂ ਨੂੰ ਆਪ ਇੱਕ ਵੀ ਪੁੜੀ ਨਹੀਂ ਖਾਧੀ। ਜਦੋਂ ਗਿਆਨੀ ਗੁਰਬਚਨ ਸਿੰਘ ਨੇ ਗਿਆਨੀ ਕਰਤਾਰ ਸਿੰਘ ਨੂੰ ਟਕਸਾਲੀ ਪੱਗ ਦਿੱਤੀ ਤਾਂ ਸੰਤ ਇੰਦਰ ਸਿੰਘ, ਈਰਖਾ ਦੀ ਅੱਗ ਵਿੱਚ ਮਚ ਉੱਠਿਆ। ਇਹਨੇ ਮਾਝੇ ਮਾਲਵੇ ਦਾ ਸਵਾਲ ਪਾ ਦਿੱਤਾ। ਇਸ ਸੰਤ ਦੇ ਅੰਦਰੋਂ ਮਾਝੇ ਮਾਲਵੇ ਦੀ ਕੰਧ ਨਾ ਟੁੱਟੀ। ਗਿਆਨੀ ਕਰਤਾਰ ਸਿੰਘ ਨੂੰ ਪੱਗ ਬੱਝਣ ਲੱਗੀ ਤਾਂ ਇਸ

ਨੇ ਕਰਤਾਰ ਸਿੰਘ ਨੂੰ ਇੱਕ ਕਮਰੇ ਅੰਦਰ ਦੇ ਕੇ ਬਾਹਰ ਜ਼ਿੰਦਾ ਲਾ ਦਿੱਤਾ ਤੇ ਕਿਹਾ ਕਿ ਜਾਹ ਆਪਣੇ ਪਿੰਡ ਭੂਰੇ ਕੋਹਨੇ ਜਾ ਕੇ ਮੱਕੀ ਗੋਡ, ਇਥੇ ਸੰਤ ਬਣਨ ਦੇ ਸੁਪਨੇ ਨਾ ਲੈ। ਤਾਂ ਉਥੇ ਪੱਗ ਧੱਕੇ ਨਾਲ ਗਿਆਨੀ ਮੋਹਨ ਸਿੰਘ ਨੂੰ ਬੰਨ੍ਹ ਦਿੱਤੀ। ਸੰਤ ਤਾਰਾ ਸਿੰਘ ਸਰਹਾਲੀ ਅਤੇ ਸੰਤ ਸੋਹਣ ਸਿੰਘ ਸੁਰ ਸਿੰਘ ਵਾਲਿਆਂ ਨੇ ਰਾਈਫ਼ਲਾਂ ਲਿਜਾ ਕੇ ਨਾਲ ਹੋਰ ਸਿੰਘ ਲੈ ਕੇ, ਜਿੰਦਰਾ ਤੋੜ ਕੇ ਗਿਆਨੀ ਕਰਤਾਰ ਸਿੰਘ ਨੂੰ ਅੰਦਰੋਂ ਕੱਢਿਆ। ਟਕਸਾਲੀਆਂ ਦੇ ਕਹਿਣ ਮੁਤਾਬਕ ਸੀਨੇ ਬਸੀਨੇ ਚੱਲੀ ਆਉਂਦੀ ਟਕਸਾਲ ਦਾ ਸੀਨਾ ਇਨ੍ਹਾਂ ਅਖੌਤੀ ਸੰਤਾਂ ਨੇ ਆਪਣੇ ਹੱਥੀਂ ਲੀਰੋ ਲੀਰ ਕਰ ਦਿੱਤਾ। ਇਹ ਜ਼ਿਕਰ ਪਿੱਛੇ ਵੀ ਆ ਚੁੱਕਾ ਹੈ।

ਗਿਆਨੀ ਗੁਰਬਚਨ ਸਿੰਘ ਦਾ ਆਖ਼ਰੀ ਸੁਆਸਾਂ ਤੱਕ ਆਪਣੇ ਦੇਹ ਸਰੀਰ ਨਾਲੋਂ ਮੋਹ ਨਾ ਟੁੱਟਾ ਕਿਉਂਕਿ ਖਾਲਸਾ ਜੀਵਨ ਪੰਨਾ 144 'ਤੇ ਲਿਖਿਆ ਹੈ ਕਿ ਸਾਡੇ ਸਰੀਰ ਦਾ ਸਸਕਾਰ ਪਾਤਾਲਪੁਰੀ ਸਾਹਿਬ ਕਰਨਾ। ਗੁਰ ਫੁਰਮਾਨ ਹੈ :

"ਜੇ ਮਿਰਤਕ ਕਉ ਚੰਦਨ ਚੜਾਵੈ ॥ ਉਸ ਤੇ ਕਹਹੁ ਕਵਨ ਫਲ ਪਾਵੈ ॥
ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ॥ ਤਾ ਮਿਰਤਕ ਕਾ ਕਿਆ ਘਟਿ ਜਾਈ॥'
(1160)

ਸੰਤ ਕਰਤਾਰ ਸਿੰਘ ਨੇ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਕੇ ਮਿਰਤਕ ਸਰੀਰ ਨੂੰ ਪਾਤਾਲਪੁਰ ਸਾਹਿਬ ਖੜ੍ਹਿਆ ਅਤੇ ਉਥੇ ਸੰਸਕਾਰ ਕੀਤਾ। ਹਿੰਦੂ ਮੱਤ ਵਾਲਾ ਫੋਕਾ ਕਰਮ ਕਾਂਡ ਗਿਆਨੀ ਗੁਰਬਚਨ ਸਿੰਘ ਨੇ ਮਰਦੇ ਦਮ ਤੱਕ ਨਹੀਂ ਛੱਡਿਆ। ਇਥੇ ਹੋਰ ਵੀ ਬਹੁਤ ਕੁੱਝ ਲਿਖਣਯੋਗ ਹੈ ਪਰ ਸੰਖੇਪ ਕਰ ਰਿਹਾ ਹਾਂ। ਇਸ ਪੁਸਤਕ ਦੇ ਹੋਰ ਆ ਰਹੇ ਭਾਗਾਂ ਵਿੱਚ ਉਹ ਵੀ ਲਿਖ ਦਿਆਂਗਾ।

## ਟਕਸਾਲੀ ਗੁਰਮਤਿ ਰਹਿਤ ਮਰਿਆਦਾ :

ਜਿਵੇਂ ਅੱਜ ਕੱਲ੍ਹ ਦੇ ਚੁੰਚ ਗਿਆਨੀ ਵੀ ਕੇਵਲ ਵਿਵਹਾਰਕ ਵਿੱਦਿਆ ਦੀਆਂ ਪੁਸਤਕਾਂ ਪੜ੍ਹ ਪੜ੍ਹ ਕੇ ਬ੍ਰਹਮ ਵਿੱਦਿਆ ਤੋਂ ਬਿਨਾਂ ਥੋਥੇ ਅਤੇ ਖਾਲੀ ਰਹਿ ਜਾਂਦੇ ਹਨ ਕਿਉਂਕਿ ਉਹ ਭਾਉ, ਭਗਤੀ ਤੇ ਸਿਮਰਨ ਤੋਂ ਖਾਲੀ ਹੁੰਦੇ ਹਨ ਮਨ ਤਾਰੂ ਮਲਾਹ ਦੀ ਨਿਆਈਂ ਹਨ। ਆਪ ਕਮਾਈ ਨਹੀਂ ਕਰਦੇ ਪਰ ਦੂਜਿਆਂ ਨੂੰ ਹੀ ਉਪਦੇਸ਼ ਦੇਣ ਜੋਗੇ ਹਨ।

ਪੜਿ ਪੜਿ ਗਡੀ ਲਦੀਅਹ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ (467)

(ਖਾਲਸਾ ਜੀਵਨ ਪੰਨਾ 194)

ਵਿਚਾਰ : ਪਹਿਲੇ ਪਾਤਸ਼ਾਹ ਦੇ ਨਾਲ ਰਹੇ ਭਾਈ ਮਰਦਾਨਾ ਜੀ ਤੋਂ ਲੈ ਕੇ ਬੰਦਾ ਸਿੰਘ ਬਹਾਦਰ ਜੀ ਦੇ ਨਾਲ ਰਹੇ ਸਿੰਘਾਂ ਤੱਕ ਕਰੀਬ 250 ਸਾਲ ਕਿਸੇ ਇੱਕ ਵੀ ਸਿੰਘ ਨੇ ਆਪਣੇ ਨਾਮ ਨਾਲ ਸੰਤ ਅੱਖਰ ਨਹੀਂ ਲੱਗਣ ਦਿੱਤਾ। ਕੀ ਉਹ ਸਾਰੇ ਚੁੰਚ ਗਿਆਨੀ ਸਨ? ਕੀ ਉਹ ਸਾਰੇ ਬ੍ਰਹਮ ਵਿੱਦਿਆ ਤੋਂ ਖਾਲੀ ਸਨ। ਗੁਰਮਤਿ ਦੇ ਫਿਲਾਸਫਰ ਵਿਆਖਿਆਕਾਰ ਭਾਈ ਗੁਰਦਾਸ ਜੀ ਬ੍ਰਹਮ ਵਿੱਦਿਆ ਤੋਂ ਖਾਲੀ ਸਨ? ਬੰਦ ਬੰਦ ਕਟਾਉਣ ਵਾਲੇ, ਚਰਖੜੀਆ 'ਤੇ ਚੜ੍ਹਨ ਵਾਲੇ, ਖੋਪਰੇ ਲਹਾਉਣ ਵਾਲੇ, ਆਰਿਆਂ ਨਾਲ ਚੀਰੇ ਜਾਣ ਵਾਲੇ, ਉਬਲਦੀਆਂ ਦੇਗਾਂ ਵਿੱਚ ਉਬਲਣ ਵਾਲੇ, ਸੀਨਿਆਂ ਵਿੱਚ ਬਰਸ਼ੇ ਅਤੇ ਗੋਲੀਆਂ ਖਾਣ ਵਾਲੇ, ਜੰਡਾਂ ਨਾਲ ਬੰਨ੍ਹ ਕੇ ਸਾੜੇ ਜਾਣ ਵਾਲੇ, ਮੋਰਚੇ ਲਾ ਕੇ ਗੱਡੀਆਂ ਰੋਕਣ ਵਾਲੇ, ਬੱਚਿਆਂ ਦੇ ਟੋਟੇ ਕਰਾ ਕੇ ਝੋਲੀਆਂ ਵਿੱਚ ਪਵਾਉਣ ਵਾਲੇ, ਹੋਰ ਵੀ ਸ਼ਹੀਦ ਸਿੰਦਕੀ ਸਿੱਖ ਕੀ ਚੁੰਚ ਗਿਆਨੀ ਸਨ? ਕੀ ਉਹ ਬ੍ਰਹਮ ਵਿੱਦਿਆ ਤੋਂ ਖਾਲੀ ਸਨ?

ਕੀ ਇਹ ਟਕਸਾਲੀ ਅਤੇ ਹੋਰ ਅਖੌਤੀ ਬ੍ਰਹਮ ਗਿਆਨੀ ਬ੍ਰਾਹਮਣੀ ਫੋਕੇ ਕਰਮ ਕਾਂਡਾਂ ਨੂੰ ਗੁਰਮਤਿ ਦੱਸਣ ਵਾਲੇ, ਬ੍ਰਾਹਮਣ ਵਾਂਗੂੰ ਅੱਖਾਂ ਮੀਟ ਕੇ ਤਿੰਨਾਂ ਲੋਕਾਂ ਦੀ ਸੋਝੀ ਹੋਣ ਦੇ ਦਾਅਵੇ ਕਰਨ ਵਾਲੇ, ਬਿਨਾਂ ਰਿਤ ਕੀਤਿਆਂ ਪੂਜਾ ਦੇ ਧਾਨ 'ਤੇ ਪਲਣ ਵਾਲੇ, ਚਿੱਟੇ ਕਪੜੇ ਪਾ ਕੇ ਪਲੰਘਿਆਂ 'ਤੇ ਬੈਠ ਕੇ ਬਗੁਲ ਸਮਾਧੀਆਂ ਦੇ ਦਿਖਾਵੇ ਕਰਨ ਵਾਲੇ, ਕੋਈ ਗੜਵਈ ਹੱਥ ਧਵਾਉਣ ਵਾਲਾ ਤੇ ਕੋਈ ਟੂੱਕ ਖਵਾਉਣ ਵਾਲਾ ਤੇ ਕੋਈ ਪਲੰਘਾ ਵਿਛਾਉਣ ਵਾਲਾ। ਗੁਰਬਾਣੀ ਦਾ ਮੰਤਰ ਰੂਪ ਪਾਠ ਕਰਨ ਅਤੇ ਕਰਵਾਉਣ ਵਾਲੇ, ਗੁਰੂ ਪ੍ਰਮਾਤਮਾ ਨਾਲ ਵੀ ਪਾਠਾਂ ਦੀਆਂ ਗਿਣਤੀਆਂ ਹਿਸਾਬ-ਕਿਤਾਬ ਕਰਨ ਵਾਲੇ, "ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ" ਦੇ ਸ਼ਰੀਕ ਬਣ ਕੇ ਆਪਣੀ ਪੂਜਾ ਕਰਵਾਉਣ ਵਾਲੇ, ਇਹ ਬ੍ਰਹਮਗਿਆਨੀ ਹਨ? ਕਦਾਚਿਤ ਨਹੀਂ! ਇਹ ਤਾਂ ਇਸ ਲੋਕ ਦਾ ਗਿਆਨ ਵੀ ਨਹੀਂ ਰੱਖਦੇ। ਪ੍ਰਮਾਤਮਾ ਦਾ ਕਿੱਥੇ? ਇਹ "ਪੜਿ ਪੜਿ ਗਡੀ ਲਦੀਅਹਿ... ਵਾਲਾ ਸ਼ਬਦ, ਇਨ੍ਹਾਂ ਕਰਮਕਾਂਡੀਆਂ 'ਤੇ ਹੀ ਢੁਕਦਾ ਹੈ ਜਿਹੜੇ ਅਖੰਡ ਪਾਠਾਂ ਦੀਆਂ ਇਕੌਤਰੀਆਂ (ਰਮਾਇਣ ਦੇ ਪਾਠਾਂ ਦੀਆਂ ਇਕੌਤਰੀਆਂ ਦੀ ਤਰਜ 'ਤੇ) ਕਰਾਉਣ ਵਾਲੇ, ਕਰਨ ਵਾਲੇ, ਬਿਨਾਂ ਸਮਝਿਆਂ, ਮੰਨਿਆਂ 30-30 ਬਾਣੀਆਂ, ਦਾ ਨਿੱਤਨੇਮ ਕਰਨ ਵਾਲੇ, ਹਿੰਦੂ ਬ੍ਰਾਹਮਣੀ ਮੰਤਰਾਂ ਵਾਂਗ ਸਵਾ ਸਵਾ ਲੱਖ ਜਪੁ, ਜਾਪੁ ਅਤੇ ਮੂਲ ਮੰਤਰ ਦਾ ਪਾਠ ਕਰਨ ਵਾਲੇ, ਜ਼ਬਾਨ ਇੰਜ ਚਲਦੀ ਜਿਵੇਂ ਮਸ਼ੀਨ ਚਲਦੀ ਹੈ। ਕੋਈ ਪਤਾ ਨਹੀਂ, ਕੀ ਪੜ੍ਹ ਰਹੇ ਹਨ? ਕੀ ਬੋਲ ਰਹੇ ਹਨ? ਕੀ ਲੰਘ ਗਿਆ? ਕੀ ਆ ਗਿਆ? ਧਿਆਨ ਕਿਤੇ, ਬਾਣੀ ਕਿਤੇ, ਆਪ ਕਿਤੇ, ਮਨ

ਕਿਤੇ, ਅਰਥ ਕਿਤੇ, ਭਾਵ ਕਿਤੇ, ਗੁਰਮਤਿ ਸਿਧਾਂਤ 'ਪੜਿਐ ਨਾਹੀ ਭੇਦੁ ਬੁਝਿਆ ਪਾਵਣਾ॥' ਨੂੰ ਪਾਸੇ ਕਰ ਕੇ ਸੰਤ ਬ੍ਰਹਮ ਗਿਆਨੀ 108, 1008 ਅਤੇ ਹੋਰ ਕਈ ਕੁੱਝ ਬਣੇ ਫਿਰਦੇ ਹਨ, ਸੋ ਇਹ ਪੜ੍ਹਿ ਪੜ੍ਹਿ... ਵਾਲਾ ਸ਼ਬਦ ਇਨ੍ਹਾਂ 'ਤੇ ਪੂਰਾ ਢੁਕਦਾ ਹੈ।

ਸਿੱਖ ਵਿਦਵਾਨ ਜਿਨ੍ਹਾਂ ਕਿਰਤ ਕਾਰ ਕਰਦਿਆਂ ਹੋਇਆ ਆਪਣੇ ਘਰੋਂ ਪ੍ਰਸ਼ਾਦਾ ਛਕ ਕੇ ਸਾਰਾ ਜੀਵਨ ਗੁਰਬਾਣੀ ਖੋਜ, ਸੁਣਨ, ਸਮਝਣ, ਮੰਨਣ ਅਤੇ ਕਮਾਉਣ 'ਤੇ ਲਾ ਦਿੱਤਾ ਕਹਿਣ ਤੋਂ ਭਾਵ ਪ੍ਰੋ. ਸਾਹਿਬ ਸਿੰਘ ਜੀ। ਸਾਰੀ ਜ਼ਿੰਦਗੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਾਸ ਬਣ ਕੇ ਰਹੇ ਆਪਣੇ ਨਾਮ ਦੇ ਨਾਲ ਸੰਤ ਤਾਂ ਕੀ ਗਿਆਨੀ ਅੱਖਰ ਤੱਕ ਵੀ ਨਾ ਲਾਇਆ। 'ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥' (ਪੰਨਾ 1384) ਗੁਰਵਾਕ 'ਤੇ ਪਹਿਰਾ ਦਿੱਤਾ। ਬ੍ਰਾਹਮਣੀ ਕਰਮ ਕਾਂਡਾਂ ਦਾ ਸਦਾ ਖੰਡਨ ਕਰਦੇ ਰਹੇ। ਜੇ ਅਨਪੜ੍ਹ ਸਾਧ ਜਿਨ੍ਹਾਂ ਨੂੰ ਗੁਰਮਤਿ ਦਾ ੳ ਅ ਵੀ ਨਹੀਂ ਆਉਂਦਾ, ਉਹ ਬ੍ਰਹਮ ਗਿਆਨੀ ਕਹਾ ਸਕਦੇ ਹਨ ਤਾਂ ਪੁਰਾਣੇ ਪੜ੍ਹੇ ਲਿਖੇ ਪੀ-ਐਚ.ਡੀ. ਸਾਹਿਬ ਸਿੰਘ ਕਿਉਂ ਨਹੀਂ ਸੀ ਕਹਾ ਸਕਦੇ? ਪਰ ਉਨ੍ਹਾਂ ਸਦਾ ਗੁਰੂ ਕੇ ਬਚਨ ਨੂੰ ਸਾਹਮਣੇ ਰੱਖਿਆ, ਸਾਰੀ ਜ਼ਿੰਦਗੀ ਗੁਰਮਤਿ ਸਿਧਾਂਤਾਂ ਦੀ ਪਹਿਰੇਦਾਰੀ ਕਰਦੇ ਰਹੇ, ਕੋਈ ਪਰਪੰਚ ਕੋਈ ਡੇਰਾ ਨਹੀਂ ਚਲਾਇਆ। ਉਨ੍ਹਾਂ ਦੀ ਸੱਭ ਤੋਂ ਵੱਡੀ ਘਾਲਣਾ ਗੁਰਬਾਣੀ ਵਿਆਕਰਣ ਅਨੁਸਾਰ 'ਧੰਨ ਗੁਰੂ ਗ੍ਰੰਥ ਸਾਹਿਬ ਜੀ' ਦਾ ਟੀਕਾ ਦਰਪਣ ਜੋ ਉਨ੍ਹਾਂ 36 ਸਾਲ ਮਿਹਨਤ ਕਰ ਕੇ ਲਿਖਿਆ। ਇਹ ਉਨ੍ਹਾਂ ਦੀ ਮਹਾਨ ਦੇਣ ਹੈ। ਸਿੱਖ ਕੌਮ ਪ੍ਰਤੀ। ਫ਼ਰੀਦਕੋਟੀਆਂ ਦਾ ਟੀਕਾ ਅਤੇ ਹੋਰ ਵੀ ਜੋ ਟੀਕੇ ਹਨ ਉਹ ਬ੍ਰਾਹਮਣੀ ਮੱਤਾਂ ਵਾਲਿਆਂ ਟੀਕਿਆਂ ਨੇ ਹੀ ਬਹੁਤੇ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਅਤੇ ਕਛਹਿਰਾਧਾਰੀ ਹਿੰਦੂ ਬਣਾ ਕੇ ਰੱਖ ਦਿੱਤਾ ਹੈ। ਇਹ ਕਛਹਿਰਾਧਾਰੀ ਹਿੰਦੂ ਹੀ ਅੱਜ ਤੱਤ ਗੁਰਮਤਿ ਦੀ ਗੱਲ ਕਰਨ ਵਾਲਿਆਂ ਨੂੰ ਚੁੰਚ ਗਿਆਨੀ ਅਤੇ ਨਾਸਤਿਕ ਕਹਿ ਰਹੇ ਹਨ। ਹਿੰਦੂ ਮੱਤ ਦਾ ਸ਼ਿਕਾਰ ਹੋਈ ਕੌਮ ਨੇ ਪ੍ਰੋ. ਸਾਹਿਬ ਸਿੰਘ ਨੂੰ ਕੋਈ ਸਿਤਕਾਰ ਨਹੀਂ ਦਿੱਤਾ। ਜਿੰਨਾ ਚਿਰ ਸਿੱਖ ਕੌਮ ਸੱਚ ਬੋਲਣ ਵਾਲਿਆਂ ਦਾ ਸਤਿਕਾਰ ਨਹੀਂ ਕਰਦੀ, ਇਸ ਤੋਂ ਵੀ ਭੈੜੀ ਹਾਲਤ ਹੋ ਜਾਵੇਗੀ। ਕਰੀਬ ਇੱਕ ਤੋਂ ਡੇਢ ਸਾਲ ਪਹਿਲਾਂ ਇੱਕ ਟਕਸਾਲੀ "ਸੰਤ" ਗੁਰਜੀਤ ਸਿੰਘ ਨੇ ਅਖ਼ਬਾਰ ਵਿੱਚ ਮਹਾਨ ਪੰਥਕ ਸ਼ਖ਼ਸੀਅਤ ਪ੍ਰੋ. ਸਾਹਿਬ ਸਿੰਘ ਬਾਰੇ ਕੁਬੋਲ ਬੋਲੇ ਸਨ ਤਾਂ ਦਾਸਾਂ ਨੇ ਪਹਿਲਾਂ 60 ਸਫ਼ੇ ਦਾ ਇੱਕ ਲਿਖਤੀ ਪੱਤਰ ਅਤੇ ਫਿਰ ਉਸ ਦਾ ਜਵਾਬ ਆਉਣ 'ਤੇ ਉਸ ਜਵਾਬ ਵਿਚ 98 ਸਫ਼ੇ ਦਾ ਪੱਤਰ ਭੇਜਿਆ। ਪਾਠਕ, ਇਸ ਬਾਰੇ ਟਕਸਾਲੀ "ਸੰਤ" ਗੁਰਜੀਤ ਸਿੰਘ ਗੋਹਾਵਰ ਤੋਂ ਪਤਾ ਕਰ ਲੈਣ ਤਾਂ ਬਿਹਤਰ ਹੋਵੇਗਾ।

ਇਸ ਤੋਂ ਬਾਅਦ ਕੰਵਰ ਅਜੀਤ ਸਿੰਘ ਪਟਿਆਲਾ ਨੇ ਸਾਡੇ ਇੱਕ ਪੱਤਰ ਦੇ ਉੱਤਰ ਵਿੱਚ ਪ੍ਰੋ. ਸਾਹਿਬ ਸਿੰਘ ਵਿਰੁਧ ਕੁੱਝ ਲਿਖਿਆ, ਦਾਸ ਨੇ ਅੱਗੋਂ ਉੱਤਰ ਵਿੱਚ ਜੋ ਲਿਖ

ਕੇ ਭੇਜਿਆ, ਉਹ ਵੀ ਉਸ ਤੋਂ ਪੁੱਛ ਲੈਣਾ। ਲਿਖਤੀ ਕਾਪੀਆਂ ਸਾਡੇ ਕੋਲ ਹਨ।

ਸੋ ਜੇ ਇਹ ਪ੍ਰੋ. ਸਾਹਿਬ ਸਿੰਘ, ਪ੍ਰਿੰ. ਗੰਗਾ ਸਿੰਘ ਭਾਗ ਸਿੰਘ, ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਪ੍ਰਿੰ. ਹਰਭਜਨ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਡਾ. ਕਰਤਾਰ ਸਿੰਘ, ਪ੍ਰੋ. ਤੇਜਾ ਸਿੰਘ ਆਦਿ ਵਿਦਵਾਨ ਨਾ ਹੁੰਦੇ ਤਾਂ ਗੁਰਦਵਾਰੇ ਵੀ ਹੁਣ ਤੱਕ ਹਿੰਦੂ ਮੰਦਰਾਂ ਦੀ ਸ਼ਕਲ ਧਾਰਨ ਕਰ ਜਾਂਦੇ ਅਤੇ ਇਹ ਅਖੌਤੀ ਬ੍ਰਹਮ ਗਿਆਨੀ ਟੱਲ ਖੜਕਾਉਂਦੇ ਨਜ਼ਰ ਆਉਂਦੇ। ਇਨ੍ਹਾਂ ਵਿਦਵਾਨਾਂ ਅਤੇ ਹੋਰ ਸੱਚ ਸ਼ੁਮਾ ਤੋਂ ਕੁਰਬਾਨ ਹੋ ਜਾਣ ਵਾਲੇ ਸਿੱਖ ਪ੍ਰਵਾਨਿਆਂ ਨੇ ਗੁਰਬਾਣੀ ਖੋਜ ਅਤੇ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਕੀਤਾ ਕਰ ਕੇ ਇੰਨਾ ਕੁ ਬਚਾ ਹੋਇਆ ਹੈ। ਅਜੇ ਵੀ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਅਤੇ ਤਖ਼ਤਾਂ ਅੰਦਰ ਹਿੰਦੂ ਰੀਤੀਆਂ ਪ੍ਰਚਲਤ ਹਨ। ਜੇ ਇਹ ਬ੍ਰਾਹਮਣੀ ਕਰਮ ਕਾਂਡਾਂ ਨੂੰ ਗੁਰਮਤਿ ਦੱਸਣ ਵਾਲੇ, ਪ੍ਰਚਾਰਨ ਵਾਲੇ ਇਹ ਅਖੌਤੀ ਸਾਧ ਨਾ ਹੁੰਦੇ ਤਾਂ ਦੁਨੀਆਂ ਦੇ ਕਿਸੇ ਇੱਕ ਵੀ ਗੁਰਦਵਾਰੇ ਅੰਦਰ ਇੱਕ ਵੀ ਹਿੰਦੂ ਰੀਤੀ ਨਾ ਹੁੰਦੀ। ਇਨ੍ਹਾਂ ਸਾਧਾਂ ਨੇ ਸਿੱਖਾਂ ਨੂੰ ਇਨ੍ਹਾਂ ਫੋਕੇ ਕਰਮਕਾਂਡਾ ਤੋਂ ਉਪਰ ਨਹੀਂ ਉੱਠਣ ਦਿੱਤਾ। ਇਨ੍ਹਾਂ ਸਾਧਾਂ ਅਤੇ ਸਿੱਖ ਵਿਦਵਾਨਾਂ ਦਾ ਜਾਪ ਸਿਮਰਨ ਕਰਨ ਦਾ ਤਰੀਕਾ ਵੀ ਵੱਖ ਵੱਖ ਹੈ। ਗੁਰੂ ਕੀ ਬਾਣੀ (ਬਚਨ) 'ਤੇ ਭਰੋਸਾ ਰੱਖਣ ਵਾਲੇ ਖੋਜੀ ਵਿਦਵਾਨ ਨੇ ਜਦੋਂ ਬਚਨ ਪੜ੍ਹਿਆ, 'ਲਾਲਚ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥' (ਪੰਨਾ 419) ਵਿਚਾਰਿਆ ਕਿ ਗੁਰੂ ਜੀ ਲਾਲਚ ਛੱਡਣ ਵਾਸਤੇ ਕਹਿ ਰਹੇ ਹਨ ਤਾਂ ਮੁੜ ਲਾਲਚ ਵੱਲ ਝਾਕੇ ਵੀ ਨਹੀਂ। ਇਸ ਦਾ ਮਤਲਬ ਇਹ ਨਹੀਂ ਕਿ ਭੋਰੇ ਵਿੱਚ ਵੜ ਕੇ ਬੈਠ ਗਏ ਤੇ ਕਹਿ ਦਿੱਤਾ ਕਿ ਅਸੀਂ ਤਾਂ ਲਾਲਚ ਛੱਡੀ ਬੈਠੇ ਹਾਂ। ਦੁਨੀਆਂ ਵਿੱਚ ਰਹਿੰਦਿਆਂ ਹੋਇਆਂ ਕਿਰਤ ਕਾਰ ਕਰਦਿਆਂ ਹੋਇਆਂ ਸਦਾ ਗੁਰੂ ਕੇ ਬਚਨ 'ਤੇ ਪਹਿਰਾ ਦਿੱਤਾ ਕਿ ਪੈਸੇ ਵਾਸਤੇ ਕਿਸੇ ਨਾਲ ਧੋਖਾ ਨਹੀਂ ਕਰਨਾ, ਛਲ-ਕਪਟ ਕਰ ਕੇ ਪੇਟ ਨਹੀਂ ਪਾਲਣਾ ਇਹ ਸਿਮਰਨ ਹੈ, ਜਪ ਹੈ। ਦੂਜੇ ਪਾਸੇ ਸਾਧਾਂ ਦਾ ਜਾਪ ਸਿਮਰਨ। ਚਿੱਟੇ ਕਪੜੇ ਪਾ ਕੇ, ਇੱਕ ਮਾਲਾ ਗਲ ਵਿੱਚ, ਇੱਕ ਹੱਥ ਵਿੱਚ, ਡੇਰੇ ਬਣਾ ਕੇ ਬੈਠੇ ਹਨ। ਪਲੰਘਿਆਂ 'ਤੇ ਚੜ੍ਹ ਕੇ, ਆਪ ਵੀ ਵਿਹਲੜ ਤੇ ਨਾਲ ਚੇਲੇ ਵੀ ਵਿਹਲੜ, ਰੱਖੇ ਹੋਏ ਹਨ। ਮੋਬਾਈਲ ਫ਼ੋਨ ਜੇਬਾਂ ਵਿੱਚ ਹਨ। ਜਦ ਕਿਸੇ ਦਾ ਫ਼ੋਨ ਆਉਂਦਾ ਹੈ ਤਾਂ ਗੁਰੂ ਫ਼ਤਹਿ ਬੁਲਾਉਣ ਦੀ ਥਾਂ ਨਮਸਕਾਰ ਕਰਦੇ ਹਨ। ਕਈ ਰਾਈਫ਼ਲਾਂ ਵੀ ਚੁੱਕੀ ਫਿਰਦੇ ਹਨ। ਦਿਖਾਵੇ ਦੇ ਜਾਪ ਦਿਖਾਵੇ ਦੀਆਂ ਮਾਲਾ। ਗੁਰੂ ਫੁਰਮਾਨ ਹੈ :

'ਕਰੈ ਦੁਹਕਰਮ ਦਿਖਾਵੈ ਹੋਰ॥ ਰਾਮ ਕੀ ਦਰਗਹ ਬਾਧਾ ਚੋਰ॥' (194)

'ਕਿਵ ਕੂੜੈ ਤੁਟੈ ਪਾਲਿ' ਵਾਲੇ ਬਚਨ ਪੜ੍ਹ ਕੇ ਹੋਰ ਝੂਠ ਬੋਲਦੇ ਹਨ। 'ਲਾਲਚ ਛੋਡਿਹੁ' ਵਾਲੀਆਂ ਤੁੱਕਾਂ ਪੜ੍ਹ ਕੇ ਹੋਰ ਲਾਲਚ ਕਰਦੇ ਹਨ। ਉਗਰਾਹੀਆਂ ਕਰ ਕੇ

ਖਾਂਦੇ ਹਨ। ਬੱਸਾਂ ਵਿੱਚ ਟੋਕਰੀਆਂ ਲੈ ਕੇ ਰੁਪਈਆ-ਰੁਪਈਆ ਮੰਗਦੇ ਫਿਰਦੇ ਹਨ। 'ਜੋ ਮਾਂਗੈ ਸੋ ਭੂਖਾ ਰਹੈ' (ਪੰਨਾ 892) ਵਾਲੇ ਗੁਰ ਉਪਦੇਸ਼ ਇਨ੍ਹਾਂ ਨੂੰ ਭੁੱਲੇ ਪਏ ਹਨ। ਗੁਰ ਫੁਰਮਾਨ ਹੈ :

'ਹਰਿ ਹਰਿ ਕਰਹਿ ਨਿਤ ਕਪਟ ਕਮਾਵਹਿ ਹਿਰਦਾ ਸੁਧ ਨ ਹੋਈ॥' (732)
'ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨਾ ਪਾਇਆ ਜਾਇ॥' (555)
'ਖਾਂਡ ਖਾਂਡ ਕਹਿਤ ਜੀਭੋ ਨਾ ਸਵਾਦੁ ਮੀਠੋ ਆਵੈ॥' (ਕਬਿੱਤ ਭ.ਗ. 439)

ਜੇ ਕਥਨ ਮੁਤਾਬਿਕ ਇਨ੍ਹਾਂ ਸਾਧਾਂ ਦੀ ਹਾਲਤ ਮੂੰਹ ਮੇਂ ਰਾਮ ਰਾਮ ਬਗਲ ਮੇਂ ਛੁਰੀ ਵਾਲੀ ਹੈ। ਧਰਮ ਦੇ ਨਾਂ 'ਤੇ ਕਰਮ ਕਾਂਡ ਕਰਨਾ ਅਤੇ ਝੂਠ ਬੋਲਣਾ ਬਹੁਤ ਵੱਡਾ ਪਾਪ ਹੈ। ਬ੍ਰਾਹਮਣ ਨੇ ਝੂਠ ਨੂੰ ਗਹਿਣੇ ਪਵਾ ਕੇ (ਸ਼ਿੰਗਾਰ ਕੇ) ਬੋਲਿਆ ਹੈ। ਇਸੇ ਤਰ੍ਹਾਂ ਇਹ ਸਾਧ ਵੀ ਝੂਠ ਨੂੰ ਸ਼ਿੰਗਾਰ ਕੇ ਧਰਮ ਦੇ ਨਾਂ 'ਤੇ ਬੋਲਦੇ ਹਨ। ਮੱਛੀ ਦੇ ਵਪਾਰੀਆਂ ਵਾਂਗ ਹਮੇਸ਼ਾ ਜਾਲ ਅਤੇ ਕੁੰਡੀ ਹੱਥ ਵਿਚ ਰੱਖਦੇ ਹਨ। ਜਿਥੇ ਮੌਕਾ ਬਣਦਾ ਹੈ। ਸੁੱਟਦੇ ਨੇ ਜਾਲ, ਲਾਉਂਦੇ ਹਨ ਕੁੰਡੀ, ਹਜ਼ਾਰਾਂ ਭੋਲੀਆਂ ਭਾਲੀਆਂ ਸੰਗਤਾਂ ਫਸ ਜਾਂਦੀਆਂ ਹਨ ਇਨ੍ਹਾਂ ਦੇ ਜਾਲ ਵਿੱਚ। ਜਿੰਨਾ ਸਰਕਾਰ ਦਾ ਨੁਕਸਾਨ ਸਰਕਾਰੀ ਮੁਲਾਜ਼ਮ ਕਰਦੇ ਹਨ ਓਨਾ ਆਮ ਜਨਤਾ ਨਹੀਂ ਕਰਦੀ। ਇਸੇ ਤਰ੍ਹਾਂ ਸਿੱਖ ਧਰਮ ਦਾ ਬਹੁਤ ਨੁਕਸਾਨ ਧਰਮ ਦੇ ਠੇਕੇਦਾਰਾਂ ਨੇ ਕੀਤਾ ਹੈ। ਸਾਧਾਂ ਦੇ ਡਰੇ, ਵੱਡੇ ਵੱਡੇ ਰਾਜਿਆਂ ਦੇ ਮਹਿਲਾਂ ਵਰਗੇ ਬਣੇ ਪਏ ਹਨ ਪਰ ਗੁਰੂ ਕੀ ਸਿੱਖੀ ਦਾ ਮਹੱਲ ਕੇਵਲ ਇੱਕ ਕੱਖਾਂ ਦੀ ਛਨ ਬਣ ਕੇ ਰਹਿ ਗਿਆ ਹੈ। ਕਿੱਥੇ ਗਈ ਇਨ੍ਹਾਂ ਸਾਧਾਂ ਦੀ ਬ੍ਰਹਮ ਵਿੱਦਿਆ ਅਤੇ ਕਿੱਥੇ ਗਈ ਇਨ੍ਹਾਂ ਦੀ ਕਮਾਈ?

ਖਾਲਸਾ ਜੀਵਨ ਵਿੱਚ ਮੂਲ ਮੰਤਰ ਇਸ ਤਰ੍ਹਾਂ ਲਿਖਿਆ ਹੈ ਪੰਨਾ 212

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
ਜਪੁ॥
ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਵਿਚਾਰ : ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਇੰਜ ਲਿਖਦੇ ਹਨ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਜਪੁ ਤਾਂ ਬਾਣੀ ਜਪੁ ਜੀ ਸਾਹਿਬ ਦਾ ਨਾਮ ਹੈ ਜੋ ਮੂਲ ਮੰਤਰ ਦਾ ਹਿੱਸਾ ਨਹੀਂ ਹੈ। ਜਪੁ ਦੇ ਪਹਿਲੇ ਵੀ ਦੋ ਡੰਡੀਆਂ ਹਨ ਬਾਅਦ ਵਿਚ ਵੀ ਦੋ ਡੰਡੀਆਂ ਹਨ। ਟਕਸਾਲੀਆਂ ਨੂੰ ਕੀ ਹੱਕ ਹੈ ਕਿ ਉਹ ਜਪੁ ਦੇ ਪਹਿਲੇ ਵਾਲੀਆਂ ਦੋ ਡੰਡੀਆਂ ਲਾਹ

ਦੇਣ? ਜਪੁ, ਉਥੇ ਗੁਰੂ ਸਰੂਪ ਵਿਚ ਇਸ ਤਰ੍ਹਾਂ ਲਿਖਿਆ ਹੈ : ॥ਜਪੁ॥ ਅਸੀਂ ਟਕਸਾਲੀਆਂ ਦੇ ਸਿੱਖ ਨਹੀਂ ਹਾਂ, ਸਿੱਖ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਹਾਂ ਜੇ ਜਪੁ ਮੂਲ ਮੰਤਰ ਦਾ ਹਿਸਾ ਹੁੰਦਾ ਤਾਂ ਇਸ ਦੇ ਪੁ (ਔਂਕੜ) ਕਦੇ ਨਾ ਹੁੰਦਾ। ਅਸੀਂ ਲੋਹੇ ਦੇ ਚੱਕਰਾਂ ਉੱਤੇ ਅਤੇ ਦਰਬਾਰ ਸਾਹਿਬ ਦੀਆਂ ਕੰਧਾਂ 'ਤੇ ਲਿਖੇ ਨੂੰ ਨਹੀਂ ਮੰਨਦੇ। ਅਸੀਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿੱਚ ਲਿਖਿਆ ਮੰਨਦੇ ਹਾਂ। ਦਰਬਾਰ ਸਾਹਿਬ ਦੀ ਕੰਧ 'ਤੇ ਇਹ ਵੀ ਲਿਖਿਆ ਹੈ, 'ਇਹ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ। ਕੀ ਇਹ ਵੀ ਟਕਸਾਲੀਆਂ ਦਾ ਮੂਲ ਮੰਤਰ ਹੀ ਹੈ?'

ਅੱਗੇ ਇਹ ਟਕਸਾਲੀ ਕਹਿੰਦੇ ਇਹ ਮੂਲ ਮੰਤਰ ਸਤਿਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਰਹਿਣ ਸਮੇਂ ਵੇਈਂ ਨਦੀ ਦੁਆਰਾ ਸੱਚਖੰਡ ਵਿੱਚੋਂ ਲਿਆਂਦਾ ਸੀ।

(ਖਾਲਸਾ ਜੀਵਨ ਪੰਨਾ 214)

ਵਿਚਾਰ : ਵਾਹਿਗੁਰੂ ਦੇ ਸਰਗੁਣ ਸਰੂਪ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ 'ਆਪ ਨਾਰਾਇਣ ਕਲਾ ਧਾਰਿ ਜਗ ਮਹਿ ਪਰਵਰਿਓ॥ ਗੁਰੂ ਨਾਨਕ ਸਾਹਿਬ ਜਨਮ ਤੋਂ ਹੀ ਸਾਡੇ ਗੁਰੂ ਸਨ ਨਾ ਕਿ ਵੇਈ ਵਿਚਲੀ ਘਟਨਾ ਮਗਰੋਂ ਗੁਰੂ ਬਣੇ ਹਨ। ਨਾਲੇ ਰੱਬ ਉਪਰ ਕਿਧਰੇ ਸਤਵੇਂ ਅਸਮਾਨ 'ਤੇ ਨਹੀਂ ਬੈਠਾ। ਉਹ ਸਾਰੇ ਜੀਵਾਂ ਵਿਚ ਹੈ, ਕਣ ਕਣ ਵਿੱਚ ਹੈ। ਮੂਲ ਮੰਤਰ ਸਦਾ ਉਨ੍ਹਾਂ ਦੇ ਕੋਲ ਹੀ ਸੀ। ਵੇਈਂ ਨਦੀ ਵਿੱਚ ਟੁੱਬੀ ਮਾਰੀ ਅਤੇ ਤਿੰਨ ਦਿਨ ਲੱਗ ਗਏ ਰੱਬ ਕੋਲੋਂ ਆਉਂਦਿਆਂ। ਇਹ ਕਹਾਣੀ ਲਿਖਾਰੀਆਂ ਦੇ ਦਿਮਾਗ ਦੀ ਕਾਢ ਹੈ, ਇਹ ਸੱਚ ਨਹੀਂ ਹੈ। ਜੇ ਹਾਜ਼ਰਾ ਹਜ਼ੂਰ ਜਾਹਰਾ ਜਹੂਰ ਪ੍ਰਮਾਤਮਾ ਤੱਕ ਪਹੁੰਚਣ ਵਾਸਤੇ 'ਗੁਰੂ ਨਾਨਕ ਸਾਹਿਬ' ਨੂੰ ਤਿੰਨ ਦਿਨ ਲੱਗਦੇ ਤਾਂ ਆਮ ਬੰਦਾ ਤਾਂ ਅਰਬਾਂ ਸਾਲਾਂ ਵਿੱਚ ਵੀ ਉਥੇ ਨਹੀਂ ਪਹੁੰਚ ਸਕਦਾ। ਐਸਾ ਰੱਬ ਟਕਸਾਲੀਆਂ ਦਾ ਤਾਂ ਹੋ ਸਕਦਾ ਹੈ। ਪਰ ਗੁਰੂ ਨਾਨਕ ਦੇਵ ਅਤੇ ਗੁਰੂ ਦੇ ਸਿੱਖਾਂ ਦਾ ਰੱਬ ਐਸਾ ਨਹੀਂ ਜਿਸ ਕੋਲ ਪਹੁੰਚਣ ਵਾਸਤੇ ਕਈ ਦਿਨ ਲੱਗਦੇ ਹਨ। ਹਾਜ਼ਰਾ ਹਜ਼ੂਰ ਜਾਹਰਾ ਜਹੂਰ ਹੈ। ਬਹੁਤ ਕਥਾ ਵਾਚਕਾਂ ਕੋਲ ਗੁਰਮਤਿ ਦ੍ਰਿੜ ਕਰਨ ਅਤੇ ਕਰਵਾਉਣ ਵਾਸਤੇ ਕੋਈ ਮੈਟਰ ਨਹੀਂ ਹੁੰਦਾ। ਉਹ ਸਟੇਜਾਂ ਉੱਤੇ ਝੂਠੀਆਂ ਕਹਾਣੀਆਂ ਸੁਣਾ ਕੇ ਟਾਈਮ ਪਾਸ ਕਰੀ ਜਾਂਦੇ ਹਨ। ਇਕ ਟਕਸਾਲੀ ਜਸਵੰਤ ਸਿੰਘ ਮੰਜੀ ਸਾਹਿਬ ਵਾਲੇ ਨੂੰ ਸਟੇਜ 'ਤੇ ਕੰਨੀਂ ਸੁਣਿਆ ਹੈ। ਇੱਕ ਘੰਟਾ ਟਾਈਮ ਸੀ ਉਹਦਾ। ਮਨੱਤੀ ਕਹਾਣੀਆਂ ਸੁਣਾਈ ਗਿਆ ਅਤੇ ਅਖੀਰ ਕਹਿੰਦਾ ਕਿ ਕਥਾ ਵਿੱਚ ਇੱਕ ਅੱਧੀ ਗੱਲ ਕੰਮ ਦੀ ਹੁੰਦੀ ਹੈ ਬਾਕੀ ਤਾਂ ਕਹਿੰਦਾ ਟਾਈਮ ਪਾਸ ਹੀ ਹੁੰਦਾ ਹੈ। ਇਸ ਕਰ ਕੇ ਬਹੁਤੇ ਟਕਸਾਲੀ ਸਟੇਜ 'ਤੇ ਝੂਠੀਆਂ ਕਹਾਣੀਆਂ ਸੁਣਾ ਕੇ ਟਾਈਮ ਹੀ ਪਾਸ ਕਰਦੇ ਰਹੇ ਹਨ ਅਤੇ ਹੁਣ ਵੀ ਕਰ ਰਹੇ ਹਨ।

ਨਿੱਤਨੇਮ ਦੀਆਂ ਪੰਜ ਬਾਣੀਆਂ ਬਾਰੇ ਟਕਸਾਲ ਦਾ ਕਹਿਣਾ

1. ਜਪੁਜੀ ਸਾਹਿਬ-ਬ੍ਰਹਮ ਗਿਆਨੀ ਦੀ ਪ੍ਰਾਪਤੀ ਵਾਸਤੇ।
2. ਜਾਪ ਸਾਹਿਬ-ਅਕਾਲ ਪੁਰਖ ਨੂੰ ਨਮਸਕਾਰ ਕਰਨ ਵਾਸਤੇ। ਇਸ ਵਿਚ ਪ੍ਰਮਾਤਮਾ ਦੇ ਸਰੂਪ ਦੇ ਲੱਛਣ ਹਨ।
3. ਤ੍ਵਪ੍ਰਸਾਦਿ ਸਵਯੈ-ਪਾਖੰਡ ਦਾ ਖੰਡਨ ਕਰਦੇ ਹਨ।
4. ਚੌਪਈ ਸਾਹਿਬ-ਸਰਬ ਕਾਲ, ਸਰਬ ਠੌਰ ਰੱਖਿਆ ਅਤੇ ਵਾਹਿਗੁਰੂ ਅੱਗੇ ਬੇਨਤੀ ਕਰਨ ਵਾਸਤੇ।
5. ਅਨੰਦ ਸਾਹਿਬ-ਜੀਵਨ ਮੁਕਤੀ ਦਾ ਅਨੰਦ ਮਾਨਣ ਵਾਸਤੇ।

ਰਹਿਰਾਸ ਸਾਹਿਬ-ਸ਼ਾਮ ਦੇ ਮੌਕੇ ਰਹਿਰਾਸ ਸਾਹਿਬ ਦਾ ਪਾਠ ਜ਼ਰੂਰ ਕਰਨਾ। ਜਿਸ ਕਰ ਕੇ ਸੱਚਖੰਡ ਦੀ ਪ੍ਰਾਪਤੀ ਹੁੰਦੀ ਹੈ।

ਕੀਰਤਨ ਸੋਹਿਲਾ-ਰਾਤ ਨੂੰ ਸੌਣ ਵੇਲੇ ਕਰਨਾ ਹੈ ਜੇ ਸੁੱਤਿਆਂ ਪਿਆਂ ਪ੍ਰਾਣ ਨਿਕਲ ਜਾਣ ਤਾਂ ਟੇਢੀਆਂ ਜੂਨਾਂ ਵਿੱਚ ਨਹੀਂ ਪੈਂਦਾ।

ਆਸਾ ਦੀ ਵਾਰ-ਚੌਰਾਸੀ ਲੱਖ ਜੂਨਾਂ ਦਾ ਗੇੜਾ ਕੱਟਣ ਵਾਸਤੇ ਹੈ।

ਸੁਖਮਨੀ ਸਾਹਿਬ-24 ਅਸ਼ਟਪਦੀਆਂ, ਮਨੁੱਖ 24 ਘੰਟਿਆਂ ਵਿੱਚ 24000 ਸਵਾਸ ਹਨ ਅਤੇ ਸੁਖਮਨੀ ਸਾਹਿਬ ਦੇ 24000 ਅੱਖਰ ਹਨ। ਇੱਕ ਪਾਠ ਕਰਨ ਨਾਲ ਅੱਠ ਪਹਿਰ ਸਫ਼ਲ ਹੋ ਜਾਂਦੇ ਹਨ। (ਖਾਲਸਾ ਜੀਵਨ ਪੰਨਾ 228-229)

ਵਿਚਾਰ : ਜਿਨ੍ਹਾਂ ਨੇ ਗੁਰਬਾਣੀ ਵੀ ਵੰਡ ਦਿੱਤੀ, ਗੁਰਬਾਣੀ ਏਕਤਾ ਵੀ ਨਹੀਂ ਰਹਿਣ ਦਿੱਤੀ, ਇਨ੍ਹਾਂ ਪੰਥਕ ਏਕਤਾ ਕਿੱਥੋਂ ਰਹਿਣ ਦੇਣੀ ਸੀ ? ਜੇ ਜਪੁ ਜੀ ਸਾਹਿਬ। ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ ਹੈ ਤਾਂ ਬਾਕੀ ਬਾਣੀ ਕੀ ਅਗਿਆਨ ਦੀ ਪ੍ਰਾਪਤੀ ਵਾਸਤੇ ਹੈ ? ਜੇ ਟਕਸਾਲੀਆਂ ਦੇ ਕਹਿਣ ਮੁਤਾਬਿਕ ਜੁਪਜੀ ਸਾਹਿਬ ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ ਹੈ ਤਾਂ ਫਿਰ ਬਾਕੀ ਬਾਣੀ ਦੀ ਲੋੜ ਹੀ ਨਹੀਂ ਸੀ। ਕੀ ਇਹ ਟਕਸਾਲੀ, ਗੁਰੂਆਂ ਨਾਲੋਂ ਵੱਧ ਸਿਆਣੇ ਹਨ ? ਗੁਰੂ ਨੇ ਤਾਂ 1430 ਪੰਨੇ ਲਿਖੇ ਹਨ।

2. ਜਾਪ ਸਾਹਿਬ : ਜੇ ਜਪੁ ਜੀ ਸਾਹਿਬ ਬ੍ਰਹਮ ਗਿਆਨ ਵਾਸਤੇ ਹੈ ਤਾਂ ਫਿਰ ਜਾਪੁ ਸਾਹਿਬ ਪੜ੍ਹਨ ਦੀ ਕੀ ਲੋੜ ਹੈ ? ਕਿਉਂਕਿ ਪ੍ਰਮਾਤਮਾ ਆਪ ਹੀ ਬ੍ਰਹਮ ਗਿਆਨੀ ਹੈ। 'ਬ੍ਰਹਮ ਗਿਆਨੀ ਆਪ ਪ੍ਰਮੇਸ਼ਰ ॥' ਪ੍ਰਮਾਤਮਾ, ਪ੍ਰਮਾਤਮਾ ਨੂੰ ਕੀ ਨਮਸਕਾਰ ਕਰੇਗਾ ?
3. ਤ੍ਵ ਪ੍ਰਸਾਦਿ ਸਵਯੈ-ਬ੍ਰਹਮ ਗਿਆਨੀ ਵਿੱਚ ਤਾਂ ਪਾਖੰਡ ਹੁੰਦਾ ਹੀ ਕੋਈ ਨਹੀਂ, ਖੰਡਨ ਕਿਉਂ ਕਰਨਾ ? ਇਹ ਫਿਰ ਕਿਸ ਵਾਸਤੇ ਪੜ੍ਹਨੇ ਹਨ ?
4. ਚੌਪਈ ਸਾਹਿਬ-ਬ੍ਰਹਮ ਗਿਆਨੀ ਨੂੰ ਖਤਰਾ ਹੀ ਕੋਈ ਨਹੀਂ। ਉਸ ਦੀ ਰੱਖਿਆ ਦਾ ਕੀ ਮਤਲਬ ? ਪ੍ਰਮਾਤਮਾ ਆਪ ਬ੍ਰਹਮ ਗਿਆਨੀ ਲਿਖਿਆ ਹੈ ਉਹਨੇ ਬੇਨਤੀ ਕਿਸ ਅੱਗੇ ਕਰਨੀ ਹੈ ? ਇਹ ਪੜ੍ਹਨ ਦਾ ਕੀ ਮਤਲਬ ?

5. ਅਨੰਦ ਸਾਹਿਬ–ਬ੍ਰਹਮ ਗਿਆਨੀ ਹੈ ਹੀ ਅਨੰਦ ਸਰੂਪ। ਹੋਰ ਕਿੱਥੋਂ ਅਨੰਦ ਲੈਣਾ ਉਸਨੇ ?

ਰਹਿਰਾਸ ਸਾਹਿਬ–ਬ੍ਰਹਮ ਗਿਆਨੀ ਤਾਂ ਆਪ ਹੀ ਸੱਚ ਦਾ ਸਰੂਪ ਹੈ ਉਹਨੇ ਬ੍ਰਹਮਣੀ ਮੱਤ ਵਾਲੇ ਸੱਚਖੰਡ ਨੂੰ ਕੀ ਕਰਨਾ ਹੈ ?

ਕੀਰਤਨ ਸੋਹਿਲਾ–ਬ੍ਰਹਮ ਗਿਆਨੀ ਨੂੰ ਭੈੜੇ ਫੁਰਨੇ ਅਤੇ ਸੁਪਨੇ ਆ ਹੀ ਨਹੀਂ ਸਕਦੇ। ਟੇਢੀਆਂ ਜੂਨਾਂ ਨਾਲ ਉਸ ਦਾ ਸੰਬੰਧ ਹੀ ਕੋਈ ਨਹੀਂ, ਫਿਰ ਉਹਨੂੰ ਸੋਹਿਲਾ ਪੜ੍ਹਨ ਦੀ ਕੀ ਲੋੜ ?

ਆਸਾ ਕੀ ਵਾਰ–ਬ੍ਰਹਮ ਗਿਆਨੀ ਚੌਰਾਸੀ ਲੱਖ ਜੂਨ ਵਾਲੇ ਚੱਕਰ ਵਿੱਚ ਕਦੇ ਨਹੀਂ ਪੈਂਦਾ ਭਾਵੇਂ ਉਸ ਨੇ ਗੋਇੰਦਵਾਲ ਸਾਹਿਬ ਬਉਲੀ ਵਿੱਚ ਇੱਕ ਵੀ ਇਸ਼ਨਾਨ ਨਾ ਕੀਤਾ ਹੋਵੇ। ਫਿਰ ਬ੍ਰਹਮ ਗਿਆਨੀ ਨੂੰ ਆਸਾ ਦੀ ਵਾਰ ਪੜ੍ਹਨ ਦੀ ਕੀ ਲੋੜ ?

ਸੁਖਮਨੀ ਸਾਹਿਬ–ਬ੍ਰਹਮ ਗਿਆਨੀ ਤਾਂ ਸੱਚ ਦਾ ਰੂਪ ਹੈ। ਪ੍ਰਮਾਤਮਾ ਆਪ ਹੀ ਬ੍ਰਹਮ ਗਿਆਨੀ ਹੈ ਫਿਰ ਸੁਖਮਨੀ ਸਾਹਿਬ ਵਿਚਲੇ ਅਸ਼ਟਪਦੀਆਂ, ਸਲੋਕਾਂ, ਅੱਖਰਾਂ ਦੀ ਗਿਣਤੀ ਕਰਨ ਦੀ ਕੀ ਲੋੜ ਹੈ ? ਗਿਣਤੀ ਮਿਣਤੀਆਂ ਦਾ ਸਿੱਖ ਧਰਮ ਨਾਲ ਕੋਈ ਮਤਲਬ ਨਹੀਂ ਹੈ। ਇਸ ਬਾਰੇ ਖੁੱਲ੍ਹੀ ਵਿਚਾਰ ਪਿੱਛੇ ਹੋ ਚੁੱਕੀ ਹੇ। ਇਹ ਸਾਰਾ ਕੁੱਝ ਧਰਮ ਦੇ ਠੇਕੇਦਾਰਾਂ ਨੇ ਹਿੰਦੂ ਮੱਤ ਦੀ ਨਕਲ ਤੇ ਸਿੱਖ ਕੌਮ ਵਿੱਚ ਵੰਡੀਆਂ ਪਾਉਣ ਵਾਸਤੇ, ਕੌਮ ਦੀ ਸ਼ਕਤੀ ਖੇਰੂ–ਖੇਰੂ ਕਰਨ ਵਾਸਤੇ ਕੀਤਾ ਹੈ। ਉਹ ਇਸ ਕੰਮ ਵਿੱਚ ਸਫ਼ਲ ਹੋਏ ਹਨ। ਇਸ ਵਕਤ ਸਿੱਖ ਕੌਮ ਅਣਗਿਣਤ ਧੜਿਆਂ ਵਿੱਚ ਵੰਡੀ ਪਈ ਹੈ।

ਅੰਮ੍ਰਿਤ ਦੀ ਮਹੱਤਤਾ ਦਸਦਿਆਂ ਵੀ ਟਕਸਾਲੀਆਂ ਨੇ ਹਿੰਦੂ ਮੱਤ ਵਾਲੀਆਂ ਝੂਠੀਆਂ ਕਹਾਣੀਆਂ ਦਾ ਆਸਰਾ ਲਿਆ ਹੈ। ਅੰਮ੍ਰਿਤ ਦੇ ਨਾਂ ’ਤੇ ਵੀ ਇਨ੍ਹਾਂ ਸਿੱਖ ਕੌਮ ਅੰਦਰ ਵੰਡੀਆਂ ਪਾਈਆਂ ਹਨ। ਕਿਸੇ ਨੇ ਅੰਮ੍ਰਿਤ ਬਾਰੇ ਕੁੱਝ ਲਿਖਿਆ। ਕਿਸੇ ਨੇ ਕੁੱਝ ਲਿਖਿਆ ਹੈ। ਧਰਮ ਦੇ ਠੇਕੇਦਾਰ ਅਜੇ ਤੱਕ ਇਹ ਫ਼ੈਸਲਾ ਨਹੀਂ ਕਰ ਸਕੇ ਕਿ ਅੰਮ੍ਰਿਤ, ਸਿੱਖ ਧਰਮ ਵਿੱਚ ਦਾਖ਼ਲਾ ਹੈ ਕਿ ਇਹ ਮੰਜ਼ਿਲ ਹੈ। ‘ਕੋਈ ਨਾ ਕਿਸੈ ਵਰਜਈ ਸੋਈ ਕਰੈ ਜੋਈ ਮਨ ਭਾਵੇ’ ਭਾਈ ਗੁਰਦਾਸ ਜੀ ਦੇ ਕਥਨ ਵਾਲੀ ਹਾਲਤ ਬਣੀ ਪਈ ਹੈ।

ਟਕਸਾਲੀ ਇਥੇ ਕਹਿ ਰਹੇ ਹਨ ਜਿਸ ਨੇ ਅੰਮ੍ਰਿਤ ਛਕ ਲਿਆ ਉਹ ਸਰੀਰ ਕਰ ਕੇ ਮਰਦਾ ਹੀ ਨਹੀਂ, ਪਰ ਗੁਰਬਾਣੀ ਕਹਿੰਦੀ, ‘ਮਰਣ ਜੀਵਣ ਜੋ ਸਮ ਕਰ ਜਾਣੈ ਸੋ ਮੇਰੇ ਪ੍ਰਭ ਭਾਇਦਾ॥’ ਤਨ ਦੇ ਤਲ ’ਤੇ ਜਿਊਣ ਵਾਲੇ ਵਿਰਲੇ ਹਨ। ਵੱਡੇ ਵੱਡੇ ਅੰਮ੍ਰਿਤਧਾਰੀ ਟਕਸਾਲੀ, ਆਤਮਿਕ ਤਲ ’ਤੇ ਮਰੇ ਹੋਏ ਹਨ। ਵੱਡੇ ਧਾਰਮਿਕ ਅਹੁਦਿਆਂ ’ਤੇ ਵੀ ਉਹ ਸਿਆਸੀ ਲੋਕਾਂ ਦੇ ਹੱਥਾਂ ਵਿਚ ਵਿਕੇ ਹੋਏ ਹਨ। ਉਹ ਮਾਇਆ ਦੇ ਹੱਕਾਂ ਵਿੱਚ ਵਿਕੇ ਹੋਏ ਹਨ। ਤਖ਼ਤਾਂ ’ਤੇ ਬੈਠ ਕੇ ਅਨਿਆਂ ਕਰ ਰਹੇ

ਹਨ। ਗੁਰਮਤਿ ਆਸ਼ੇ ਮੁਤਾਬਿਕ ਅੰਮ੍ਰਿਤ ਛਕਣਾ ਖ਼ਾਲਸਾ ਪੰਥ ਅੰਦਰ ਦਾਖ਼ਲਾ ਹੈ, ਫਿਰ ਸਿੰਘ ਨੇ ਰਹਿਤ ਵਿੱਚ ਰਹਿ ਕੇ ਗੁਰਬਾਣੀ ਪੜ੍ਹਨੀ, ਸੁਣਨੀ, ਸਮਝਣੀ, ਮੰਨਣੀ ਕਮਾਉਣੀ ਹੈ। ਇਸ ਤਰ੍ਹਾਂ ਝੂਠੀਆਂ ਟਕਸਾਲਾਂ ਦਾ ਖਹਿੜਾ ਛੱਡ ਕੇ, ਤੱਤ ਗੁਰਮਤਿ ਸੱਚ ਦੀ ਟਕਸਾਲ ਵਿੱਚ ਆਪਣੇ ਜੀਵਨ ਦੀ ਘਾੜਤ ਘੜਣੀ ਹੈ। ਜਿਹੜੇ ਗੁਰਸਿੱਖ ਇਹ ਕਰਦੇ ਹਨ, ਉਨ੍ਹਾਂ ਦੇ ਮੁੱਖ ਗੁਰੂ ਦਰਬਾਰ ਵਿੱਚ ਉਜਲੇ ਹੋ ਜਾਂਦੇ ਹਨ, ਉਹ ਜੀਵਨ ਸਫ਼ਲ ਬਣਾ ਲੈਂਦੇ ਹਨ। ਉਹ ਕੋਈ ਵੀ ਪਰਪੰਚ ਨਹੀਂ ਰਚਦੇ। 'ਨਾਨਕ ਬਿਰਲੇ ਪਾਈਅਹਿ ਜੋ ਨਾ ਰਚਹਿ ਪਰਪੰਚ॥' (297)

ਪੰਜ ਪਿਆਰਿਆਂ ਦੇ ਨਾਮ ਅਤੇ ਜਨਮ

ਟਕਸਾਲੀ ਕਹਿੰਦੇ ਹਨ ਕਿ ਭਾਈ ਦਇਆ ਸਿੰਘ, ਲਊ ਦਾ ਅਵਤਾਰ ਸਨ। ਭਾਈ ਧਰਮ ਸਿੰਘ ਧੰਨੇ ਦਾ ਅਵਤਾਰ ਸਨ। ਭਾਈ ਹਿੰਮਤ ਸਿੰਘ ਚੰਤ੍ਰਭੁਜੀ ਨੂੰ ਪਕੜਨ ਵਾਲੇ ਫੰਧਕ ਦਾ ਅਵਤਾਰ ਸਨ। ਭਾਈ ਮੋਹਕਮ ਸਿੰਘ, ਭਗਤ ਨਾਮਦੇਵ ਜੀ ਦਾ ਅਵਤਾਰ ਸਨ। ਭਾਈ ਸਾਹਿਬ ਸਿੰਘ, ਸੈਨ ਭਗਤ ਦੇ ਅਵਤਾਰ ਸਨ। (ਖਾਲਸਾ ਜੀਵਨ ਪੰਨਾ 340)

ਵਿਚਾਰ : ਇਹ ਸਾਰਾ ਕੁੱਝ ਟਕਸਾਲ ਨੇ ਕਿਸੇ ਬ੍ਰਾਹਮਣਵਾਦੀ ਗ੍ਰੰਥ ਵਿੱਚੋਂ ਪੜ੍ਹਿਆ ਹੈ। ਕਈ ਪੁਰਾਤਨ ਧਾਰਮਿਕ ਗ੍ਰੰਥਾਂ ਅਤੇ ਰਹਿਤਨਾਮਿਆਂ ਵਿੱਚ ਵੀ ਗੁਰਮਤਿ ਦੇ ਉਲਟ ਬ੍ਰਾਹਮਣਵਾਦੀ ਵਿਚਾਰਧਾਰਾ ਦਰਜ ਹੈ। ਐਸੇ ਗ੍ਰੰਥ ਵੀ ਗੁਰਦਵਾਰਿਆਂ ਵਿੱਚ ਪਏ ਹਨ ਜਿਨ੍ਹਾਂ ਵਿੱਚ ਲਿਖਿਆ ਹੈ ਕਿ ਹਨੂੰਮਾਨ ਦੀ ਪੂਜਾ ਕਿਵੇਂ ਕਰਨੀ ਹੈ, ਮੰਗਲਵਾਰ ਸਿਰ ਨਹੀਂ ਨਹਾਉਣਾ, ਵੀਰਵਾਰ ਕਪੜਾ ਨਹੀਂ ਧੋਣਾ, ਗਾਂ ਕਿਸ ਦਿਨ ਖਰੀਦਣੀ ਹੈ ? ਬਲਦ ਕਿਸ ਦਨ ਖਰੀਦਣਾ ਹੇ ? ਸ਼ਨੀ ਦੀ ਪੂਜਾ ਵੀ ਉਥੇ ਲਿਖੀ ਹੋਈ ਹੈ ਪਰ ਗੁਰਮਤਿ ਦਾ ਇਨ੍ਹਾਂ ਗੱਲਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਅਵਤਾਰਵਾਦ ਨੂੰ ਗੁਰਬਾਣੀ ਨਹੀਂ ਮੰਨਦੀ। ਜਾਤ-ਪਾਤਕੋਈ ਨਹੀਂ ਹੈ। ਟਕਸਾਲੀਆਂ ਅੰਦਰ ਝੂਠ ਅਤੇ ਸੱਚ ਨਿਖੇੜਨ ਵਾਲੀ ਹੰਸ ਬਿਰਤੀ ਨਹੀਂ ਹੈ। ਇਸ ਕਰ ਕੇ ਇਹ ਗੁਰਮਤਿ ਅਤੇ ਮਨਮਤਿ ਦਾ ਨਿਖੇੜਾ ਨਹੀਂ ਕਰ ਸਕੇ। ਗੁਰੂ ਨੇ ਕਿਹਾ ਕਿ ਗੁਰਬਾਣੀ ਤੋਂ ਸਿੱਖਿਆ ਲਉ ਪਰ ਇਹ ਟਕਸਾਲੀ, ਪੰਜਾਂ ਪਿਆਰਿਆਂ ਦੇ ਨਾਂਵਾਂ ਤੋਂ ਸਿੱਖਿਆ ਲੈ ਰਹੇ ਹਨ।

ਗੁਰਮਤਿ ਰਹਿਤ ਮਰਿਆਦਾ

ਕਰਤਾ (ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰ ਕਲਾਂ)

ਸ੍ਰੀ ਅੰਮ੍ਰਿਤਸਰ ਵਿਚ ਮਾਈ ਸੇਵਾ ਬਾਜ਼ਾਰ ਹੈ। ਇਕ ਮਾਤਾ ਜੀ ਕਾਬਲ ਤੋਂ ਸ਼ਕਤੀ ਨਾਲ ਆ ਕੇ ਗੋਇੰਦਵਾਲ ਸਾਹਿਬ ਬਉਲੀ ਸਾਹਿਬ ਦੀ ਸੇਵਾ ਕਰਦੇ ਰਹੇ। ਇਸ ਵਿੱਚ ਐਡੇ ਗੁਣ, ਐਡੀ ਵਡਿਆਈ ਸੀ। ਕਾਬਲ ਤੋਂ ਹਰ ਰੋਜ਼ ਗੱਡੀ ਦੁਆਰਾ ਆਉਣਾ ਵੀ ਔਖਾ ਹੈ। ਇਸ ਮਾਤਾ ਵਿੱਚ ਪ੍ਰਤੀਬੱਧਤਾ ਕਰ ਕੇ, ਪਤੀ ਦੀ ਅਗਵਾਈ ਹੋਣ ਕਰ ਕੇ

ਸ੍ਰੀ ਬਉਲੀ ਸਾਹਿਬ ਜੀ ਦੀ ਪਵਿੱਤਰ ਸੇਵਾ ਕਰ ਕੇ ਐਡੀ ਵੱਡੀ ਤਾਕਤ ਸੀ।

ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਨੇ ਪੁੱਛਿਆ–ਹੇ ਬੀਬੀ ਜੀ! ਸਿੱਖ ਸ਼ੰਕਾ ਕਰਦੇ ਹਨ ਕਿ ਮਾਈ ਸ਼ਾਮ ਨੂੰ ਗੁਪਤ ਹੋ ਜਾਂਦੀ ਹੈ ਅਤੇ ਸਵੇਰੇ ਪ੍ਰਗਟ ਹੋ ਜਾਂਦੀ ਹੈ। ਸਾਰਿਆਂ ਨੂੰ ਦੱਸੋ ? ਮਾਈ ਨੇ ਬੇਨਤੀ ਕੀਤੀ ਕਿ ਗਰੀਬ ਨਿਵਾਜ਼ ਜੀ! ਮੇਰੇ ਪਤੀ ਜੀ ਨੇ ਆਪ ਦੀ ਸਿੱਖੀ ਧਾਰਨ ਕੀਤੀ ਹੈ ਅਤੇ ਮੈਂ ਵੀ ਸਿੱਖੀ ਧਾਰਨ ਕੀਤੀ ਹੈ ਮੈਂ ਪਤੀਬ੍ਰਤ ਧਰਮ ਵਿੱਚ ਪੱਕੀ ਹਾਂ, ਮੈਂ ਪਤੀ ਦੀ ਆਗਿਆ ਹਮੇਸ਼ਾ ਮੰਨਦੀ ਹਾਂ। ਮੈਂ ਪਤੀ ਤੋਂ ਬਉਲੀ ਸਾਹਿਬ ਦੀ ਸੇਵਾ ਕਰਨ ਦੀ ਆਗਿਆ ਮੰਗੀ ਜੋ ਮਿਲ ਗਈ। ਹੁਣ ਮੇਰੇ ਵਿੱਚ ਆਪ ਜੀ ਦੀ ਬਖ਼ਸ਼ਿਸ਼ ਹੈ ਐਡੀ ਸ਼ਕਤੀ ਹੈ ਕਿ ਮੈਂ ਆਪ ਜੀ ਦੀ ਕ੍ਰਿਪਾ ਦੁਆਰਾ, ਪਤੀਬ੍ਰਤਾ ਧਰਮ ਦੁਆਰਾ ਹਰ ਰੋਜ਼ ਕਾਬਲ ਤੋਂ ਆ ਜਾਂਦੀ ਹਾਂ, ਸੇਵਾ ਕਰਦੀ ਰਹਿੰਦੀ ਹਾਂ ਰਾਤ ਪਈ ਤੋਂ ਫੇਰ ਪਤੀ ਦੀ ਸੇਵਾ ਵਿਚ ਜਾ ਹਾਜ਼ਰ ਹੁੰਦੀ ਹਾਂ। ਇਹ ਮਹਾਰਾਜ ਗਰੀਬ ਨਿਵਾਜ਼ ਜੀ। ਪਤੀਬ੍ਰਤਾ ਕਰ ਕੇ ਮੇਰੇ ਵਿੱਚ ਤਾਕਤ ਹੋਈ ਹੈ।

ਸੁਣ ਕੇ ਹਜ਼ੂਰ ਨੇ ਕਿਹਾ, ਬੀਬੀ! ਇਕ ਹੋਰ ਵੀ ਸਤੀ ਹੋਈ ਹੈ। ਜਿਸ ਨੇ ਆਪਣੇ ਪਤੀਬ੍ਰਤਾ ਧਰਮ ਕਰ ਕੇ ਸੂਰਜ ਨਹੀਂ ਸੀ ਚੜ੍ਹਨ ਦਿੱਤਾ। ਫੇਰ ਦੇਵਤਿਆਂ ਨੇ ਉਸ ਦਾ ਪਤੀ ਜਿਊਂਦਾ ਕੀਤਾ ਸੀ ਤਾਂ ਫਿਰ ਸੂਰਜ ਚੜ੍ਹ ਸਕਿਆ ਸੀ। ਇਸ ਪ੍ਰਕਾਰ ਇਹ ਬੀਬੀਆਂ ਦੇ ਗੁਣ ਹਨ। (ਗੁਰਮਤਿ ਰਹਿਤ ਮਰਿਆਦਾ ਪੰਨਾ 50)

ਵਿਚਾਰ : ਕੀ ਮਾਤਾ ਗੁਜਰੀ ਦੀ ਪਤੀਬ੍ਰਤਾ ਨਹੀਂ ਸੀ ? ਛੋਟੇ ਸਾਹਿਬਜ਼ਾਦਿਆਂ ਸਮੇਤ ਉਹ ਠੰਡੇ ਬੁਰਜ ਵਿੱਚ ਕੈਦ ਰਹੇ। ਉਹ ਬੱਚਿਆਂ ਨੂੰ ਲੈ ਕੇ ਉਥੋਂ ਉੱਡ ਕਿਉਂ ਨਾ ਗਏ ? ਕੀ ਮਾਈ ਸੇਵਾਂ ਵਿੱਚ ਮਾਤਾ ਜੀ ਨਾਲੋਂ ਵੱਧ ਤਾਕਤ ਸੀ। ਜਿਹੜੀਆਂ ਸਿੰਘਣੀਆਂ ਮੀਰ ਮੰਨੂੰ ਦੀ ਜੇਲ੍ਹ ਵਿੱਚ ਅਤੇ ਹੋਰ ਮੁਸ਼ਕਲਾਂ ਸਮੇਂ ਬੱਚਿਆਂ ਦੇ ਟੋਟੇ ਕਰਾ ਕੇ ਝੋਲੀਆਂ ਵਿੱਚ ਪਵਾ ਲਏ। ਭੁੱਖਾਂ ਤ੍ਰੇਹਾਂ ਕੱਟੀਆਂ, ਅਨੇਕਾਂ ਸਰੀਰਕ ਕਸ਼ਟ ਸਹਿ ਲਏ ਭਾਣਾ ਮੰਨਿਆ, ਕੀ ਉਹ ਪਤੀਬ੍ਰਤਾ ਨਹੀਂ ਸਨ ?

ਬੰਦਾ ਸਿੰਘ ਜੀ ਬਹਾਦਰ ਜੋ ਗੁਰੂ ਮਿਲਾਪ ਤੋਂ ਪਹਿਲਾਂ ਰਿੱਧੀਆਂ ਸਿੱਧੀਆਂ ਵੱਸ ਕਰੀ ਬੈਠਾ ਸੀ। ਗੁਰੂ ਕਾ ਸਿੰਘ ਸਜਣ ਤੋਂ ਬਾਅਦ ਪੰਜਾਬ ਨੂੰ ਆਇਆ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ, ਜੰਗ ਕੀਤਾ, ਅੰਤ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਘੇਰਾ ਪੈ ਗਿਆ। ਕੀ ਉਹ ਉੱਡ ਕੇ ਨਹੀਂ ਸੀ ਜਾ ਸਕਦੇ ? ਜਾਲਮਾਂ ਨੇ ਉਨ੍ਹਾਂ ਦੇ ਬੱਚੇ ਅਜੈ ਸਿੰਘ ਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿੱਚ ਪਾਇਆ। ਜੰਬੂਰਾਂ ਨਾਲ ਮਾਸ ਤੁੜਵਾ ਲਿਆ ਪਰ ਕੋਈ ਸ਼ਕਤੀ ਨਹੀਂ ਦਿਖਾਈ ਭਾਣਾ ਮੰਨਿਆ। ਅਸਲ ਵਿੱਚ ਰਿਧੀਆਂ ਸਿਧੀਆਂ ਕੇਵਲ ਪਖੰਡ ਹੈ, ਧੋਖਾ ਹੈ। ਕਿਉਂਕਿ ਗੁਰਵਾਕ ਹੈ :

'ਰਿਧਿ ਸਿਧਿ ਸਭ ਮੋਹ ਹੈ ਨਾਮ ਨ ਵਸੈ ਮਨਿ ਆਇ॥ (593)

'ਹੋਨ ਨਜੀਕਿ ਖੁਦਾਇ ਦੈ ਭੇਤੁ ਨ ਕਿਸੇ ਦੇਣ॥

(1384)

ਬੰਦ ਬੰਦ ਕੱਟੇ ਗਏ, ਆਰਿਆਂ ਨਾਲ ਤਨ ਚਿਰਵਾ ਲਏ ਪਰ ਕੋਈ ਸ਼ਕਤੀ ਨਾ ਦਿਖਾਈ। ਉੱਪਰ ਲਿਖੀ ਕਹਾਣੀ ਸੁਣਾਉਣ ਵਾਲੇ ਸਾਧ ਨੇ ਇਸ ਵਿੱਚ ਇੱਕ ਨਹੀਂ ਕਈ ਅਨਰਥ ਕੀਤੇ।

1. ਗੁਰੂ ਦਾ ਬਚਨ ਗੁਰੂ ਤੋਂ ਹੀ ਖੰਡਨ ਕਰਵਾਇਆ ਹੈ ਕਿ ਗੁਰੂ ਅਮਰਦਾਸ ਜੀ ਕਹਿੰਦੇ ਹਨ, ਮਾਈ, ਦੱਸ ਕਿ ਕਿਹੜੀ ਸ਼ਕਤੀ ਨਾਲ ਆਉਂਦੀ ਹੈਂ? ਪਰ ਗੁਰਬਾਣੀ ਅੰਦਰ ਗੁਰੂ ਜੀ ਕਹਿੰਦੇ ਹਨ ਕਿ ਜਿਹੜੇ ਪ੍ਰਮਾਤਮਾ ਨੇ ਨੇੜੇ ਹੁੰਦੇ ਹਨ ਉਹ ਕਦੇ ਭੇਦ ਨਹੀਂ ਦਿੰਦੇ। ਇਸ ਸਾਧ ਨੇ ਗੁਰਮਤਿ ਸਿਧਾਂਤ ਦੀ ਖੰਡਨਾ ਗੁਰੂ ਦੇ ਮੂੰਹੋਂ ਹੀ ਕਰਵਾ ਦਿੱਤੀ ਹੈ। ਬ੍ਰਾਹਮਣ ਵੀ ਇਸੇ ਤਰ੍ਹਾਂ ਕਰਦਾ ਰਿਹਾ ਹੈ।
2. ਪਤੀਬ੍ਰਤਾ ਨੂੰ ਤਾਂ ਹੋਰ ਕੋਈ ਸੇਵਾ ਕਰਨ ਦੀ ਲੋੜ ਹੀ ਨਹੀਂ ਹੈ। ਜੇ ਜ਼ਰੂਰੀ ਕਰਨੀ ਸੀ ਤਾਂ ਉਥੇ ਬੈਠੀ ਹੀ ਟੋਕਰੀ ਢੋਈ ਜਾਂਦੀ ਜਿਹੜੀ ਉੱਡ ਕੇ ਆ ਸਕਦੀ ਹੈ, ਉਹ ਉਥੇ ਬੈਠਾ ਵੀ ਸੇਵਾ ਕਰ ਸਕਦੀ ਹੈ।
3. ਜਿਹੜੀ ਇੱਕ ਹੋਰ ਸਤੀ ਲਿਖੀ ਹੈ ਕਹਾਣੀ ਵਿੰਚ ਕਿ ਉਹਨੇ ਸੂਰਜ ਨਹੀਂ ਸੀ ਚੜ੍ਹਨ ਦਿੱਤਾ। ਧਰਤੀ ਨਾਲੋਂ ਕਈ ਗੁਣਾ ਵੱਡਾ ਇਹ ਸੂਰਜ (ਅੱਗਾ ਦਾ ਗੋਲਾ) ਬ੍ਰਾਹਮਣ ਨੇ ਅਤੇ ਇਨ੍ਹਾਂ ਸਾਧਾਂ ਨੇ ਖਿਡੌਣਾ ਬਣਾਇਅ ਹੋਇਆ ਹੈ। ਕਦੇ ਇਨ੍ਹਾਂ ਦੀਆਂ ਕਹਾਣੀਆਂ ਦੱਸਦੀਆਂ ਹਨ ਕਿ ਸੂਰਜ ਨੇ ਜਨਾਨੀ ਦੇ ਪੇਟੋਂ ਜਨਮ ਲਿਆ। ਕਦੇ ਕੋਈ ਇਸ ਸੂਰਜ ਨੂੰ ਮੂੰਹ 'ਚ ਵਿੱਚ ਪਾ ਕੇ ਖਾ ਗਿਆ। ਜਦੋਂ ਮਰਜ਼ੀ ਕਿਸੇ ਸਤੀ ਨੇ ਇਹਨੂੰ ਚੜ੍ਹਨ ਤੋਂ ਹੀ ਰੋਕ ਦਿੱਤਾ ਅਤੇ ਦੇਵਤਿਆਂ ਨੇ ਉਸ ਦੇ ਮਰੇ ਪਤੀ ਨੂੰ ਜਿਊਂਦਾ ਕੀਤਾ ਤਾਂ ਇਸ ਨੇ ਸੂਰਜ ਨੂੰ ਚੜਨ੍ਹ ਦੀ ਇਜਾਜ਼ਤ ਦਿੱਤੀ।

ਹਿੰਦੂ ਮੱਤ ਦੇ ਆਗੂਆਂ ਨੇ ਸਨਾਤਨ ਮੱਤ ਨੂੰ ਜਾਦੂ ਦੀ ਖੇਡ ਬਣਾ ਦਿੱਤਾ। ਐਨ ਉਸੇ ਤਰਜ਼ 'ਤੇ ਇਹ ਸਾਧ ਸਿੱਖ ਧਰਮ ਨੂੰ ਵੀ ਜਾਦੂ ਦੀ ਖੇਡ ਬਣਾਉਣਾ ਚਾਹੁੰਦੇ ਹਨ। ਇਨ੍ਹਾਂ ਦੇ ਸੁਪਨੇ ਸਾਕਾਰ ਨਹੀਂ ਹੋਣਗੇ। ਇਨ੍ਹਾਂ ਨੂੰ ਕੌਣ ਦੱਸੇ, ਇਹ ਸੂਰਜ, ਇਹ ਜਨਮ ਮਰਨ, ਕਰਤਾ ਪੁਰਖੁ ਦੇ ਹੁਕਮ ਵਿੱਚ ਹੈ, ਇਨ੍ਹਾਂ ਸਤੀਆਂ ਦੇ ਵੱਸ ਦੀ ਬਾਤ ਨਹੀਂ ਹੈ।

ਇਸੇ ਪੁਸਤਕ ਵਿੱਚ ਗਿਆਨੀ ਗੁਰਬਚਨ ਸਿੰਘ ਕਹਿ ਰਹੇ ਹਨ ਕਿ 'ਬੱਚਾ ਪੈਦਾ ਹੋਣ ਵਕਤ ਜੋ ਸਹਾਇਕ (ਦਾਈ) ਹੁੰਦੀ ਹੈ ਉਹ ਵੀ ਸਿੱਖਣੀ ਹੋਣੀ ਚਾਹੀਦੀ ਹੈ ਅਤੇ ਮੱਥੇ ਲੱਗਣ ਵਾਲੀਆਂ ਵੀ ਸਿੰਘਣੀਆਂ ਹੋਣੀਆਂ ਚਾਹੀਦੀਆਂ ਹਨ, ਖਿਡਾਵੇ ਵੀ ਸਿੱਖ ਹੋਣੇ ਚਾਹੀਦੇ ਹਨ।' ਪਰ ਭਾਈ ਗੁਰਦਾਸ ਜੀ ਕਹਿੰਦੇ ਹਨ :

'ਘਰਿ ਹਰਨਾਖਸ਼ ਦੈਂਦ ਦੈ ਕਲਰਿ ਕਵਲ ਭਗਤੁ ਪ੍ਰਹਲਾਦ॥' (ਭਾਈ ਗੁਰਦਾਸ ਜੀ)

ਹਰਨਾਖ਼ਸ਼ ਦੁਸ਼ਟ ਦੇ ਘਰ ਭਗਤ ਪ੍ਰਹਲਾਦ ਪੈਦਾ ਹੋ ਗਿਆ। ਕੀ ਉਥੇ ਦਾਈ ਅਤੇ ਖਿਡਾਵੇ ਸਿੱਖ ਸੀ ? ਪਹਿਲੇ ਪਤਾਸ਼ਾਹ ਦੇ ਪੁੱਤਰਾਂ ਨੇ ਗੁਰੂ ਦਾ ਹੁਕਮ ਨਾ ਮੰਨਿਆ। ਪੰਜਵੇਂ ਪਾਤਸ਼ਾਹ ਦਾ ਸਕਾ ਭਰਾ ਪ੍ਰਿਥੀ ਚੰਦ ਸਦਾ ਬੇਈਮਾਨੀ ਅਤੇ ਈਰਖਾ ਕਰਦਾ ਰਿਹਾ। ਪ੍ਰਿਥੀ ਚੰਦ ਵੀ ਗੁਰੂ ਪੁੱਤਰ ਹੀ ਸੀ। ਰਾਮ ਰਾਈਏ, ਧੀਰ ਮਲੀਏ, ਇਨ੍ਹਾਂ ਵਾਰੀ ਦਾਈਆਂ ਅਤੇ ਖਿਡਾਵੇ ਸਿੱਖ ਨਹੀਂ ਸੀ ? ਅੱਗੇ ਚਲ ਕੇ ਜ਼ਿਕਰ ਕਰਾਂਗਾ ਕਿ ਇਥੇ ਤਾਂ ਵੱਡੇ ਵੱਡੇ ਗਿਆਨੀਆਂ, ਗ੍ਰੰਥੀਆਂ, ਕਥਾਵਾਚਕਾਂ, ਪ੍ਰਚਾਰਕਾਂ ਸੰਤਾਂ ਬ੍ਰਹਮ ਗਿਆਨੀਆਂ ਦੇ ਮੁੰਡੇ ਕਲੀਨ ਸ਼ੇਵ ਹਨ ਕੀ ਇਨ੍ਹਾਂ ਨੂੰ ਕੋਈ ਸਿੱਖ ਦਾਈ ਨਹੀਂ ਲੱਭੀ ?

ਅੰਤਮ ਸੰਸਕਾਰ

ਇਸ ਸਿਰਲੇਖ ਅਧੀਨ ਇਸ ਟਕਸਾਲੀ ਪੁਸਤਕ ਗੁਰਮਤਿ ਰਹਿਤ ਮਰਿਆਦਾ ਵਿੱਚ 70% ਹਿੰਦੂ ਮੱਤ ਵਾਲੀ ਕੂੜ ਕਿਰਿਆ, ਗੁਰਮਤਿ ਕਰ ਕੇ ਲਿਖੀ ਹੋਈ ਹੈ। ਕੇਵਲ 30% ਗੁਰਮਤਿ ਹੈ। ਅਫ਼ਲਾਤੂਨ ਵਾਲੀਆਂ ਝੂਠੀਆਂ ਕਹਾਣੀਆਂ ਲਿਖ ਕੇ ਅਭੁੱਲ ਗੁਰੂ ਕਰਤਾਰ ਨੂੰ ਭੁੱਲੜ ਸਿੱਖ ਕੀਤਾ ਹੋਇਆ ਹੈ। ਜਮਦੂਤ, ਧਰਮਰਾਜ, ਨਰਕ-ਸਵਰਗ ਅਤੇ ਕੁਰਹਿਤੀਆਂ ਨੂੰ ਵੀ ਮਰਨ ਤੋਂ ਬਾਅਦ ਹਿੰਦੂ ਮੱਤ ਵਾਲੇ ਪਾਠ, ਕਰਮਕਾਂਡ, ਅੰਨ ਬਸਤਰ ਦਾਨ ਕਰ ਕੇ, ਬਖ਼ਸ਼ਾਇਆ ਜਾਂਦਾ ਲਿਖਿਆ ਹੈ। ਇਹ ਵੀ ਲਿਖਿਆ ਹੈ ਕਿ ਕੁਰਹਿਤ ਕਰਨ ਵਾਲੇ ਸਿੱਖ ਨੂੰ ਨਰਕ ਵਿੱਚ ਪਏ ਹੋਏ ਨੂੰ ਗੁਰੂ ਜੀ ਕੇਸਾਂ ਤੋਂ ਫੜ ਕੇ ਕੱਢ ਲੈਂਦੇ ਹਨ। ਫਿਰ ਤਾਂ ਕੇਵਲ ਕੇਸ ਹੀ ਰੱਖਣ ਦੀ ਲੋੜ ਹੈ।

ਇਸ ਸਿਧਾਂਤ ਦੀਆਂ ਵੀ ਟਕਸਾਲੀਆਂ ਨੇ ਇਥੇ ਧੱਜੀਆਂ ਉਡਾ ਦਿੱਤੀਆਂ ਹਨ। ਟਕਸਾਲੀਆਂ ਨੇ ਇਹ ਵੀ ਲਿਖਿਆ ਹੈ ਕਿ ਮਰੇ ਬੰਦੇ ਦੇ ਮਗਰ ਅਰਦਾਸਾਂ ਕਰ ਕੇ ਉਸ ਨੂੰ ਸੱਚਖੰਡ ਭੇਜਿਆ ਜਾ ਸਕਦਾ। ਇੰਗਲੈਂਡ ਦੇ ਪਾਦਰੀਆਂ ਵਾਂਗ ਇਹ ਸਾਰੇ ਫ਼ੈਸਲੇ ਕੋਲੋਂ ਹੀ ਸੁਣਾਈ ਜਾ ਰਹੇ ਹਨ। ਅਰਦਾਸ ਕਰ ਕੇ ਸਿੱਖ ਕੌਮ ਦੀ ਏਕਤਾ ਤਾਂ ਕੋਈ ਕਰਵਾ ਨਹੀਂ ਸਕਿਆ, ਇਹ ਮੁਰਦਿਆਂ ਨੂੰ ਸੱਚਖੰਡ ਭੇਜ ਰਹੇ ਹਨ। ਉਹ ਦਿਨ ਦੂਰ ਨਹੀਂ ਜਦੋਂ ਇਹ ਧਰਮਰਾਜ ਦਾ ਦਫ਼ਤਰ ਵੀ ਆਪਣੇ ਡੇਰਿਆਂ ਵਿਚ ਲਵਾ ਦੇਣਗੇ।

ਮਰਿਆਂ ਦੇ ਵੰਡੇ ਦਾ ਰੋਜ਼ਾਨਾ ਦਾ ਨਿੱਤਨੇਮ ਵੀ ਇਹ ਆਪ ਹੀ ਕਰ ਦਿੰਦੇ ਹਨ। ਇਹ 10 ਦਿਨ ਤੱਕ ਉਸ ਦਾ ਨਿੱਤਨੇਮ ਕਰਦੇ ਰਹਿੰਦੇ ਹਨ, 'ਮਰੇ ਪ੍ਰਾਣੀ ਦੀ ਰਾਖ ਚੁੱਕਣ ਸਮੇਂ ਜੈਤਸਰੀ ਦੀ ਵਾਰ ਅਤੇ ਸਹਸਕ੍ਰਿਤੀ ਦਾ ਪਾਠ ਕਰੇ ਭਾਵੇਂ ਅੰਮ੍ਰਿਤਧਾਰੀ ਹੋਏ ਭਾਵੇਂ ਦੂਜਾ ਮਰਿਆਦਾ ਇੱਕ ਹੀ ਹੈ।' ਇਹ ਟਕਸਾਲੀ ਕਹਿੰਦੇ ਹਨ।

ਮਹਾਰਾਜ ਜੀ ਦੀ ਮਾਲ ਕੌਂਸੀਏ ਦੀ ਵਾਰ ਬਾਬਾ ਦੀਪ ਸਿੰਘ ਜੀ ਨੇ ਲਿਖੀ ਹੈ, ਜੋ ਪਟਨੇ ਸਾਹਿਬ ਵਾਲੇ ਦਸਮ ਗ੍ਰੰਥ ਵਿੱਚ ਹੈ। ਉਹਦੇ ਵਿੱਚ ਆਉਂਦਾ ਹੈ।

(ਗੁਰਮਤਿ ਰਹਿਤ ਮਰਿਆਦਾ ਪੰਨਾ 242)

ਵਿਚਾਰ : ਇਕ ਦਸਮ ਗ੍ਰੰਥ ਦਾ ਮਸਲਾ ਤਾਂ ਅਜੇ ਕਿਸੇ ਪਾਸੇ ਨਹੀਂ ਲੱਗਾ ਪਰ ਟਕਸਾਲ ਨੇ ਇਕ ਹੋਰ ਪਟਨੇ ਸਾਹਿਬ ਵਾਲਾ ਦਸਮ ਗ੍ਰੰਥ ਕੱਢ ਲਿਆਂਦਾ ਹੈ। ਕੋਈ ਪਟਨੇ ਸਾਹਿਬ ਵਾਲਾ ਦਸਮ ਗ੍ਰੰਥ, ਕੋਈ ਅਨੰਦਪੁਰ ਸਾਹਿਬ ਵਾਲਾ ਦਸਮ ਗ੍ਰੰਥ, ਕੋਈ ਦਮਦਮਾ ਸਾਹਿਬ ਵਾਲਾ ਦਸਮ ਗ੍ਰੰਥ। ਅਜੇ ਪਤਾ ਨਹੀਂ ਹੋਰ ਇਹ ਕੀ ਕੀ ਕਰਨਗੇ ?

ਪਾਠ ਮਰਿਆਦਾ

ਸਤਿਗੁਰਾਂ ਦੇ ਸਿੱਖੀ ਪੰਥ ਵਿੱਚ ਅਨੇਕ ਵਿਧੀਆਂ ਦੇ ਪਾਠਾਂ ਦੀ ਮਰਿਆਦਾ ਹੈ ਜੋ ਸਤਿਗੁਰਾਂ ਨੇ ਅਤੇ ਮਹਾਰਾਜ ਦੇ ਨਿਕਟਵਰਤੀ ਸਿੰਘਾਂ ਨੇ ਚਲਾਈਆਂ ਉਹ ਇਹ ਹਨ :

1. ਸਾਧਾਰਨ ਪਾਠ :

(1) ਸਾਧਾਰਨ ਮ੍ਰਿਤਕ ਦਾ, (2) ਸਾਧਾਰਨ ਖ਼ੁਸ਼ੀ ਦਾ (3) ਸੰਥਾ ਪੜ੍ਹਨ ਵਾਸਤੇ ਆਦਿ।

2. ਸ੍ਰੀ ਅਖੰਡ ਪਾਠ।

3. ਸਪੰਟ ਪਾਠ–1. ਅਖੰਡ ਸੰਪਟ ਪਾਠ, 2. ਸਾਧਾਰਨ ਸੰਪਟ ਪਾਠ

4. ਸਪਤਾਹਕ।

5. ਕਥਾ ਪ੍ਰਮਾਨ ਅਰਥਾਂ ਸੰਜੁਗਤ।

6. ਸ੍ਰੀ ਦਸਮ ਗ੍ਰੰਥ ਸਾਹਿਬ ਜੀ –ਸ੍ਰੀ ਅਖੰਡ ਪਾਠ, 2. ਸਾਧਾਰਨ ਪਾਠ

(ਗੁਰਮਤਿ ਰਹਿਤ ਮਰਿਆਦਾ ਪੰਨਾ 247)

ਵਿਚਾਰ : ਇਨ੍ਹਾਂ ਟਕਸਾਲੀਆਂ ਨੇ ਪਾਠ ਦੀ ਵੀ ਏਕਤਾ ਨਹੀਂ ਰਹਿਣ ਦਿੱਤੀ। ਪਾਠਾਂ ਵਿੱਚ ਵੰਡੀਆਂ ਪਾ ਦਿੱਤੀਆਂ ਹਨ। ਕਈ ਕਿਸਮ ਦੇ ਪਾਠ ਬਣਾ ਦਿੱਤੇ ਹਨ। ਸਤਿਗੁਰਾਂ ਨੇ ਹੁਕਮ ਦਿੱਤਾ ਹੈ ਕਿ ਸਿੱਖ ਆਪ ਬਾਣੀ ਪੜ੍ਹੇ, ਸੁਣੇ ਸਮਝੇ, ਮੰਨੇ, ਕਮਾਵੇ ਪਰ ਹਿੰਦੂ ਮੱਤ ਦੀ ਨਕਲ ਕਰ ਕੇ ਠੇਕੇ 'ਤੇ ਪਾਠ ਕਰਨੇ ਅਤੇ ਕਰਵਾਉਣ ਸ਼ੁਰੂ ਕਰ ਦਿੱਤੇ।

'ਪੜਿਐ ਨਾਹੀ ਭੇਦ ਬੁਝਿਐ ਪਾਵਣਾ॥
(148)

ਹੋਰ ਬਚਨ ਹੈ :

'ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥' (286)

'ਸੇਵਕ ਸਿਖ ਪੂਜਣ ਸਭਿ ਆਵਹਿ, ਸਭਿ ਗਾਵਹਿ ਹਰਿ ਹਰਿ ਉਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,
ਜਿਨ ਸਤਿਗੁਰੁ ਕੀ ਆਗਿਆ ਸਤਿ ਸਤਿ ਕਰਿ ਮਾਨੀ॥' (669)

ਇਹ ਉਪਦੇਸ਼ ਦ੍ਰਿੜ ਕਰਨ ਦੀ ਲੋੜ ਹੈ। ਪਰ ਇਥੇ ਠੇਕੇ 'ਤੇ ਪਾਠ ਕੀਤੇ ਅਤੇ ਕਰਵਾਏ ਜਾ ਰਹੇ ਹਨ ਅਤੇ ਫਿਰ ਕਾਰਜ ਰਾਸ ਹੋਣ ਦੇ ਸਰਟੀਫ਼ਿਕੇਟ ਦਿੱਤੇ ਅਤੇ ਲਏ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਵੀ ਪਾਠ ਵੇਚ ਰਹੀ ਹੈ ਅਤੇ ਫਲ ਦੇ ਰਹੀ ਹੈ। ਪਾਠ

ਤਾਂ ਘੱਟ ਹੀ ਕਰਦੇ ਹਨ ਪਰ ਭੋਗ ਸਮੇਂ ਦਾ ਹੁਕਮਨਾਮਾ ਅਤੇ ਪੁੰਨ ਫਲ ਜ਼ਰੂਰ ਲੋਕਾਂ ਦੇ ਘਰੀਂ ਪਹੁੰਚ ਜਾਂਦਾ ਹੈ। ਜਿਸ ਦੇ ਘਰ ਬਣੇ ਬੱਤਰੇ ਪੁੰਨ ਫਲ ਪਹੁੰਚ ਜਾਂਦੇ ਹਨ। ਉਹਨੂੰ ਘਰੇ ਗੁਟਕਾ ਰੱਖ ਕੇ ਬਾਣੀ ਪੜ੍ਹਨ, ਸਮਝਣ ਦੀ ਲੋੜ ਵੀ ਕੀ ਹੈ?

ਸੰਪਟ ਪਾਠ ਦੇ ਬਾਰੇ ਪਿੱਛੇ ਵਿਚਾਰ ਕਰ ਆਏ ਹਾਂ ਕਿ ਇਸ ਦਾ ਗੁਰਮਤਿ ਵਿੱਚ ਕੋਈ ਵਿਧਾਨ ਨਹੀਂ ਹੈ।

ਦਸਮ ਗ੍ਰੰਥ ਬਾਰੇ ਵੀ ਪਿੱਛੇ ਵਿਚਾਰ ਕਰ ਆਏ ਹਾਂ।

ਸਾਮੱਗ੍ਰੀ-ਸਤਿਗੁਰੂ ਜੀ ਨੇ ਕਿਰਪਾ ਕਰ ਕੇ ਪਾਠਾਂ ਦੀਆਂ ਜੋ ਵਿਧੀਆਂ ਦੱਸੀਆਂ ਹਨ। ਉਸੇ ਨਾਲ ਪਾਠ ਦੀ ਸਫ਼ਲਤਾ ਵਾਸਤੇ ਅਤੇ ਕੁੱਝ ਸਾਮੱਗ੍ਰੀ ਤੇ ਨਿਯਮਾਂ ਦੀ ਦਾਤ ਵੀ ਦਿੱਤੀ ਹੈ। ਜਿਵੇਂ ਕਿ ਜਪੁਜੀ ਸਾਹਿਬ, ਕੁੰਭ, ਜੋਤ, ਨਰੇਲ, ਧੂਪ, ਆਰਤੀ, ਫੁੱਲ ਸਿਹਰੇ, ਕੜਾਹ ਪ੍ਰਸ਼ਾਦਿ। (ਗੁਰਮਤਿ ਰਹਿਤ ਮਰਿਆਦਾ ਪੰਨਾ 247)

ਵਿਚਾਰ : ਅਖੰਡ ਪਾਠ ਕਰਨ ਵੇਲੇ ਦੇਖਿਆ ਜਾਂਦਾ ਹੈ ਕਿ ਪਾਠ ਕਰਨ ਵਾਲੀ ਥਾਂ 'ਤੇ ਇੱਕ ਜਲ ਦਾ ਭਰਿਆ ਹੋਇਆ ਘੜਾ ਅਤੇ ਘੜੇ ਉੱਤੇ ਇੱਕ ਨਰੇਲ ਲਾਲ ਰੰਗ ਦੇ ਕਪੜੇ ਵਿੱਚ ਲਪੇਟ ਕੇ ਰੱਖਿਆ ਹੁੰਦਾ ਹੈ। ਪਾਣੀ ਦੇ ਘੜੇ ਹੇਠਾਂ ਕਈ ਪ੍ਰਕਾਰ ਦਾ ਅੰਨ ਹੁੰਦਾ ਹੈ। ਨਾਲ ਹੀ ਇੱਕ ਪਾਸੇ ਖਾਲਸ ਘਿਉ ਦੀ ਜੋਤ ਜਗ ਰਹੀ ਹੁੰਦੀ ਹੈ ਅਤੇ ਇੱਕ ਪਾਸੇ ਲੱਕੜ ਦੇ ਜਲ ਰਹੇ ਕੋਲਿਆਂ ਉੱਪਰ ਉਚੇਚਾ ਤਿਆਰ ਕੀਤਾ ਹੋਇਆ ਧੂਪ ਦਿੱਤਾ ਜਾ ਰਿਹਾ ਹੁੰਦਾ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਕੋਲੇ ਖਾਸ ਬੇਰੀ ਦੀ ਲੱਕੜੀ ਦੇ ਹੁੰਦੇ ਹਨ, ਧੂਪ ਵਿਚ ਕੋਈ 30 ਦੇ ਕਰੀਬ ਸੁਗੰਧਤ ਤੇ ਹਰ ਪ੍ਰਕਾਰ ਦੇ ਮੇਵੇ ਪਏ ਹੁੰਦੇ ਹਨ।

ਗੁਰਬਾਣੀ ਦੀ ਵਿਚਾਰ ਜਦ ਗੁਰੂ ਕ੍ਰਿਪਾ ਨਾਲ ਖੋਜ ਕੇ ਕੀਤੀ ਤਾਂ ਪੁੱਛਿਆ ਕਿ ਇਹ ਚੀਜ਼ਾਂ ਕਿਉਂ ਰੱਖੀਆਂ ਜਾਂਦੀਆਂ ਹਨ? ਉੱਤਰ ਵਿੱਚ ਦੱਸਿਆ ਕਿ ਗੁਰੂ ਘਰ ਦੀ ਮਰਿਆਦਾ ਚੱਲੀ ਆਉਂਦੀ ਹੈ। ਕਰਨੀ ਅਵੱਸ਼ ਹੈ ਪਰ ਇਸ ਉੱਤਰ ਨਾਲ ਕੋਈ ਤਸੱਲੀ ਨਾ ਹੋਈ।

ਇੱਕ ਥਾਂ ਦੇਖਿਆ ਕਿ ਹਨੂੰਮਾਨ ਦੇ ਮੰਦਰ ਵਿੱਚ ਰਮਾਇਣ ਦਾ ਅਖੰਡ ਪਾਠ ਰੱਖਿਆ ਹੋਇਆ ਹੈ। ਸੱਦਾ ਪੱਤਰ ਪੁੱਜਣ 'ਤੇ ਦਾਸ ਵੀ ਉਸ ਸਮਾਗਮ 'ਤੇ ਪੁੱਜਾ। ਕੀ ਵੇਖਦਾ ਹੈ ਕਿ ਹੂ-ਬ-ਹੂ ਅਖੰਡ ਪਾਠ (ਰਮਾਇਣ) ਦੇ ਹੋਣ ਵਾਲੀ ਥਾਂ 'ਤੇ ਸਾਰੀਆਂ ਚੀਜ਼ਾਂ ਕੁੰਭ, ਲਾਲ ਕਪੜੇ ਨਾਲ ਲਪੇਟਿਆ ਨਰੇਲ, ਘਿਉ ਦੀ ਜੋਤ, ਕੋਇਲਿਆਂ ਦੀ ਅੱਗ ਤੇ ਧੂਪ, ਜਲ ਦੇ ਘੜੇ ਹੇਠਾਂ ਅਨਾਜ ਪਿਆ ਹੈ। ਪੰਡਿਤ ਪੁਜਾਰੀ ਨੂੰ ਪੁੱਛਿਆ ਤਾਂ ਅਸਲੀ ਘੁੰਡੀ ਬ੍ਰਾਹਮਣ ਨੇ ਖੋਲ੍ਹੀ। ਆਖਣ ਲੱਗਾ ਕਿ ਦੇਵਤੇ ਬਿਠਾਏ ਹੋਏ ਹਨ। ਕੁੰਭ ਵਿੱਚ ਪਾਣੀ ਦੇਵਤਾ ਹੈ, ਕੋਲਿਆਂ ਨੂੰ ਬਾਲ ਦੇ ਧੂਪ ਹੋਮ (ਹਵਨ) ਕਰਨਾ ਹਵਾ

ਦੇਵਤੇ ਦੀ ਪੂਜਾ ਹੈ, ਘੜੇ ਹੇਠਾਂ ਅਨਾਜ ਰੱਖਣਾ ਅੰਨ ਦੇਵਤਾ ਦੀ ਪੂਜਾ ਹੈ, ਜੋਤ ਰੱਖਣੀ ਅੱਗ ਦੇਵਤੇ ਦੀ ਪੂਜਾ ਹੈ। ਲਾਲ ਰੰਗ ਦਾ ਕਪੜਾ ਰੱਖਣਾ ਦੇਵੀ ਦੀ ਪੂਜਾ ਹੈ ਤੇ ਨਰੇਲ ਰੱਖਣਾ ਗੁਪਤ ਦੇਵਤੇ ਦੀ ਪੂਜਾ ਹੈ। ਫਿਰ ਸ਼੍ਰੋਮਣੀ ਪੰਡਿਤ ਜੀ ਆਖਣ ਲੱਗੇ ਕਿ ਇਹ ਮਰਿਆਦਾ ਸਾਡੇ ਹਿੰਦੂ ਧਰਮ ਵਿੱਚ ਪੁਰਾਤਨ ਚੱਲੀ ਆਉਂਦੀ ਹੈ। ਬਿਲਕੁਲ ਸਪੱਸ਼ਟ ਹੈ ਕਿ ਸਾਡੇ ਅਖੰਡ ਪਾਠਾਂ ਵਿੱਚ ਇਨ੍ਹਾਂ ਚੀਜ਼ਾਂ ਦੇ ਰੱਖਣ ਦੀ ਮਰਿਆਦਾ ਹਿੰਦੂ ਰੀਤੀ ਤੋਂ ਆਈ ਹੈ, ਨਿਸ਼ਾ ਹੋ ਗਈ। ਇਹ ਤਾਂ ਦੇਵੀ ਦੇਵਤਿਆਂ ਦੀ ਪੂਜਾ ਹੈ।

ਗੁਰੂ ਦਾ ਹੁਕਮ ਹੈ,

'ਨ ਦੇਵ ਦਾਨਵਾ ਨਰਾ॥ ਨ ਸਿਧ ਸਾਧਿਕਾ ਧਰਾ॥
ਅਸਤਿ ਏਕ ਦਿਗਰਿ ਕੁਈ॥ ਏਕ ਤੁਈ ਏਕ ਤੁਈ॥' (143)

ਭਾਵ ਕਿ ਕ੍ਰਿਤ ਨੂੰ ਨਾ ਮੰਨੋ ਕੇਵਲ ਕਰਤੇ ਨੂੰ ਮੰਨਣਾ ਹੈ। ਇਸ ਸੰਬੰਧੀ ਕੁੱਝ ਸੁਧਾਰ, ਸਿੰਘ ਸਭਾ ਲਹਿਰ ਦੇ ਸਮੇਂ ਹੋਇਆ ਪਰ ਸਾਡੇ ਪੰਥ ਵਿੱਚ ਸੰਤਾਂ ਦਾ ਬਹੁਤ ਜ਼ੋਰ ਹੈ ਤੇ ਉਨ੍ਹਾਂ ਦੇ ਪ੍ਰਭਾਵ ਹੇਠ ਸੰਗਤ ਉਹੀ ਕਰਦੀ ਹੈ ਜੋ ਉਹ ਹੁਕਮ ਕਰਨ, ਵਿਚਾਰ ਤੋਂ ਕੰਮ ਨਹੀਂ ਲੈਂਦੀ। (ਧੰਨਵਾਦ ਸਾਹਿਤ 'ਕੀ ਇਹ ਸਿੱਖੀ ਹੈ? ਵਿਚੋਂ ਪੰਨਾ 11-12)

ਸੋ ਇਨ੍ਹਾਂ ਸੰਤਾਂ ਦਾ ਗੁਰੂ ਦੇ ਪੰਥ ਨਾਲ, ਸਿੱਖ ਰਹਿਤ ਮਰਿਆਦਾ ਨਾਲ ਕੋਈ ਸੰਬੰਧ ਨਹੀਂ ਹੈ। ਇਨ੍ਹਾਂ ਦੇ ਪਤਾ ਨਹੀਂ ਕਿੰਨੇ ਪੰਥ ਹਨ ਅਤੇ ਕਿਹੜੇ ਹਨ। ਇਨ੍ਹਾਂ ਦੀਆਂ ਪਤਾ ਨਹੀਂ ਕਿੰਨੀਆਂ ਕੁ ਮਰਿਆਦਾਵਾਂ ਹਨ। ਜਿੰਨੇ ਡੇਰੇ ਉਨੀਆਂ ਮਰਿਆਦਾ। ਇੱਕ ਦੀ ਮਰਿਆਦਾ ਦੂਜਾ ਨਾਲ ਨਹੀਂ ਰਲਦੀ ਖ਼ਾਲਸਾ ਪੰਥ ਦੇ ਘਟੇ ਤੇਜ਼ ਅਤੇ ਸਿੱਖ ਕੌਮ ਦੇ ਖੇਰੂੰ ਖੇਰੂੰ ਹੋਣ ਦਾ ਮੁੱਖ ਕਾਰਨ ਇਹ ਸੰਤ ਹਨ।

ਸੋ ਜਦ ਤਾਈਂ ਅਸੀਂ ਪਾਠ ਵੀਚਾਰ ਨਾਲ ਨਹੀਂ ਕਰਾਂਗੇ ਤੇ ਫਿਰ ਪਾਠ ਦੇ ਹੁਕਮ ਨੂੰ ਜੀਵਨ ਵਿੱਚ ਨਹੀਂ ਘਟਾਵਾਂਗੇ। ਕਿਵੇਂ ਕਾਰਜ ਰਾਸ ਹੋਣਗੇ? ਪ੍ਰਾਪਤੀ ਕੀ ਹੋਵੇਗੀ? ਹੋਰਾਂ ਮੱਤਾਂ ਵਾਂਗ ਸਾਡੇ ਵਿੱਚ ਵੀ ਪਾਠ ਇੱਕ ਰਸਮ-ਰਿਵਾਜ਼ ਹੋ ਗਿਆ ਹੈ। ਵਿਆਹ-ਸ਼ਾਦੀ, ਮਰਣੇ ਪਰਣੇ ਜਾਂ ਹੋਰ ਕਾਰਜਾਂ ਲਈ ਪਾਠ ਕਰਾਂਦੇ ਹਾਂ। ਪਰ ਜੋ ਪਾਠ ਵਿੱਚ ਹੁਕਮ ਹੈ, ਉਹਨੂੰ ਕਦੇ ਵਿਚਾਰਿਆ ਹੀ ਨਹੀ ਅਤੇ ਨਾ ਹੀ ਕਦੇ ਉਸ 'ਤੇ ਅਮਲ ਕੀਤਾ ਹੈ। ਤਾਂ ਫਿਰ ਲਾਭ ਕੀ ਹੋਇਆ?

ਇਸੇ ਤਰ੍ਹਾਂ ਇੱਕ ਸੰਤ ਨੇ ਦਾਅਵਾ ਕੀਤਾ ਕਿ ਉਹ ਪਾਠ ਕਰਨ 'ਤੇ ਕਾਰਜ ਸਿੱਧ ਕਿਉਂ ਨਾ ਹੋਵੇ। ਇਕੇਰਾਂ ਇੱਕ ਵੀਰ ਜੀ ਦਾ ਗੱਭਰੂ ਪੁੱਤਰ ਸਖਤ ਬਿਮਾਰ ਹੋ ਗਿਆ। ਇਲਾਜ ਕਾਫ਼ੀ ਕਰਾਇਆ ਪਰ ਫ਼ਾਇਦਾ ਨਾ ਹੋਇਆ। ਉਸ ਲੜਕੇ ਦਾ ਪਿਤਾ ਮਸ਼ਹੂਰ ਸੰਤ ਕੋਲ ਗਿਆ ਪੁੱਛਿਆ ਕਿ ਕੀ ਅਖੰਡ ਪਾਠ ਨਾਲ ਲੜਕਾ ਠੀਕ ਹੋ ਸਕਦਾ ਹੈ? ਤਾਂ ਸੰਤ ਕਹਿੰਦਾ ਕਿਉਂ ਨਹੀਂ, ਤੁਹਾਡਾ ਪੁੱਤਰ ਨਵਾਂ ਨਿਰੋਆ ਹੋ

ਜਾਵੇਗਾ। ਪਿਤਾ ਨੇ ਪੁੱਛਿਆ ਕਿੰਨੇ ਪਾਠ ਜ਼ਰੂਰੀ ਹਨ? ਉੱਤਰ ਮਿਲਿਆ ਪੰਜੀਹ ਪਾਠ ਹੋਣ। ਰੋਗੀ ਕਾਕੇ ਦੇ ਪਿਤਾ ਨੇ ਆਖਿਆ ਜੀ ਮੈਂ ਪੰਜਾਹ ਪਾਠ ਕਰਾਂਦਾ ਹਾਂ। ਆਪ ਜੀ ਅਰੰਭ ਕਰ ਦਿਉ। ਅਖੰਡ ਪਾਠ ਆਰੰਭ ਹੋ ਗਏ। ਆਖ਼ਰੀ ਪਾਠ ਦੇ ਭੋਗ 'ਤੇ ਵੱਡਾ ਭਾਰੀ ਜੱਗ ਕੀਤਾ ਗਿਆ। ਸੰਤ ਮਾਇਆ ਦਾ ਵਪਾਰ ਕਰ ਕੇ ਚਲੇ ਗਏ। ਕਾਕੇ ਦਾ ਰੋਗ ਹੋਰ ਵੱਧ ਗਿਆ। ਕੁੱਝ ਦਿਨਾਂ ਪਿੱਛੋਂ ਕਾਕਾ ਚਲਾਣਾ ਕਰ ਗਿਆ। ਕਾਕੇ ਦੇ ਪਿਤਾ ਦਾ ਸਦਾ ਵਾਸਤੇ ਗੁਰੂ ਘਰ ਤੋਂ ਵਿਸ਼ਵਾਸ ਉੱਠ ਗਿਆ ਅਤੇ ਬਾਕੀ ਖ਼ਾਨਦਾਨ ਪਤਿਤ ਹੋ ਗਿਆ।

ਜਿੰਨਾ ਵੀ ਦੁਨੀਆਂ 'ਤੇ ਅਗਿਆਨ (ਫੋਕੀ ਸ਼ਰਧਾ) ਹੈ ਇਹ ਸਾਰਾ ਸਾਧਾਂ ਅਤੇ ਧਰਮ ਦੇ ਠੇਕੇਦਾਰਾਂ ਦਾ ਫੈਲਾਇਆ ਹੋਇਆ ਹੈ। ਜੇ ਪੜ੍ਹਿਆਂ ਹੀ ਗੱਲ ਬਣ ਜਾਂਦੀ ਹੋਵੇ ਤਾਂ ਹਜ਼ਾਰਾਂ ਪਾਠੀ ਰੋਜ਼ ਅਖੰਡ ਪਾਠ ਤੇ ਸਾਧਾਰਣ ਪਾਠ ਕਰਦੇ ਹਨ ਪਰ ਇਨ੍ਹਾਂ ਦਾ ਜੀਵਨ ਪੱਧਰ, ਪਾਠ ਨਾ ਕਰਨ ਵਾਲਿਆਂ ਨਾਲੋਂ ਵੀ ਨੀਂਵਾ ਹੈ।

ਇਸ ਦਾ ਮਤਲਬ ਇਹ ਨਹੀਂ ਪਾਠ ਨਾ ਕੀਤਾ ਜਾਵੇ, ਨਾ ਸੁਣਿਆ ਜਾਵੇ। ਬਾਣੀ ਪੜ੍ਹਨੀ ਹੈ, ਸੁਣਨੀ ਹੈ, ਪਰ ਵੀਚਾਰ ਨਾਲ, ਅਰਥ ਭਾਵ ਨੂੰ ਸਮਝ ਕੇ ਕਰੋ ਅਤੇ ਜਿਸ ਭਾਵ ਦੇ ਵਲਵਲੇ ਵਿੱਚ ਬਾਣੀ ਚਲਦੀ ਹੈ, ਮਨ ਨੂੰ ਹਜ਼ੂਰੀ ਵਿੱਚ ਰੱਖ ਕੇ ਉਸੇ ਭਾਵ ਨਾਲ ਚਲਾਉ। ਫਿਰ ਜੋ ਬਾਣੀ ਵਿੱਚ ਹੁਕਮ ਹਨ ਉਨ੍ਹਾਂ ਨੂੰ ਜੀਵਨ ਵਿੱਚ ਘਟਾਉ। ਫਿਰ ਦੇਖਣਾ ਕਿੰਨਾ ਲਾਭ ਹੁੰਦਾ ਹੈ। ਮਨ ਦੀਆਂ ਮੁਰਾਦਾਂ ਮਿਲ ਸਕਦੀਆਂ ਹਨ। ਇਹ ਗੱਲ ਪ੍ਰਤੱਖ ਕਰ ਕੇ ਦੇਖੀ ਜਾ ਸਕਦੀ ਹੈ। ਗੁਰ ਫੁਰਮਾਨ ਹੈ:

'ਨਾਨਕ ਜਿਨੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ ॥ (750)

ਇਨ੍ਹਾਂ ਵੰਨ-ਸੁਵੰਨੀਆਂ ਸਮੱਗਰੀਆਂ, ਕੁੰਭਾਂ, ਨਰੇਲਾਂ, ਜੋਤਾਂ, ਮੌਲੀਆਂ ਦੀ ਅਖੰਡ ਪਾਠ ਨਾਲ ਕੋਈ ਲੋੜ ਨਹੀਂ ਹੈ।

'ਜਾਗੋ ਜਾਗੋ ਸੁਤਿਹੋ ਚਲਿਆ ਵਣਜਾਰਾ ॥' (418)

ਗੁਰਮਤਿ ਰਹਿਤ ਮਰਿਆਦਾ ਦਾ ਕਰਤਾ ਅੱਗੇ ਲਿਖਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਜਿਸ ਵਕਤ ਪ੍ਰਾਗਰਾਜ ਤ੍ਰਿਬੇਣੀ 'ਤੇ ਗਏ ਹਨ ਉਥੇ ਮਾਤਾ ਨਾਨਕੀ ਜੀ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਤੇ ਮਾਤਾ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਤੇ ਮਹਿਲ ਜਗਤ ਮਾਤਾ ਜੀ, ਉਨ੍ਹਾਂ ਨੇ ਕਿਹਾ ਕਿ ਤੁਹਾਡੇ ਪਿਤਾ ਸਾਹਿਬ ਨੇ ਬਚਨ ਕੀਤੇ ਸਨ ਕਿ ਤੁਸੀਂ ਪੋਤਰੇ ਦੇ ਦਰਸ਼ਨ ਕਰੋਗੇ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਆਪ ਜੀ ਦੀ 45 ਸਾਲ ਦੀ ਉਮਰ ਹੋ ਗਈ ਹੈ, ਹੁਣ ਤਾਈਂ ਮੈਂ ਪੋਤਰੇ ਦਾ ਮੂੰਹ ਨਹੀਂ ਵੇਖਿਆ।

ਉਸ ਵਕਤ ਸਤਿਗੁਰਾਂ ਨੇ ਕਿਹਾ, ਮਾਤਾ ਜੀ! ਇਹ ਵਾਹਿਗੁਰੂ ਜੀ ਦੇ ਵੱਸ ਹੈ। ਜਦੋਂ ਪਾਤਸ਼ਾਹ ਜੀ ਨੂੰ ਭਾਇਆ ਬਖ਼ਸ਼ਣਗੇ।

ਧਰਮ ਵਿਜੈ ਮੁਕਤ ਸ਼ਾਸਤਰ ਵਿੱਚ ਲਿਖਿਆ ਹੈ ਕਿ ਉਸ ਵਕਤ ਸਤਿਗੁਰੂ ਸਾਹਿਬ

ਜੀ ਦੇ ਪਾਸ ਮਾਤਾ ਜੀ ਨੇ ਬੇਨਤੀ ਕੀਤੀ ਕਿ ਕਿਵੇਂ ਮੇਰੀ ਇੱਛਾ ਪੂਰੀ ਹੋਵੇ ਤਾਂ ਬਚਿੱਤਰ ਨਾਟਕ ਵਿੱਚ ਲਿਖਿਆ ਹੈ ਕਿ :

ਜਬ ਹੀ ਜਾਤ ਤ੍ਰਿਬੇਣੀ ਭਏ ॥ ਪੁੰਨ ਦਾਨ ਦਿਨ ਕਰਤ ਬਿਤਏ ॥

ਉਸ ਵਕਤ ਮਹਾਰਾਜ ਨੇ ਕਿਹਾ, 'ਚੰਗਾ! ਸ੍ਰੀ ਅਖੰਡ ਪਾਠ ਕਰਾਉ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਈ ਬੰਨੋ ਦੇ ਸਰੂਪ ਨਾਲ ਸਨ। ਹੁਣ ਉਹ ਸ੍ਰੀ ਪਟਨਾ ਸਾਹਿਬ ਜੀ ਗਊ ਘਾਟੋਂ ਨੌਂਵੇਂ ਪਾਤਸ਼ਾਹ ਦੀ ਯਾਦਗਾਰ ਹੈ। ਉਸ ਦਾ ਪਾਠ ਮਹਾਰਾਜ ਜੀ ਨੇ ਕਰਵਾਇਆ। ਧਰਮ ਵਿਜੇ ਸ਼ਾਸਤਰ ਵਿੱਚ ਲਿਖਿਆ ਹੈ। ਜਿਸ ਦੇ ਪੰਜ ਪਾਠੀ...
(ਗੁਰਮਤਿ ਰਹਿਤ ਮਰਿਆਦਾ ਪੰਨਾ 300)

ਵਿਚਾਰ : ਜਿਨ੍ਹਾਂ ਗ੍ਰੰਥਾਂ ਵਿੱਚ ਖੰਡ 'ਚ ਲਪੇਟ ਕੇ ਜ਼ਹਿਰ ਦਿੱਤੀ ਗਈ ਹੈ। ਉਹ ਟਕਸਾਲੀਆਂ ਨੇ ਪੜ੍ਹੇ ਹਨ ਅਤੇ ਹਿੰਦੂ ਮੱਤ ਨੂੰ ਖ਼ਾਲਸਾ ਪੰਥ 'ਤੇ ਠੋਸਣ ਦਾ ਕੋਝਾ ਯਤਨ ਕਰ ਰਹੇ ਹਨ। ਕੀ ਗੁਰੂ ਨਾਨਕ ਸਾਹਿਬ ਜੀ ਜਗਨ ਨਾਥ ਪੁਰੀ ਦੇ ਮੰਦਰ ਵਿੱਚ ਪੱਥਰ ਦੀਆਂ ਮੂਰਤੀਆਂ ਨੂੰ ਮੱਥਾ ਟੇਕਣ ਗਏ ਸੀ? ਕੀ ਸੁਲਤਾਨਪੁਰ ਮਸੀਤ ਵਿੱਚ ਨਮਾਜ਼ ਪੜ੍ਹਨ ਗਏ ਸੀ? ਨਹੀਂ! ਉਥੇ ਧਰਮ ਦੇ ਨਾ 'ਤੇ ਜੋ ਪਾਖੰਡ ਹੋ ਰਿਹਾ ਸੀ, ਦੁਨੀਆਂ ਨੂੰ ਦੱਸਣ ਵਾਸਤੇ ਕਿ ਇਹ ਧਰਮੀ ਨਹੀਂ ਹਨ, ਧਰਮ ਦੇ ਨਾਂ 'ਤੇ ਪਾਖੰਡ ਕਰ ਰਹੇ ਹਨ। ਇਸੇ ਤਰ੍ਹਾਂ ਜੇ ਨੌਂਵੇਂ ਪਾਤਸ਼ਾਹ ਹਿੰਦੂ ਤੀਰਥਾਂ 'ਤੇ ਗਏ ਸੀ ਤਾਂ ਉਹ ਉਥੇ ਪਾਠ ਕਰਾਉਣ ਨਹੀਂ ਸੀ ਗਏ। ਉਹ ਧਰਮ ਦੇ ਨਾਂ 'ਤੇ ਕੀਤੇ ਜਾ ਰਹੇ ਪਾਖੰਡ ਦਾ ਭਾਂਡਾ ਚੌਰਾਹੇ ਵਿੱਚ ਭੰਨ੍ਹਣ ਗਏ ਸਨ। ਟਕਸਾਲੀ ਕਹਿ ਰਹੇ ਹਨ ਉਥੇ ਤ੍ਰਿਬੇਣੀ ਵਿਖੇ ਇਹ ਅਖੰਡ ਪਾਠ ਨੌਂਵੇਂ ਪਾਤਸ਼ਾਹ ਨੇ ਭਾਈ ਬੰਨੋ ਵਾਲੇ ਸਰੂਪ ਤੋਂ ਕਰਵਾਇਆ। ਇਸ ਦਾ ਮਤਲਬ ਕਿ ਇਹ ਟਕਸਾਲੀ 'ਧੰਨ ਗੁਰੂ ਗ੍ਰੰਥ ਸਾਹਿਬ' ਦਾ ਇਕ ਹੋਰ ਸ਼ਰੀਕ ਪੈਦਾ ਕਰੀ ਬੈਠੇ ਹਨ। ਭਾਈ ਬੰਨੋ ਵਾਲੀ ਬੀੜ ਮਿਲਾਵਟ ਵਾਲੀ ਹੈ। ਇਸੇ ਕਾਰਨ ਉਸ ਨੂੰ ਸਤਿਗੁਰੂ ਜੀ ਨੇ ਅਪ੍ਰਵਾਨ ਕੀਤਾ ਹੋਇਆ ਹੈ।

ਕਵੀ ਸੰਤੋਖ ਸਿੰਘ ਜੀ ਭਾਈ ਬੰਨੋ ਵਾਲੀ ਬੀੜ ਬਾਰੇ ਲਿਖਦੇ ਹਨ ਕਿ ਮਾਂਗਟ ਤੱਕ ਜਾਣ ਆਉਣ ਵਿੱਚ ਰੋਜ਼ ਇੱਕ ਕੋਹ ਮੰਜ਼ਿਲ ਕਰ ਕੇ ਭਾਈ ਬੰਨੋ ਨੇ ਲਿਖਾਰੀਆਂ ਪਾਸੋਂ ਸਾਰੀ 'ਆਦਿ ਬੀੜ' ਦਾ ਉਤਾਰਾ ਕਰਾ ਲਿਆ ਪਰ ਉਸ ਉਤਾਰੇ ਵਿੱਚ ਕੁੱਝ ਵਾਧੂ ਸ਼ਬਦ ਵੀ ਲਿਖਾ ਲਏ। ਜਦੋਂ ਵਾਪਸ ਆਏ ਤਾਂ ਦੋਵੇਂ ਬੀੜਾਂ ਬੰਨੋ ਨੇ ਗੁਰੂ ਜੀ ਨੂੰ ਦਿੱਤੀਆਂ ਅਤੇ ਆਪਣੀ ਬੀੜ ਵਿੱਚ ਵਾਧੂ ਲਿਖਿਆਂ ਬਾਣੀਆਂ ਸੁਣਾ ਦਿੱਤੀਆਂ। ਪੰਜਵੇਂ ਪਾਤਸ਼ਾਹ ਨੇ ਵਾਧੂ ਲਿਖਤਾਂ ਵੇਖ ਕੇ ਬਚਨ ਕੀਤਾ ਕਿ ਇਹ ਵਾਧੇ ਆਪਣੀ ਬੀੜ ਵਿਚ ਹੀ ਰੱਖੀਂ, ਸਾਡੇ ਗ੍ਰੰਥ ਵਿੱਚ ਨਹੀਂ ਪਾਉਣੇ। ਕਵੀ ਜੀ ਇਉਂ ਲਿਖਦੇ ਹਨ :

ਤਬਹਿ ਲਿਖਾਰੀ ਦੀਏ ਲਗਾਇ। ਲਿਖਹੁ ਸ਼ਿਤਾਬੀ ਅਰ ਸਮੁਦਾਇ।

ਅਪਨ ਪੁਰੀ ਲਗ ਇਕ ਇਕ ਕੋਸਾ ਡੇਰਾ ਕਰਤ ਲਿਖਾਯੋ ਆਇ।

ਇਕ ਨਿਸ ਬਸ ਕਰਿ ਨਿਜ ਘਰ ਮਾਹੂ। ਹਟੇ ਕੋਸ ਇਕ ਡੇਰਾ ਰਾਹੂ।
ਤਿਸੀ ਪ੍ਰਕਾਰ ਸੁਧਾਸਰ ਆਏ। ਆਵਤ ਜਾਤੇ ਸਰਬ ਲਿਖਾਏ।
ਕੇਤਕ ਸ਼ਬਦ ਲਿਖੇ ਅਧਿਕਾਈ। ਆਏ ਪੁਨ ਸ੍ਰੀ ਗੁਰ ਅਗਵਾਈ॥

-- -- --

ਜੁਗਲ ਗਰੰਥ ਸਾਹਿਬ ਧਰਿ ਦੀਨੇ। ਅਧਿਕ ਜੁ ਹੁਤੇ ਸੁਨਾਵਨ ਕੀਨੇ।
ਪਿਖਿ ਅਰੁ ਸੁਨਿ ਸ੍ਰੀ ਮੁਖਿ ਫੁਰਮਾਯੋ। ਲਿਖ ਕਰਿ ਅਧਿਕ ਜਿਤੋ ਤੁਮ ਪਾਯੋ।
ਤਿਸੀ ਬੀੜ ਮਹਿ ਰਖੋ ਲਿਖਾਵਹੁ। ਨਹਿ ਇਸ ਗ੍ਰੰਥ ਬਿਖੈ ਸੋ ਪਾਵਹੁ॥

ਇੱਕ ਗ੍ਰੰਥ ਵਿੱਚ ਇਨ੍ਹਾਂ ਵਾਧੂ ਬਾਣੀਆਂ ਦੇ ਨਾਂ ਵੀ ਲਿਖੇ ਹਨ :

1. ਜਿਤ ਦਰ ਲਖ ਮੁਹੰਮਦਾ
2. ਬਾਇ ਆਤਸ਼ -ਸੋਲ੍ਹਾਂ ਸਲੋਕ
3. ਰਤਨ ਮਾਲ।
4. ਰਾਹ ਮੁਕਾਮ ਕੀ ਸਾਖੀ।

ਬਾਨੀ ਕਛੁਕ ਵਧੀਕ ਲਿਖਾਈ। ਸਿੱਖਨ ਤੇ ਸੋ ਪੋਥੀ ਪਾਈ।
ਸਾਰੰਗ ਸ਼ਬਦ ਸੂਰ ਕਾ ਪਾਯੋ। ਤਹਿ ਤੁਕ ਏਕ, ਸਾਰਾ ਇਹਾਂ ਪਾਯੋ।

ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ :

ਉਸ ਨੇ ਰਸਤੇ ਵਿੱਚ ਇੱਕ ਉਤਾਰਾ ਹੋਰ ਕਰ ਲਿਆ ਜਿਸ ਵਿਚ ਕੁੱਝ ਕੁ ਵਾਧੂ ਸ਼ਬਦ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਕੁੱਝ ਕੁ ਹੋਰ ਭਗਤਾਂ ਦੇ ਲਿਖ ਲਏ। ਸੋ ਭਾਈ ਬੰਨੋ ਵਾਲੀ ਬੀੜ ਨੂੰ ਪੰਜਵੇਂ ਪਾਤਸ਼ਾਹ ਨੇ ਪ੍ਰਵਾਨ ਹੀ ਨਹੀਂ ਕੀਤਾ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਉਸ ਬੀੜ ਤੋਂ ਪਾਠ ਕਿਵੇਂ ਕਰਵਾ ਲਿਆ ? ਇਸ ਦਾ ਮਤਲਬ ਕਿ ਇਹ ਟਕਸਾਲੀ ਦਸਾਂ ਪਾਤਸ਼ਾਹੀਆਂ ਦੀ ਇੱਕ ਜੋਤ ਦਾ ਵੀ ਖੰਡਨ ਕਰਦੇ ਹਨ ਕਿਉਂਕਿ ਇਹ ਪੰਜਵੇਂ ਪਾਤਸ਼ਾਹ ਨੂੰ ਹੋਰ ਅਤੇ ਨੌਂਵੇਂ ਪਾਤਸ਼ਾਹ ਨੂੰ ਹੋਰ ਸਮਝਦੇ ਹਨ। ਇਨ੍ਹਾਂ ਦੀਆਂ ਆਪਣੀਆਂ ਹੱਥ ਲਿਖਤਾਂ ਇਹ ਗਵਾਹੀ ਦੇ ਰਹੀਆਂ ਹਨ।

ਅੱਗੇ ਇਥੇ ਟਕਸਾਲੀ ਕਿਤਾਬ ਵਿੱਚ ਲਿਖਿਆ ਹੈ ਕਿ ਇੱਕ ਅਖੰਡ ਪਾਠ ਗੁਰੂ ਗੋਬਿੰਦ ਸਿੰਘ ਜੀ ਨੇ ਕਰਵਾਇਆ। ਇਸ ਵਿੱਚ ਮਹਾਰਾਜ ਨੇ 1. ਪੰਜ ਅਖੰਡ ਪਾਠੀ (ਸ਼ੁੱਧ ਪਾਠ ਕਰਨ ਵਾਲੇ। ਕੇਸਾਂ ਸਹਿਤ ਇਸ਼ਨਾਨ ਕਰਵਾ ਕੇ), 2. ਪੰਜ ਸ੍ਰੀ ਜਪੁਜੀ ਸਾਹਿਬ 'ਤੇ ਲਾਏ। 3. ਪੰਜ ਧੂਪੀਏ (ਵਰਨੀਏ) ਲਾਏ। 4. ਪੰਜ ਪਹਿਰੇਦਾਰ ਲਾਏ ਤੇ 5. ਪੰਜ ਲਾਂਗਰੀ ਲਾਏ। ਨਰੇਲ, ਕੁੰਭ, ਜੋਤਾਂ ਨਾਲ ਰੱਖੀਆਂ। ਇੱਕ ਅਖੰਡ ਪਾਠ ਹਜ਼ੂਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਕਰਵਾਇਆ। ਮਹਾਰਾਜ ਨੇ ਸਾਰਾ ਪਾਠ ਇੱਕੋ ਚੌਂਕੜੇ ਸੁਣਿਆ। ਮਹਾਰਾਜ ਨੇ ਚਿੱਟੀ ਪੁਸ਼ਾਕ ਪਾਈ ਹੋਈ ਸੀ ਅਤੇ ਇਸ਼ਨਾਨ ਵਾਸਤੇ ਜਲ ਉਥੇ ਬੈਠੇ ਹੀ ਉੱਪਰ ਪਵਾਈ ਜਾ ਰਹੇ ਸਨ। ਜਿਹੜਾ ਪਾਠ ਗੁਰੂ ਗੋਬਿੰਦ

ਸਿੰਘ ਨੇ ਦਮਦਮਾ ਸਾਹਿਬ ਕਰਵਾਇਆ ਸੀ ਉਹ ਖੜ੍ਹੇ ਹੋ ਕੇ ਸੁਣਿਆ। ਖੜ੍ਹੇ ਹੀ ਇਸ਼ਨਾਨ ਵਾਸਤੇ ਜਲ ਉੱਪਰ ਪਵਾਈ ਜਾਂਦੇ ਰਹੇ। ਕਿਸੇ ਰਾਜੇ ਨੇ 1100 ਰੁਪਏ ਭੇਟਾ ਕੀਤੀ।

(ਗੁਰਮਤਿ ਰਹਿਤ ਮਰਿਆਦਾ ਪੰਨਾ 306-07)

ਵਿਚਾਰ : ਇਹ ਟਕਸਾਲੀ ਹਜ਼ਾਰਾਂ ਰੁਪਇਆਂ ਦੀ ਸਮੱਗਰੀ ਲੋਕਾਂ ਨੂੰ ਲਿਖਾ ਕੇ ਅਤੇ ਅਖੰਡ ਪਾਠ ਕਰਨ ਵਾਸਤੇ 25-30 ਸਿੰਘ ਲਾ ਕੇ ਅਗਲੇ ਦੇ ਕਾਰਜ ਸਵਾਰਨ ਵਾਸਤੇ ਕਰ ਰਹੇ ਹਨ ਕਿ ਕਾਰਜ ਵਿਗਾੜਨ ਵਾਸਤੇ ? ਟਕਸਾਲੀਆਂ ਕੋਲੋਂ ਅਖੰਡ ਪਾਠ ਕੋਈ ਰਾਜਾ ਭਾਵੇਂ ਕਰਵਾ ਲਵੇ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ ਹੈ। ਲੋਕਾਂ ਨੂੰ ਕਰਜਾਈ ਵੀ ਇਨ੍ਹਾਂ ਹੀ ਕੀਤਾ ਹੈ। ਇਨ੍ਹਾਂ ਆਪਣੇ ਪਾਖੰਡ ਗੁਰੂ ਸਾਹਿਬ ਨਾਲ ਜੋੜ ਦਿੱਤੇ ਹਨ।

ਇਤਿਹਾਸਕ ਹਵਾਲਾ : ਉਜਰਤ ਦੇ ਕੇ ਪਾਠ ਕਰਾਉਣਾ, ਤੰਤਰ ਸ਼ਾਸਤਰ ਦੀ ਦੱਸੀ ਰੀਤ ਅਨੁਸਾਰ ਜਪੁ, ਵਰਣੀਆਂ ਸਪਤਾਹ ਪਾਠ ਸੰਪਟ ਪਾਠ, ਖਾਸ (ਸਪਤਾਹ ਸੰਪਟ ਪਾਠ), ਵੇਲੇ ਅੰਦਰ ਪਾਠ ਦੀ ਸਮਾਪਤੀ, ਨਲੇਰ, ਕਲਸ, ਦਿਨੇ ਦੀਵਾ ਆਦਿ ਸਭ ਕਰਮ ਹਿੰਦੂ ਰੀਤਿ ਦੀ ਨਕਲ ਹਨ।

ਪਾਠ ਆਪ ਕਰਨਾ ਚਾਹੀਏ, ਜਾਂ ਆਪਣੇ ਸੰਬੰਧੀਆਂ ਤੋਂ, ਅਥਵਾ ਵਿਦਵਾਨ ਸੱਜਣ ਤੋਂ ਮਨ ਇਕਾਗਰ ਕਰ ਕੇ ਪ੍ਰੇਮ ਨਾਲ ਸੁਣਨਾ ਚਾਹੀਏ। ਨਾਲ-ਨਾਲ ਅਰਥ ਦਾ ਵੀ ਵਿਚਾਰ ਹੋਂਦਾ ਰਹੇ।

ਕਈ ਧਰਮ ਅਸਥਾਨਾਂ ਦੇ ਮਹੰਤ, ਗ੍ਰੰਥੀ ਪਾਠ ਤਿਆਰ ਰੱਖਦੇ ਹਨ। ਜੇ ਕੋਈ ਸ਼ਰਧਾਵਾਨ ਆਖਦਾ ਹੈ ਕਿ ਮੇਰੇ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਪਾਠ ਕਰ ਦਿਉ ਤਾਂ ਉੱਤਰ ਮਿਲਦਾ ਹੈ ਕਿ ਅਸੀਂ ਕਈ ਪਾਠ ਤਿਆਰ ਕੀਤੇ ਹੋਏ ਹਨ, ਆਪ ਕੜਾਹ ਪ੍ਰਸ਼ਾਦਿ, ਰੁਮਾਲ, ਨਕਦੀ, ਭੇਟਾ ਅਰਪਨ ਕਰ ਕੇ, ਹੁਣੇ ਭੋਗ ਪਵਾ ਸਕਦੇ ਹੋ। ਭੋਲੇ ਸਿੱਖ ਧੰਨ ਭਾਗ ਜਾਣ ਕੇ ਇਸ ਸੌਦੇ ਨੂੰ ਪਸੰਦ ਕਰਦੇ ਹਨ ਪਲ ਘੜੀ ਅੰਦਰ ਪਾਠ ਦਾ ਮਹਾਤਮ ਖਰੀਦ ਲਿਆ ਜਾਂਦਾ ਹੈ।

ਖਾਲਸੇ ਦੇ ਬੁੱਢੇ ਦਲ ਦੀ ਰੀਤਿ ਸੀ ਕਿ ਜਦ ਮੁਹਿੰਮ 'ਤੇ ਜਾਣ, ਜਾਂ ਹੋਰ ਕਠਿਨ ਕਾਰਜ ਕਰਨ ਦਾ ਮੌਕਾ ਬਣੇ, ਤਦ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਪਾਠ ਕਰ ਕੇ, ਅਰਦਾਸਾ ਸੋਧ ਕੇ ਚੜ੍ਹਾਈ ਕੀਤੀ ਜਾਂਦੀ ਸੀ। ਕਦੇ-ਕਦੇ ਐਸਾ ਕਰਨ ਵਿੱਚ ਕਈ ਦਿਨ ਲੱਗ ਜਾਂਦੇ ਸਨ। ਅਰ ਢਿੱਲ ਪੈਣ ਤੋਂ ਕਈ ਤਰ੍ਹਾਂ ਦੇ ਵਿਘਨ ਹੋ ਜਾਂਦੇ ਸਨ। ਸਿਆਣਿਆਂ ਦੀ ਸਲਾਹ ਨਾਲ ਅਖੰਡ ਪਾਠ ਦਾ ਪ੍ਰਬੰਧ ਕੀਤਾ ਗਿਆ ਕਿ 16 ਪਹਿਰ ਵਿੱਚ ਭੋਗ ਪਾ ਕੇ ਕਾਰਜ ਆਰੰਭ ਕੀਤਾ ਜਾਵੇ। ਬੁੱਢੇ ਦਲ ਤੋਂ ਤਰਨਾ ਦਲ ਨੇ ਇਹ ਰੀਤਿ ਲਈ ਅਤੇ ਫਿਰ ਸਾਰੇ ਪੰਥ ਵਿੱਚ ਰਿਵਾਜ਼ ਪੈ ਗਿਆ। ਹੌਲੀ-ਹੌਲੀ ਅਖੰਡ ਪਾਠ

ਤੰਤਰ ਸ਼ਾਸਤਰ ਦੇ ਦੱਸੇ ਪ੍ਰਯੋਗਾਂ ਵਾਂਗ ਇੱਕ ਮੰਤਰ ਜਾਪ ਹੋ ਗਿਆ। ਉਸੇ ਤਰ੍ਹਾਂ ਅਖੰਡ ਦੀਵਾ, ਧੂਪ, ਕਲਸ ਸਥਾਪਨ, ਨਲੇਰ, ਕੁੰਭ ਆਦਿ ਦਾ ਵਰਤਾਉ ਹੋਣ ਲੱਗਾ। ਮਨੋਕਾਮਨਾ ਦੀ ਪੂਰਤੀ ਵਾਸਤੇ ਇਹ ਪਾਠ ਉੱਤਮ ਸਾਧਨ ਮੰਨਿਆ ਗਿਆ।

ਗੁਰੂ ਸਾਹਿਬਾਨ ਦੇ ਸਮੇਂ ਕਦੀ ਵੀ ਕੋਈ ਅਖੰਡ ਪਾਠ ਨਹੀਂ ਹੋਇਆ। ਹੁਣ ਕਈ ਥਾਂਈਂ 101 ਅੰਖਡ ਪਾਠ ਕੀਤੇ ਜਾਂਦੇ ਹਨ। ਪ੍ਰੇਮੀ ਸਿੱਖ ਆਪ ਪੜ੍ਹਨ ਦੀ ਥਾਂ ਭੇਟਾ ਦੇ ਕੇ ਪਾਠ ਕਰਾਉਣ ਮਹਾਨ ਪੁੰਨ ਸਮਝਦੇ ਹਨ। ਕਈ ਡਾਕ ਵਿੱਚ ਰੁਪਏ ਭੇਜ ਕੇ ਪਾਠ ਦਾ ਮਹਾਤਮ ਖਰੀਦ ਲੈਂਦੇ ਹਨ। ਅਜਿਹੇ ਰਸਮੀਂ ਪਾਠਾਂ 'ਤੇ ਧਨ ਖਰਚਣ ਦੀ ਥਾਂ, ਜੇ ਵਿੱਦਿਆ ਦੇ ਪ੍ਰਚਾਰ ਲਈ ਉੱਦਮ ਕੀਤਾ ਜਾਵੇ ਅਤੇ ਅਨੇਕ ਬੋਲੀਆਂ ਵਿੱਚ ਗੁਰਬਾਣੀ ਦਾ ਉਲੱਥਾ ਕਰ ਕੇ ਸਤਿਗੁਰੂ ਨਾਨਕ ਦਾ ਉਪਦੇਸ਼ ਜਗਤ ਵਿੱਚ ਫੈਲਾਇਆ ਜਾਵੇ, ਤਦ ਬਹੁਤ ਲਾਭ ਹੋ ਸਕਦਾ ਹੈ।

ਪਾਠ ਦੀ ਸਮਾਪਤੀ 'ਤੇ ਦੀਵੇ ਜਗਾ ਕੇ ਆਰਤੀ ਕਰਨੀ ਵੀ ਹਿੰਦੂ ਰੀਤੀ ਦੀ ਨਕਲ ਹੈ। (ਗੁਰਮਤਿ ਮਾਰਤੰਡ ਭਾਗ ਦੂਜਾ ਪੰਨਾ 421-22-23)

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਗੁਰਮਤਿ ਮਾਰਤੰਡ ਵਿੱਚ 31 ਗ੍ਰੰਥਾਂ ਦੇ ਹਵਾਲੇ ਦਿੱਤੇ ਹਨ। ਗੁਰੂ ਸਾਹਿਬਾਂ ਵੇਲੇ ਕੋਈ ਅਖੰਡ ਪਾਠ ਨਹੀਂ ਹੋਇਆ। ਟਕਸਾਲ ਨੇ ਆਪਣੀਆਂ ਪੁਸਤਕਾਂ ਵਿੱਚ ਬਹੁਤ ਕੁੱਝ ਮਨਘੜ੍ਹਤ ਲਿਖਿਆ ਹੋਇਆ ਹੈ ਅਤੇ ਜ਼ਿਆਦਾ ਮਨਮਤ ਸਾਰੀ ਬ੍ਰਾਹਮਣਾਂ ਵਾਲੀ ਲਿਖੀ ਹੋਈ ਹੈ।

ਗੁਰਮਤਿ ਮਾਰਤੰਡ ਵਿੱਚ ਮੱਧ ਦਾ ਕਿਤੇ ਜ਼ਿਕਰ ਨਹੀਂ ਹੈ। ਪੰਥਕ ਸਿੱਖ ਰਹਿਤ ਮਰਿਆਦਾ ਵਿੱਚ ਮੱਧ ਦਾ ਕਿਤੇ ਵੀ ਜ਼ਿਕਰ ਨਹੀਂ ਹੈ। ਕੀ ਇਹ ਟਕਸਾਲੀ ਦੱਸ ਸਕਦੇ ਹਨ ਕਿ ਮਹਾਰਾਜ ਦੇ 1430 ਪੰਨੇ ਹਨ। ਇਹ ਮੱਧ 705 'ਤੇ ਕਿਵੇਂ ਲਾਉਂਦੇ ਹਨ? ਇਹ ਆਦਿ ਪੂਰਨ ਮੱਧ ਪੂਰਨ ਵਾਲੇ ਬਚਨ ਗੁਰਬਾਣੀ ਅੰਦਰ ਕਈ ਵਾਰ ਆਏ ਹਨ ਫਿਰ ਉਥੇ 'ਪੌਣਾ' ਵੀ ਲਵਾਇਆ ਕਰਨ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ' ਸੰਪੂਰਨ ਗੁਰੂ ਹਨ, ਇਨ੍ਹਾਂ ਦਾ ਮੱਧ ਕੋਈ ਨਹੀਂ ਹੈ। ਹਾਂ ਤਾਜ਼ਾ ਪ੍ਰਸ਼ਾਦ ਕਰ ਕੇ ਹਜ਼ੂਰੀ ਵਿੱਚ ਲਿਆ ਕੇ ਅਰਦਾਸ ਕਰ ਕੇ ਦਰ ਪ੍ਰਵਾਨ ਕਰਵਾਇਆ ਜਾ ਸਕਦਾ ਹੈ।

ਇਸ ਟਕਸਾਲੀ ਗੁਰਮਤਿ ਰਹਿਤ ਮਰਿਆਦਾ ਵਿੱਚ ਅੱਗੇ ਸੰਪਟ ਪਾਠ, ਸਾਧਾਰਣ, ਸੰਪਟ ਅਖੰਡ ਪਾਠ, ਦਸਮ ਗ੍ਰੰਥ ਦੇ ਅਖੰਡ ਪਾਠਾਂ ਦੀ ਮਰਿਆਦਾ ਲਿਖੀ ਹੈ ਅਤੇ ਅਖੰਡ ਪਾਠ ਨਾਲ ਰੱਖੇ ਘੜੇ ਦਾ ਮਹਾਤਮ, ਜੋਤ ਦਾ ਮਹਾਤਮ, ਨਰੇਲ ਦਾ ਮਹਾਤਮ ਧੂਪ ਦਾ ਮਹਾਤਮ, ਆਰਤੀ ਦਾ ਮਹਾਤਮ ਲਿਖਿਆ ਹੈ ਜੋ ਨਿਰੋਲ ਬ੍ਰਾਹਮਣੀ ਮੱਤ ਹੈ। ਮਨਮਤਿ ਹੈ, ਗੁਰਮਤਿ ਦੇ ਉਲਟ ਹੈ।

ਜੇ ਲੋੜ ਪਈ ਤਾਂ ਇਸ ਹੱਥਲੀ ਪੁਸਤਕ ਦੇ ਆਉਣ ਵਾਲੇ ਭਾਗਾਂ ਵਿੱਚ ਸੰਗਤ

ਦੀ ਨਜ਼ਰ ਕਰਾਂਗਾ। ਅੱਗੇ ਹੋਰ ਵੀ ਮਨਘੜ੍ਹਤ ਕਹਾਣੀਆਂ ਗੁਰਮਤਿ ਸਿਧਾਂਤਾਂ ਦਾ ਖੰਡਨ ਕਰਨ ਵਾਲੀਆਂ ਇਨ੍ਹਾਂ ਲਿਖੀਆਂ ਹੋਈਆਂ ਹਨ। ਪੰਥਕ ਸਿੰਘਾਂ ਨੇ ਮੋਰਚੇ ਲਾ ਕੇ ਖ਼ੂਨ ਡੋਲ ਕੇ ਪੁਜਾਰੀ ਮਹੰਤਾਂ ਨੂੰ ਗੁਰਦਵਾਰਿਆਂ ਵਿੱਚੋਂ ਕੱਢ ਕੇ ਜੋ ਪੰਥਕ ਸਿੱਖ ਰਹਿਤ ਮਰਿਆਦਾ ਤਿਆਰ ਕੀਤੀ ਹੈ। ਇਹ ਉਸ ਦੇ ਕੱਟੜ ਵਿਰੋਧੀ ਹਨ। ਇਨ੍ਹਾਂ ਦੀਆਂ ਲਿਖਤਾਂ ਤੋਂ ਇਹ ਸਿੱਧ ਹੋ ਰਿਹਾ ਹੈ ਕਿ ਉਸ ਵਕਤ ਇਹੀ ਟਕਸਾਲੀ ਪੁਜਾਰੀ ਮਹੰਤ ਹੀ ਗੁਰਦਵਾਰਿਆਂ 'ਤੇ ਕਾਬਜ਼ ਸੀ ਅਤੇ ਇਨ੍ਹਾਂ ਹਿੰਦੂ ਦੇਵੀ-ਦੇਵਤਿਆਂ ਦੀਆਂ ਪੱਥਰ ਦੀਆਂ ਮੂਰਤੀਆਂ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਲਿਆ ਰੱਖੀਆਂ ਸਨ। ਇਨ੍ਹਾਂ ਨਾਲ ਹੀ ਮੋਰਚੇ ਲਾ ਕੇ ਸਿੰਘਾਂ ਨੇ ਖ਼ੂਨ ਡੋਲ ਕੇ ਸਤਿਕਾਰਤ ਗੁਰਧਾਮ ਆਜ਼ਾਦ ਕਰਵਾਏ ਸਨ। ਇਨ੍ਹਾਂ ਦੇ ਇੱਕ ਟਕਸਾਲੀ "ਸੰਤ" ਗੁਰਜੀਤ ਸਿੰਘ ਗੋਹਾਵਰ (ਜਲੰਧਰ) ਨੇ ਇੱਕ ਲਿਖਤ ਵਿੱਚ ਸਵੀਕਾਰ ਕੀਤਾ ਹੈ ਕਿ ਉਸ ਵਕਤ ਗੁਰਦਵਾਰਿਆਂ ਵਿੱਚ ਟਕਸਾਲੀ ਮਰਿਆਦਾ ਸੀ ਤੇ ਟਕਸਾਲ ਹੀ ਮਹੰਤਾਂ ਦੇ ਰੂਪ ਵਿੱਚ ਗੁਰਧਾਮਾਂ 'ਤੇ ਕਾਬਜ਼ ਸੀ। ਇਹ ਇੰਕਸ਼ਾਫ਼ ਇਨ੍ਹਾਂ ਦੀਆਂ ਹੱਥ ਲਿਖਤ ਪੁਸਤਕਾਂ ਵਿੱਚੋਂ ਵੀ ਸੱਚ ਸਿੱਧ ਹੋ ਚੁੱਕਾ ਹੈ। ਦੁਸ਼ਮਣ ਤਾਂ ਦੁਸ਼ਮਣ ਹੀ ਹੈ ਪਰ ਯਾਦ ਰੱਖਣਾ ਜਦੋਂ ਸੱਜਣ ਦੁਸ਼ਮਣ ਬਣਦੇ ਹਨ ਤਾਂ ਕੱਖ ਨਹੀਂ ਛੱਡਦੇ।

000

# 6. ਸਾਧ ਠਾਕੁਰ ਸਿੰਘ ਦਮਦਮੀ ਟਕਸਾਲ (ਮਹਿਤਾ)

ਬਹੁਤ ਜ਼ਿਆਦਾ ਸਮਾਂ ਟਕਸਾਲ ਨਾਲ ਸੰਬੰਧਤ ਰਹੇ ਵੱਡਿਆਂ ਸੰਤਾਂ ਨਾਲ ਵੀ ਰਹੇ, ਕਹਿੰਦੇ ਹਨ ਕਿ ਇਨ੍ਹਾਂ ਨੇ ਲੰਗਰ ਦੇ ਵਿੱਚ ਸੇਵਾ ਕਰਦਿਆਂ ਇੱਕ ਲੱਤ 'ਤੇ ਖੜ੍ਹੇ ਹੋ

ਕੇ ਬੜੀ ਭਗਤੀ ਕੀਤੀ। ਸਮਾਂ ਲੰਘਦਾ ਗਿਆ ਟਕਸਾਲੀ ਸੰਤਾਂ ਦੀਆਂ ਦੇਹਧਾਰੀ ਗੁਰੂਆਂ ਨਾਲ ਵੀ ਕਾਫ਼ੀ ਮੁੱਠਭੇੜਾਂ ਹੁੰਦੀਆਂ ਰਹੀਆਂ ਕਾਨ੍ਹਪੁਰ, ਅੰਮ੍ਰਿਤਸਰ ਹੋਰ ਵੀ ਕਈ ਥਾਂਵਾਂ 'ਤੇ ਨਿਰੰਕਾਰੀਆਂ ਨਾਲ ਗੋਲੀਆਂ ਚੱਲੀਆਂ। ਉਸ ਵਕਤ ਭਾਈ ਜਰਨੈਲ ਸਿੰਘ ਹੋਰਾਂ ਨੇ ਸਿੱਖਾਂ ਦੇ ਗਲੋਂ ਗ਼ੁਲਾਮੀ ਲਾਹੁਣ ਵਾਸਤੇ ਮੋਰਚਾ ਲਾਇਆ ਹੋਇਆ ਸੀ। ਸਿਆਸੀ ਲੀਡਰ ਧੋਖਾ ਕਰ ਗਏ। ਉਨ੍ਹਾਂ ਸਿਆਸੀ ਲੀਡਰਾਂ ਨੇ ਦਰਬਾਰ ਸਾਹਿਬ ਉੱਤੇ ਹਮਲਾ ਕਰਵਾ ਦਿੱਤਾ। ਕਿਸੇ ਇੱਕ ਵੀ ਸਾਧ ਨੇ ਹਾਅ ਦਾ ਨਾਅਰਾ ਨਾ ਮਾਰਿਆ ਸਗੋਂ ਡੇਰੇਦਾਰ ਸਾਧ ਉਲਟੀਆਂ ਪੁਲਟੀਆਂ ਗੱਲਾਂ ਕਰਦੇ ਸੁਣੇ ਗਏ। ਕਿਸੇ ਇੱਕ ਵੀ ਸਾਧ ਦੀ ਸ਼ਕਤੀ ਨੇ ਕੱਖ ਨਾ ਸਵਾਰਿਆ। ਕਈ ਸਿੰਘਾਂ ਸਮੇਤ ਭਾਈ ਜਰਨੈਲ ਸਿੰਘ ਸੱਚ ਸ਼ਮ੍ਹਾ ਤੋਂ ਕੁਰਬਾਨ ਹੋ ਗਏ ਪਰ ਬਾਬਾ ਠਾਕੁਰ ਸਿੰਘ ਮਰਦੇ ਦਮ ਤੱਕ ਕਹਿੰਦੇ ਰਹੇ ਕਿ ਭਾਈ ਜਰਨੈਲ ਸਿੰਘ ਜ਼ਿੰਦਾ ਹਨ ਜਿਹੜਾ ਉਨ੍ਹਾਂ ਨੂੰ ਸ਼ਹੀਦ ਕਹੇਗਾ ਉਸ ਦੀ ਜ਼ੁਬਾਨ ਵਿੱਚ ਕੀੜੇ ਪੈ ਜਾਣਗੇ। ਜਿਹੜਾ ਵੀ ਸਿੰਘ ਉਨ੍ਹਾਂ ਦੀ ਸ਼ਹਾਦਤ ਦੀ ਗੱਲ ਕਰਦਾ ਰਿਹਾ ਇਹ ਟਕਸਾਲੀ ਬਾਬਾ ਉਨ੍ਹਾਂ ਨੂੰ ਬੇਇੱਜ਼ਤ ਕਰਦਾ ਰਿਹਾ ਹੈ। ਜੇ ਪੁੱਛਣਾ ਕਿ ਇਸ ਵਕਤ ਕਿੱਥੇ ਹਨ ? ਤਾਂ ਇਸ ਬਾਬੇ ਨੇ ਕਹਿਣਾ ਕਿ ਉਹ ਜਿੱਥੇ ਵੀ ਹਨ ਚੜ੍ਹਦੀ ਕਲਾ ਵਿੱਚ ਹਨ। ਕਿਸੇ ਨੂੰ ਕਹਿੰਦਾ ਕਿ ਸਵਾ ਲੱਖ ਪਾਠ ਚੌਪਈ ਸਾਹਿਬ ਦਾ ਕਰੋ ਤੁਹਾਨੂੰ ਭਾਈ ਜਰਨੈਲ ਸਿੰਘ ਆਪ ਦਰਸ਼ਨ ਦੇਣਗੇ। ਇਸ ਸਾਧ ਨੇ ਇਹ ਵੀ ਕਿਹਾ ਸੀ ਕਿ ਮੈਂ ਤੁਹਾਨੂੰ ਭਾਈ ਜਰਨੈਲ ਸਿੰਘ ਦੀ ਬਾਂਹ ਫੜਾ ਕੇ ਜਾਵਾਂਗਾ। ਇੱਕ ਥਾਂ ਡੇਰੋਲੀ ਵਿਖੇ ਲਗਾਤਾਰ ਅਖੰਡ ਪਾਠਾਂ ਦੀ ਲੜੀ ਚਲਾਈ ਜਾ ਰਹੇ ਹਨ ਕਿ ਇਸ ਲੜੀ ਦੇ ਭੋਗ ਜਰਨੈਲ ਸਿੰਘ ਦੇ ਆਉਣ 'ਤੇ ਪਾਏ ਜਾਣਗੇ। ਇਸ ਤਰ੍ਹਾਂ ਸਾਰੀ ਕੌਮ ਨੂੰ ਗੁਮਰਾਹ ਕਰ ਰਹੇ ਹਨ। ਇੱਕ ਵਾਰੀ ਮੈਂ ਮਹਿਤੇ ਬਰਸੀ 'ਤੇ ਗਿਆ। ਬੜੀ ਵੱਡੀ ਸਟੇਜ ਸੱਜੀ ਹੋਈ ਸੀ। 'ਧੰਨ ਗੁਰੂ ਗ੍ਰੰਥ ਸਾਹਿਬ' ਜੀ ਦੇ ਪ੍ਰਕਾਸ਼ ਹੋਏ ਸਨ। ਗੁਰੂ ਜੀ ਦੀ ਹਜ਼ੂਰੀ ਵਿੱਚ ਗੁਰਬਾਣੀ ਦੇ ਕੀਰਤਨ ਹੋ ਰਹੇ ਸਨ। ਸਾਧ ਠਾਕੁਰ ਸਿੰਘ ਇੱਕ ਦਮ ਸਟੇਜ 'ਤੇ ਚੜ੍ਹ ਕੇ ਚਵਰ ਕਰਨ ਲੱਗ ਪਏ। ਗੁਰੂ ਉੱਪਰ ਚਵਰ ਇਸ ਤਰੀਕੇ ਨਾਲ ਕਰ ਰਹੇ ਸਨ ਜਿਵੇਂ ਉਨ੍ਹਾਂ ਨੂੰ ਚਵਰ ਕਰਨ ਦਾ ਬਿਲਕੁਲ ਤਰੀਕਾ ਹੀ ਨਹੀਂ ਸੀ। ਇੱਕ ਪੱਠੇ ਵੱਢ ਬੰਦੇ ਵਾਂਗੂੰ ਚਵਰ ਕਰਹੇ ਸਨ ਜੋ ਵੇਖਣ ਨੂੰ ਵੀ ਬੜਾ ਬੁਰਾ ਲੱਗ ਰਿਹਾ ਸੀ। ਫਿਰ ਚਵਰ ਛੱਡ ਕੇ ਇੱਕ ਦਮ ਸਟੇਜ 'ਤੇ ਗੁਟਕਾ ਲੈ ਕੇ ਬੈਠ ਗਏ ਜਦੋਂ ਕਿ ਰਾਤ ਦੇ 11-12 ਵੱਜੇ ਹੋਏ ਸਨ। ਨਿੱਤਨੇਮ ਦਾ ਵੀ ਵਕਤ ਨਹੀਂ ਸੀ। ਉਨ੍ਹਾਂ ਵਾਸਤੇ ਗੁਰਬਾਣੀ ਦੇ ਹੋ ਰਹੇ ਕੀਰਤਨ ਦਾ ਕੋਈ ਮਤਲਬ ਨਹੀਂ ਸੀ ਜਦੋਂ ਕਿ ਦੂਜਿਆਂ ਨੂੰ ਸੰਗਤ ਕਰਨ ਦਾ ਉਪਦੇਸ਼ ਦਿੰਦੇ ਰਹੇ।

ਇੱਕ ਬਾਹਰਲੀ ਸਟੇਟ ਦੇ ਸਿੰਘ ਨੇ ਸਟੇਜ 'ਤੇ ਸਮਾਂ ਲੈ ਕੇ ਉਧਰ ਦੇ ਸਿੱਖਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਦਿਵਾਉਣਾ ਸ਼ੁਰੂ ਕੀਤਾ ਹੀ ਸੀ ਕਿ ਟਕਸਾਲੀਆਂ ਨੇ ਇੱਕ

ਦਮ ਉਹਨੂੰ ਟੋਕ ਦਿੱਤਾ ਕਿ ਇਹ ਗੱਲਾਂ ਇਥੇ ਨਹੀਂ ਕਰਨੀਆਂ। ਉਹ ਸਿੰਘ ਕਹਿੰਦਾ ਕਿ ਜੇ ਸਿੱਖਾਂ ਦੀਆਂ ਮੁਸ਼ਕਲਾਂ ਇੰਨੀਆਂ ਵੱਡੀਆਂ ਸੰਪਰਦਾਈ ਟਕਸਾਲੀ ਸਟੇਜਾਂ 'ਤੇ ਸਾਂਝੀਆਂ ਨਹੀਂ ਕਰਨੀਆਂ ਤਾਂ ਹੋਰ ਕਿੱਥੇ ਕਰਾਂਗੇ ? ਜਿਹੜੇ ਕਹਿੰਦੇ ਕਿ ਟਕਸਾਲ ਦੀ ਕੁਰਬਾਨੀ ਬੜੀ ਹੈ। ਉਹ ਵਿਚਾਰ ਲੈਣ। ਜੇ ਕੋਈ ਕਿਸੇ ਨੂੰ ਚੰਗਾ ਰੋਟੀ ਪਾਣੀ ਛਕਾ ਕੇ ਮਗਰੋਂ ਕਹੇ ਕਿ ਇਹ ਲੈ ਥੋੜ੍ਹਾ ਜ਼ਹਿਰ ਵੀ ਖਾ ਲੈ ਤਾਂ ਕੀ ਪਰਉਪਕਾਰ ਹੈ ?

ਸਾਧ ਠਾਕੁਰ ਸਿੰਘ ਨੂੰ ਡੇਰੇ ਵਾਲੇ ਸਿੰਘਾਂ ਨੇ ਕਿਹਾ ਕਿ ਬਾਬਾ ਜੀ ! ਤੁਸੀਂ ਜ਼ਿਆਦਾ ਬਾਹਰਲੇ ਦੇਸ਼ਾਂ ਵਿੱਚ ਹੀ ਰਹਿੰਦੇ ਹੋ ਕਿਤੇ ਇਥੇ ਵੀ ਰਿਹਾ ਕਰੋ ਸੰਗਤ ਦੀ ਮੰਗ ਹੈ। ਅੱਗੋਂ ਠਾਕੁਰ ਸਿੰਘ ਕਹਿੰਦਾ ਹੈ ਕਿ ਬਾਹਰਲੇ ਦੇਸ਼ਾਂ ਵਿੱਚ ਤਾਂ ਡਾਕਟਰ ਬਹੁਤ ਸਿਆਣੇ ਹਨ। ਇੱਧਰ ਮੈਨੂੰ ਕੌਣ ਬਚਾਵੇਗਾ ? ਇਹ ਡਾਕਟਰ ਵੀ ਠੀਕ ਨਹੀਂ ਹਨ। ਇਥੋਂ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਇਨ੍ਹਾਂ ਨੂੰ ਗੁਰੂ 'ਤੇ ਕੀ ਭਰੋਸਾ ਹੈ। ਆਖ਼ਰ ਇਹ ਸਾਧ "ਪਹਿਲਾਂ ਮਰਣ ਕਬੂਲ" ਗੁਰ ਬਚਨ ਉੱਪਰ ਨਾ ਪਹਿਰਾ ਦਿੰਦਾ ਹੋਇਆ ਹੀ ਸੰਸਾਰ ਤੋਂ ਕੂਚ ਕਰ ਗਿਆ। ਜੋਗੀਆਂ ਵਾਂਗ ਇਹ ਟਕਸਾਲੀ ਵੀ ਗ੍ਰਿਸਤ ਨੂੰ ਬਹੁਤ ਚੰਗਾ ਨਹੀਂ ਸਮਝਦੇ। ਬਿਹੰਗਮ (ਜੋ ਵਿਆਹ ਨਹੀਂ ਕਰਾਉਂਦੇ) ਉਨ੍ਹਾਂ ਨੂੰ ਪਹਿਲ ਦਿੰਦੇ ਹਨ। ਇਨ੍ਹਾਂ ਦਾ ਇਹ ਵੀ ਕਹਿਣਾ ਪ੍ਰਚਲਿਤ ਹੈ ਕਿ ਦਮਦਮੀ ਟਕਸਾਲ ਦਾ ਮੁਖੀ ਗ੍ਰਿਸਤ ਨਹੀਂ ਕਰ ਸਕਦਾ। ਉਸ ਵਾਸਤੇ ਜਤੀ ਰਹਿਣਾ ਜ਼ਰੂਰੀ ਹੈ। ਇਥੋਂ ਇਹ ਵੀ ਸਿੱਧ ਹੁੰਦਾ ਹੈ ਕਿ ਗੁਰਬਾਣੀ ਦੇ ਕਥਾਕਾਰ ਟਕਸਾਲੀ ਅਜੇ ਤੱਕ ਜਤ ਦੇ ਅਰਥ ਵੀ ਨਹੀਂ ਜਾਣਦੇ।

ਬਾਹਰਲੇ ਦੇਸ਼ ਵਿੱਚ ਭਾਈ ਰਾਮ ਸਿੰਘ ਨੂੰ ਟਕਸਾਲ ਦੀ ਜ਼ਿੰਮੇਵਾਰੀ ਦੇਣਾ ਪਤਾ ਨਹੀਂ ਕਿ ਕੀ ਸਟੰਟ ਸੀ ਅਤੇ ਅਗਲੇ ਦਿਨ ਹੀ ਵਾਪਸ ਲੈ ਲਈ। ਵਿਵਾਦ ਅਖ਼ਬਾਰਾਂ ਵਿੱਚ ਆਇਆ ਭਾਈ ਰਾਮ ਸਿੰਘ ਨੇ ਫ਼ੋਟੋਆਂ ਦਿਖਾਈਆਂ। ਮਹਿਤੇ ਵਾਲਿਆਂ ਨੇ ਫ਼ੋਟੋਆਂ ਨੂੰ ਗ਼ਲਤ ਆਖਿਆ, ਪੱਗ ਦਾ ਝਗੜਾ ਪੈ ਗਿਆ। ਮਹਿਤੇ ਵਾਲਿਆਂ ਵੱਲੋਂ ਮੁੱਖ ਉਮੀਦਵਾਰ ਤਿੰਨ ਸਨ : ਭਾਈ ਹਰਨਾਮ ਸਿੰਘ ਧੁੰਮਾ, ਭਾਈ ਮੋਹਕਮ ਸਿੰਘ, ਭਾਈ ਜਸਬੀਰ ਸਿੰਘ ਰੋਡੇ। ਭਾਈ ਮੋਹਕਮ ਸਿੰਘ ਨੇ ਜਸਬੀਰ ਸਿੰਘ ਰੋਡੇ ਨੂੰ ਕਹਿ ਦਿੱਤਾ ਕਿ ਤੂੰ ਜਿਨੂੰ ਮਰਜ਼ੀ ਬਣਾ ਦੇ। ਹੁਣ ਭਾਈ ਜਸਬੀਰ ਸਿੰਘ ਤਾਂ ਪਾਸੇ ਕਰ ਦਿੱਤਾ ਗਿਆ ਕਿਉਂਕਿ ਉਹ ਆਪਣੇ ਆਪ ਨਹੀਂ ਸੀ ਕਹਿ ਸਕਦਾ ਕਿ ਮੈਂ ਬਣ ਜਾਂਦਾ ਹਾਂ। ਭਾਈ ਮੋਹਕਮ ਸਿੰਘ ਉਂਝ ਗ੍ਰਹਿਸਤੀ ਸੀ, ਇਥੇ 'ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥' (469) ਚਾਹੀਦਾ ਸੀ ਸੋ ਭਾਈ ਹਰਨਾਮ ਸਿੰਘ ਧੁੰਮਾ ਨੂੰ ਦੁਸਹਿਰੇ 'ਤੇ ਪੱਗ ਬੱਝ ਗਈ ਉਧਰ ਅਕਾਲੀ ਦਲ ਸ਼੍ਰੋਮਣੀ ਕਮੇਟੀ ਦੀ ਹਮਾਇਤ ਪ੍ਰਾਪਤ ਭਾਈ ਰਾਮ ਸਿੰਘ ਵੀ ਜਿੱਤ ਗਿਆ ਉਹਨੂੰ ਵੀ ਇੱਕ ਨਵੇਂ ਹੀ ਡੇਰੇ ਲਿਜਾ ਕੇ ਪੱਗ ਬੰਨ੍ਹ ਦਿੱਤੀ। ਵਿਵਾਦ ਭਖਿਆ ਅਖ਼ਬਾਰਾਂ ਵਿੱਚ ਪੂਰੀ ਖਿੱਲੀ ਉੱਡੀ

ਕਿ ਨਵਾਬੀਆਂ ਨੂੰ ਜੁੱਤੀ ਦੀ ਨੋਕ ਉੱਪਰ ਦੀ ਲੰਘਾ ਦੇਣ ਵਾਲੇ ਸਿੱਖ ਸੰਪਰਦਾਈ ਕਹਾਉਣ ਵਾਲੇ ਅੱਜ ਪੱਗਾਂ ਤੋਂ ਲੜ ਰਹੇ ਹਨ। ਇਨ੍ਹਾਂ ਸੰਪਰਦਾਵਾਂ ਨੇ ਸਿੱਖ ਕੌਮ ਨੂੰ ਕਦੇ ਵੀ ਤਰੱਕੀ ਵਾਲੇ ਪਾਸੇ ਆਉਣ ਹੀ ਨਹੀਂ ਦਿੱਤਾ। ਅਜੋਕੇ ਸਾਧਾਂ ਨੇ ਡਬਲ ਰੋਲ ਨਿਭਾਇਆ, ਦੋਹਰੀ ਨੀਤੀ 'ਤੇ ਚਲਦਿਆਂ ਇਨ੍ਹਾਂ ਸਾਧਾਂ ਨੇ ਪਹਿਲਾਂ ਮਹਿਤੇ ਪੱਗ ਬੰਨ੍ਹੀ ਫਿਰ ਸੰਗਰਾਵਾਂ (ਬਟਾਲਾ) ਜਾ ਕੇ ਰਾਮ ਸਿੰਘ ਨੂੰ ਵੀ ਬੰਨ੍ਹ ਦਿੱਤੀ। ਭਾਈ ਗੁਰਦਾਸ ਜੀ ਦੇ ਕਥਨਾ ਮੁਤਾਬਿਕ ਜੇ ਕਿਤੇ ਅੱਗ ਲੱਗ ਜਾਵੇ ਤਾਂ ਪਾਣੀ ਨਾਲ ਬੁਝਾਈ ਜਾ ਸਕਦੀ ਹੈ ਪਰ ਜੇ ਪਾਣੀ ਨੂੰ ਹੀ ਅੱਗ ਲੱਗ ਜਾਵੇ ਤਾਂ ਕਿਸ ਨਾਲ ਬੁਝਾਵਾਂਗੇ। ਪਾਣੀ ਜ਼ਮੀਨ ਦੀ ਜਿੰਦਜਾਨ ਹੈ ਪਰ ਜਿਹੜੀ ਜ਼ਮੀਨ ਪਾਣੀ ਦੀ ਹੀ ਮਾਰੀ ਹੋਵੇ ਉਹਦਾ ਕੀ ਬਣੇਗਾ ? ਇਨ੍ਹਾਂ ਸੰਪਰਦਾਈਆਂ ਦੀ ਵੀ ਇਹੀ ਹਾਲਤ ਹੈ। ਜਿੱਥੇ ਜਿੱਥੇ ਵੀ ਇਨ੍ਹਾਂ ਦੇ ਡੇਰੇ ਹਨ ਇਹ ਸਾਰੇ ਹੀ ਪੱਗਾਂ ਬੰਨ੍ਹ ਕੇ ਮੁਖੀ ਹੋਣ ਦਾ ਦਾਅਵਾ ਕਰਨਗੇ। ਇੱਕ ਪ੍ਰਚਾਰਕ ਭਾਈ ਸੁਖਦੇਵ ਸਿੰਘ ਜੋ ਸਾਧ ਠਾਕੁਰ ਸਿੰਘ ਦਾ ਬਹੁਤ ਨਜ਼ਦੀਕੀ ਮੰਨਿਆ ਜਾਂਦਾ ਹੈ। ਉਹ ਟਕਸਾਲ ਦੇ ਸਮਾਗਮਾਂ ਦਾ ਪ੍ਰਬੰਧਕ ਹੈ। ਇਹ ਵੀਰ ਆਪਣੇ ਸਾਰੇ ਸਮਾਗਮਾਂ ਵਿੱਚ ਪੰਥ ਵਿੱਚ ਵੰਡੀਆਂ ਪਾਉਣ ਦੀ ਸੇਵਾ ਤਨਦੇਹੀ ਨਾਲ ਨਿਭਾ ਰਿਹਾ ਹੈ। ਪੰਥ ਪ੍ਰਵਾਨਤ 'ਸਿੱਖ ਰਹਿਤ ਮਰਿਆਦਾ' ਨੂੰ ਇਹ ਸਦਾ ਹੀ ਭੰਡਦਾ ਨਿੰਦਦਾ ਰਹਿੰਦਾ ਹੈ, ਜਿਹੜੇ ਵੀਰ ਇਸ 'ਸਿੱਖ ਰਹਿਤ ਮਰਿਆਦਾ' ਨੂੰ ਮੰਨਦੇ ਹਨ, ਪਹਿਰਾ ਦਿੰਦੇ ਹਨ। ਇਹ ਉਨ੍ਹਾਂ ਨੂੰ ਬੇਇੱਜ਼ਤ ਕਰਨਾ ਆਪਣਾ ਪਰਮ ਧਰਮ ਸਮਝਦਾ ਹੈ। ਸਿੱਖ ਰਹਿਤ ਮਰਿਆਦਾ ਨੂੰ ਰੱਦ ਕਰਨ ਦੀ ਖਾਤਰ ਕਈ ਮਨਘੜਤ ਕੱਚੀਆਂ ਦਲੀਲਾਂ ਦਿੰਦਾ ਹੈ। ਮਿਸਾਲ ਵੱਜੋਂ, ਕੜਾਹ ਪ੍ਰਸ਼ਾਦਿ ਕਿਰਪਾਨ ਭੇਟ ਕਰਨ ਦੀ ਗੱਲ ਹੈ। ਇਹ ਕਹਿੰਦਾ ਹੈ ਕਿ ਟਕਸਾਲ ਮੰਨਦੀ ਹੈ ਕਿ 'ਗੁਰੂ ਗ੍ਰੰਥ ਸਾਹਿਬ ਜੀ' ਦੇਹ ਸਰੂਪ ਹੋਣ ਕਰ ਕੇ ਕੜਾਹ ਪ੍ਰਸ਼ਾਦਿ ਛਕਦੇ ਹਨ। ਇਸ ਕਰ ਕੇ ਟਕਸਾਲੀ ਵੀਰ ਕਿਰਪਾਨ ਭੇਟ ਕਰਨ ਤੇ 'ਦਰ ਪ੍ਰਵਾਨ ਹੋਵੇ' ਨਹੀਂ ਕਹਿੰਦੇ ਸਗੋਂ 'ਭੋਗ ਲਾਉਣਾ' ਕਹਿੰਦੇ ਹਨ, ਕਹਿੰਦਾ ਇੱਕ ਵਾਰੀ ਸੁੰਦਰ ਸਿੰਘ ਭਿੰਡਰਾਂ ਵਾਲੇ ਜੀ ਨੇ ਪੰਜ ਕਿਲੋ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ। ਫਿਰ ਆਪ ਅਰਦਾਸ ਕੀਤੀ। ਫਿਰ 'ਭੋਗ ਲਾਉ' ਵਾਲੀਆਂ ਪੰਗਤੀਆਂ ਪੜ੍ਹੀਆਂ ਫਿਰ ਸੰਗਤ ਨੂੰ ਕਿਹਾ ਹੁਣ ਤੋਲੋ। ਜਦੋਂ ਪ੍ਰਸ਼ਾਦਿ ਤੋਲਿਆਂ ਤਾਂ 250 ਗ੍ਰਾਮ (ਪਾਈਆ) ਪ੍ਰਸ਼ਾਦ ਘੱਟ ਨਿਕਲਿਆ। ਇਸ ਤੋਂ ਸਿੱਧ ਹੁੰਦਾ ਹੈ ਕਿ 'ਗੁਰੂ ਗ੍ਰੰਥ ਸਾਹਿਬ ਜੀ' ਪ੍ਰਸ਼ਾਦ ਛਕਦੇ ਹਨ। ਇਹ ਦਲੀਲਾਂ ਹਨ ਇਨ੍ਹਾਂ ਟਕਸਾਲੀਆਂ ਦੀਆਂ (ਇਸ ਬਾਰੇ ਖੁੱਲ੍ਹੀ ਵਿਚਾਰ) ਪੁਸਤਕ ਦੇ ਪਹਿਲੇ ਭਾਗ ਵਿੱਚ ਕਰ ਆਏ ਹਾਂ। (ਅਸਲ ਵਿਚ 250 ਗ੍ਰਾਮ ਪਾਣੀ ਭਾਫ਼ ਰਾਹੀਂ ਉਡ ਗਿਆ, ਉਨਾ ਵਜਨ ਘਟਣਾ ਹੀ ਸੀ)

ਸਾਧ ਠਾਕੁਰ ਸਿੰਘ ਜੋ ਭਾਈ ਤਰਦੀਪ ਸਿੰਘ, ਭਾਈ ਮਨਬੀਰ ਸਿੰਘ ਅਤੇ ਭਾਈ

ਧੰਨਾ ਸਿੰਘ ਦੀ ਬੋਲੀ ਵਿੱਚ ਇੱਕ 'ਬ੍ਰਹਮ ਗਿਆਨੀ' (ਪਰ ਨਵੇਂ ਯੁਗ ਦੇ) ਕਹੇ ਜਾ ਸਕਦੇ ਹਨ ਜਿਨ੍ਹਾਂ ਨੇ ਸੰਤ ਭਿੰਡਰਾਂ ਵਾਲਿਆਂ ਦੀ ਸਰਕਾਰ ਨਾਲ ਟੱਕਰ ਲੈਣ ਦੀ ਪਹੁੰਚ ਵਿੱਚ ਹਰ ਸਮੇਂ ਵਿਰੋਧਤਾ ਕੀਤੀ ਅਤੇ 'ਨੀਲੇ ਤਾਰੇ' ਪਿੱਛੋਂ ਗੁ. ਗੁਰਦਰਸ਼ਨ ਪ੍ਰਕਾਸ਼ ਵਿਖੇ ਸੰਮੇਲਨ ਕਰਨ ਵਿੱਚ ਵੀ ਰੋੜੇ ਅਟਕਾਏ। ਸਰਬੱਤ ਖਾਲਸਾ ਦੀ ਵਿਰੋਧਤਾ ਕੀਤੀ, ਨਾਨਕਸ਼ਾਹੀ ਕੈਲੰਡਰ ਦੀ ਵਿਰੋਧਤਾ ਕੀਤੀ। ਹੁਣ ਵੀ ਟਕਸਾਲੀ ਪ੍ਰਚਾਰਕ ਜਿੱਥੇ ਬੋਲਦੇ ਹਨ ਨਾਨਕਸ਼ਾਹੀ ਕੈਲੰਡਰ ਦੀ ਵਿਰੋਧਤਾ ਕਰਦੇ ਹਨ ਕਿਉਂਕਿ ਇਹ ਟਕਸਾਲੀ, ਇਸਾਈ, ਹਿੰਦੂ ਕੈਲੰਡਰ ਦੇ ਹਾਮੀ ਹਨ ਪਰ ਸਿੱਖਾਂ ਦੇ ਕੈਲੰਡਰ ਦੇ ਕੱਟੜ ਵਿਰੋਧੀ। ਇਨ੍ਹਾਂ ਨੂੰ ਐਸੇ ਵਿਰੋਧ ਕਰਨ ਦੇ ਸੰਬੰਧ ਵਿੱਚ ਕਦੇ ਕਿਸੇ ਸ਼੍ਰੋਮਣੀ ਕਮੇਟੀ ਪ੍ਰਧਾਨ ਜਾਂ ਜਥੇਦਾਰ ਨੇ ਅਕਾਲ ਤਖ਼ਤ 'ਤੇ ਤਲਬ ਨਹੀਂ ਕੀਤਾ ਕਦੇ ਕਿਸੇ ਦੀ ਪੇਸ਼ੀ ਨਹੀਂ ਮੰਗੀ ਜਿਸ ਕਰ ਕੇ ਹੀ ਸਾਰਾ ਮਾਮਲਾ ਸ਼ੱਕੀ ਜਾਪਦਾ ਹੈ।

000

# 7. ਸਾਧ ਹਰਨਾਮ ਸਿੰਘ ਧੁੰਮਾ (ਟਕਸਾਲ)

ਇਨ੍ਹਾਂ ਨੂੰ ਮਹਿਤੇ ਪੱਗ ਬੱਝੀ ਹੈ। ਇਹ ਬਿਹੰਗਮ ਹਨ। ਜੋਗੀਆਂ ਵਾਲੇ ਜਪ, ਤਪ, ਚਾਲੀਸੇ, ਭੋਰਿਆਂ ਵਿੱਚ ਬੈਠ ਕੇ ਕਰ ਰਹੇ ਹਨ। ਥੋੜ੍ਹੇ ਦਿਨ ਹੋਏ ਕੰਗਾਂ ਵਾਲੇ ਸਿੰਘ ਇਨ੍ਹਾਂ ਨੂੰ ਮਿਲਣ ਗਏ। ਸਿੰਘਾਂ ਨੇ ਕਿਹਾ ਕਿ ਆਸ਼ੂਤੋਸ਼ ਨੂਰਮਹਿਲੀਆ ਅਤੇ ਹੋਰ ਦੇਹਧਾਰੀ ਸਿਰ 'ਤੇ ਚੜ੍ਹਦੇ ਆ ਰਹੇ ਹਨ। ਕੀ ਕੁੱਝ ਬਣਦਾ ਜਾ ਰਿਹਾ ਹੈ, ਇਨ੍ਹਾਂ ਹਾਲਾਤਾਂ ਵਿੱਚ ਆਪਦੇ ਕੀ ਫ਼ਰਜ਼ ਬਣਦੇ ਹਨ? ਇਨ੍ਹਾਂ "ਸੰਤਾਂ" ਨੇ ਅੱਗੋਂ ਜਵਾਬ ਦਿੱਤਾ ਕਿ ਅਸੀਂ ਜਪ ਤਪ ਸਮਾਗਮ ਕਰ ਰਹੇ ਹਾਂ, 40 ਦਿਨ ਚਾਲੀਸਾ ਕੱਟਣ ਹੈ, ਕਿਸੇ ਨਾਲ ਬੋਲਣਾ ਵੀ ਨਹੀਂ ਹੈ। ਮੋਨ ਧਾਰਨਾ ਹੈ। ਸਿੱਖ ਸੰਗਤ ਅੰਦਾਜ਼ਾ ਲਾਵੇ ਕਿ ਜ਼ਿੰਮੇਵਾਰ ਕੌਣ?

ਹੁਸ਼ਿਆਰਪੁਰ ਲਾਗੇ ਇੱਕ ਡੇਰਾ ਹੈ, ਉਥੇ ਵੀ ਸਾਧ, ਜੋਗੀਆਂ ਵਾਲੇ ਚਾਲੀਸੇ ਕੱਟ ਰਹੇ ਹਨ। ਕਮਰੇ ਬਣੇ ਹੋਏ ਹਨ। ਹਰ ਕਮਰੇ ਵਿੱਚ ਇੱਕ ਇੱਕ ਮੋਰੀ ਰੱਖੀ ਹੋਈ ਹੈ ਜਿਸ ਵਿੱਚ ਦੀ ਰੋਟੀ ਵਾਲੀ ਥਾਲੀ ਲੰਘ ਜਾਵੇ। ਅੰਦਰੇ ਹੀ ਲੈਟਰੀਨਾਂ ਬਣੀਆਂ ਹੋਈਆਂ ਹਨ। ਜੇ ਕੋਈ ਬਿਮਾਰ ਹੋ ਜਾਵੇ ਤਾਂ ਉਹ ਮੂੰਹੋਂ ਕੁੱਝ ਨਹੀਂ ਬੋਲ ਸਕਦਾ। ਉਹ ਚਿੱਟ ਲਿਖ ਕੇ ਮੋਰੀ ਥਾਣੀਂ ਬਾਹਰ ਭੇਜਦਾ ਹੈ। ਗੱਡੀ ਆਉਂਦੀ ਹੈ, ਫਿਰ ਉਸ ਦਾ ਇਲਾਜ ਹੁੰਦਾ ਹੈ। ਦੱਸੋ ਇਹ ਕਿਹੜੀ ਸਿੱਖੀ ਹੈ?

ਪੁਸਤਕ ਦੇ ਦੂਜੇ ਭਾਗ ਵਿੱਚ ਲਿਖਿਆ ਹੋਇਆ ਹੈ ਕਿ ਮਹਿਤੇ ਡੇਰੇ ਵਿੱਚ ਟਕਸਾਲ ਦੇ ਹੈੱਡ ਕੁਆਰਟਰ 'ਤੇ ਇਹ ਹਵਨ ਕਰ ਕੇ ਜੋਗੀਆਂ ਵਾਲੇ ਚਾਂਲੀਸੇ ਕੱਟ ਕੇ, ਮੋਨ ਵਰਤ, ਅੰਨ ਛੱਡਣ ਵਾਲੇ ਵਰਤ ਰੱਖ ਕੇ ਗੁਰਬਾਣੀ ਸਿਧਾਂਤਾਂ ਦੀਆਂ ਧੱਜੀਆਂ ਉਡਾ ਕੇ ਸਿੱਖ ਕੌਮ ਵਾਸਤੇ ਨਮੋਸ਼ੀ ਦਾ ਕਾਰਨ ਬਣਨ ਦੀ ਸੇਵਾ ਤਨ ਦੇਹੀ ਨਾਲ ਨਿਭਾ ਰਹੇ ਹਨ। ਦਮਦਮੀ ਟਕਸਾਲ ਦੇ ਅੰਦਰੋਂ ਹੀ 100 ਸਿੰਘਾਂ ਨੇ ਇਸ ਮਨਮੱਤ ਅਤੇ ਕਰਮ ਕਾਂਡ ਵਿਰੁੱਧ ਸ਼ਰੇਆਮ ਬਗ਼ਾਵਤ ਕੀਤੀ ਅਖਬਾਰਾਂ ਰਾਹੀਂ ਤੁਸੀ ਸੱਭ ਕੁੱਝ ਪੜ੍ਹਿਆ ਹੈ। ਐਸੀਆਂ ਸੁਰਖੀਆਂ 'ਦਮਦਮੀ ਟਕਸਾਲ ਦੇ ਚੌਕ ਮਹਿਤਾ ਗੁਰਦਵਾਰੇ 'ਚ ਹਵਨ' (ਅਜੀਤ 23.08.2005 'ਚ) ਬਾਲਟੇ ਵਿੱਚ ਕੋਇਲੇ ਪਾ ਕੇ ਹਵਨ ਕਰਨ ਦੀਆਂ ਖਬਰਾਂ ਫ਼ੋਟੋਆਂ ਸਮੇਤ ਛਪੀਆਂ ਸਨ। ਸਿੱਖ ਜਥੇਬੰਦੀਆਂ ਨੇ ਹਲਫੀਆਂ ਬਿਆਨਾਂ ਸਮੇਤ ਅਕਾਲ ਤਖ਼ਤ ਸਾਹਿਬ 'ਤੇ ਸ਼ਿਕਾਇਤ ਕੀਤੀ ਕਿ ਸਾਧ ਹਰਨਾਮ ਸਿੰਘ ਧੁੰਮਾ ਮੁਖੀ ਦਮਦਮੀ ਸਟਕਸਾਲ ਤੇ ਕਾਰਵਾਈ ਕੀਤੀ ਜਾਵੇ। ਪਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਕੌਣ ਕਾਰਵਾਈ ਕਰੇ? ਇਹ ਟਕਸਾਲੀ ਤੇ ਜਥੇਦਾਰ ਆਪਸ ਵਿੱਚ ਹੀ ਇੱਕ ਦੂਜੇ ਨਾਲ ਰਲੇ ਹੋਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਮਣੇ ਬਾਟੇ 'ਚ ਕੋਇਲੇ ਭਖਾ ਕੇ ਹਵਨ ਕਰਨ ਦਾ ਮਾਮਲਾ ਭਖਣ ਲੱਗਾ ਅੰਮ੍ਰਿਤਸਰ ਫ਼ੈਡਰੇਸ਼ਨਾਂ ਨੇ ਵੀ ਡੱਟ ਕੇ ਵਿਰੋਧ ਕੀਤਾ। ਅੰਮ੍ਰਿਤਸਰ 22 ਅਗਸਤ (ਵਿਸ਼ੇਸ਼ ਪ੍ਰਤੀਨਿਧ 2005) ਦਮਦਮੀ ਟਕਸਾਲ ਚੌਕ

ਮਹਿਤਾ ਵਿੱਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕਥਿਤ ਤੌਰ 'ਤੇ ਬਾਟੇ ਵਿੱਚ ਕੋਲੇ ਭਖਾ ਕੇ ਹਵਨ ਕਰਨ ਦਾ ਮਾਮਲਾ ਤੂਲ ਫੜਦਾ ਜਾ ਰਿਹਾ ਸੀ ਅਤੇ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਵੱਲੋਂ ਇਸ ਪ੍ਰਕਿਰਿਆ ਨੂੰ ਅਗਰਬੱਤੀ ਦਾ ਬਦਲਵਾਂ ਪ੍ਰਬੰਧ ਦੱਸੇ ਜਾਣ ਤੋਂ ਬਾਅਦ ਟਕਸਾਲ ਦੇ ਵਿਰੋਧੀ ਗੁੱਟ ਨੇ ਬਾਬਾ ਧੁੰਮਾ 'ਤੇ ਮੋੜਵਾਂ ਹੱਲਾ ਕੀਤਾ।

ਸਮਾਨਅੰਤਰ ਟਕਸਾਲ ਮੁਖੀ ਭਾਈ ਰਾਮ ਸਿੰਘ ਦੀ ਅਗਵਾਈ ਵਾਲੀ ਦਮਦਮੀ ਟਕਸਾਲ (ਸੰਗਰਾਏਂ) ਦੇ ਆਗੂਆਂ ਭਾਈ ਬਲਵੰਤ ਸਿੰਘ, ਭਾਈ ਨਿਰਭੈ ਸਿੰਘ ਅਤੇ ਭਾਈ ਲੱਖਾ ਸਿੰਘ ਨੇ ਇੱਕ ਵਿਸਤ੍ਰਿਤ ਬਿਆਨ ਰਾਹੀਂ ਕਿਹਾ ਕਿ ਜੇ ਹਵਨ ਸਮੱਗਰੀ ਹੀ ਅਗਰਬੱਤੀ ਦਾ ਬਦਲਵਾਂ ਪ੍ਰਬੰਧ ਹੈ ਤਾਂ ਪੂਰੇ ਚਾਲੀ ਦਿਨ ਦਰਵਾਜੇ ਬੰਦ ਕਰ ਕੇ, ਕਥਾ ਕੀਰਤਨ ਬੰਦ ਕਰਨਾ ਅਤੇ ਲਗਾਤਾਰ ਹਵਨ ਸਮੱਗਰੀ ਅੱਗ 'ਤੇ ਸੁੱਟਣੀ ਕਿਹੜੀ ਟਕਸਾਲ ਦੀ ਮਰਿਆਦਾ ਹੈ? ਉਨ੍ਹਾਂ ਕਿਹਾ ਕਿ ਜੇ ਸਾਧ ਧੁੰਮਾ ਰਵਾਇਤੀ ਧੂਫਾ ਤੇ ਅਗਰਬੱਤੀਆਂ ਇਸ ਕਰ ਕੇ ਨਹੀਂ ਵਰਤਦੇ ਕਿ ਇਹ ਤੰਬਾਕੂਨੋਸ਼ੀ ਕਰਨ ਵਾਲੇ ਮਜ਼ਦੂਰਾਂ ਦੁਆਰਾ ਫੈਕਟਰੀਆਂ ਵਿੱਚ ਬਣਾਈਆਂ ਜਾਂਦੀਆਂ ਹਨ ਤਾਂ ਟਕਸਾਲ ਹੈੱਡ ਕੁਆਰਟਰ ਵਿੱਚ ਬਣਦੀ ਕੜਾਹ ਪ੍ਰਸ਼ਾਦਿ ਦੀ ਦੇਗ ਵਿੱਚ ਜਿਹੜੀ ਖੰਡ ਤੇ ਰਸਦ ਪੈਂਦੀ ਹੈ, ਉਹ ਬਣਾਉਣ ਲਈ ਸਾਧ ਧੁੰਮਾ ਨੇ ਕਿਹੜੀ ਫੈਕਟਰੀ ਲਾਈ ਹੋਈ ਹੈ? ਟਕਸਾਲੀ ਆਗੂਆਂ ਨੇ ਕਿਹਾ ਕਿ ਭਾਵੇਂ ਮਨਮਤੀ ਸਥਾਨਾਂ (ਹਰਿਦੁਆਰ ਆਦਿ) ਵਿਖੇ ਜਾ ਕੇ ਗੁਰਮਤਿ ਪ੍ਰਚਾਰ ਕਰਨਾ ਮਾੜੀ ਗੱਲ ਨਹੀਂ ਪਰ ਭਗਵੇਂ ਕਪੜੇ ਪਾ ਕੇ ਗੰਗਾ ਵਿੱਚ ਇਸ਼ਨਾਨ ਕਰਨਾ, ਭਗਵਾਂ ਧਾਰੀਆਂ ਦੇ ਪੈਰੀਂ ਹੱਥ ਲਾਉਣੇ, ਉਨ੍ਹਾਂ ਉਤੋਂ ਦੀ ਫੁੱਲ ਸੁੱਟਣੇ ਆਦਿ ਕਿਹੜਾ ਗੁਰਮਤਿ ਪ੍ਰਚਾਰ ਹੈ? ਉਨ੍ਹਾਂ ਕਿਹਾ ਕਿ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੀ.ਏ. ਗੁਰਮੀਤ ਸਿੰਘ ਦੀ ਸਿਹਤਯਾਬੀ ਦੀ ਅਰਦਾਸ, ਮੌਤ ਉਪਰੰਤ ਲਾਸ਼ 'ਤੇ ਦੁਸ਼ਾਲਾ ਭੇਟ ਕਰਨ ਅਤੇ ਉਸ ਨੂੰ ਸਭ ਤੋਂ ਪਿਆਰਾ ਮਿੱਤਰ ਦੱਸਣ ਤੋਂ ਬਾਅਦ ਸਵਾਲ ਉਠਿਆ ਹੈ ਕਿ ਸਿੱਖਾਂ ਦੇ ਕਾਤਲ ਦੇ ਪੀ.ਏ. ਨਾਲ ਟਕਸਾਲ ਮੁਖੀ ਦਾ ਕੀ ਰਿਸ਼ਤਾ ਹੇ? ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਸਬੰਧੀ ਸੱਚ ਸੰਗਤ ਸਾਹਮਣੇ ਲਿਆਂਦਾ ਜਾਵੇ।

ਗੁਰਦਵਾਰਾ ਸ਼ਹੀਦ ਗੰਜ ਦੇ ਪ੍ਰਬੰਧ ਦੇ ਮਸਲੇ 'ਤੇ ਇਹ ਟਕਸਾਲੀ ਕਬਜ਼ਾ ਲੈਣ ਤੋਂ ਕਿਵੇਂ ਲੜਾਈ ਝਗੜੇ ਕਰਦੇ ਰਹੇ ਅਸੀਂ ਆਪ ਜਾ ਕੇ ਉਕੇ ਗੁਰਦਵਾਰੇ ਵਿੱਚ ਪੁਲਿਸ ਵੀ ਬੈਠੀ ਦੇਖੀ। ਇਨ੍ਹਾਂ ਦਾ ਤਿਆਗ ਗੱਲਾਂ ਵਿੱਚ ਹੀ ਹੈ। ਇਨ੍ਹਾਂ ਦੇ ਅਮਲੀ ਜੀਵਨ ਵਿੱਚ ਕਦੇ ਵੀ ਤਿਅਗ ਨੇ ਪੈਰ ਨਹੀਂ ਪਾਇਆ। ਇਨ੍ਹਾਂ ਟਕਸਾਲੀਆਂ ਨੇ ਆਪ ਖ਼ੁਦ ਸਾਧ ਹਰਨਾਮ ਸਿੰਘ ਧੁੰਮਾ 'ਤੇ ਐਸੇ ਦੋਸ਼ ਅਖਬਾਰਾਂ ਵਿੱਚ ਲਾਏ ਜਿਹੜੇ ਇਥੇ ਲਿਖਣ ਤੋਂ ਮੈਂ ਸ਼ਰਮ ਮਹਿਸੂਸ ਕਰ ਰਿਹਾ ਹਾਂ।

ਅੱਗੇ ਉਸ ਇੰਟਰਵਿਊ ਦਾ ਜ਼ਿਕਰ ਕਰ ਰਿਹਾ ਹਾਂ ਜੋ ਸਿੱਖ ਸ਼ਹਾਦਤ ਵੱਲੋਂ ਸਾਧ

ਹਰਨਾਮ ਸਿੰਘ ਧੁੰਮਾ ਨਾਲ ਕੀਤੀ ਗਈ, ਅੱਜ ਦੇ ਹਾਲਾਤ ਸੰਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਇਸ ਟਕਸਾਲੀ ਸਾਧ ਨੇ ਕਿਹਾ ਕਿ ਪਹਿਲਾਂ ਕੰਮ ਸਿੱਖੀ ਦੀ ਮੁੱਖਧਾਰਾ ਨਾਲੋਂ ਟੁੱਟੇ ਨੌਜਵਾਨਾਂ ਨੂੰ ਮੁੱਖ ਧਾਰਾ ਨਾਲ ਜੋੜਨਾ।

ਵਿਚਾਰ : ਗੁਰਮਤਿ ਵਿਰੋਧੀ ਕਾਰਵਾਈਆਂ ਕਾਰਨ ਤੁਸੀਂ ਵੀ ਮੁੱਖਧਾਰਾ ਨਾਲੋਂ ਟੁੱਟੇ ਹੋਏ ਹੋ ਤੁਹਨੂੰ ਕੌਣ ਜੋੜੇਗਾ ? ਨਸ਼ੇ ਕਰਨੇ ਮਨਮਤਿ ਹੈ ਪਰ ਹਵਨ ਕਰਨੇ ਵੀ ਮਨਮੱਤ ਹੈ ਧਰਮ ਦੇ ਨਾਂ 'ਤੇ ਫੋਕੇ ਕਰਮ ਕਾਂਡ ਕਰਨੇ ਬ੍ਰਾਹਮਣੀ ਰੀਤਾਂ ਦਾ ਪ੍ਰਚਾਰ ਕਰਨਾ ਵੀ ਮਨਮੱਤ ਹੈ।

ਅੱਗੇ ਪ੍ਰਚਾਰਕ ਪੜ੍ਹੇ ਲਿਖੇ ਹੋਣ ਦੇ ਜਵਾਬ ਵਿੱਚ ਧੁੰਮਾ ਜੀ ਕਹਿੰਦੇ ਦੁਨਿਆਵੀ ਪੜ੍ਹਾਈ ਦੀ ਲੋੜ ਹੈ। ਭਾਵੇਂ ਉਹ ਸਿੱਖਾਂ ਦੇ ਪ੍ਰਚਾਰਕ ਹੋਣ ਭਾਵੇਂ ਟਕਸਾਲ ਦੇ।

ਵਿਚਾਰ : ਇਸ ਦਾ ਮਤਲਬ ਇਹ ਸਿੱਖਾਂ ਦੇ ਪ੍ਰਚਾਰਕ ਹੋਰ ਹਨ ਅਤੇ ਟਕਸਾਲ ਦੇ ਪ੍ਰਚਾਰਕ ਹੋਰ। ਇਥੋਂ ਅੰਦਾਜ਼ਾ ਲਾਉ ਕਿ ਸਿੱਖ ਕੌਮ ਅੰਦਰ ਜਿੰਨੇ ਵੀ ਵਖਰੇਵੇਂ ਪੈਦਾ ਕੀਤੇ ਹਨ ਹਿਨ੍ਹਾਂ ਸੰਪਰਦਾਈਆਂ ਨੇ ਹੀ ਕੀਤੇ ਹਨ।

ਅੱਗੇ ਪ੍ਰਚਾਰਕਾਂ ਦੇ ਰੁਜ਼ਗਾਰ ਦੇ ਮਸਲੇ 'ਤੇ ਕੀਤੇ ਸਵਾਲ ਦੇ ਜਵਾਬ ਵਿੱਚ ਧੁੰਮਾ ਜੀ ਕਹਿੰਦੇ ਹਨ ਕਿ ਪ੍ਰਚਾਰਕਾਂ ਦੀ ਉਪਜੀਵਕਾ ਦਾ ਕੋਈ ਐਸਾ ਸਾਧਨ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਧਾਰਮਿਕ ਲਾਈਨ ਵਿੱਚ ਆ ਕੇ ਗੁਰਮਤਿ ਵਿਚਾਰਧਾਰਾ ਦੀ ਗ਼ਲਤ ਵਰਤੋਂ ਨਾ ਕਰਨੀ ਪਵੇ।

ਵਿਚਾਰ : ਪਹਿਲੀਆਂ ਕਿਤਾਬਾਂ ਵਿੱਚ ਜਿਕਰ ਕਰ ਆਇਆ ਹਾਂ ਕਿ ਕਿਵੇਂ ਡੇਰੇਦਾਰ ਟਕਸਾਲੀਆਂ ਨੇ ਗੁਰਮਤਿ ਸਿਧਾਂਤਾਂ ਨਾਲ ਖਿਲਵਾੜ ਕੀਤਾ, ਬ੍ਰਾਹਮਣੀ ਮੱਤ ਵਾਲੇ ਕਰਮ ਕਾਂਡਾਂ ਨੂੰ ਅੱਗੇ ਕੀਤਾ ਗੁਰਮਤਿ ਵਿਚਾਰਧਾਰਾ ਦੀ ਗ਼ਲਤ ਵਿਆਖਿਆ ਬਹੁਤ ਜ਼ਿਆਦਾ ਸੰਪਰਦਾਈ ਗਿਆਨੀ ਕਰ ਰਹੇ ਹਨ। ਹਮੇਸ਼ਾ ਹੀ ਇਹ ਗੱਲ ਕਰਦੇ ਹਨ ਮਹਾਂਪੁਰਖਾਂ ਦੀ ਸਿਖਿਆ। ਪਰ ਗੁਰੂ ਦੀ ਸਿੱਖਿਆ ਦਾ ਇਨ੍ਹਾਂ ਕਦੇ ਨਾਂ ਵੀ ਨਹੀਂ ਲਿਆ। ਇਹ ਕਹਿੰਦੇ ਸਿੱਖ ਨੂੰ ਦੂਜੇ ਧਰਮਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਠੀਕ ਹੈ ਪਰ ਡੇਰਿਆਂ ਵਾਲਿਆਂ ਨੇ ਤਾਂ ਰੀਤੀ ਰਿਵਾਜ਼ ਵੀ ਸਾਰੇ ਅਨਮਤਾਂ ਵਾਲੇ ਅਪਣਾਏ ਹੋਏ ਹਨ ਸਿੱਖ ਮੱਤ ਦੀ ਗੱਲ ਗੁਰਮਤਿ ਦੀ ਗੱਲ ਡੇਰਿਆਂ ਵਿੱਚ ਕੇਵਲ ਨਾਂਹ ਮਾਤਰ ਹੀ ਹੈ।

ਅੱਗੇ ਮਿਸ਼ਨਰੀ ਕਾਲਜਾਂ ਅਤੇ ਸੰਪਰਦਾਵਾਂ ਦੀ ਪ੍ਰਚਾਰ ਵਿਧੀ ਵੱਖਰੀ ਦੇ ਜਵਾਬ ਵਿੱਚ ਧੁੰਮਾ ਜੀ ਕਹਿੰਦੇ, ਇਹ ਟਕਸਾਲਾਂ ਸੰਪਰਦਾਵਾਂ, ਇਹ ਗੁਰੂ ਮਹਾਰਾਜ ਦੇ ਵੇਲੇ ਤੋਂ ਚੱਲੀਆਂ ਆ ਰਹੀਆਂ ਹਨ।

ਵਿਚਾਰ : ਪੁਸਤਕ ਦੇ ਪਹਿਲੇ ਭਾਗ ਵਿੱਚ ਪੜ੍ਹੋ ਲੰਮੀ ਚੌੜੀ ਲਿਖਤ ਲਿਖੀ ਹੈ ਕਿ ਗੁਰੂ ਨੇ ਖ਼ਾਲਸਾ ਪੰਥ ਸਾਜਿਆ (ਚਲਾਇਆ) ਕੋਈ ਟਕਸਾਲ ਕੋਈ ਸੰਪਰਦਾ ਨਹੀਂ

ਚਲਾਈ। ਇਹ ਤਾਂ ਨਾਂਗੇ ਸਾਧ ਉਦਾਸੀ, ਸੰਨਿਆਸੀ ਚਾਲੀਸੇ ਕੱਟਣ ਵਾਲੇ, ਹਵਨ ਕਰਨ ਵਾਲੇ ਹੁੰਦੇ ਸਨ ਬਾਅਦ ਵਿੱਚ ਇਹ ਚੋਲਿਆਂ ਵਾਲੇ ਭੇਖ ਵਿੱਚ ਆ ਕੇ ਹੁਣ ਤੱਕ ਅਨਮੱਤਾਂ ਦਾ ਪ੍ਰਚਾਰ ਕਰ ਰਹੇ ਹਨ।

ਅੱਗੇ ਧੁੰਮਾ ਜੀ ਨੇ ਸਿੱਖ ਰਹਿਤ ਮਰਿਆਦਾ 'ਤੇ ਟਿੱਪਣੀ ਕੀਤੀ ਹੈ।

ਵਿਚਾਰ : ਕਿਸੇ ਡੇਰੇ ਦਾਰ ਸਾਧ ਨੂੰ ਹੱਕ ਨਹੀਂ ਕਿ ਉਹ ਸਿੱਖ ਰਹਿਤ ਮਰਿਆਦਾ ਉੱਪਰ ਕਿੰਤੂ ਕਰੇ। ਇਸ ਬਾਰੇ ਖੁੱਲ੍ਹੀ ਵਿਚਾਰ ਪੜ੍ਹਨ ਵਾਸਤੇ ਪੁਸਤਕ ਦੇ ਦੂਜੇ ਭਾਗ ਸਫ਼ਾ 18, 19, 20, 21 'ਤੇ ਪੜ੍ਹੋ। ਇਹ ਸਾਧ, ਸਿੱਖ ਰਹਿਤ ਮਰਿਆਦਾ ਦੇ ਹਾਮੀ ਇਸ ਕਰ ਕੇ ਨਹੀਂ ਹਨ ਕਿਉਂਕਿ ਇਹ ਮਰਿਆਦਾ ਮਹੰਤਵਾਦ, ਸਾਧਵਾਦ, ਪਖੰਡਵਾਦ ਨੂੰ ਨਕਾਰਦੀ ਹੈ।

ਇਸ ਮਹੰਤਵਾਦ, ਸਾਧਵਾਦ ਦੇ ਸਮੇਂ ਹੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਹਿੰਦੂ ਦੇਵੀ ਦੇਵਤਿਆਂ ਦੀਆਂ ਪੱਥਰ ਦੀਆਂ ਮੂਰਤੀਆਂ ਆ ਗਈਆਂ ਸੀ ਸਿੰਘ ਸਭਾ ਲਹਿਰ ਦੇ ਸਿੰਘਾਂ ਨੇ ਹੀ ਵਿਰੋਧ ਕੀਤਾ ਸੀ। ਉਸ ਵੇਲੇ ਕੋਈ ਸਾਧ ਸੰਪਰਦਾ ਭਾਲਿਆਂ ਵੀ ਨਹੀਂ ਸੀ ਲੱਭੀ। ਇਹ ਜ਼ਿਕਰ ਵਿਸਥਾਰ ਸਹਿਤ ਪਹਿਲੀਆਂ ਕਿਤਾਬਾਂ ਵਿੱਚ ਕਰ ਆਇਆ ਹਾਂ।

ਅੱਗੇ ਸਵਾਲ ਸੀ ਕਿ ਸਿੱਖ ਡੇਰਿਆਂ ਤੇ ਰਾਜਨੀਤੀ ਦਾ ਪ੍ਰਭਾਵ ਇਸ ਦਾ ਕੋਈ ਠੋਸ ਜਵਾਬ ਧੁੰਮਾ ਜੀ ਨਹੀਂ ਦੇ ਸਕੇ।

ਅੱਗੇ ਇੱਕ ਸਵਾਲ ਦੇ ਜਵਾਬ ਵਿੱਚ ਧੁੰਮਾ ਜੀ ਕਹਿੰਦੇ ਹਨ, ਟਕਸਾਲ ਵਿੱਚ ਜਿਹੜੀ ਵਿਚਾਰਧਾਰਾ ਚੱਲ ਰਹੀ ਹੈ ਬਿਲਕੁੱਲ ਹੀ ਨਿਰੋਲ ਸਿੱਖੀ ਨੂੰ ਸਮਰਪਿਤ ਹੈ ਉਸ ਵਿੱਚ ਕੋਈ ਐਸੀ ਗੱਲ ਨਹੀਂ ਹੈ, ਜਿਹੜੀ ਦੂਜੀ ਹੋਵੇ ਛੱਡਣ ਵਾਲੀ ਜਾਂ ਪਾਉਣ ਵਾਲੀ ਹੋਵੇ।

ਵਿਚਾਰ : ਪਰ ਪਹਿਲੀਆਂ ਕਿਤਾਬਾਂ ਵਿੱਚ ਪਾਠਕ ਪੜ੍ਹ ਆਏ ਹਨ ਕਿ ਟਕਸਾਲ ਵਿੱਚ ਕੋਈ ਵੀ ਗੱਲ ਨਿਰੋਲ ਸਿੱਖੀ ਨੂੰ ਸਮਰਪਿਤ ਨਹੀਂ ਹੈ। ਗੁਰਮਤਿ ਸਿਧਾਂਤਾਂ ਦੀਆਂ ਧੱਜੀਆਂ ਜਿੰਨੀਆਂ ਟਕਸਾਲ ਨੇ ਉਡਾਈਆਂ ਹਨ ਹੋਰ ਕਿਸੇ ਨੇ ਵੀ ਨਹੀਂ ਉਡਾਈਆਂ। ਜਿੰਨਾ ਬ੍ਰਾਹਮਣਵਾਦ ਦਾ ਪ੍ਰਚਾਰ ਟਕਸਾਲ ਨੇ ਕੀਤਾ ਹੈ ਅਤੇ ਹੁਣ ਵੀ ਕਰ ਰਹੀ ਹੈ ਹੋਰ ਕਿਸੇ ਨੇ ਵੀ ਨਹੀਂ ਕੀਤਾ। ਅਸੀਂ ਮੀਡੀਆ ਵਿੱਚ ਜਾਂ ਕਿਤੇ ਵੀ ਬੈਠ ਕੇ ਧੁੰਮਾ ਜੀ ਨਾਲ ਇਸ ਸੰਬੰਧ ਵਿੱਚ ਵਿਚਾਰ ਕਰਨ ਵਾਸਤੇ ਤਿਆਰ ਹਾਂ। ਅਗਲੇ ਸਵਾਲ ਦੇ ਉੱਤਰ ਵਿੱਚ ਧੁੰਮਾ ਜੀ ਕਹਿੰਦੇ ਵਿਆਕਰਣ ਬੰਦੇ ਨੇ ਹੀ ਬਣਾਈ ਹੋਈ ਹੈ। ਜਿੰਨਾ ਨੂੰ ਟਕਸਾਲੀ ਸੰਤ ਕਹਿੰਦੇ ਹੋ ਇਹ ਵੀ ਬੰਦੇ ਹੀ ਸੀ। ਇਨ੍ਹਾਂ ਨੂੰ ਵਿਦਿਆ ਮਾਰਤੰਡ ਬ੍ਰਹਮਗਿਆਨ ਦਾ ਖਿਤਾਬ ਕਿਹੜੀ ਯੂਨੀਵਰਸਿਟੀ ਵਿੱਚੋਂ ਲੈ ਕੇ ਤੁਸੀਂ ਦਿੱਤਾ? ਯਾਦ ਰੱਖੋ ਗੁਰਬਾਣੀ ਵਿਆਕਰਣ ਦੀ ਖ਼ਾਸ ਮਹੱਤਤਾ ਹੈ। ਜਿਹੜੇ

ਵਿਆਕਰਣ ਨੂੰ ਮੰਨਦੇ ਸਮਝਦੇ ਨਹੀਂ ਹਨ ਉਹ ਕਦੇ ਵੀ ਸਹੀ ਅਰਥ ਨਾ ਕਰ ਸਕਦੇ ਹਨ ਅਤੇ ਨਾ ਹੀ ਗੁਰਮਤਿ ਆਸ਼ੇ ਨੂੰ ਕਦੇ ਸਮਝ ਸਕਦੇ ਹਨ ਟਕਸਾਲ ਨਾਲ ਐਸਾ ਹੀ ਹੋਇਆ ਹੈ। ਇਹ ਚਿੜੀਆਂ ਕਾਵਾਂ ਵਾਲੀਆਂ ਕਹਾਣੀਆਂ ਸੁਣਾ ਕੇ ਕਥਾ ਦਾ ਟਾਈਮ ਪੂਰਾ ਕਰਦੇ ਆ ਰਹੇ ਹਨ। ਵਿਸਥਾਰ ਵਾਸਤੇ ਪੜ੍ਹੋ ਪਹਿਲੇ ਦੋਵੇਂ ਭਾਗ 'ਸੰਤਾਂ ਦੇ ਕੌਤਕ।'

ਟਕਸਾਲ ਦਾ ਮੁਖੀ 21 ਸਾਲ ਝੂਠ ਬੋਲਦਾ ਰਿਹਾ ਕਿ ਸੰਤ ਜਰਨੈਲ ਸਿੰਘ ਜਿੰਦਾ ਹੈ ਨਾਲ ਇਹ ਵੀ ਕਿਹਾ ਕਿ ਜਿਹੜਾ ਕਹੇਗਾ ਕਿ ਉਹ ਸ਼ਹੀਦ ਹੈ ਉਹਦੀ ਜ਼ੁਬਾਨ 'ਤੇ ਕੀੜੇ ਪੈ ਜਾਣਗੇ। ਪਰ ਹੁਣ ਟਕਸਾਲ ਨੇ ਖ਼ੁਦ ਕਹਿ ਦਿੱਤਾ ਸ਼ਹੀਦ ਹੁਣ ਉਨ੍ਹਾਂ ਕੀੜਿਆਂ ਦਾ ਕੀ ਬਣੇਗਾ। ਕਿਸੇ ਟਕਸਾਲੀ ਦਾ ਹੌਂਸਲਾ ਨਾ ਪਿਆ ਕਿ ਟਕਸਾਲ ਮੁਖੀ ਨੂੰ ਝੂਠ ਤੋਂ ਵਰਜੇ। ਇਥੋਂ ਬੜੇ ਅੰਦਾਜ਼ੇ ਆਪਣੇ ਆਪ ਹੀ ਲਾ ਲੈਣੇ ਚਾਹੀਦੇ ਹਨ ਕਿ ਵੱਡੇ ਵੱਡੇ ਬੁਲਾਰੇ ਵੀ ਮੂੰਹੋਂ ਇੱਕ ਲਫ਼ਜ਼ ਨਾ ਕਹਿ ਸਕੇ ਕਿ ਆਪਾਂ ਇਹ ਝੂਠ ਨਾ ਬੋਲੀਏ। ਇਸੇ ਵਿਸ਼ੇ ਨਾਲ ਸਬੰਧਤ ਇੱਕ ਹੱਡ ਬੀਤੀ ਕਹਾਣੀ ਰਿਟਾਇਰ ਪੁਲਿਸ ਸਬ ਇੰਸਪੈਕਟਰ ਗੁਲਜ਼ਾਰ ਸਿੰਘ ਵੱਲੋਂ ਪੇਸ਼ ਹੈ

ਪੁਸਤਕ ਦੇ ਤੀਸਰੇ ਭਾਗ ਵਿੱਚ ਵੀ ਆਪ ਇਸ ਬਾਰੇ ਪੜ੍ਹ ਆਏ ਹੋ। ਅਖਬਾਰਾਂ ਦੇਖਦੇ ਹੋ ਕਦੇ ਅਕਾਲੀਆਂ ਨਾਲ ਜੱਫੀਆਂ ਪਾਉਂਦਾ, ਕਦੇ ਕਾਂਗਰਸੀਆਂ ਨਾਲ। ਮਹਿਤੇ ਗੁਰਦਰਸ਼ਨ ਪ੍ਰਕਾਸ਼ ਵਿਖੇ ਹਵਨ ਕਰਦਾ ਰਿਹਾ। ਹਰਦੁਆਰ ਜਾ ਕੇ ਭਗਵੇਂ ਕਪੜੇ ਪਾ ਕੇ ਉਦਾਸੀ ਭੇਖੀ ਸਾਧਾਂ ਨੂੰ ਮੱਥੇ ਟੇਕ ਕੇ ਅਸ਼ੀਰਵਾਦ ਲੈਂਦਾ ਰਿਹਾ। ਇਸ ਦੇ ਸਕੇ ਟਕਸਾਲੀ ਭਰਾਵਾਂ ਨੇ ਇਹਦੇ ਗੁਰਮਤਿ ਵਿਰੋਧੀ ਕਾਰਨਾਮਿਆਂ ਨੂੰ ਅਖਬਾਰਾਂ ਦੀਆਂ ਮੋਟੀਆਂ ਸੁਰਖੀਆਂ ਵਿੱਚ ਦੁਨੀਆਂ ਸਾਹਮਣੇ ਲਿਆਂਦਾ ਜਿਨ੍ਹਾਂ ਨੇ ਇਸ ਨੂੰ ਟਕਸਾਲੀ ਪੱਗ ਬਨ੍ਹਾਈ ਸੀ। ਉਨ੍ਹਾਂ ਵਿੱਚੋਂ ਅਸੀਂ ਕੁੱਝ ਇੱਕ ਨੂੰ ਮਿਲੇ। ਉਹ ਕਹਿੰਦੇ ਕਿ ਧੁੰਮੇ ਨੇ ਤਾਂ ਸਾਨੂੰ ਕਿਤੇ ਮੂੰਹ ਦਿਖਾਉਣ ਜੋਗਾ ਨਹੀਂ ਛੱਡਿਆ। ਬਹੁਤ ਬਦਨਾਮੀ ਕਰਵਾਈ ਹੈ। ਖ਼ੁਦ ਟਕਸਾਲੀਆਂ ਨੇ ਮੈਨੂੰ ਕਿਹਾ ਕਿ ਤੂੰ ਸੱਚ ਲਿਖ ਰਿਹਾ ਹੈਂ। ਹੋਰ ਵੀ ਲਿਖ ਅਸੀਂ ਤੇਰੇ ਨਾਲ ਹਾਂ।

## 5 ਮਈ ਅਖ਼ਬਾਰ ਦੀ ਮੋਟੀ ਸੁਰਖੀ

ਵਿਦਿਆਰਥੀਆਂ ਵੱਲੋਂ ਟਕਸਾਲ ਮੁਖੀ ਧੁੰਮਾ 'ਤੇ ਗੰਭੀਰ ਦੋਸ਼। ਦਮਦਮੀ ਟਕਸਾਲ ਦੇ ਵਿਦਿਆਰਥੀਆਂ ਅਤੇ ਅਤਿੰਦਰਪਾਲ ਸਿੰਘ ਸਾਬਕਾ ਐਮ.ਪੀ. ਨੇ ਧੁੰਮਾ ਨੂੰ ਸਮਲਿੰਗੀ ਆਖਦੇ ਹੋਏ ਬਚਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਇਸ ਦੇ ਸਿੱਖ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੇ ਸਿੰਘਾਂ ਨੂੰ ਅੱਧੀ ਰਾਤ ਜੱਥੇਬੰਦੀ 'ਚੋਂ ਬਾਹਰ ਕੱਢਿਆ ਤੇ ਪੁਲਿਸ ਰਾਹੀਂ ਸਿੰਘਾਂ ਉੱਪਰ ਝੂਠੇ ਕੇਸ ਪਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਇਹ ਧੁੰਮਾ ਸਿੱਖ ਕੌਮ ਦਾ ਹਿੰਦੂ ਭਗਵਾਂਕਰਨ ਦੀ ਸਾਜ਼ਿਸ਼ ਹੈ। ਇਨ੍ਹਾਂ

ਸਿੰਘਾਂ ਨੇ ਇਹ ਮੰਗ ਵੀ ਦੁਹਰਾਈ ਕਿ ਇਸ ਧੁੰਮੇ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ।

## 19 ਫਰਵਰੀ ਦੀ ਅਖ਼ਬਾਰੀ ਸੁਰਖੀ

ਬਾਬਾ ਹਰਨਾਮ ਸਿੰਘ 'ਤੇ ਟਕਸਾਲ ਦੀ ਗੋਲਕ ਲੁਟਾਉਣ ਦਾ ਦੋਸ਼ ਲਾਇਆ।

ਬਾਬਾ ਮਹਾਂ ਸਿੰਘ ਮਟੌਰ ਦੀ ਅਗਵਾਈ ਵਾਲੀ ਦਮਦਮੀ ਟਕਸਾਲ ਦੀ ਤੀਜੀ ਧਿਰ ਨੇ ਵਿਰਸਾ ਸੰਭਾਲ ਸੰਮੇਲਨ ਦੇ ਨਾਂ ਹੇਠ ਸੱਦੇ ਸੰਮੇਲਨ ਰਾਹੀਂ ਹਰਨਾਮ ਸਿੰਘ ਧੁੰਮੇ ਉੱਪਰ ਟਕਸਾਲ ਦਾ ਖ਼ਜਾਨਾ ਲੁਟਾਏ ਜਾਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਇਸ਼ਤਿਹਾਰਬਾਜ਼ੀ ਕਰਨ ਨਾਲ ਸ਼ੌਹਰਤ ਹਸਲ ਨਹੀਂ ਕਰ ਸਕਦਾ। ਇਕ ਹੋਰ ਖ਼ਬਰ ਦਮਦਮੀ ਟਕਸਾਲ ਮੁੜ ਫੁੱਟ ਦਾ ਸ਼ਿਕਾਰ। ਧੁੰਮਾ ਨੂੰ ਅਕਾਲ ਤਖ਼ਤ 'ਤੇ ਤਲਬ ਕਰਨ ਦੀ ਮੰਗ।

## ਆਉ ਟਕਸਾਲੀਆਂ ਦੀ ਕਥਾ ਸੁਣੀਏ...

ਮਾਝੇ ਦੇ ਇਲਾਕੇ ਵਿੱਚ ਟਕਸਾਲ ਦਾ ਇੱਕ ਪ੍ਰਚਾਰਕ ਭਾਈ ਸੁਖਦੇਵ ਸਿੰਘ, ਜੋ ਬਾਬਾ ਠਾਕੁਰ ਸਿੰਘ ਜੀ ਦਾ ਨਜ਼ਦੀਕੀ ਮੰਨਿਆ ਜਾਂਦਾ ਹੈ, ਉਹ ਟਕਸਾਲ ਦੇ ਸਮਾਗਮਾਂ ਦਾ ਪ੍ਰਬੰਧਕ ਹੈ। ਇਹ ਵੀਰ ਆਪਣੇ ਸਾਰੇ ਸਮਾਗਮਾਂ ਵਿੱਚ ਪੰਥ ਵਿੱਚ ਵੰਡੀਆਂ ਪਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦਾ। ਪੰਥ ਪ੍ਰਵਾਨਤ 'ਸਿੱਖ ਰਹਿਤ ਮਰਿਆਦਾ' ਇਸ ਦਾ ਪਹਿਲਾ ਨਿਸ਼ਾਨਾ ਹੁੰਦੀ ਹੈ। ਉਹ ਵੀਰ ਜਿਹੜੇ ਇਸ ਰਹਿਤ ਮਰਿਆਦਾ ਨੂੰ ਸਿਰ ਮੱਥੇ ਮੰਨਦੇ ਹਨ, ਉਨ੍ਹਾਂ ਦੀ ਨਿਖੇਧੀ ਤੇ ਬੇਇੱਜ਼ਤੀ ਕਰਨਾ ਇਹ (ਪੰਥ-ਪ੍ਰਚਾਰਕ) ਆਪਣਾ ਧਰਮ ਸਮਝਦਾ ਹੈ। ਸਿੱਖ ਰਹਿਤ ਮਰਿਆਦਾ ਦੀਆਂ ਕਈ ਮੱਦਾਂ ਨੂੰ ਰੱਦ ਕਰਨ ਦੀ ਖ਼ਾਤਰ ਕਈ ਮਨ ਘੜਤ ਤੇ ਕੱਚੀਆਂ ਦਲੀਲਾਂ ਦਿੰਦਾ ਹੈ। ਮਿਸਾਲ ਵੱਜੋਂ, ਕੜਾਹ ਪ੍ਰਸ਼ਾਦ ਵਿੱਚ ਕਿਰਪਾਨ ਭੇਟ ਕਰਨ ਦੀ ਗੱਲ ਹੈ। ਇਹ ਕਹਿੰਦਾ ਹੈ ਕਿ ਟਕਸਾਲ ਮੰਨਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇਹ ਸਰੂਪ ਹੋਣ ਕਰ ਕੇ ਕੜਾਹ ਪ੍ਰਸ਼ਾਦਿ ਛਕਦੇ ਹਨ। ਇਸੇ ਲਈ ਟਕਸਾਲੀ ਵੀਰ ਕਿਰਪਾਨ ਭੇਟ ਕਰਨ 'ਤੇ 'ਦਰ ਪ੍ਰਵਾਨ ਹੋਵੇ' ਨਹੀਂ ਕਹਿੰਦੇ ਸਗੋਂ 'ਭੋਗ ਲਾਉਣਾ' ਸ਼ਬਦ ਦੀ ਵਰਤੋਂ ਕਰਦੇ ਹਨ। ਇਸ ਗੱਲ ਨੂੰ ਸਿੱਧ ਕਰਨ ਲਈ ਉਹ ਕਹਿੰਦਾ ਹੈ ਕਿ, 'ਇਕ ਵਾਰੀ ਬਾਬਾ ਸੁੰਦਰ ਸਿੰਘ ਜੀ ਨੇ ਪੰਜ ਕਿਲੋ ਦੀ ਕੜਾਹ ਪ੍ਰਸ਼ਾਦ ਦੀ ਦੇਗ ਤਿਅਰ ਕਰਵਾਈ। ਫਿਰ ਆਪ ਅਰਦਾਸ ਕੀਤੀ। ਫਿਰ 'ਭੋਗ ਲਾਉ' ਵਾਲੀਆਂ ਪੰਕਤੀਆਂ ਪੜ੍ਹੀਆਂ। ਫਿਰ ਸੰਗਤ ਨੂੰ ਕਿਹਾ, 'ਹੁਣ ਤੋਲੋ।' ਜਦੋਂ ਪ੍ਰਸ਼ਾਦ ਤੋਲਿਆ ਤਾਂ 250 ਗ੍ਰਾਮ (ਪਾਈਆ) ਪ੍ਰਸ਼ਾਦ ਘੱਟ ਨਿਕਲਿਆ। ਇਸ ਤੋਂ ਖ਼ਾਲਸਾ ਜੀ ਸਿੱਧ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਪ੍ਰਸ਼ਾਦ ਛਕਦੇ ਹਨ।' ਅਸਲ ਵਿਚ ਕੜਾਹ ਪ੍ਰਸਾਦਿ ਠੰਢਾ ਹੁੰਦਿਆਂ ਇਨਾਂ ਕੁ ਪਾਣੀ ਭਾਵ ਰਾਹੀਂ ਉਡ ਜਾਂਦਾ ਹੈ, ਤੇ ਵਜਨ ਘਟਣਾ ਹੀ ਹੋਇਆ। ਸਾਡੇ ਸਾਹਮਣੇ ਠੰਢੇ ਕੀਤੇ ਪ੍ਰਸਾਦਿ ਨੂੰ 'ਭੋਗ' ਲਗਵਾ ਕੇ ਵਜਨ ਘੱਟ ਹੋਇਆ ਵਿਖਾਉਣਾ। ਲਉ

ਖਾਲਸਾ ਜੀ! ਇਹ ਦਲੀਲ ਚੁੱਕ ਲਉ ਤੇ ਆਪਣੇ ਸੁਚੇਤ ਤੇ ਬਾਗ਼ੀ ਨੌਜਵਾਨਾਂ ਵਿੱਚ ਜਾ ਕੇ ਪ੍ਰਚਾਰ ਕਰੋ ਤੇ ਹੌਲੀ-ਹੌਲੀ ਸਾਰੇ ਨੌਜਵਾਨ, ਇਨ੍ਹਾਂ ਦੀ ਹਿੰਮਤ ਸਦਕਾ ਇਸ 'ਨਿਆਰੇ ਧਰਮ ਤੋਂ' ਦੂਰ ਹੋ ਜਾਣਗੇ। ਇਹ ਮਨੋਰਥ ਹੈ ਇਨ੍ਹਾਂ ਅੱਜ ਦੇ ਟਕਸਾਲੀ ਪ੍ਰਚਾਰਕਾਂ ਦਾ।

ਪਿਛੇ ਜਿਹੇ ਸੁਣਿਆ ਹੈ ਕਿ ਇਸ ਵੀਰ ਨੇ ਆਪਣੇ ਪ੍ਰਭਾਵਨ ਨਾਲ ਡੇਰੇਵਾਦੀ ਪ੍ਰੰਪਰਾ ਨੂੰ ਅੱਗੇ ਤੋਰਨ ਲਈ ਇੱਕ ਨਵਾਂ ਇਤਿਹਾਸ (ਮਿਥਿਹਾਸ) ਘੜ ਮਾਰਿਆ ਤੇ ਨਵਾਂ ਗੁਰਦਵਾਰਾ ਸਾਹਿਬ ਪਾ. 10ਵੀਂ 'ਸਮੂ ਫੱਤੂ ਦੀਆਂ ਟਾਹਲੀਆਂ' ਜਲਾਲਾਬਾਦ ਨੇੜੇ ਜੀ.ਟੀ. ਰੋਡ 'ਤੇ ਸ਼ੁਰੂ ਕਰ ਦਿੱਤਾ ਹੈ ਜਿਸ ਦਾ ਅੱਜ ਤੱਕ ਇਤਿਹਾਸ ਵਿੱਚ ਕੋਈ ਜ਼ਿਕਰ ਨਹੀਂ ਸੀ ਮਿਲਿਆ। ਜੀ.ਟੀ. ਰੋਡ ਉੱਪਰ ਇਹ ਭਾਈ ਸੁਖਦੇਵ ਸਿੰਘ ਦਾ ਨਿੱਜੀ (ਟਕਸਾਲੀ ਡੇਰਾ) ਕਈ ਅਜਿਹੇ ਸੇਵਾਦਾਰਾਂ ਦਾ ਪਾਲਣ ਪੋਸ਼ਣ ਕਰੇਗਾ। ਗ਼ਰੀਬ ਕਿਸਾਨਾਂ ਦੀ 'ਕਾਰ ਸੇਵਾ' ਦੇ ਨਾਂ 'ਤੇ ਲੁੱਟ ਕਰ ਕੇ, ਜਿਵੇਂ ਜੰਡ ਸਾਹਿਬ ਵਿਖੇ ਲੋਕਾਂ ਵੱਲੋਂ ਗੁਰੂ ਘਰ ਲਈ ਦਿੱਤੀ ਉਗਰਾਹੀ ਨੂੰ ਜੰਡ ਸਾਹਿਬ ਵਾਲੇ ਬਾਬਿਆਂ ਨੇ ਨਿੱਜੀ ਡੇਰਾ (ਘਰੇਲੂ ਜਾਇਦਾਦ) ਬਣਾ ਲਿਆ ਹੈ ਤੇ ਹੋਕਾ ਦੇ ਰਹੇ ਹਨ ਕਿ 'ਕਿਰਤ ਕਰੋ! ਕਿਰਤ ਕਰੋ!! ਕਿਰਤ ਕਰੋ!!!' ਪੁੱਛੇ ਕੋਈ ਇਨ੍ਹਾਂ ਅਖੌਤੀ ਮਹਾਂਪੁਰਸ਼ਾਂ ਨੂੰ ਕਿ ਆਪਣੇ ਪਰਵਾਰਾਂ ਦੀ ਸਾਂਭ ਸੰਭਾਲ ਲਈ, ਸ਼ਾਨਦਾਰ ਮਕਾਨਾਂ ਲਈ, ਏ.ਸੀ. ਗੱਡੀਆਂ ਲਈ, ਇਹ ਲੋਕ ਪੈਸਾ ਕਿੱਥੋਂ ਲਿਆਉਂਦੇ ਹਨ? ਲੋਕਾਂ ਦੀ ਸ਼ਰਧਾ ਦਾ ਧਨ ਤੇ ਇਨ੍ਹਾਂ ਦੀ ਐਸ਼! ਰੱਬ ਖ਼ੈਰ ਕਰੇ!!

ਭਾਈ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਆਪਣੀ ਸ਼ਹੀਦੀ ਕੌਮ ਦੀ ਅਣਖ ਲਈ ਦਿੱਤੀ ਹੈ। ਟਕਸਾਲ ਦੇ ਅਜੋਕੇ ਪ੍ਰਬੰਧਕ ਤੇ ਵੀਰ ਇਹ ਸਮਝ ਲੈਣ ਕਿ ਸੰਤ ਕੇਵਲ ਇਨ੍ਹਾਂ ਦੇ ਨਹੀਂ, ਉਹ ਪੂਰੀ ਕੌਮ ਦੇ ਸਤਿਕਾਰਯੋਗ ਸ਼ਹੀਦ ਹਨ। ਸੱਚ ਤਾਂ ਇਹ ਹੈ ਕਿ ਅਜੋਕੇ ਟਕਸਾਲੀਆਂ ਨੇ ਉਨ੍ਹਾਂ ਦੀ ਮਹਾਨ ਸ਼ਹੀਦੀ ਨੂੰ ਮਿੱਟੀ ਵਿੱਚ ਰੋਲ ਦਿੱਤਾ ਹੈ। ਇਹ ਅੱਜ ਵੀ 'ਸੰਤ ਜ਼ਿੰਦਾ ਹਨ', 'ਸੰਤ ਜ਼ਿੰਦਾ ਹਨ' ਦਾ ਰਾਗ ਅਲਾਪ ਰਹੇ ਹਨ। ਇਨ੍ਹਾਂ ਦੇ ਕਾਰਨਾਮਿਆਂ ਦੀ ਪਛਾਣ ਕੀਤੀ ਹੈ, ਪੱਤਰਕਾਰ ਦਲਬੀਰ ਸਿੰਘ ਨੇ ਆਪਣੀ ਪੁਸਤਕ 'ਨੇੜਿਉਂ ਡਿੱਠੇ ਸੰਤ ਭਿੰਡਰਾਂ ਵਾਲੇ' 'ਚ। ਦਲਬੀਰ ਸਿੰਘ ਸੰਤਾਂ ਦੇ ਬਹੁਤ ਕਰੀਬੀ ਸਿੰਘਾਂ ਵਿੱਚੋਂ ਸਨ। ਉਹ ਕਿਤਾਬ ਦੇ 'ਪੰਨਾ 59' 'ਤੇ ਲਿਖਦੇ ਹਨ :

'ਮੈਨੂੰ ਇਸ ਗੱਲ ਵਿੱਚ ਰੱਤੀ ਭਰ ਵੀ ਸ਼ੱਕ ਨਹੀਂ ਸੀ ਰਿਹਾ ਕਿ ਸੰਤ ਸ਼ਹੀਦ ਹੋ ਗਏ ਸਨ। ਉਨ੍ਹਾਂ ਦੇ ਭਾਈ ਕੈਪਟਨ ਹਰਚਰਨ ਸਿੰਘ, ਉਨ੍ਹਾਂ ਦੀ ਦੇਹ ਪਛਾਣ ਗਏ ਸਨ। ਉਨ੍ਹਾਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਜਦ ਇਹ ਕਹਿਣ ਲੱਗੇ ਕਿ ਸੰਤ ਬਚ ਕੇ ਨਿਕਲ ਗਏ ਹਨ' ਤਾਂ ਮਨ ਦੁਖਿਆ ਵੀ ਤੇ ਕ੍ਰੋਧ ਵੀ ਆਇਆ। ਬਾਬੇ ਦਾ ਕਥਨ ਇੱਕ ਗੱਦਾਰੀ ਸੀ। ਉਹ ਸੱਭ ਕੁੱਝ ਜਾਣਦਾ ਸੀ।'

## ਹੋਰ ਸੁਣੋ :

'ਬਾਬਾ ਠਾਕੁਰ ਸਿੰਘ ਜੋ ਭਾਈ ਮਨਬੀਰ ਸਿੰਘ ਅਤੇ ਭਾਈ ਧੰਨਾ ਸਿੰਘ ਦੀ ਬੋਲੀ ਵਿੱਚ ਇੱਕ 'ਬ੍ਰਹਮ ਗਿਆਨੀ' (ਪਰ ਨਵੇਂ ਯੁੱਗ ਦੇ) ਕਹੇ ਜਾ ਸਕਦੇ ਹਨ। ਜਿਨ੍ਹਾਂ ਨੇ ਸੰਤ ਭਿੰਡਰਾਂ ਵਾਲਿਆਂ ਦੀ ਸਰਕਾਰ ਨਾਲ ਟੱਕਰ ਲੈਣ ਦੀ ਪਹੁੰਚ ਦੀ ਹਰ ਸਮੇਂ ਵਿਰੋਧਤਾ ਕੀਤੀ ਅਤੇ 'ਨੀਲੇ ਤਾਰੇ' ਪਿੱਛੋਂ ਗੁ. ਗੁਰਦਰਸ਼ਨ ਪ੍ਰਕਾਸ਼ ਵਿਖੇ ਸੰਮੇਲਨ ਕਰਨ ਵਿੱਚ ਵੀ ਰੋੜੇ ਅਟਕਾਏ, ਸਰਬੱਤ ਖ਼ਾਲਸਾ ਦੀ ਵਿਰੋਧਤਾ ਕੀਤੀ, ਅਕਾਲ ਤਖ਼ਤ ਦੀ ਨਵ-ਉਸਾਰੀ ਲਈ ਕਾਰ ਸੇਵਾ ਕਰਨ ਤੋਂ ਨਾਂਹ ਕੀਤੀ, ਪਰ ਜਦ ਮਾਇਆ ਦੇ ਭੰਡਾਰ ਆਉਣ ਲੱਗੇ ਤਾਂ ਸੱਭ ਕੁੱਝ ਠੀਕ ਹੋ ਗਿਆ .... ਟਕਸਾਲ ਦਾ ਚਿਹਰਾ ਮੋਹਰਾ ਆਪਣੀ ਇਤਿਹਾਸ ਵਿਰਾਸਤ ਨਾਲੋਂ ਵੱਖਰਾ ਬਣਾ ਦਿੱਤਾ।'

ਪੱਤਰਕਾਰ ਦਲਬੀਰ ਸਿੰਘ ਵਰਗਾ ਕਰੀਬੀ ਸਾਥੀ ਜਦੋਂ ਇਨ੍ਹਾਂ ਦੀ ਅਸਲੀਅਤ ਲੋਕਾਂ ਸਾਹਮਣੇ ਰੱਖ ਚੁੱਕਾ ਹੈ ਤਾਂ ਸਾਨੂੰ ਇਨ੍ਹਾਂ ਬਾਰੇ ਜ਼ਰਾ ਵੀ ਸ਼ੱਕ ਨਹੀਂ ਪਾਲਣਾ ਚਾਹੀਦਾ। ਸੱਚ ਇਹ ਹੈ ਕਿ ਟਕਸਾਲ ਦੇ ਸੱਚੇ-ਸੁੱਚੇ ਵੀਰ ਅੱਜ ਪਿੱਛੇ ਧੱਕ ਦਿੱਤੇ ਗਏ ਹਨ, ਇਹ ਲੂੰਬੜਚਾਲਾਂ ਖੇਡਣ ਵਾਲੇ ਅੱਜ ਸਿੱਖੀ ਪ੍ਰਚਾਰ ਦਾ ਰੌਲਾ ਪਾ ਰਹੇ ਹਨ। ਅੱਜ ਲੋੜ ਹੈ ਸਿੱਖੀ ਪੰਥਕ ਡਿਸਪਲਿਨ ਕਾਇਮ ਰੱਖਿਆ ਜਾਵੇ, 'ਸਿੱਖ ਰਹਿਤ ਮਰਿਆਦਾ' ਵਾਲਾ ਕਿਲ੍ਹਾ ਮਜ਼ਬੂਤ ਕੀਤਾ ਜਾਵੇ, ਡੇਰੇਵਾਦੀ ਪਰੰਪਰਾ ਦਾ ਸਿੱਧਾ ਤੇ ਸਪੱਸ਼ਟ ਵਿਰੋਧ ਕੀਤਾ ਜਾਵੇ ਅਤੇ ਕਾਰ ਸੇਵਾ ਦੇ ਨਾਂ 'ਤੇ ਠੱਗੀ ਲੋਕਾਂ ਦੇ ਸਾਹਮਣੇ ਰੱਖੀ ਜਾਵੇ। ਮੇਰਾ ਨਿੱਜੀ ਵਿਚਾਰ ਤਾਂ ਇਹ ਹੈ ਕਿ 10-15 ਸਾਲ ਲਈ ਪੱਥਰ ਲਾਉਣ ਦੀ ਕਾਰ ਸੇਵਾ (ਕੁੱਝ ਕੁ ਇਤਿਹਾਸਿਕ ਗੁਰਦਵਾਰਿਆਂ ਨੂੰ ਛੱਡ ਕੇ) ਰੋਕ ਦਿੱਤੀ ਜਾਵੇ। ਨੌਜਵਾਨਾਂ ਨੂੰ ਸਿੱਖ ਬਣਾਉਣ ਲਈ ਕਾਰ ਸੇਵਾ ਅਰੰਭੀ ਜਾਵੇ। ਇਸ ਉੱਦਮ ਲਈ ਕਈ ਜੱਥੇਬੰਦੀਆਂ ਤੱਤਪਰ ਹਨ। ਵਾਹਿਗੁਰੂ ਮੇਹਰ ਕਰੇ। ਲੇਖਕ ਵੀ ਆਪਣੇ ਇਲਾਕੇ ਸੰਭਾਲ ਲੈਣ। ਅਮਲੀ ਕਾਰਜ ਆਰੰਭ ਕੀਤੇ ਜਾਣ ਤਾਂ ਹੀ ਅਸੀਂ ਕੁੱਝ ਸਾਰਥਕ ਸਿੱਟੇ ਕੱਢ ਸਕਾਂਗੇ। ਮੇਰੀ ਭਾਈ ਸੁਖਦੇਵ ਸਿੰਘ ਨੂੰ ਵੰਗਾਰ ਹੈ ਕਿ ਅਕਾਲ ਤਖ਼ਤ ਸਾਹਿਬ 'ਤੇ ਆਪਣੇ ਕਿਸੇ ਬ੍ਰਹਮ ਗਿਆਨੀ ਤੋਂ ਅਰਦਾਸ ਕਰਵਾ ਦੇ 250 ਗ੍ਰਾਮ (ਪਾਈਆ) ਕੜਾਹ ਪ੍ਰਸ਼ਾਦਿ ਘੱਟ ਜਾਣ ਦਾ ਕੌਤਕ ਅੱਜ ਕੌਮ ਦੇ ਸਾਹਮਣੇ ਰੱਖੇ ਨਹੀਂ ਤਾਂ ਇਹ ਝੂਠ ਪ੍ਰਚਾਰ ਬੰਦ ਕੀਤਾ ਜਾਵੇ। ਨੌਜਵਾਨ ਵਰਗ ਹੁਣ ਬਹੁਤ ਸੁਚੇਤ ਹੈ।

## ਜਦੋਂ ਦੋ ਆਤਮਾਂ ਭਿੜੀਆਂ

ਦਿਨ 12 ਜੂਨ 2005, ਸਮਾਂ ਦੁਪਹਿਰ ਦਾ, ਸਥਾਨ ਗੁਰਦਵਾਰਾ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ (ਅੰਮ੍ਰਿਤਸਰ), ਦਮਦਮੀ ਟਕਸਾਲ ਦੇ 15ਵੇਂ ਮੁਖੀ ਦੀ ਦਸਤਾਰਬੰਦੀ, ਬਾਬਾ ਸਰਬਜੋਤ ਸਿੰਘ ਬੇਦੀ, ਜਥੇਦਾਰ ਰਣਜੀਤ ਸਿੰਘ ਅਤੇ ਅਨੇਕ

ਹੋਰ ਬਾਬੇ ਭਾਈ ਹਰਨਾਮ ਸਿੰਘ ਨੂੰ ਦਸਤਾਰ ਸਜਾਉਣ ਲੱਗੇ।

ਅਕਾਸ਼ ਤੋਂ ਆਵਾਜ਼ ਆਈ : ਕੀ ਕਰਨ ਲੱਗੇ ਜੇ ? ਮੈਂ ਜਰਨੈਲ ਸਿੰਘ ਭਿੰਡਰਾਂ ਵਾਲੇ ਦੀ ਆਤਮਾ ਬੋਲਦੀ ਹਾਂ।

ਉੱਤਰ : ਤੁਹਾਡੇ ਉਤਰਾਧਿਕਾਰੀ ਦੀ ਦਸਤਾਰਬੰਦੀ ਕਰਨ ਲੱਗੇ ਹਾਂ।

ਅਰਸ਼ੀ ਆਵਾਜ਼ : ਇਹਨੂੰ ਪਤਾ ਹੈ ਕਿ ਆਨੰਦਪੁਰ ਦਾ ਮਤਾ ਕੀ ਸੀ ਤੇ ਖਾਲਿਸਤਾਨ ਕੀਹਨੂੰ ਕਹਿੰਦੇ ਨੇ ?

ਅਕਾਸ਼ ਤੋਂ ਝੱਟਪੱਟ ਇੱਕ ਦੂਜੀ ਆਵਾਜ਼ ਬੋਲੀ : ਮੈਂ ਠਾਕੁਰ ਸਿੰਘ ਬਾਬਾ ਦੀ ਆਤਮਾ ਹਾਂ। ਇਨ੍ਹਾਂ ਮਸਲਿਆਂ ਦਾ ਟਕਸਾਲ ਨਾਲ ਕੋਈ ਸਬੰਧ ਨਹੀਂ। ਟਕਸਾਲ ਤਾਂ ਕਥਾ ਦਾ ਪ੍ਰਵਾਹ ਚਲਾਉਂਦੀ ਆਈ ਹੈ ਅਤੇ ਅੰਮ੍ਰਿਤ ਛਕਾਉਂਦੀ ਆਈ ਹੈ।

ਪਹਿਲੀ ਆਵਾਜ਼ : ਬਾਬਿਓ, ਤੁਸਾਂ ਤਾਂ ਮੇਰੇ ਪਿਛੋਂ 21 ਸਾਲ ਕਥਾ ਦੀ ਰਸਮ ਹੀ ਬੰਦ ਕਰ ਦਿੱਤੀ।

ਦੂਜੀ ਆਵਾਜ਼ : ਜਰਨੈਲ ਸਿੰਘਾ ਇਹ ਗੱਲਾਂ ਪੁਰਾਣੀਆਂ ਹੋ ਗਈਆਂ ਨੇ। ਆਪਣੇ ਡੇਰੇ 'ਤੇ ਨਿਗਾਹ ਮਾਰ, ਸੰਗਮਰਮਰ, ਕੀਮਤੀ ਗੱਡੀਆਂ, ਏਅਰ ਕੰਡੀਸ਼ਨਰ ਅਤੇ ਹਰ ਤਰ੍ਹਾਂ ਦੀ ਚਕਮ ਦਮਕ। ਤੇਰੇ ਪਿਛੋਂ ਅਸੀਂ ਟਕਸਾਲ ਨੂੰ ਅਰਬਾਂ ਵਿੱਚ ਲੈ ਆਂਦਾ ਹੈ। ਵਿਦੇਸ਼ਾਂ ਵਿੱਚ ਡੇਰਿਆਂ ਦੀ ਕੋਈ ਕਮੀ ਨਹੀਂ। ਡਾਲਰਾਂ ਤੇ ਪੌਂਡਾਂ ਦੀ ਵਰਖਾ। ਤੇਰੇ 'ਤੇ ਸਾਡੇ ਸੇਵਕ ਸੱਭ ਚੜ੍ਹਦੀਕਲਾ ਵਿੱਚ ਹਨ।

ਪਹਿਲੀ ਆਵਾਜ਼ : ਬਾਬਿਓ, ਅਸੀਂ ਤਾਂ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗੇ ਸਾਂ। ਗੁਰੂ ਗੋਬਿੰਦ ਸਿੰਘ ਜੀ ਨੇ ਆਪ (ਮਨੋਕਲਪਿਤ) ਸਾਡੀ ਇਸ ਸੰਸਥਾ ਦੇ ਜਨਮਦਾਤਾ ਦੇ ਸਿਰ 'ਤੇ ਹੱਥ ਰੱਖਿਆ ਸੀ, ਜਿਸ ਨੇ ਗੁਰੂ ਗ੍ਰੰਥ ਸਾਹਿਬ ਦਾ ਉਤਾਰਾ ਵੀ ਕੀਤਾ ਸੀ।

ਦੂਜੀ ਆਵਾਜ਼ : ਜਰਨੈਲ ਸਿੰਘ ਇਹ ਗੱਲਾਂ ਪੁਰਾਣੀਆਂ ਨੇ, 400 ਸਾਲ ਪੁਰਾਣਾ ਗ੍ਰੰਥ ਸਾਹਿਬ ਅਤੇ 300 ਸਾਲ ਪੁਰਾਣਾ ਟਕਸਾਲ ਦਾ ਜਨਮ, ਇਹ ਹੁਣ ਯੋਗ ਨਹੀਂ ਬੈਠਦੇ। ਅਸੀਂ ਗੱਲ ਆਰੰਭੀ ਹੈ ਅਗਸਤ 1947 ਤੋਂ। ਜੇ ਅਜੇ ਵੀ ਸਾਡਾ ਵਿਚਾਰ ਚੱਲਦਾ ਰਿਹਾ ਤਾਂ ਮਹਿਤਾ ਬਣ ਜਾਵੇਗਾ ਮਹਿਤਾ ਸਾਹਿਬ, ਚੜ੍ਹ ਜਾਣਗੇ ਸੋਨੇ ਦੇ ਪੱਤਰੇ। ਲੋਕ ਤਾਂ ਅੰਨ੍ਹੇ ਨੇ ਇਨ੍ਹਾਂ ਨੂੰ ਮਗਰ ਲਾਉਣਾ ਕੋਈ ਔਖਾ ਨਹੀਂ। ਤੂੰ ਚੁੱਪ ਕਰ, ਭਾਈ ਹਰਨਾਮ ਸਿੰਘ ਨੂੰ ਆਪਣਾ ਕੰਮ ਕਰਨ ਦੇਹ। ਤੇਰਾ ਰੋਡੇ ਪਰਵਾਰ ਉਸ ਦੇ ਅੰਗ-ਸੰਗ ਹੈ ਅਤੇ ਭਾਈ ਮੋਹਕਮ ਸਿੰਘ ਉਸ ਦੀ ਸੱਜੀ ਬਾਂਹ। ਰਾਜਨੀਤੀ ਦਾ ਕੰਮ ਅਸੀ ਭਾਈ ਸਿਮਰਨਜੀਤ ਸਿੰਘ ਮਾਨ ਨੂੰ ਸੌਂਪ ਆਏ ਹਾਂ ਅਤੇ ਉਹ ਸਰਕਾਰ ਨਾਲ ਮਿਲ ਕੇ ਡਾ. ਜਗਜੀਤ ਸਿੰਘ ਚੌਹਾਨ ਤੇ ਡਾ. ਸੋਹਣ ਸਿੰਘ ਦੀ ਸਲਾਹ ਨਾਲ ਖ਼ਾਲਿਸਤਾਨਸਿਰਜ ਦੇਣਗੇ। ਤੇਰਾ ਰੋਡੇ ਪਰਵਾਰ ਵੀ ਉਸ ਦੇ ਨਾਲ ਚੱਲਣਗੇ।

ਪਹਿਲੀ ਆਵਾਜ਼ : ਬਾਬਿਓ ਇਹ ਤਾਂ ਗੁਰੂ ਗ੍ਰੰਥ ਸਾਹਿਬ ਦੇ 'ਹਲੇਮੀ ਰਾਜ' ਅਤੇ

'ਬੇਗਮਪੁਰੇ' ਦੀ ਵਿਚਾਰਧਾਰਾ ਦੇ ਉਲਟ ਚੱਲ ਰਹੇ ਨੇ।

ਦੂਜੀ ਆਵਾਜ਼ : ਜਰਨੈਲ ਸਿੰਘਾ ਸਮਾਂ ਬਦਲ ਗਿਆ ਹੈ। ਹੁਣ ਲੋਕ ਲੋੜਾਂ ਦੀ ਪੂਰਤੀ ਲਈ ਵਿਚਰਦੇ ਨੇ। ਤੇਰੇ ਵਾਂਗ ਕੁਰਬਾਨੀਆਂ ਦਾ ਯੁੱਗ ਨਹੀਂ ਰਿਹਾ, ਤੂੰ ਵੇਖਿਆ ਨਹੀਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਿੱਥੇ ਤੂੰ ਫੌਜ ਨਾਲ ਲੜਿਆ ਸੀ, ਉੱਥੇ ਤੇਰੀ ਯਾਦਗਾਰ ਬਣਾਉਣ ਲਈ ਕੋਈ ਵੀ ਸਹਿਮਤ ਨਹੀਂ, ਹੁਣ ਤਾਂ ਗੁਰਮੁਖਾ ਯਾਦਗਾਰਾਂ ਬਣਦੀਆਂ ਹਨ ਤਕੜਿਆਂ ਦੀਆਂ, ਮਾਇਆਧਾਰੀਆਂ ਦੀਆਂ।

ਪਹਿਲੀ ਆਵਾਜ਼ : ਬਾਬਿਓ ਅਸੀਂ ਤਾਂ ਅੱਜ ਵੀ ਵਾਹਿਗੁਰੂ ਦਾ ਓਟ ਆਸਰਾ ਹੀ ਲੈ ਰਹੇ ਹਾਂ, ਇਹ ਕਹਿ ਕੇ ਪਹਿਲੀ ਆਵਾਜ਼ ਇਹ ਤੁੱਕਾਂ ਉੱਚੀ ਸੁਰ ਵਿੱਚ ਗਾਉਂਦੀ ਹੋਈ ਅਲੋਪ ਹੋ ਗਈ :

ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥2 ॥ (468)

000

# 8. ਧਰਮਯੁੱਧ ਮੋਰਚਾ,

13 ਅਪ੍ਰੈਲ 1978 ਤੋਂ ਜੂਨ 1984 ਦਾ ਅੱਖੀਂ ਡਿੱਠਾ ਹਾਲ ਹੈ।
ਇਸ ਨੂੰ 21 ਸਾਲਾ ਟਕਸਾਲੀ ਝੂਠ ਦਾ ਨਾਮ ਦਿੱਤਾ ਜਾ ਸਕਦਾ ਹੈ।

ਰਿਟਾਇਰ ਥਾਣੇਦਾਰ ਗੁਲਜਾਰ ਸਿੰਘ ਪਿੰਡ ਜੌੜਾ
ਪਿੰਡ ਜੌੜਾ (ਕੈਰੋਂ),
ਜ਼ਿਲ੍ਹਾ ਅੰਮ੍ਰਿਤਸਰ-143415
ਫ਼ੋਨ 01851-226663-63, ਵਲੋਂ ਉਨ੍ਹਾਂ ਦੀ ਜੁਬਾਨੀ

ਦਾਸ ਗੁਲਜਾਰ ਸਿੰਘ 8.5.72. ਨੂੰ ਮਹਿਕਮਾ ਪੁਲਿਸ ਵਿੱਚ ਸ਼ਾਮਲ ਹੋਇਆ ਤੇ ਵਿਸਾਖੀ ਸੰਨ 1978 ਨੂੰ ਨਿਰੰਕਾਰੀਆਂ 'ਤੇ ਪੁਲਿਸ ਵੱਲੋਂ ਸ਼ਹੀਦ ਹੋਏ 13 ਸਿੰਘਾਂ ਦੀਆਂ ਲਾਸ਼ਾਂ ਨੂੰ ਅੱਖੀਂ ਵੇਖਣ ਦਾ ਮੌਕਾ ਮਿਲਿਆ। ਉਸ ਤੋਂ ਬਾਅਦ ਜਲੰਧਰ ਜੱਗ ਬਾਣੀ ਅਖਬਾਰ ਦੇ ਐਡੀਟਰ ਜਗਤ ਨਰਾਇਣ ਦੇ ਕਤਲ ਕੇਸ ਵਿੱਚ ਭਾਈ ਜਰਨੈਲ ਸਿੰਘ ਭਿੰਡਰਾਂ ਵਾਲੇ ਦੀ ਗ੍ਰਿਫ਼ਤਾਰੀ ਮੌਕੇ ਵੀ ਮੈਂ ਥਾਨਾਂ ਸੀ (ਡਵੀਜ਼ਨ ਗਿਲਵਾਲੀ) ਅੰਮ੍ਰਿਤਸਰ ਦੇ ਦਫ਼ਤਰ ਵਿੱਚ ਹੋਣ ਕਰ ਕੇ ਸਾਰੀ ਕਾਰਵਾਈ ਵਾਇਰਲੈਸ ਤੇ ਫ਼ੋਨ ਰਾਹੀਂ ਆਪਣੀ ਕੰਨੀ ਸੁਣੀ। ਧਰਮਯੁਧ ਮੋਰਚੇ ਵਿੱਚ ਸਰਦਾਰਨੀ ਬਾਦਲ ਦੇ ਗ੍ਰਿਫ਼ਤਾਰੀ ਜਥੇ ਦੇ 34 ਸਿੰਘ ਤਰਨ ਤਾਰਨ ਰੇਲਵੇ ਫਾਟਕ ਵਿੱਚ ਹੋਈ ਬੱਸ ਰੇਲ ਟੱਕਰ ਸਮੇਂ ਸ਼ਹੀਦ ਹੋਏ ਵੀ ਮੁਰਦਾ ਘਾਟ ਵਿੱਚ ਅੱਖੀਂ ਦੇਖੇ। ਪੁਲਿਸ ਸੀ.ਆਰ.ਪੀ.ਐਫ਼. ਤੇ ਬੀ.ਐਸ.ਐਫ਼. ਫੋਰਸਾਂ ਦੀਆਂ ਝੜਪਾਂ ਵੀ ਸਿੰਘਾਂ ਨਾਲ ਹੁੰਦੀਆਂ ਵੇਖੀਆਂ ਤੇ ਆਖਰੀ 1 ਜੂਨ ਤੋਂ 6 ਜੂਨ ਤੱਕ ਫੌਜ ਤੇ ਭਾਈ ਜਰਨੈਲ ਸਿੰਘ ਦੀ ਅਗਵਾਈ ਵਿੱਚ ਲੜਾਈ ਵੀ ਅੱਖੀ ਵੇਖੀ ਕਿਉਂਕਿ ਮੈਂ ਉਸ ਸਮੇਂ ਦਰਬਾਰ ਸਾਹਿਬ ਦੇ ਸਭ ਤੋਂ ਲਾਗਲੇ ਥਾਣੇ ਬੀ.ਡਵੀਜ਼ਨ (ਸੁਲਤਾਨਵਿੰਡ) ਤਾਇਨਾਤ ਸੀ। ਭਾਈ ਜਰਨੈਲ ਸਿੰਘ, ਭਾਈ ਅਮਰੀਕ ਸਿੰਘ ਤੇ ਬਾਬਾ ਠਾਹਰਾ ਸਿੰਘ ਦੇ ਸ਼ਹੀਦ ਹੋਏ ਸਰੀਰ ਵੀ 4✥▲➢ 8✿🚹↔✥ 1↔☛ ਵਿੱਚ ਆਪਣੀਂ ਅੱਖੀਂ ਵੇਖੇ ਕਿਉਂਕਿ ਮਹਿਕਮਾ ਪੁਲਿਸ ਵਲੋਂ ਮੇਰੀ ਡਿਊਟੀ ਦਰਬਾਰ ਸਾਹਿਬ ਅੰਦਰ ਸ਼ਹੀਦ ਹੋਇਆਂ ਸਰੀਰਾਂ ਦੇ ਪੋਸਟ ਮਾਰਟਮ ਕਰਨ ਲਈ ਲੱਗੀ ਸੀ। ਮੰਗਤੇ, ਆਮ ਜਨਤਾ, ਬੱਚੇ, ਬੁੱਢੇ, ਬੀਬੀਆਂ ਬਜ਼ੁਰਗਾਂ ਤੇ ਨੌਜਵਾਨਾਂ ਦੀਆਂ ਲਾਸ਼ਾਂ ਦੇਖ ਕੇ ਬਹੁਤ ਦੁੱਖ ਹੋਇਆ ਜੋ ਕਿ ਸੈਂਕੜਿਆਂ ਦੀ ਗਿਣਤੀ ਵਿੱਚ ਢੇਰਾਂ ਦੇ ਢੇਰ ਸਨ ਤੇ ਇਵੇਂ ਹੇਠ ਉਤੇ ਮੁਰਦਾ ਸਰੀਰ ਪਏ ਸਨ ਜਿਵੇਂ ਸਟੋਰਾਂ ਵਿੱਚ ਹੇਠ ਉਤੇ ਬੇਤਰਤੀਬ ਬੋਰੀਆਂ ਪਈਆਂ ਹੁੰਦੀਆਂ ਹਨ। ਉਨ੍ਹਾਂ ਦੀ

ਹਾਲਤ ਬਹੁਤ ਭਿਆਨਕ ਸੀ। ਲਾਸ਼ਾ ਗਲੀਆਂ ਸੜੀਆਂ ਤੇ ਫੁੱਲੀਆਂ ਹੋਣ ਕਾਰਨ ਬਹੁਤ ਬਦਬੋ ਚਾਰ ਚੁਫੇਰੇ ਆ ਰਹੀ ਸੀ। ਇਹ ਸਾਰਾ ਸੀਨ ਵੇਖ ਕੇ ਤੇ ਫੌਜ ਦੀਆਂ ਜ਼ਿਆਦਤੀਆਂ ਸੁਣ ਦੇਖ ਕੇ ਦਿਲ ਬਹੁਤ ਦੁਖੀ ਹੋਇਆ ਤੇ ਪੁਲਿਸ ਦੀ ਨੌਕਰੀ ਛੱਡ ਦੇਣ ਦਾ ਫ਼ੈਸਲਾ ਕਰ ਲਿਆ ਤੇ ਕਰਫੀਊ ਦੌਰਾਨ ਹੀ ਵਰਦੀ ਪਾ ਕੇ ਆਪਣੀ ਸਕੂਟਰੀ ਲੈ ਕੇ ਘਰ ਆ ਗਿਆ। ਮੇਰਾ ਬਾਪ ਜੋ ਕਿ ਧਾਰਮਿਕ ਖਿਆਲਾਂ ਦਾ ਸੀ ਤੇ ਮੋਰਚੇ ਦੌਰਾਨ ਜਥਾ ਲੈ ਕੇ ਮਿਤੀ 9.3.83. ਨੂੰ ਜੇਲ੍ਹ ਵੀ ਗਿਆ ਸੀ ਤੇ ਵੱਡੇ ਚਾਚਾ ਜੀ ਡਾਕਟਰ ਅਜਾਇਬ ਸਿੰਘ ਜੋ ਸ. ਪਰਤਾਪ ਸਿੰਘ ਕੈਰੋਂ ਦੇ ਪੁਰਾਣੇ ਸਾਥੀ ਕਾਂਗਰਸੀ ਸਨ ਤੇ ਪਿੰਡ ਦੇ ਸਰਪੰਚ ਸਨ ਤੇ ਛੋਟੇ ਚਾਚਾ ਜੀ ਜੋ ਸਰਕਾਰੀ ਨੌਕਰੀ ਤੇ ਗਜਟਿਡ ਪੋਸਟ ਪਰ ਚੰਡੀਗੜ੍ਹ ਸਨ ਸਾਰਿਆਂ ਨੇ ਰਲ ਕੇ ਮੈਨੂੰ ਕਿਹਾ ਕਿ ਤੂੰ ਨੌਕਰੀ ਤੇ ਨਾ ਗਿਆ ਤਾਂ ਤੈਨੂੰ ਵੀ ਨਜ਼ਰਬੰਦ ਰੱਖ ਕੇ ਸਰਕਾਰ ਬਖ਼ਸ਼ੀਸ਼ ਸਿੰਘ ਜੌੜਾ ਤੇਰੇ ਹੀ ਵੱਡੇ ਭਰਾ ਵਾਂਗ ਤੈਨੂੰ ਵੀ ਬਿਨਾਂ ਕਿਸੇ ਕੇਸ ਜੇਲ੍ਹ ਬੰਦ ਰੱਖ ਸਕਦੇ ਹਨ। ਇਵੇਂ ਆਪਣੇ ਘਰੇਲੂ ਹਾਲਾਤ ਹੋਰ ਖ਼ਰਾਬ ਹੋ ਸਕਦੇ ਹਨ। ਸੋ ਹੁਣ ਤੂੰ ਨੌਕਰੀ ’ਤੇ ਚਲੇ ਜਾਹ ਬਾਅਦ ਵਿੱਚ ਭਾਵੇਂ ਛੱਡ ਦੇਵੀਂ। ਸੋ ਆਪਣੇ ਵਡੇਰਿਆਂ ਦਾ ਹੁਕਮ ਮੰਨ ਕੇ ਤੇ ਹਾਲਾਤ ਵੇਖ ਕੇ ਦੁਬਾਰਾ ਆਪਣੀ ਨੌਕਰੀ ’ਤੇ ਆ ਗਿਆ ਪਰ ਦਿਲ ਹਮੇਸ਼ਾ ਬੁਝਿਆ ਬੁਝਿਆ ਰਹਿੰਦਾ ਤੇ ਕੁੱਝ ਵੀ ਚੰਗਾ ਨਾ ਲੱਗਦਾ ਜੋ ਕੁੱਝ ਸਾਡੀ ਕੌਮ ਨਾਲ ਵਾਪਰਿਆ ਸੋ ਅਸਹਿ ਤੇ ਅਕਹਿ ਸੀ।

ਉਸ ਸਮੇਂ ਦੇ ਜਥੇਦਾਰ ਅਕਾਲ ਤਖ਼ਤ ਗਿਆਨੀ ਕਿਰਪਾਲ ਸਿੰਘ ਨੇ ਅਟੈਕ ਤੋਂ ਫੌਰਨ ਬਾਅਦ ਟੈਲੀਵਿਜ਼ਨ ’ਤੇ ਪ੍ਰੈਸ ਨੂੰ ਇੱਕ ਬਿਆਨ ਦਿੱਤਾ ਜਿਸ ਤੋਂ ਸਿੱਖ ਕੌਮ ਦੀ ਬਹੁਤਾਤ ਉਸ ਦੇ ਖ਼ਿਲਾਫ਼ ਹੋ ਗਈ। ਬਾਅਦ ਵਿੱਚ ਉਸ ਉੱਤੇ ਖਾੜਕੂ ਲਹਿਰ ਦੌਰਾਨ ਲੁਧਿਆਣੇ ਨੇੜੇ ਕਾਤਲਾਨਾ ਹਮਲਾ ਵੀ ਹੋਇਆ। ਉਸ ਤੋਂ ਫੌਰਨ ਬਾਅਦ ਮੇਰੀ ਡਿਊਟੀ ਬਤੌਰ ਇੰਚਾਰਜ ਉਸ ਦੇ ਨਾਲ ਪ੍ਰੋਟੈਕਸ਼ਨ ਲੱਗ ਗਈ। ਮੈਂ ਉਨ੍ਹਾਂ ਨਾਲ ਬਗ਼ੈਰ ਝੱਕ ਖੁੱਲ੍ਹੇ ਦਿਲ ਨਾਲ ਕੌਮ ਦੇ ਹਾਲਾਤਾਂ ਬਾਰੇ ਵਿਚਾਰਾਂ ਕਰਦਾ ਸੁਣਦਾ ਰਹਿੰਦਾ ਸੀ। ਕਿਉਂਕਿ ਉਹ ਮੇਰਾ ਬਹੁਤ ਸਤਿਕਾਰ ਕਰਦੇ ਸਨ। ਕਈ ਵਿਦਵਾਨ ਤੇ ਕੌਮ ਦਾ ਦਰਦ ਰੱਖਣ ਵਾਲੇ ਗੁਰਸਿੱਖ ਉਨ੍ਹਾਂ ਕੋਲ ਆਉਂਦੇ ਜਾਂਦੇ ਰਹਿੰਦੇ ਸਨ ਤੇ ਕਈ ਸਿੱਖ ਉਨ੍ਹਾਂ ਨੂੰ ਪੁਛਦੇ ਕਿ ਤੁਸਾਂ ਟੀ.ਵੀ. ਬਿਆਨ ਗ਼ਲਤ ਦਿੱਤਾ ਹੈ ਤੇ ਫੌਜ ਦੇ ਪਰੈਸ਼ਰ ਵਿੱਚ ਆ ਕੇ ਦਿੱਤਾ ਹੈ। ਪਰ ਗਿਆਨੀ ਜੀ ਕਹਿੰਦੇ ਕਿ ‘ਮੈਨੂੰ ਕਿਸੇ ਦਾ ਕੋਈ ਪਰੈਸ਼ਰ ਨਹੀਂ ਸੀ ਤੇ ਮੈਂ ਬਿਆਨ ਠੀਕ ਦਿੱਤਾ ਹੈ ਕਿਉਂਕਿ ਮੈਨੂੰ ਅਟੈਕ ਦੌਰਾਨ ਸੁਝਿਆ ਕਿ ਮਾਝੇ, ਮਾਲਵੇ, ਦੁਆਬੇ ਵੱਲੋਂ ਬਹੁਤ ਲੋਕ ਪੈਦਲ ਹੀ ਫੌਜ ਤੋਂ ਲੁਕ ਛੁਪ ਕੇ ਅੰਮ੍ਰਿਤਸਰ ਵੱਲ ਆ ਰਹੇ ਹਨ ਤੇ ਫੌਜ ਨਾਕਿਆਂ ਉਪਰ, ਚਾਟੀਵਿੰਡ ਨਹਿਰ ਪੁਲ, ਸੁਲਤਾਨਵਿੰਡ ਨਹਿਰ ਪੁਲ, ਗੁੰਮਟਾਲਾ ਨਾਲਾ ਪੁਲ ਉਪਰ ਧੜਾਧੜ ਅੰਨੇਵਾਹ ਉਨ੍ਹਾਂ

ਲੋਕਾਂ ਨੂੰ ਪਿਛਾਂ ਕਰ ਕੇ ਕਤਲ ਕਰੀ ਜਾ ਰਹੀ ਹੈ। ਮੈਂ ਆਪਣੀ ਕੋਠੀ ਵਿੱਚ ਹੀ ਬਰੇਨ ਗੰਨਾਂ ਦੇ ਫ਼ਾਇਰ ਨਾਕਿਆਂ ਉਪਰ ਹੁੰਦੇ ਸੁਣੇ ਸਨ। ਕੀ ਉਸ ਟਾਈਮ ਮੈਂ ਆਪਣੇ ਹੀ ਸਿੱਖ ਭੈਣਾਂ ਭਰਾਵਾਂ (ਕੌਮ) ਨੂੰ ਇਹ ਕਹਿੰਦਾ ਕਿ ਅੰਮ੍ਰਿਤਸਰ ਵਲ ਆਈ ਚਲੋ ਤੇ ਫ਼ੌਜ ਹੱਥੋਂ ਮਰਦੇ ਚਲੋ। ਨੁਕਸਾਨ ਤਾਂ ਪਹਿਲਾਂ ਵੀ ਬਹੁਤ ਹੋ ਚੁੱਕਾ ਹੈ ਤੇ ਕੋਠਾ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਪੁਰਾਣਾ ਤੇ ਇਤਿਹਾਸਕ ਥਾਂ ਹੈ ਤੇ ਉਸ ਨੂੰ ਕੋਈ ਨੁਕਸਾਨ ਵੀ ਨਹੀਂ ਹੋਇਆ।

ਮੈਂ ਭਾਈ ਜਰਨੈਲ ਸਿੰਘ ਦੀ ਸ਼ਹੀਦੀ ਬਾਰੇ ਜੋ ਮੈਂ ਅੱਖੀਂ ਵੇਖੀ ਸੀ ਸੱਭ ਕੁੱਝ ਇਨ੍ਹਾਂ ਨੂੰ ਦੱਸਿਆ ਤਾਂ ਉਨ੍ਹਾਂ ਕਿਹਾ ਕਿ ਭਾਵੇਂ ਤੂੰ ਜਰਨੈਲ ਸਿੰਘ ਨੂੰ ਸ਼ਹੀਦ ਹੋਇਆਂ ਅੱਖੀਂ ਵੇਖਿਆ ਤੇ ਸਰਕਾਰ ਵੀ ਉਸ ਦੀ ਸ਼ਹੀਦੀ ਨੂੰ ਮੰਨਦੀ ਹੈ ਪਰ ਉਨ੍ਹਾਂ ਦਾ ਪਰਵਾਰ, ਦਮਦਮੀ ਟਕਸਾਲ ਤੇ ਉਨ੍ਹਾਂ ਨਾਲ ਸਬੰਧਤ ਕੁੱਝ ਲੋਕ ਹੀ ਸ਼ਹੀਦੀ ਨੂੰ ਮੰਨਣ ਲਈ ਤਿਆਰ ਨਹੀਂ। ਇਸ ਵਾਸਤੇ ਆਪਾਂ ਵੀ ਅਜੇ ਇਸ ਬਾਰੇ ਕੁੱਝ ਵੀ ਨਹੀਂ ਕਰ ਸਕਦੇ। ਬਾਅਦ ਵਿੱਚ ਮੈਂ ਉਨ੍ਹਾਂ ਨਾਲ ਗੱਲ ਕੀਤੀ ਕਿ ਮੇਰੇ ਪਿਤਾ ਜੀ ਨੇ ਜੋ ਕਿ ਨਿਹੰਗ ਸਿੰਘ ਸਨ ਨੇ ਮੈਨੂੰ ਜਨਮ ਸਮੇਂ ਗੁੜਤੀ ਹੀ ਅੰਮ੍ਰਿਤ ਤਿਆਰ ਕਰ ਕੇ ਦਿੱਤੀ ਸੀ ਤੇ ਹੁਣ ਮੇਰਾ ਦਿਲ ਅਸਲ ਵਿੱਚ ਹੀ ਅੰਮ੍ਰਿਤ ਛਕ ਲੈਣ ਨੂੰ ਕਰਦਾ ਹੈ। ਉਨ੍ਹਾਂ ਰਾਇ ਦਿੱਤੀ ਕਿ ਤੂੰ ਅੰਮ੍ਰਿਤ ਛਕ ਲੈ ਪਰ ਅੰਮ੍ਰਿਤ ਛਕ ਕੇ ਪੂਰੀ ਰਹਿਤ ਰਖਣੀ ਤੇ ਮਹਿਕਮੇ ਪ੍ਰਤੀ ਵੀ ਪੂਰੀ ਵਫ਼ਾਦਾਰੀ ਰੱਖਣੀ, ਗੱਦਾਰੀ ਨਹੀਂ ਕਰਨੀ ਤੇ ਕੌਮ ਦੀ ਕੋਈ ਗੱਲ ਇੱਧਰ ਨਹੀਂ ਕਰਨੀ। ਦੋਹਾਂ ਨੂੰ ਘਰ ਵਾਲੀ ਤੇ ਮਾਂ ਵਾਂਗੂੰ ਥਾਂ-ਪੁਰ-ਥਾਂ ਰੱਖਣ। ਸੋ ਮੈਂ ਮਿਤੀ 27.2.85. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜ ਗਿਆ ਦੋਵੇਂ ਵੇਲੇ ਨਿਤਨੇਮ ਕਰਨਾ ਸ਼ੁਰੂ ਕਰ ਦਿੱਤਾ। ਹੋਰ ਸੰਗਤ ਵੀ ਹੋ ਜਾਣੀ ਤੇ ਡਿਊਟੀ ਵੀ ਪੂਰੀ ਇਮਾਨਦਾਰੀ ਨਾਲ ਕਰਨੀ ਪਰ ਦਿਲੋਂ ਦੁੱਖ ਹੀ ਰਿਹਾ ਕਿ ਕੌਮ ਨਾਲ ਐਡਾ ਵੱਡਾ ਦੁਖਾਂਤ ਵਾਪਰਿਆ, ਜਰਨੈਲ ਸਿੰਘ ਨੂੰ ਸ਼ਹੀਦ ਹੋਇਆ ਮੈਂ ਆਪਣੀ ਅੱਖੀਂ ਵੇਖਿਆ ਹੈ ਪਰ ਉਸ ਨੂੰ ਸ਼ਹੀਦਾਂ ਦੀ ਸ਼੍ਰੇਣੀ ਵਿੱਚ ਨਹੀਂ ਲਿਆਂਦਾ ਜਾ ਰਿਹਾ। ਉਸ ਸਮੇਂ 20 ਅਗਸਤ 1985 ਨੂੰ ਮੋਰਚੇ ਦੇ ਦੂਜੇ ਆਗੂ ਹਰਚੰਦ ਸਿੰਘ ਲੌਂਗੋਵਾਲ ਨੂੰ ਵੀ ਮਾਰ ਦਿੱਤਾ ਗਿਆ ਉਸ ਦੇ ਸਸਕਾਰ ਸਮੇਂ ਵੀ ਮੈਂ ਜਥੇਦਾਰ ਅਕਾਲ ਤਖ਼ਤ ਦੇ ਨਾਲ ਹੀ ਲੌਂਗੋਵਾਲ ਗਿਆ। ਇਵੇਂ ਸਿੱਖਾਂ ਦੇ ਧਰਮ ਯੁਧ ਮੋਰਚੇ ਨਾਲ ਸਬੰਧਤ ਦੋਵੇਂ ਆਗੂਆਂ ਦੀਆਂ ਲਾਸ਼ਾਂ ਮੈਨੂੰ ਆਪਣੀ ਅੱਖੀਂ ਵੇਖਣ ਦਾ ਮੌਕਾ ਮਿਲਿਆ। ਬਰਨਾਲਾ ਵਜਾਰਤ ਦੇ ਸਮੇਂ ਲੌਂਗੋਵਾਲ ਨੂੰ ਸ਼ਹੀਦ ਮੰਨ ਲਿਆ ਗਿਆ ਤੇ ਬਰਨਾਲਾ ਵਜਾਰਤ ਦੇ ਸਮੇਂ ਲੌਂਗੋਵਾਲ ਦੇ ਨਾਮ 'ਤੇ ਇਕ ਕਾਲਜ ਵੀ ਖੋਹਲਿਆ ਗਿਆ ਪਰ ਜਰਨੈਲ ਸਿੰਘ ਨੂੰ ਸ਼ਹੀਦ ਹੀ ਨਹੀਂ ਮੰਨਿਆ ਜਾ ਰਿਹਾ। ਮੈਂ ਮਹਿਕਮਾ ਪੁਲਿਸ ਵਿੱਚ ਹੋਣ ਕਰ ਕੇ ਨਾ ਹੀ ਕੁੱਝ ਕਰ ਸਕਦਾ ਸੀ ਤੇ ਨਾ ਹੀ ਕਿਸੇ

ਨੂੰ ਕੁੱਝ ਦਸ ਸਕਦਾ ਸਾਂ। ਇਸ ਗੱਲ ਦਾ ਮੈਨੂੰ ਬਹੁਤ ਦੁੱਖ ਰਹਿੰਦਾ ਰਿਹਾ। ਮੈਂ ਅਕਸਰ ਸੋਚਦਾ ਰਹਿੰਦਾ ਕਿ ਮੈਂ ਵੀ ਮਰਨਾ ਅਗਲੀ ਦਰਗਾਹ ਵਿੱਚ ਮੈਨੂੰ ਪੁੱਛਿਆ ਵੀ ਜਾਵੇਗਾ ਕਿ ਤੂੰ ਐਡੀ ਵੱਡੀ ਘਟਨਾ ਨੂੰ ਲੋਕਾਂ ਪਾਸੋਂ ਲੁਕਾ ਦੇ ਕਿਉਂ ਰਖਿਆ। ਆਖ਼ਰਕਾਰ ਮੈਂ 30.6.1998. ਨੂੰ ਅਪਣੀ ਪੁਲਿਸ ਥਾਣੇਦਾਰੀ ਦੀ ਨੌਕਰੀ ਵਿੱਚੇ ਹੀ ਛੱਡ ਕੇ, 9 ਸਾਲ ਪਹਿਲਾਂ ਹੀ ਪੈਨਸ਼ਨ ਲੈ ਕੇ ਪੁਲਿਸ ਮਹਿਕਮਾ ਛੱਡ ਕੇ ਆਜ਼ਾਦ ਹੋ ਗਿਆ।

ਹੁਣ ਮੇਰੇ ਸਾਹਮਣੇ ਇਹ ਬੜਾ ਵੱਡਾ ਸਵਾਲ ਸੀ ਕਿ ਜੋ ਮੇਂ ਅੱਖੀਂ ਵੇਖਿਆ ਹੈ ਉਸ ਬਾਰੇ ਸਾਰੇ ਦੁਨੀਆਂ ਦੇ ਲੋਕਾਂ ਨੂੰ ਜਾਣਕਾਰੀ ਦੇਵਾਂ। ਸੋ ਮੈਂ ਜਥੇਦਾਰ ਅਕਾਲ ਤਖ਼ਤ ਗਿਆਨੀ ਪੂਰਨ ਸਿੰਘ ਨਾਲ ਉਨ੍ਹਾਂ ਦੇ ਘਰ ਜਾ ਕੇ ਸ਼ਹੀਦੀ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਕੌਮ ਵਿੱਚ ਪਹਿਲਾਂ ਹੀ ਕਾਫ਼ੀ ਝਗੜੇ ਪਏ ਹੋਏ ਹਨ। ਤੇਰੇ ਕਹਿਣ ਨਾਲ ਇਕ ਹੋਰ ਅੜਿੱਕਾ ਖੜਾ ਹੋ ਜਾਊ ਅਤੇ ਤੂੰ ਕੀ ਲੈਣਾ ਹੈ ਇਸ ਗੱਲ ਵਿਚੋਂ? ਬਾਅਦ ਵਿੱਚ ਮੈਂ ਕੁੱਝ ਜਥੇਬੰਦੀਆਂ ਦੇ ਵੀਰਾਂ ਨਾਲ ਇਹ ਗੱਲ ਛੇੜੀ ਤਾਂ ਜਥੇਦਾਰ ਮੌਜੂਦਾ ਵੇਦਾਂਤੀ ਨਾਲ ਵੀ ਗੱਲ ਹੋਈ ਤਾਂ ਵੇਦਾਂਤੀ ਨੇ ਕਿਹਾ ਕਿ ਸੱਚ ਤਾਂ ਇਹੋ ਹੀ ਹੈ ਜੋ ਤੂੰ ਕਹਿ ਰਿਹਾ ਹੈਂ ਪਰ ਪਹਿਲਾਂ ਭਿੰਡਰਾਂ ਵਾਲੇ ਦੇ ਪਰਵਾਰ ਨੂੰ ਮਨਾਉ, ਫਿਰ ਟਕਸਾਲ ਦਾ ਮੁਖੀ ਬਾਬਾ ਠਾਕੁਰ ਸਿੰਘ ਮੰਨੇ ਤਾਂ ਹੀ ਮੈਂ ਸ਼ਹੀਦੀ ਬਾਰੇ ਕਹਿ ਸਕਦਾ ਹਾਂ। ਖੈਰ ਉਸ ਨੇ ਉਸ ਸਮੇਂ ਦੇ ਐਸ.ਜੀ.ਪੀ.ਸੀ. ਦੇ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਤੱਕ ਗੱਲ ਪਹੁੰਚਾਈ ਪਰ ਤਲਵੰਡੀ ਨੇ ਪ੍ਰੈਸ ਨੂੰ ਬਿਆਨ ਦੇ ਦਿਤਾ ਕਿ ਸ਼੍ਰੋਮਣੀ ਕਮੇਟੀ ਤਾਂ ਪਹਿਲਾਂ ਹੀ ਸ਼ਹੀਦ ਮੰਨਦੀ ਹੈ ਪਰ ਦੂਜੇ ਦੋਵੇਂ ਧਿਰ ਸ਼ਹੀਦ ਨਹੀਂ ਮੰਨਦੇ। ਸੋ ਸਾਨੂੰ ਕੀ ਲੋੜ ਹੈ ਉਨ੍ਹਾਂ ਦੀ ਗੱਲ ਵਿੱਚ ਦਖ਼ਲ ਦੇਈਏ। ਬੱਸ ਗੱਲ ਫਿਰ ਇਥੇ ਠੱਪੀ ਗਈ।

ਮੈਂ ਸੋਚ ਸੋਚ ਕੇ ਇਕੱਲੇ ਹੀ ਟਕਸਾਲ ਦੇ ਕੁੱਝ ਜ਼ਿੰਮੇਵਾਰਾਂ ਨਾਲ ਗੱਲ ਚਲਾਈ। ਉਨ੍ਹਾਂ ਕਿਹਾ ਕਿ ਬਾਬਾ ਠਾਕੁਰ ਸਿੰਘ (ਇਹ ਬੁੱਢਾ) ਨਹੀਂ ਮੰਨਦਾ। ਅਸੀਂ ਤਾਂ ਜਰਨੈਲ ਸਿੰਘ ਨੂੰ ਸ਼ਹੀਦ ਮੰਨਦੇ ਹਾਂ। ਪਰ ਜਿੰਲਾ ਚਿਰ ਇਹ ਨਹੀਂ ਮੰਨਦਾ ਸਾਡੇ ਕਹਿਣ ਦੀ ਕੋਈ ਕੀਮਤ ਨਹੀਂ ਹੈ। ਉਨ੍ਹਾਂ ਰਾਇ ਦਿੱਤੀ ਕਿ ਪਹਿਲਾਂ ਤੁਸੀਂ ਹੀ ਭਾਈ ਜਰਨੈਲ ਸਿੰਘ ਦੇ ਲੜਕੇ ਈਸ਼ਰ ਸਿੰਘ ਨੂੰ ਮਨਾਵੋ। ਸੋ ਮੈਂ ਮਿਤੀ 4/5.11.2000 ਨੂੰ ਜਦ 27ਵਾਂ ਸਰਬਹਿੰਦ ਸਾਲਾਨਾ ਸੁਖਮਨੀ ਸਾਹਿਬ ਸਮਾਗਮ ਜਲੰਧਰ ਹੋ ਰਿਹਾ ਸੀ। ਰਾਤ ਦੇ ਕਰੀਬ 7 ਵਜੇ ਸੰਤਾਂ ਦੇ ਲੜਕੇ ਦੇ ਘਰ ਵਡਾਲਾ ਚੌਕ ਜਲੰਧਰ ਇਕੱਲਾ ਹੀ ਪਹੁੰਚ ਗਿਆ ਤੇ ਉਸ ਨਾਲ ਗੱਲਬਾਤ ਇਉਂ ਛੇੜੀ :- ਮੇਰੇ ਛੋਟੇ ਵੀਰ ਈਸਰ ਸਿੰਘ ਜੀ, ਮੇਰਾ ਨਾਮ ਗੁਲਜਾਰ ਸਿੰਘ ਪਿੰਡ ਜੋੜਾ ਜ਼ਿਲ੍ਹਾ ਅੰਮ੍ਰਿਤਸਰ ਹੈ ਤੇ ਮੈਂ ਥਾਣੇਦਾਰ ਰਿਟਾਇਰ ਹਾਂ ਤੇ ਮੇਰੇ ਨਾਲ ਹੋਰ ਕੋਈ ਵੀ ਆਦਮੀ ਨਹੀਂ ਹੈ ਤੈ ਨਾ ਹੀ ਮੈਂ ਕਿਸੇ ਏਜੰਸੀ ਦਾ ਬੰਦਾ ਹਾਂ। ਮੈਂ ਤੁਹਾਡੇ ਪਿਤਾ ਜਰਨੈਲ ਸਿੰਘ ਨੂੰ ਅਟੈਕ ਸਮੇਂ ਸ਼ਹੀਦ

ਹੋਇਆਂ ਆਪਣੀ ਅੱਖੀਂ ਵੇਖਿਆ ਹੈ ਪਰ ਤੁਸੀਂ ਕਿਉਂ ਨਹੀਂ ਮੰਨਦੇ ?

ਈਸ਼ਰ ਸਿੰਘ ਵੱਲੋਂ ਜਵਾਬ : ਮੈਂ ਤਾਂ ਜੀ ਉਸ ਸਮੇਂ 9 ਸਾਲ ਦਾ ਸੀ ਤੇ ਛੋਟਾ 7 ਸਾਲ ਦਾ ਸੀ ਸਾਨੂੰ ਤੇ ਕਿਸੇ ਹਾਲਾਤ ਦਾ ਪਤਾ ਨਹੀਂ ਅਸੀਂ ਕਿਵੇਂ ਮੰਨ ਜਾਈਏ ?

ਮੇਰੇ ਵੱਲੋਂ : ਤੁਸੀਂ ਸਿੱਖ ਦੇ ਪੁੱਤ ਹੋ ਤੇ ਵਿਆਹੇ ਵਰੇ ਹੋ ਹੁਣ ਤੁਹਾਡੇ ਬੱਚੇ ਵੀ ਹਨ ਤੇ ਆਹ ਤੁਹਾਡੀ ਮਾਤਾ ਪ੍ਰੀਤਮ ਕੌਰ ਹੈ ਕੀ ਇਸ ਨੂੰ ਤੁਸਾਂ ਪੁਛਿਆ ਨਹੀਂ ਕਿ ਸਾਡੇ ਪਿਤਾ ਜੀ ਕਿਥੇ ਹਨ ਹੋਰ ਤੁਹਾਡਾ ਚਚੇਰਾ ਭਰਾ ਜਸਬੀਰ ਸਿੰਘ ਰੋਡੇ ਜਥੇਦਾਰ ਅਕਾਲ ਤਖ਼ਤ ਰਹਿ ਚੁੱਕਾ ਹੈ ਤਾਂ ਦਾਦਾ ਜੁਗਿੰਦਰ ਸਿੰਘ (ਸ਼੍ਰੋਮਣੀ ਅਕਾਲੀ ਦਲ) ਦਾ ਪ੍ਰਧਾਨ ਤੇ ਤਾਇਆ ਕੈਪਟਨ ਹਰਚਰਨ ਸਿੰਘ ਜਨਰਲ ਸਕੱਤਰ ਭਾਵ ਤੁਹਾਡੇ ਪਰਵਾਰ ਦੇ ਮੈਂਬਰ ਐਸ.ਜੀ.ਪੀ.ਸੀ. ਵਿੱਚ ਅਹਿਮ ਪੋਸਟਾਂ 'ਤੇ ਰਹਿ ਚੁੱਕੇ ਹਨ। ਕੀ ਤੁਸਾਂ ਉਨ੍ਹਾਂ ਨੂੰ ਵੀ ਨਹੀਂ ਪੁਛਿਆ ਕਿ ਸਾਡੇ ਪਿਤਾ ਜੀ ਕਿੱਥੇ ਹਨ ? ਇਸ ਪਰ ਈਸ਼ਰ ਸਿੰਘ ਚੁੱਪ।

ਈਸਰ ਸਿੰਘ : ਜੇ ਉਹ 1984 ਵੇਲੇ ਸ਼ਹੀਦ ਹੋ ਚੁੱਕੇ ਹੋਣ ਤਾਂ ਉਨ੍ਹਾਂ ਦੀ ਪੋਸਟਮਾਰਟਮ ਰੀਪੋਰਟ ਉਪਰ ਸਾਡੇ ਪਰਵਾਰ ਦੇ ਕਿਸੇ ਮੈਂਬਰ ਦੇ ਸ਼ਨਾਖਤੀ ਦਸਤਖ਼ਤ ਚਾਹੀਦੇ ਸਨ ਪਰ ਉਹ ਨਹੀਂ ਹਨ।

ਮੇਰੇ ਵਲੋਂ : ਮੈਂ 8-10 ਲਾਸ਼ਾਂ ਦਾ ਪੋਸਟ ਮਾਰਟਮ (ਭਾਵ ਪੁਲਿਸ ਦੀ ਕਾਰਵਾਈ) ਕੀਤਾ ਸੀ ਕਿਸੇ ਵੀ ਰੀਪੋਰਟ ਪਰ ਸਾਨੂੰ ਅਡੈਂਟੀਫ਼ਿਕੇਸ਼ਨ ਲਿਖਣ ਦਾ ਹੁਕਮ ਅਫ਼ਸਰਾਂ ਵਲੋਂ ਨਹੀਂ ਸੀ ਤੇ ਨਾ ਹੀ ਕੋਈ ਵਿਅਕਤੀ ਸ਼ਨਾਖ਼ਤ ਲਈ ਆਇਆ। ਪਰ ਤੇਰੇ ਬਾਪ ਦੀ ਪੋਸਟ ਮਾਰਟਮ ਰੀਪੋਰਟ ਉਪਰ ਤੇਰੇ ਚਾਚਾ ਜਗਜੀਤ ਸਿੰਘ ਦੇ ਦਸਤਖ਼ਤ ਹਨ ਜੋ ਕਿ ਉਸ ਵੇਲੇ ਫੌਜ ਵਿੱਚ ਸੀ ਤੇ ਫੌਜ ਹੀ ਉਸ ਨੂੰ ਲੈ ਕੇ ਆਈ ਇਸ ਪਰ ਵੀ ਈਸਰ ਸਿੰਘ ਚੁੱਪ। ਜੇ ਸਾਡੇ ਪਿਤਾ ਜੀ ਸ਼ਹੀਦ ਹੋ ਚੁੱਕੇ ਹਨ ਤਾਂ ਉਨ੍ਹਾਂ ਦਾ ਪਸਤੌਲ ਅਤੇ ਤੀਰ ਗੌਰਮਿੰਟ ਸਾਨੂੰ ਦੇ ਦੇਂਦੀ ?

ਜਵਾਬ : ਅਟੈਕ ਦੌਰਾਨ ਫੜੇ ਗਏ ਕੋਈ ਵੀ ਹਥਿਆਰ ਫੌਜ ਨੇ ਵਾਪਸ ਨਹੀਂ ਕੀਤੇ ਤੇ ਨਾ ਹੀ ਕਰਦੀ ਹੁੰਦੀ ਹੈ। ਤੇਰਾ ਬਾਪ ਤਾਂ ਉਨ੍ਹਾਂ ਵਾਸਤੇ ਬਾਗ਼ੀ ਸੀ ਤੇ ਲੜਾਈ ਦਾ ਸੱਭ ਤੋਂ ਵੱਡਾ ਜਰਨੈਲ ਸੀ। ਉਸ ਦੇ ਹਥਿਆਰ ਉਹ ਕਿਉਂ ਵਾਪਸ ਕਰਦੇ। ਨਾਲੇ ਤੂੰ ਕਦੇ ਕਿਸੇ ਅਦਾਲਤ ਜਾਂ ਅਫਸਰ ਪਾਸੋਂ ਉਨ੍ਹਾਂ ਦੇ ਹਥਿਆਰਾਂ ਦੀ ਡੀਮਾਂਡ ਕੀਤੀ ਹੈ। ਇਸ ਸਵਾਲ ਦਾ ਵੀ ਈਸਰ ਸਿੰਘ ਨੇ ਕੋਈ ਉਤਰ ਨਾ ਦਿੱਤਾ।

ਸਵਾਲ : ਬਾਬਾ ਠਾਕੁਰ ਸਿੰਘ ਬ੍ਰਹਮ ਗਿਆਨੀ ਹੈ, ਉਹ ਨਹੀਂ ਮੰਨਦੇ ?

ਜਵਾਬ : ਬਾਬਾ ਠਾਕੁਰ ਸਿੰਘ ਕਿੱਧਰ ਦਾ ਬ੍ਰਹਮ ਗਿਆਨੀ ਹੈ ? ਉਨ੍ਹਾਂ ਦੀ ਕੌਮ ਨੂੰ ਕੀ ਦੇਣ ਹੈ ? ਉਹ ਸੱਚ ਨੂੰ ਝੂਠ ਬੋਲੀ ਜਾਂਦੇ ਹਨ। ਬ੍ਰਹਮ ਗਿਆਨੀ ਦੇ ਲੱਛਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖੇ ਹਨ। ਦੱਸੋ ਕੀ ਲੱਛਣ ਹੁੰਦੇ ਹਨ ? ਇਸ ਪਰ ਵੀ ਉਹ ਚੁੱਪ।

ਪੰਜਵਾਂ ਸਵਾਲ : ਤੁਸੀ ਬਾਬਾ ਠਾਕੁਰ ਸਿੰਘ ਨੂੰ ਮਨਾਉ।

ਮੇਰੇ ਵੱਲੋਂ ਜਵਾਬ : ਬਾਬੇ ਠਾਕੁਰ ਸਿੰਘ ਨੂੰ ਮਨਾਉਣ ਵਾਲੀ ਗੱਲ ਬਾਅਦ ਦੀ ਹੈ, ਉਹ ਮੰਨੇ ਜਾਂ ਨਾ ਮੰਨੇ ਪਰ ਇਸ ਟਾਈਮ ਮੇਰੀ ਗੱਲ ਤੇਰੇ ਨਾਲ ਹੋ ਰਹੀ ਹੈ ਤੇ ਤੂੰ ਕੋਈ ਹੋਰ ਸਵਾਲ ਕਰਨਾ ਹੈ ਤਾਂ ਕਰ ਲੈ ?

ਉਸ ਵੱਲੋਂ : ਨਹੀਂ ਜੀ, ਮੈਂ ਕੋਈ ਸਵਾਲ ਨਹੀਂ ਕਰਨਾ, ਤੁਸੀਂ ਬਾਬਾ ਠਾਕੁਰ ਸਿੰਘ ਨੂੰ ਮਨਾਉ। ਮੈਂ ਕਿਹਾ, ਉਸ ਨੂੰ ਮਨਾਉਣ ਦੀ ਕਸ਼ਿਸ਼ ਕਰਾਂਗਾ ਪਰ ਤੂੰ ਅੱਜ ਤੋਂ ਬਾਅਦ ਪ੍ਰੈਸ ਨੂੰ ਸੰਤ ਜੀਉਂਦੇ ਹੋਣ ਬਾਰੇ ਕੋਈ ਬਿਆਨ ਨਾ ਦੇਵੀਂ। ਜੇ ਤੂੰ ਬਿਆਨ ਦਿੱਤਾਂ ਤਾਂ ਮੈਨੂੰ ਵੀ ਅੱਜ ਵਾਲੀ ਤੇਰੀ ਮੇਰੀ ਗੱਲ ਸਾਰੀ ਪ੍ਰੈਸ ਨੂੰ ਦੇਣੀ ਪਵੇਗੀ। ਸੋ ਗੱਲ ਈਸਰ ਸਿੰਘ ਨੇ ਉਸ ਦਿਨ ਤੋਂ ਬਾਅਦ ਪ੍ਰੈਸ ਨੂੰ ਕੋਈ ਬਿਆਨ ਨਹੀਂ ਦਿੱਤਾ।

ਉਸ ਤੋਂ ਬਾਅਦ ਮੈਂ ਅੰਮ੍ਰਿਤਸਰ ਆ ਕੇ ਕੁੱਝ ਵੀਰਾਂ ਨਾਲ ਗੱਲ ਕੀਤੀ ਤੇ ਕੁੱਝ ਸਮੇਂ ਬਾਅਦ ਕੁੱਝ ਜਥੇਬੰਦੀਆਂ ਦੇ ਵੀਰ ਈਸ਼ਰ ਸਿੰਘ ਨੂੰ ਤੇ ਭਾਈ ਜਰਨੈਲ ਸਿੰਘ ਦੀ ਘਰ ਵਾਲੀ ਬੀਬੀ ਪ੍ਰੀਤਮ ਕੌਰ ਨੂੰ ਅੰਮ੍ਰਿਤਸਰ ਲਿਆ ਕੇ ਪ੍ਰੈਸ ਨੂੰ ਬਿਆਨ ਦਿਵਾਇਆ ਕਿ ਜੇ 5 ਤਖ਼ਤਾਂ ਦੇ ਸੇਵਾਦਾਰ ਉਨ੍ਹਾਂ ਦੀ ਸ਼ਹੀਦੀ ਬਾਰੇ ਹੁਕਮਨਾਮਾ ਜਾਰੀ ਕਰ ਦੇਣ ਤਾਂ ਅਸੀਂ ਵੀ ਸ਼ਹੀਦੀ ਮੰਨ ਜਾਵਾਂਗੇ ਤੇ ਹੁਣ ਸਾਡੇ ਵੱਲੋਂ ਕੋਈ ਬਿਆਨ ਨਹੀਂ ਆਉਂਦਾ। ਸੋ ਅਜੇ ਤੱਕ ਮੇਰਾ ਅੱਧਾ ਕੰਮ ਹੋ ਗਿਆ ਜੋ ਕਿ ਜਥੇਦਾਰ ਅਕਾਲ ਤਖ਼ਤ ਨੇ ਕਿਹਾ ਸੀ। ਦੂਜੇ ਨੰਬਰ 'ਤੇ ਵਾਰੀ ਆਈ ਟਕਸਾਲ ਦੇ ਮੁਖੀ ਸਾਧ ਠਾਕੁਰ ਸਿੰਘ ਨੂੰ ਮਨਾਉਣ ਦੀ ਸੋ ਕੁੱਝ ਟਕਸਾਲੀ ਸਿੰਘਾਂ ਨਾਲ ਭਾਈ ਜਰਨੈਲ ਸਿੰਘ ਦੀ ਸ਼ਹੀਦੀ ਬਾਰੇ ਵਿਚਾਰ ਕੀਤੀ ਉਨ੍ਹਾਂ ਨੇ ਵੀ ਮੰਨਿਆ ਕਿ ਸ਼ਹੀਦ ਹੋ ਚੁੱਕੇ ਹਨ ਪਰ ਸਾਡਾ ਇਹ ਬੁੱਢਾ ਨਹੀਂ ਮੰਨਦਾ। ਭਾਈ ਮੋਹਕਮ ਸਿੰਘ ਤੇ ਭਾਈ ਰਾਮ ਸਿੰਘ ਨੇ ਵੀ ਇਹ ਗੱਲ ਮੰਨੀ ਪਰ ਇਨ੍ਹਾਂ ਨੇ ਵੀ ਹੋਰਨਾਂ ਸਿੰਘਾਂ ਵਾਂਗ ਮਜਬੂਰੀ ਜਾਹਰ ਕੀਤੀ ਫਿਰ ਨੰਬਰ ਲੱਗਾ ਬਾਬੇ ਠਾਕੁਰ ਸਿੰਘ ਨਾਲ ਗੱਲਬਾਤ ਕਰਨ ਦਾ ਸੋ ਹੁਣ ਮੈਂ ਇਸ ਮੰਤਵ ਦੀ ਤਾੜ ਵਿੱਚ ਸੀ।

ਦੇਵਨੇਤ ਵਿਸਾਖੀ 1978 ਦੇ 13 ਸ਼ਹੀਦ ਸਿੰਘਾਂ ਬਾਰੇ ਸਮਾਗਮ ਗੁਰਦਵਾਰਾ ਬੀ ਬਲਾਕ ਅੰਮ੍ਰਿਤਸਰ ਨੇੜੇ ਰੇਲਵੇ ਸਟੇਸ਼ਨ ਜਿਥੇ 13 ਸਿੰਘ ਨਿਰੰਕਾਰੀ ਝੜਪ ਵਿੱਚ ਸ਼ਹੀਦ ਹੋਏ ਸੀ ਵਿਸਾਖੀ 2003 ਨੂੰ ਮਨਾਇਆ ਗਿਆ ਉਥੇ ਪੁਰਾਣੇ ਟਕਸਾਲੀ ਵਿਅਕਤੀਆਂ ਨੇ ਕਾਫ਼ੀ ਲੈਕਚਰ ਦਿੱਤੇ ਪਰ ਜਰਨੈਲ ਸਿੰਘ ਦੀ ਸ਼ਹੀਦੀ ਬਾਰੇ ਸਾਰਿਆਂ ਨੂੰ ਜਿਵੇਂ ਸੱਪ ਸੁੰਘ ਗਿਆ ਹੋਵੇ। ਮੈਂ ਸੋਚਿਆ ਕੋਈ ਵੀ ਵਿਅਕਤੀ ਸ਼ਹੀਦੀ ਬਾਰੇ ਨਹੀਂ ਬੋਲ ਰਿਹਾ ਕੀ ਕਾਰਨ ਹੈ ? ਜ਼ਿਆਦਾ ਘੋਖ ਪੜਤਾਲ ਕਰਨ ਤੋਂ ਪਤਾ ਲੱਗਾ ਕਿ ਠਾਕੁਰ ਸਿੰਘ ਸਾਧ ਜਿਊਂਦੇ ਜੀਅ ਜਰਨੈਲ ਸਿੰਘ ਨੂੰ ਸ਼ਹੀਦ ਨਹੀਂ ਮੰਨੇਗਾ ਕਿਉਂਕਿ ਸਾਧ ਇੱਕ ਵਾਰ ਸੰਤ ਜੀਊਂਦੇ ਕਹਿ ਚੁੱਕਾ ਹੈ ਤੇ ਉਸ ਝੂਠ ਨੂੰ ਜੀਊਂਦੇ ਜੀਅ

ਬੋਲਦਾ ਹੀ ਰਵੇਗਾ ਤੇ ਟਕਸਾਲ ਦੇ ਵਿੱਚ ਵਿਚਰ ਰਹੇ ਸਿੰਘ ਜਿਨ੍ਹਾਂ ਦੀ ਰੋਟੀ ਰੋਜ਼ੀ ਟਕਸਾਲ 'ਤੇ ਨਿਰਭਰ ਹੈ ਉਹ ਵੀ ਜੋ ਠਾਕੁਰ ਸਿੰਘ ਹੀ ਆਖੇਗਾ ਉਹ ਹੀ ਕਹਿੰਦੇ ਰਹਿਣਗੇ। ਕੁੱਝ ਸਿੰਘ ਤਾਂ ਇਹ ਕਹਿੰਦੇ ਸਨ ਕਿ ਜੇ ਬਾਬਾ ਸ਼ਹੀਦੀ ਨਹੀਂ ਮੰਨਦਾ ਤਾਂ ਅਸੀ ਵੀ ਨਹੀਂ ਮੰਨਦੇ ਤੇ ਕੁੱਝ ਮਜਬੂਰੀ ਵਸ ਕਿਉਂਕਿ ਰੋਟੀ ਰੋਜ਼ੀ ਇਨ੍ਹਾਂ ਦੀ ਟਕਸਾਲ ਦੇ ਸਿਰ 'ਤੇ ਸੀ ਸੋ ਸੱਚ ਨੂੰ ਝੂਠ ਵਿੱਚ ਬਦਲਦੇ ਰਹੇ। ਅਖ਼ੀਰ ਵਿੱਚ ਅਸੀਂ ਫ਼ੈਸਲਾ ਕੀਤਾ ਕਿ ਸਾਧ ਠਾਕੁਰ ਸਿੰਘ ਨੂੰ ਆਪ ਮਿਲ ਕੇ ਸਾਰਾ ਅੱਖੀਂ ਡਿੱਠਾ ਹਾਲ ਦੱਸੀਏ ਤਾਂ ਕਿ ਉਸ ਸੂਰਬੀਰ ਯੋਧੇ ਦੀ ਸ਼ਹੀਦੀ ਬਹੁਤਾ ਹੋਰ ਵਧਰੇ ਸਮੇਂ ਤੱਕ ਛੁਪੀ ਨਾ ਰਹੇ ਸੋ ਵਿਸਾਖੀ ਤੋਂ ਹਫ਼ਤਾ ਬਾਅਦ ਮੇਂ ਆਪਣੇ ਦੋ ਸਕੇ ਭਰਾਵਾਂ ਜੋ ਕਿ ਸ੍ਰੀ ਹਰਿਗੋਬਿੰਦਪੁਰ ਦੇ ਲਾਗੇ ਖੇਤੀ ਬਾੜੀ ਕਰਦੇ ਸਨ ਨੂੰ ਨਾਲ ਲੈ ਕੇ ਗਰੁਦਵਾਰੇ ਬੀ ਬਲਾਕ ਆਇਆ ਜਿਥੇ ਕਿ ਬਾਬਾ ਠਾਕੁਰ ਸਿੰਘ ਜ਼ਿਆਦਾ ਸਮੇਂ ਰਹਿੰਦੇ ਸਨ। ਤਾਂ ਬਾਬੇ ਦਾ ਭਾਣਜਾ ਜਿਸ ਨੂੰ ਟਕਸਾਲੀ ਸਿੰਘ ਨਿਹੰਗ ਨਿਹੰਗ ਕਹਿੰਦੇ ਸਨ ਨਾਲ ਸਾਡੀ ਗੱਲ ਕਰਵਾਈ ਪਰ ਉਹ ਵੀ ਕਿਥੇ ਮੰਨੇ। ਆਖ਼ਰ ਉਸ ਨੇ ਕਿਹਾ ਕਿ ਤੁਸੀਂ ਕੀ ਲੈਣਾ ਇਸ ਗੱਲ ਵਿੱਚੋਂ ਅਸਾਂ ਕਿਹਾ ਕਿ ਤੁਸੀਂ ਕੀ ਲੈਣਾ ਸੰਤਾਂ ਦੀ ਸ਼ਹੀਦੀ ਨੂੰ ਰੋਲ ਕੇ। ਗੱਲ ਤੂੰ-ਤੂੰ ਮੈਂ-ਮੈਂ ਦੀ ਹੋ ਗਈ ਤੇ ਵਿੱਚ ਕੁੱਝ ਸਿੰਘ ਪੈ ਗਏ। ਅਸਾਂ ਕਿਹਾ ਕਿ ਬਾਬਾ ਠਾਕੁਰ ਸਿੰਘ ਸਾਡਾ ਵੀ ਦੂਰੋਂ ਰਿਸ਼ਤੇਦਾਰ ਹੈ ਬਾਬੇ ਨੇ ਆਪਣੀ ਪਿੰਡ ਸਾਦਰਵਾਲਾ (ਨੇੜੇ ਮਖੂ) ਜਦੀ ਜ਼ਮੀਨ ਸਾਡੀ ਦੋਹਤੀ ਜਿਸ ਦਾ ਬਾਬਾ ਪਤਿਉਰਾ ਲਗਦਾ ਹੈ ਦੇ ਦੋ ਮੁੰਡਿਆਂ ਨਾਮ ਲਵਾਈ ਹੈ। ਅਸੀਂ ਜ਼ਰੂਰ ਬਾਬੇ ਨੂੰ ਮਿਲ ਕੇ ਸਾਰੀ ਗੱਲ ਦੱਸਣੀ ਹੈ। ਜਦ ਸਾਡਾ ਇਹ ਫ਼ੈਸਲਾ ਉਨ੍ਹਾਂ ਸਿੰਘਾਂ ਨੇ ਸੁਣਿਆ ਤਾਂ ਉਨ੍ਹਾਂ ਨਿਮਰ ਹੋ ਕੇ ਕਿਹਾ ਕਿ 'ਬਾਬਾ ਠਾਕੁਰ ਸਿੰਘ ਬਿਮਾਰ ਹੈ। ਇਹੋ ਜਿਹੀਆਂ ਗੱਲਾਂ ਨਾਲ ਉਸ ਨੂੰ ਦਿਲ ਦਾ ਅਟੈਕ ਹੋ ਸਕਦਾ ਹੈ ਤੇ ਮੌਤ ਵੀ ਹੋ ਸਕਦੀ ਹੈ। ਸੋ ਹੁਣ ਤੁਸੀਂ ਜਾਉ ਫਿਰ ਕਿਤੇ ਤੁਹਾਡੀ ਗੱਲ ਉਨ੍ਹਾਂ ਤੱਕ ਪਹੁੰਚਾ ਦੇਵਾਂਗੇ। ਬਾਬੇ ਨੂੰ ਮੱਥਾ ਟੇਕ ਜਾਉ ਤੇ ਗੱਲ ਕੋਈ ਨਾ ਕਰਿਉ।' ਅਸੀਂ ਬਾਬੇ ਦੇ ਕਮਰੇ ਵਿੱਚ ਗਏ। ਬਾਬਾ ਭੁੰਜੇ ਫਰਸ਼ 'ਤੇ ਬਿਸਤਰਾ ਕਰ ਕੇ ਲੰਮਾ ਪਿਆ ਸੀ। ਅਸੀਂ ਫਤਹਿ ਗਜਾਈ। ਉਨ੍ਹਾਂ ਨੇ ਸਾਨੂੰ ਪਰਸ਼ਾਦ ਦਿੱਤਾ ਤੇ ਗੱਲ ਕੋਈ ਨਾ ਕੀਤੀ ਤੇ ਨਾ ਅਸਾਂ ਪੁੱਛੀ ਦੱਸੀ। ਛੇਤੀ ਹੀ 24.12.2004 ਨੂੰ ਬਾਬੇ ਦੀ ਮੌਤ ਹੋ ਗਈ। ਟਕਸਾਲ ਦੋ ਹਿਸਿਆਂ ਵਿੱਚ ਵੰਡੀ ਗਈ। ਭਾਈ ਰਾਮ ਸਿੰਘ ਨੇ ਸ਼ਹੀਦੀ ਕਾਲਜ ਗੁਰਮਤਿ ਟਰੇਨਿੰਗ ਭਾਈ ਜਰਨੈਲ ਸਿੰਘ ਦੇ ਨਾਮ ਰੱਖ ਕੇ ਉਸ ਦੀ ਸ਼ਹੀਦੀ ਦੀ ਟਕਸਾਲੀ ਮੋਹਰ ਲਾਈ ਤੇ ਤਖ਼ਤਾਂ ਦੇ ਪੰਜ ਜਥੇਦਾਰਾਂ ਤੋਂ ਸ਼ਹੀਦ ਕਾਲਜ ਦੀ ਨੀਂਹ ਰਖਵਾਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਜ਼ਿੰਮੇਵਾਰ ਸੱਜਣ ਜੋ ਪਹਿਲਾਂ ਹੀ ਸ਼ਹੀਦੀ ਮੰਨਦੇ ਸਨ। ਸਾਰੇ ਹੀ ਸਮਾਗਮ ਪਰ ਸੰਗਰਾਏ ਪਹੁੰਚੇ। ਉਸ ਦੇ ਜਰਨੈਲ ਸਿੰਘ ਨੂੰ ਸ਼ਹੀਦ ਮੰਨਣ ਨਾਲ ਮਹਿਤੇ ਵਾਲੀ ਟਕਸਾਲ ਨੂੰ ਵੀ 6 ਮਹੀਨੇ ਬਾਅਦ ਇਹ ਸੱਚ ਨੂੰ ਮੰਨਣਾ ਪਿਆ। ਇਸ ਤਰ੍ਹਾਂ 21 ਤਕ ਲਗਾਤਾਰ ਟਕਸਾਲ ਦੇ

ਜ਼ਿੰਮੇਵਾਰ ਤੇ ਟਕਸਾਲੀਆਂ ਨੇ ਕੌਮ ਨਾਲ ਝੂਠ ਬੋਲਿਆ। ਜਿਸ ਨੂੰ ਕੌਮ 21 ਸਾਲਾਂ ਟਕਸਾਲੀ ਝੂਠ ਨਾਲ ਯਾਦ ਕਰਦੀ ਹੈ ਤੇ ਕਰਦੀ ਰਵੇਗੀ। ਪਰ ਬਦਕਿਸਮਤੀ ਇਹ ਕਿ ਇਸ 21 ਸਾਲ ਟਕਸਾਲੀ ਝੂਠ ਕਾਰਨ ਸਾਰੀ ਸਿੱਖ ਕੌਮ ਨੂੰ ਸਾਰੇ ਸੰਸਾਰ ਵਿੱਚ ਸਰਮਸ਼ਾਰ ਹੋਣਾ ਪਿਆ ਤੇ ਰਹਿੰਦੀ ਖੂੰਹਦੀ ਕਸਰ ਟਕਸਾਲ ਦੇ ਮੌਜੂਦਾ ਆਪੇ ਬਣੇ ਮੁਖੀ ਹਰਨਾਮ ਸਿੰਘ ਧੁੰਮਾ ਨੇ ਮਹਿਤੇ ਹੈੱਡ ਕੁਆਰਟਰ 'ਤੇ ਹਵਨ ਕਰਵਾ ਕੇ ਤੇ ਹੋਰ ਅੱਗੇ ਵਧਦਿਆਂ ਹੋਇਆ ਇਨ੍ਹਾਂ ਨੇ ਸਾਰੀ ਕੌਮ ਵਲੋਂ ਬੜੀ ਮਿਹਨਤ ਨਾਲ ਤਿਆਰ ਕੀਤੇ ਤੇ ਮੰਨੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰ ਕੇ ਪੂਰੀ ਕਰ ਦਿੱਤੀ। ਹਾਲ ਹੀ ਵਿੱਚ 6 ਜੂਨ 2005 ਨੂੰ ਮਨਾਏ ਗਏ ਸਾਕਾ ਨੀਲਾ ਤਾਰਾ ਨਾਲ ਸ਼ਹੀਦੀ ਗੈਲਰੀ ਬਣਾਉਣ ਦਾ ਜੋ ਡਰਾਮਾ ਰਚਿਆ ਗਿਆ ਉਹ ਵੀ ਨਿੰਦਣਯੋਗ ਹੈ। ਜੇ ਸ਼ਹੀਦੀ ਗੈਲਰੀ ਬਣਾਉਣੀ ਹੀ ਸੀ ਤਾਂ ਮੌਜੂਦਾ ਸ਼੍ਰੋਮਣੀ ਕਮੇਟੀ ਦੇ ਜ਼ਿੰਮੇਵਾਰ ਤੇ ਪੰਥਕ ਜਥੇਬੰਦੀਆਂ ਦੀ ਸਹਿਮਤੀ ਨਾਲ ਬਣਾਈ ਜਾ ਸਕਦੀ ਹੈ ਕਿ ਧਾੜਵੀਆਂ ਦੀ ਤਰ੍ਹਾਂ ਨੰਗੀਆਂ ਤਲਵਾਰਾਂ ਲੈ ਕੇ ਤੇ ਖ਼ਾਲਿਸਤਾਨੀ ਨਾਅਰੇ ਮਾਰ ਕੇ ਤੇ ਦੂਜਿਆਂ ਨੂੰ ਡਰਾ ਧਮਕਾ ਕੇ। ਸ਼੍ਰੋਮਣੀ ਕਮੇਟੀ ਦੀ ਕਮਜ਼ੋਰੀ ਕਰ ਕੇ ਇਹ ਕੁੱਝ ਹੋਇਆ ਕਿਉਂਕਿ ਸ਼੍ਰੋਮਣੀ ਕਮੇਟੀ ਨੇ ਹਮੇਸ਼ਾ ਹੀ ਜਦੋਂ ਕਿਸੇ ਦਰਬਾਰ ਸਾਹਿਬ ਦੇ ਗ੍ਰੰਥੀ, ਕਥਾਕਾਰ ਜਾਂ ਪ੍ਰਚਾਰਕ ਲੈਣੇ ਹੁੰਦੇ ਹਨ ਤਾਂ ਇਨ੍ਹਾਂ ਦੀ ਨਜ਼ਰ ਸਿਰਫ਼ ਟਕਸਾਲ 'ਤੇ ਜਾਂਦੀ ਹੈ ਤੇ ਉਚ ਅਹੁਦਿਆਂ ਤੇ ਟਕਸਾਲੀਆਂ ਦੇ ਚੇਲੇ ਹੀ ਬੈਠੇ ਹੋਣ ਕਾਰਨ, ਖ਼ਾਲਸਾ ਪੰਥ ਦੇ ਵਿਰੁੱਧ ਕੰਮ ਕਰਨ ਵਾਲੇ ਕਿਸੇ ਵੀ ਟਕਸਾਲੀ ਨੂੰ ਕੋਈ ਸਜ਼ਾ ਨਹੀਂ ਮਿਲਦੀ ਤੇ ਨਾ ਹੀ ਪੰਥ ਵਿੱਚੋਂ ਛੇਕਿਆ ਜਾਂਦਾ ਹੈ। ਇਸ ਦਾ ਸਬੂਤ ਸਭ ਤੋਂ ਪਹਿਲਾਂ 'ਸਿੱਖ ਰਹਿਤ ਮਰਿਆਦਾ' ਜੋ ਪੰਥ ਪ੍ਰਮਾਣਤ ਹੈ ਦੇ ਬਰਾਬਰ ਸਭ ਤੋਂ ਪਹਿਲਾਂ ਟਕਸਾਲ ਨੇ ਹੀ ਆਪਣੀ ਰਹਿਤ ਮਰਿਆਦਾ ਬਣਾ ਕੇ ਪੰਥ ਵਿਰੋਧੀ ਹੋਣ ਕਾ ਸਬੂਤ ਦਿੱਤਾ। ਜੇ ਉਸ ਸਮੇਂ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਨ੍ਹਾਂ ਵਿਰੁੱਧ ਸਖ਼ਤ ਸਟੈਂਡ ਲਿਆ ਜਾਂਦਾ ਤਾਂ ਅੱਜ ਪੰਥ ਵਿੱਚ ਨਾ ਇੰਨੇ ਵਿਵਾਦ ਛਿੜਦੇ ਤੇ ਨਾ ਹੀ ਕੋਈ ਸਾਧ ਅੱਗੇ ਤੋਂ ਅਜਿਹੀ ਗ਼ਲਤ ਹਰਕਤ ਕਰਦਾ। ਹੋਰ ਜਦ ਕਿ ਐਸ.ਜੀ.ਪੀ.ਸੀ. ਪਹਿਲਾਂ ਤੋਂ ਹੀ ਭਾਈ ਜਰਨੈਲ ਸਿੰਘ ਨੂੰ ਸ਼ਹੀਦ ਮੰਨਦੀ ਸੀ ਤਾਂ ਸਾਧ ਠਾਕੁਰ ਸਿੰਘ ਨੂੰ ਤਖ਼ਤ ਸਾਹਿਬ ਉਪਰ ਬੁਲਾ ਕੇ ਪੁੱਛਣਾ ਚਾਹੀਦਾ ਸੀ ਕਿ ਕਿਉਂ ਝੂਠ ਬੋਲ ਰਹੇ ਹੋ? ਦੱਸੋ ਜਰਨੈਲ ਸਿੰਘ ਕਿਹੜੀ ਦੁਨੀਆਂ ਦੇ ਕੋਨੇ ਵਿੱਚ ਛੁਪੇ ਹਨ? ਪਰ ਇੰਨੀ ਜੁਰਅੱਤ ਐਸ.ਜੀ.ਪੀ.ਸੀ. ਤੇ ਜਥੇਦਾਰ ਕਰਨ ਤਾਂ ਹੀ ਸੱਭ ਸਾਧ ਤੇ ਡੇਰਿਆਂ ਵਾਲੇ ਸਿੱਧੇ ਹੋਣ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਵੱਲੋਂ ਅਤੇ ਅਕਾਲ ਤਖ਼ਤ ਦੇ ਸੇਵਾਦਾਰ ਵੱਲੋਂ ਉਨ੍ਹਾਂ ਵੀਰਾਂ ਨੂੰ ਹਮੇਸ਼ਾ ਅੱਖੋਂ ਪਰੋਖੇ ਕੀਤਾ ਗਿਆ ਜਿਹੜੇ ਸਿੱਖ ਰਹਿਤ ਮਰਿਆਦਾ ਜੋ ਪੰਥ ਪ੍ਰਮਾਣਤ ਹੈ ਨੂੰ ਘਰ ਘਰ ਪਹੁੰਚਾ ਰਹੇ ਹਨ ਭਾਵ ਮਿਸ਼ਨਰੀ ਵੀਰ। ਜੇ ਸ਼੍ਰੋਮਣੀ ਕਮੇਟੀ ਇਨ੍ਹਾਂ ਦੀ ਮਦਦ ਕਰੇ ਤਾਂ ਡੇਰਾਵਾਦ ਨੂੰ ਖ਼ਤਮ ਕਰਨ ਲੱਗਿਆਂ ਬਹੁਤ ਸਮਾਂ ਨਹੀਂ ਲੱਗੇਗਾ।

000

# 9. ਗਿਆਨੀ ਗੁਰਬਚਨ ਸਿੰਘ (ਆਪੇ ਬਣੇ ਵਿਦਿਆ ਮਾਰਤੰਡ)

ਦਮਦਮੀ ਟਕਸਾਲ ਦੇ ਇਨ੍ਹਾਂ ਮੁਖੀਆਂ ਨੇ ਐਸੀਆਂ ਗੁਰਮਤਿ ਦੇ ਉਲਟ ਹਜ਼ਾਰਾਂ ਸਾਖੀਆਂ ਜੋੜੀਆਂ ਗੁਰਬਾਣੀ ਪਾਠਦਰਸ਼ਨ ਦੇ ਜਨਮ ਸੰਸਕਾਰ ਭਾਗ ਵਿੱਚ ਪੰਨਾ 26-27 'ਤੇ ਇੰਝ ਲਿਖਿਆ ਪੜ੍ਹੋ 'ਜਿਹੜੇ ਮੰਦਰ ਦੇ ਅੰਦਰ ਪਤੀ ਅਤੇ ਸਤੀ ਬਿਰਾਜਮਾਨ ਹੋਣ ਉਥੇ ਸ਼ਹੀਦਾਂ, ਯੋਧਿਆਂ, ਸੂਰਬੀਰਾਂ, ਮਹਾਂਪੁਰਖਾਂ ਅਤੇ ਸਤਿਗੁਰਾਂ ਦੀਆਂ ਪਵਿੱਤਰ ਤਸਵੀਰਾਂ ਰੱਖੀਆਂ ਹੋਣੀਆਂ ਚਾਹੀਦੀਆਂ ਹਨ। ਐਸੀਆਂ ਮੰਦੀਆਂ ਤਸਵੀਰਾਂ ਨਹੀਂ ਜਿਨ੍ਹਾਂ ਕਰ ਕੇ ਮਨ ਵਿਕਾਰੀ ਹੋਵੇ ਅਤੇ ਭੈੜਾ ਹੋਵੇ। ਜਿਨ੍ਹਾਂ ਦੇ ਮੱਥੇ ਲੱਗਣ ਕਰ ਕੇ ਸੰਤਾਨ ਭੈੜੀ ਪੈਦਾ ਹੋਵੇ, ਐਸੇ ਫ਼ੋਟੋ ਨਹੀਂ ਚਾਹੀਦੇ। ਐਸੇ ਫ਼ੋਟੋ ਹੋਣੇ ਚਾਹੀਦੇ ਹਨ, ਜਿਵੇਂ ਬਾਬਾ ਦੀਪ ਸਿੰਘ ਸ਼ਹੀਦ, ਭਾਈ ਮਨੀ ਸਿੰਘ ਸ਼ਹੀਦ, ਭਾਈ ਤਾਰੂ ਸਿੰਘ ਦੇ ਖੋਪੜਾ ਲਹਿਣ ਵੇਲੇ ਦੇ। ਐਸੇ ਕੁਰਬਾਨੀ ਵਾਲੇ ਮਹਾਂਪੁਰਖਾਂ ਦੀਆਂ ਫ਼ੋਟੋਆਂ ਹੋਣ ਜਿਸ ਕਰ ਕੇ ਬੱਚੇ ਦੇ ਅੰਦਰ ਸ਼ੁੱਭ ਗੁਣ ਭਰ ਜਾਣ ਮਾਤਾ ਦੇ ਸਦਾ ਮੱਥੇ ਲੱਗਣ ਕਰ ਕੇ। ਇਸ ਪ੍ਰਥਾਏ ਸਤਵੇਂ ਪਤਾਸ਼ਾਹ ਦੀ ਇੱਕ ਪਵਿੱਤਰ ਸਾਖੀ ਹੈ - ਹਜ਼ੂਰ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਕਾਲੇ ਦਾ ਜੰਗ ਕਰਵਾ ਕੇ ਫੂਲਕਿਆ ਦੀ ਜਿੱਤ ਕਰਵਾਉਣ ਲੱਗੇ ਸਨ। ਮਾਲਵੇ ਵਿੱਚ ਗੁਰੂ ਸਰ ਮਰਾਜ੍ਹ ਦੇ ਵਿੱਚ ਉਥੇ ਜੈਦ ਪੁਰਾਣਾ ਬੜਾ ਭਾਰੀ ਜੋਧਾ ਸੀ ਉਹ ਜੋਧਾ ਹੋਣ ਕਰ ਕੇ ਜਿਤਿਆ ਨਹੀਂ ਜਾਂਦਾ ਸੀ। ਉਹ ਜਿਸ ਵਕਤ ਕਾਲੇ 'ਤੇ ਬਰਛੀ ਲੈ ਕੇ ਪਿਆ ਕਾਲੇ ਦੇ ਦੋ ਦੰਦ ਟੁੱਟ ਗਏ। ਕਾਲਾ ਕਹਿਣ ਲੱਗਾ ਸਤਿਗੁਰੂ ਜੀ ਆਪ ਜੀ ਕਹਿੰਦੇ ਸੀ ਕਾਲਾ ਬੜਾ ਬਲੀ ਹੈ। ਉਸ ਦੀ ਬਰਛੀ ਲੱਗੀ ਤੇ ਮੇਰੇ ਦੋ ਦੰਦ ਹੀ ਤੋੜ ਸਕੀ ਹੈ। ਐਡਾ ਜ਼ੋਰ ਨਹੀਂ ਕਰ ਸਕੀ। ਸਤਿਗੁਰੂ ਹਰਿ ਰਾਏ ਸਾਹਿਬ ਨੇ ਕਿਹਾ ਕਿ ਨਹੀਂ ਭਾਈ। ਇਹ ਜੈਦ ਬੜਾ ਬਲੀ ਸੀ। ਉਹ ਜਿਸ ਵਕਤ ਮਾਤਾ ਦੇ ਉਦਰ ਵਿੱਚ ਆਇਆ ਸੀ, ਉਸ ਦਿਨ ਦੀ ਗੱਲ ਹੈ ਇਸ ਦੀ ਮਾਤਾ ਸੁੱਤੀ ਪਈ ਸੀ ਕੋਠੇ 'ਤੇ ਕਿ ਇਕ ਸ਼ੇਰ ਜੰਗਲ ਵਿੱਚੋਂ ਆਇਆ ਸੀ ਪਰ ਛੱਪੜ 'ਤੇ ਪਾਣੀ ਪੀ ਕੇ ਬੁੱਕਿਆ ਸੀ। ਸ਼ੇਰ ਦੀ ਗਰਜ ਕੰਨਾਂ ਵਿੱਚ ਪੈਣ ਕਰ ਕੇ ਮਾਤਾ ਸੁੱਤੀ ਜਾਗ ਪਈ ਅਤੇ ਪਾਣੀ ਵਿੱਚ ਸ਼ੇਰ ਦਾ ਮੂੰਹ ਦਿਸਿਆ ਅਦੇ ਚੜ੍ਹਦਾ ਸੂਰਜ ਮੱਥੇ ਲੱਗਾ। ਉਸ ਕਰ ਕੇ ਜੈਦ ਪੁਰਾਣੇ ਵਿੱਚ ਤਾਕਤ ਸੀ। ਉਹ ਬੜਾ ਬਲੀ ਸੀ। ਉਸ ਦੇ ਬਲ ਦਾ ਅੰਤ ਨਹੀਂ ਸੀ ਕਾਲਿਆ। ਤੂੰ ਇਉਂ ਨਾ ਸਮਝ ਲਈਂ ਕਿ ਉਸ ਦੀ ਬਰਛੀ ਨੇ ਤੇਰੇ ਦੋ ਹੀ ਦੰਦ ਭੰਨੇ ਹਨ। ਅਸੀ ਤੇਰੀ ਰੱਖਿਆ ਵਾਸਤੇ ਹੱਥ ਵਿੱਚ ਲੋਹੇ ਦੀ ਅਹਿਰਣ, ਪਕੜੀ ਹੋਈ ਸੀ ਅਤੇ

ਉਸ ਦੇ ਡੌਲਿਆਂ ਨੂੰ ਦੋ ਬੀਰ ਚਮੇੜੇ ਹੋਏ ਸਨ, ਦੋ ਸੂਰਮੇ ਲੱਤਾਂ ਨੂੰ ਚਮੇੜੇ ਸਨ। ਫਿਰ ਵੀ ਉਸ ਨੇ ਜਦੋਂ ਬਰਛੀ ਮਾਰੀ ਸਾਡੀ ਹਥੇਲੀ ਵਿੱਚ ਅੱਗੇ ਅਹਿਰਣ ਫੜੀ ਹੋਈ। ਉਸ ਨੂੰ ਵਿੰਨ ਕੇ ਸਾਡੀ ਤਲੀ ਵਿੱਚ ਬਰਛੀ ਲੱਗੀ। (ਤਲੀ ਦਾ ਜ਼ਖ਼ਮ ਮਹਾਰਾਜ ਨੇ ਵਿਖਾਇਆ) ਅਤੇ ਉਹ ਤਲੀ 'ਤੇ ਲੱਗ ਕੇ ਬਰਛੀ ਠਹਿਰ ਗਈ। ਉਹਦੇ ਧੱਕੇ ਨੇ ਤੇਰੇ ਦੰਦ ਭੰਨੇ ਹਨ। ਨਹੀਂ ਤਾਂ ਤੈਨੂੰ ਛੱਡਣਾ ਨਹੀਂ ਸੀ। ਇਹ ਸੋਚ ਲੈ ਐਡਾ ਵੱਡਾ ਬਲੀ ਜੈਦ ਪੁਰਾਣਾ ਸੀ। ਇਹ ਸੁਣ ਕੇ ਕਾਲੇ ਨੇ ਮਹਾਰਾਜ ਸਾਹਿਬ ਨੂੰ ਨਮਸ਼ਕਾਰ ਕੀਤੀ ਕਿ, ਹੇ ਮਹਾਰਾਜ ਗਰੀਬ ਨਿਵਾਜ, ਆਪ ਜੀ ਨੇ ਰੱਖਿਆ ਕੀਤੀ, ਹੋਰ ਕੌਣ ਸੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਤੋਂ ਬਿਨਾਂ ਰੱਖਣ ਵਾਲਾ।

ਵਿਚਾਰ : "ਸੰਤ" ਨੇ ਇਸ ਸਾਖੀ ਨੂੰ ਪਵਿੱਤਰ ਸਾਖੀ ਲਿਖਿਆ ਹੈ। ਗੁਰਬਚਨ ਸਿੰਘ ਭਿੰਡਰਾਂ ਵਾਲੇ ਨੇ ਸ਼ਹੀਦਾਂ, ਯੋਧਿਆਂ, ਮਹਾਂਪੁਰਖਾਂ ਅਤੇ ਸਤਿਗੁਰੂ ਦੀਆਂ ਤਸਵੀਰਾਂ ਦਾ ਮੱਥੇ ਲੱਗਣਾ ਚੰਗਾ ਸਿੱਧ ਕਰਨ ਲਈ ਜੈਦ ਪੁਰਾਣੇ ਦੀ ਮਾਂ ਦਾ ਸੂਰਜ ਅਤੇ ਸ਼ੇਰ ਦੇ ਮੱਥੇ ਲੱਗਣਾ ਦੱਸਿਆ। ਕੀ ਸ਼ੇਰ ਦਾ ਮੂੰਹ ਵੇਖ ਲੈਣ ਨਾਲ ਹੀ ਜੈਦ ਪੁਰਾਣੇ ਨੂੰ ਐਡਾ ਬਲੀ ਮੰਨਣਾ ਗੁਰਮਤਿ ਦੇ ਅਨੁਸਾਰ ਹੈ ? ਕਾਲੇ ਦੀ ਸਹਾਇਤਾ ਲਈ ਸਤਿਗੁਰੂ ਹਰਿ ਰਾਇ ਸਾਹਿਬ ਜੀ ਆਪਣੇ ਹੱਥ ਵਿੱਚ ਲੋਹੇ ਦੀ ਅਹਿਰਣ ਫੜ ਕੇ ਡੱਟੇ ਹੋਣ ਅਤੇ ਚਾਰ ਸੂਰਮੇ (ਗੁਪਤ ਸ਼ਕਤੀਆਂ) ਜੈਦ ਪੁਰਾਣੇ ਨੂੰ ਪਿਛਾਂਹ ਖਿੱਚਣ 'ਤੇ ਲਾਈਆਂ ਹੋਣ। ਇਨ੍ਹਾਂ ਕੁੱਝ ਕਰਨ ਦੇ ਬਾਵਜੂਦ ਕਾਲੇ ਦੇ ਦੋ ਦੰਦ ਟੁੱਟ ਜਾਣ। ਕੀ ਇਹ ਟਕਸਾਲੀ ਸੰਤ ਐਸੀਆਂ ਕਹਾਣੀਆਂ ਸੁਣਾ ਕੇ ਸਤਿਗੁਰੂ ਦੀ ਨਿਰਾਦਰੀ ਨਹੀਂ ਕਰ ਰਹੇ ? ਕੀ ਗੁਰਬਾਣੀ ਵਿੱਚ ਕੋਈ ਐਸਾ ਪ੍ਰਮਾਣ ਹੈ ਕਿ ਤੱਤ ਗੁਰਮਤਿ ਦੇ ਧਾਰਨੀ ਹੋਇਆਂ ਤੋਂ ਬਿਨਾਂ ਮੱਥੇ ਲੱਗਣ ਨਾਲ ਹੀ ਸੱਭ ਕੁੱਝ ਹੋ ਜਾਂਦਾ ਹੈ। ਕੀ ਇਹ ਗੁਰਬਾਣੀ ਫੁਰਮਾਨ ਕਦੇ ਵੀ ਇਨ੍ਹਾਂ ਟਕਸਾਲੀ ਸੰਤਾਂ ਦੇ ਸੋਚ ਵਿਚਾਰ 'ਚ ਨਾ ਆਏ। ਗੁਰ ਫੁਰਮਾਣ ਹੈ :

"ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ (594)

ਕਈ ਸਦਾ ਹੀ ਗੁਰੂ ਦੀ ਹਜ਼ੂਰੀ ਵਿੱਚ ਰਹਿੰਦੇ ਹਨ ਪਰ ਗੁਰਮਤਿ ਕਦੇ ਉਨ੍ਹਾਂ ਦੇ ਨੇੜੇ ਨਹੀਂ ਆਈ। ਜੇ ਪਸ਼ੂਆਂ ਦੇ ਮੱਥੇ ਲੱਗਿਆਂ ਬਹਾਦਰੀ ਮਿਲਦੀ ਹੈ ਤਾਂ ਪਿਰਥੀ ਚੰਦ, ਗੁਰੂ ਦੇ ਘਰੇ ਜੰਮ ਕੇ ਕਾਇਰ ਕਿਉਂ ਨਿਕਲਿਆ ? ਪਹਿਲੇ ਤਿੰਨ ਗੁਰੂਆਂ ਦੇ ਪੁੱਤਰ ਗੁਰਗੱਦੀ ਵਾਸਤੇ ਯੋਗ ਸਾਬਤ ਨ ਹੋਏ। ਕੀ ਕਾਰਨ ? ਟਕਸਾਲੀ ਜਵਾਬ ਦੇਣ। ਗਿਆਨੀ ਗੁਰਬਚਨ ਸਿੰਘ ਵੱਲੋਂ ਲਿਖੀ ਟਕਸਾਲ ਵੱਲੋਂ ਛਪੀ ਕਿਤਾਬ 'ਗੁਰਬਾਣੀ ਪਾਠ ਦਰਸ਼ਨ' ਵਿੱਚ ਮਾਸ ਖਾਣ ਬਾਰੇ ਇਸ ਤਰ੍ਹਾਂ ਲਿਖਿਆ ਹੈ -ਖਾਲਸਾ ਹਿੰਦੂ, ਮੁਸਲਮਾਨ, ਕਸਾਈ (ਇਸਾਈ) ਵੈਸ਼ਨੋ ਸਭ ਤੋਂ ਰਹਿਤ ਹੈ। ਖਾਲਸਾ ਅਕਾਲ ਪੁਰਖ ਕੀ ਫੌਜ ਹੈ। ਜੇ ਧਰਮ ਦੀ ਰੱਖਿਆ ਕਰਦੇ ਹੋਏ ਜੰਗ ਵਿੱਚ ਅੰਨ ਆਦਿ ਨਾ ਮਿਲੇ, ਤਾਂ ਪ੍ਰਾਣਾਂ ਦੀ ਰੱਖਿਆ ਵਾਸਤੇ ਖਾਣਾ ਪਵੇ ਤਾਂ ਹੱਥੀ ਝਟਕਾ ਕਰ ਕੇ ਖਾ ਲਵੇ, ਪ੍ਰਾਣ ਬਚਾਏ,। ਉਹ ਵੀ ਤਾਂ ਜੇ ਚਿੱਤ ਚਾਹੇ ਤਾਂ,

ਉਂਝ ਵੀ ਛਕਣਾ ਹੋਵੇ ਤਾਂ ਵੀ ਹੱਥੀਂ ਝਟਕਾ ਕਰ ਕੇ ਖਾਵੇ।"

(ਪੰਨਾ 74, ਛਾਪ 1969)

ਇਥੇ ਟਕਸਾਲੀਆਂ ਕੋਲ ਕੀ ਜਵਾਬ ਹੈ?

000

# 10. ਗਿਆਨੀ ਕਰਤਾਰ ਸਿੰਘ ਭਿੰਡਰਾਂ ਵਾਲੇ

ਟਕਸਾਲੀ ਬ੍ਰਹਮ ਗਿਆਨੀ ਕਹਾਉਣ ਵਾਲਿਆਂ ਨੂੰ ਆਪਣੀ 84 ਕੱਟਣ ਦਾ ਵੀ ਫਿਕਰ ਪਿਆ ਰਿਹਾ ਕੋਈ ਵਿਸ਼ਵਾਸ ਇਨ੍ਹਾਂ ਨੂੰ ਨਹੀਂ ਸੀ ਕਿ ਪੂਰਾ ਸਿੱਖ ਕਦੇ 84 ਦੇ ਚੱਕਰ ਵਿੱਚ ਨਹੀਂ ਪੈ ਸਕਦਾ। ਗਿਆਨੀ ਕਰਤਾਰ ਸਿੰਘ ਭਿੰਡਰਾਂ ਵਾਲੇ ਗੋਇੰਦਵਾਲ ਜਾ ਕੇ 84 ਪਾਠ ਜਪੁਜੀ ਸਾਹਿਬ ਅਤੇ 84 ਇਸ਼ਨਾਨ ਬਉਲੀ ਵਿੱਚ ਕੀਤੇ ਇਹ ਵੀ ਦੱਸਦੇ ਹਨ ਕਿ ਉਹ ਸੰਤ ਇਸ ਦੀ ਤਿਆਰੀ ਵਿੱਚ 1-2 ਦਿਨ ਪਹਿਲਾਂ ਘਿਉ ਅਤੇ ਸ਼ੱਕਰ ਰਲਾ ਕੇ ਖਾਂਦੇ ਰਹੇ ਤਾਂ ਕਿ ਟੱਟੀ ਪਿਸ਼ਾਬ ਨਾ ਆਵੇ। ਹੋਰ ਵੀ ਕਈ ਸੰਤ ਇਸ ਬਉਲੀ ਵਿੱਚ 84 ਕੱਟਣ ਕਰ ਕੇ ਹਠ ਕਰਮ ਕਾਂਡ ਇਸ਼ਨਾਨ ਕਰਦੇ ਦੇਖੇ ਗਏ। ਇਥੋਂ ਇਹ ਵੀ ਸਿੱਧ ਹੁੰਦਾ ਹੈ ਕਿ ਕਥਾ ਕਰਦੇ ਹੋਏ ਵੀ ਗੁਰਬਾਣੀ ਤੋਂ ਅਣਜਾਣ ਰਹੇ। ਕਹਿਣੀ ਹੋਰ ਕਰਣੀ ਹੋਰ। ਤੀਰਥ ਇਸ਼ਨਾਨ ਦਾ ਕਈ ਥਾਂ ਗੁਰਬਾਣੀ ਅੰਦਰ ਖੰਡਨ ਕੀਤਾ ਹੋਇਆ ਹੈ। ਇਹ 84 ਦੇ ਅਰਥ ਵੀ ਕਦੇ ਨਾ ਸਮਝ ਸਕੇ।

ਨੋਟ : ਹੋਰ ਵੀ ਟਕਸਾਲੀ ਮੁਖੀ 84 ਕੱਟਣ ਵਾਸਤੇ ਐਸੇ ਇਸ਼ਨਾਨ ਕਰਦੇ ਰਹੇ ਹਨ।

000

# 11. ਗਿਆਨੀ ਮੋਹਨ ਸਿੰਘ ਭਿੰਡਰਾਂ ਵਾਲੇ

ਇਹ ਵੀ ਭੋਰਿਆਂ ਵਿੱਚ ਬੈਠੇ ਤਪ ਕਰ ਰਹੇ ਹਨ। ਗਿਆਨੀ ਕਰਤਾਰ ਸਿੰਘ ਅਤੇ ਇਨ੍ਹਾਂ ਦਾ ਟਕਸਾਲੀ ਪੱਗ ਦਾ ਰੌਲਾ ਪੈ ਗਿਆ। ਇਹ ਜ਼ਿਕਰ ਅੱਗੇ ਆ ਚੁੱਕਾ ਹੈ। ਇਹ ਗਿਆਨੀ ਮੋਹਨ ਸਿੰਘ ਖ਼ਾਸ ਸਮੇਂ ਹੀ ਭੋਰੇ ਵਿੱਚੋਂ ਬਾਹਰ ਆਉਂਦਾ ਹੈ। ਇਹ ਵੀ ਉਨ੍ਹਾਂ ਹੀ ਕਰਮ ਕਾਂਡਾਂ ਵਿੱਚ ਵਿਸ਼ਵਾਸ ਰੱਖਦਾ ਹੈ, ਜਿਨ੍ਹਾਂ ਵਿੱਚ ਅਕਸਰ ਟਕਸਾਲੀ ਰੱਖਿਆ ਕਰਦੇ ਹਨ।

ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਦਰ ਮਾਇਆ ਮਾਇਆ॥ (ਪੰਨਾ 1178)

ਦਮਦਮੀ ਟਕਸਾਲ ਦੇ ਗੁਰਦਵਾਰੇ ਦੀ ਨਿਵੇਕਲੀ ਮਰਿਆਦਾ ਨੇ ਸਿੱਖ ਸਿਧਾਂਤਾਂ ਨੂੰ ਵੱਟਾ ਲਾਇਆ ਜਦੋਂ ਅੰਮ੍ਰਿਤ ਅਭਿਲਾਖੀ ਚੂਲੇ ਨਾਲ ਅੰਮ੍ਰਿਤ ਛਕਦੇ ਹਨ ਤਾਂ ਹੇਠਾਂ ਬਾਟੇ 'ਚ ਡੁਲ੍ਹਿਆ ਅੰਮ੍ਰਿਤ ਦਲਿਤ ਭਾਈਚਾਰੇ ਲਈ ਵੱਖਰਾ ਰੱਖਿਆ ਜਾਂਦਾ ਹੈ।

ਦਮਦਮੀ ਟਕਸਾਲ (ਭਿੰਡਰਾਂ) ਦਾ ਗੁਰਦਵਾਰਾ ਅਖੰਡ ਪ੍ਰਕਾਸ਼ ਉਸ ਸਮੇਂ ਵਿਵਾਦਾਂ ਵਿੱਚ ਘਿਰ ਗਿਆ ਜਦੋਂ ਬਾਬਾ ਖ਼ਜ਼ਾਨ ਸਿੰਘ ਦੀ ਸਾਲਾਨਾ ਬਰਸੀ ਮੌਕੇ 17 ਸਤੰਬਰ ਨੂੰ ਅੰਮ੍ਰਿਤ ਸੰਚਾਰ ਕਰਵਾਇਆ ਜਾ ਰਿਹਾ ਸੀ। ਇਸ ਮੌਕੇ ਸੌਦਾਗਰ ਸਿੰਘ ਜੋ ਕਿ ਦਲਿਤ ਜਾਤੀ ਨਾਲ ਸਬੰਧ ਰੱਖਦਾ ਹੈ, ਨੂੰ ਕਾਫ਼ੀ ਜ਼ਲੀਲ ਹੋਣਾ ਪਿਆ। ਸਮੁੱਚੇ ਘਟਨਾਕ੍ਰਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਸੌਦਾਗਰ ਸਿੰਘ (ਪਿੰਡ ਭਿੰਡਰ ਕਲਾਂ, ਮੋਗਾ) ਨੇ ਦੱਸਿਆ ਕਿ ਮੈਂ ਤੇ ਮੇਰੀ ਪਤਨੀ ਮਨਜਤੀ ਕੌਰ ਕੇਸੀਂ ਇਸ਼ਨਾਨ ਕਰ ਕੇ ਅੰਮ੍ਰਿਤਪਾਨ ਕਰਨ ਲਈ ਗੁਰਦਵਾਰਾ ਸਾਹਿਬ ਅੰਦਰ ਪਹੁੰਚੇ। ਅੰਮ੍ਰਿਤ ਅਭਿਲਾਖੀਆਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਸਾਨੂੰ ਅੰਮ੍ਰਿਤਪਾਨ ਕਰਨ ਲਈ ਰਾਤ 10 ਵਜੇ ਤੱਕ ਉਡੀਕ ਕਰਨੀ ਪਈ। ਜਦੋਂ ਸਾਡੀ ਅੰਮ੍ਰਿਤਪਾਨ ਕਰਨ ਦੀ ਵਾਰੀ ਆਈ ਤਾਂ ਉਥੇ ਮੌਜੂਦ ਇੱਕ ਸੇਵਾਦਾਰ ਔਰਤ ਨੇ ਪੰਜ ਪਿਆਰਿਆਂ ਨੂੰ ਸਾਡੀ ਜਾਤ ਬਾਰੇ ਦੱਸਿਆ। ਪੰਜ ਪਿਆਰਿਆਂ ਨੇ ਸਾਨੂੰ ਅੰਮ੍ਰਿਤ ਛਕਾਉਣ ਤੋਂ ਮਨ੍ਹਾ ਕਰ ਦਿੱਤਾ

ਅਤੇ ਕਿਹਾ ਕਿ ਤੁਹਾਨੂੰ ਅਲੱਗ ਬਾਟੇ ਵਿੱਚ ਅੰਮ੍ਰਿਤਪਾਨ ਕਰਵਾਇਆ ਜਾਵੇਗਾ। ਸੌਦਾਗਰ ਸਿੰਘ ਨੇ ਦੱਸਿਆ ਕਿ ਰਹਿਤ ਮਰਿਆਦਾ ਅਨੁਸਾਰ ਅਸੀਂ ਵਖਰੇ ਬਾਟੇ 'ਚ ਅੰਮਿਤਪਾਨ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਉਪਰੰਤ ਸਾਨੂੰ ਗੁਰਦਾਵਰਾ ਸਾਹਿਬ ਤੋਂ ਬਾਹਰ ਚਲੇ ਜਾਣ ਲਈ ਹੁਕਮ ਚਾੜ੍ਹ ਦਿੱਤਾ ਗਿਆ। ਉਪਰੋਕਤ ਘਟਨਾ ਦੇ ਰੋਸ ਵਜੋਂ ਭੜਕੇ ਹੋਏ ਲੋਕਾਂ, ਜਿਨ੍ਹਾਂ ਵਿੱਚ ਦਲਿਤ ਜੱਥੇਬੰਦੀਆਂ ਅਤੇ ਪੰਥਕ ਜੱਥੇਬੰਦੀਆਂ ਦੇ ਲੋਕ ਸ਼ਾਮਲ ਸਨ, ਨੇ ਪਿੰਡ ਭਿੰਡਰ ਕਲਾਂ ਮੋਗਾ ਵਿਖੇ ਭਾਰੀ ਇਕੱਠ ਸੱਦਿਆ। ਇਸ ਇਕੱਠ ਨੂੰ ਸੰਬੋਧਨ ਕਰਦਿਆਂ ਗਿ. ਪ੍ਰਿਤਪਾਲ ਸਿੰਘ ਪ੍ਰਧਾਨ ਗੁਰਮਤਿ ਗ੍ਰੰਥੀ ਸਭਾ ਦੇ ਦਮਦਮੀ ਟਕਸਾਲ (ਮਹਿਤਾ) ਦੇ ਮੁਖੀ ਰਹਿ ਚੁਕੇ ਭਾਈ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਮਿਸਾਲ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਸਮੇਂ ਵੀ ਪਿੰਡ ਅਜੀਤਵਾਲ ਵਿਖੇ ਅੰਮ੍ਰਿਤ ਸੰਚਾਰ ਦੌਰਾਨ ਕਥਿਤ ਉਚੀ ਜਾਤੀਆਂ ਵਾਲਿਆਂ ਨੇ ਦਲਿਤਾਂ ਲਈ ਵਖਰਾ ਬਾਟਾ ਕਰਨ ਬਾਰੇ ਕਿਹਾ ਸੀ, ਜਿਸ 'ਤੇ ਸਿੱਖ ਸਿਧਾਂਤਾਂ ਦੇ ਪਹਿਰੇਦਾਰ ਭਾਈ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਆਪਣੀ ਤਲਵਾਰ ਮਿਆਨ 'ਚੋਂ ਬਾਹਰ ਕੱਢ ਲਈ ਸੀ ਤੇ ਕਿਹਾ ਕਿ ਅੰਮ੍ਰਿਤ ਇੱਕ ਹੀ ਬਾਟੇ ਵਿੱਚੋਂ ਛਕਾਇਆ ਜਾਵੇਗਾ। ਜਾਤ-ਪਾਤ ਦਾ ਭੇਤ ਰੱਖਣ ਵਾਲੇ ਦਾ ਸਿਰ ਕਲਮ ਕਰਨ ਤੋਂ ਮੈਂ ਜ਼ਰਾ ਨਹੀਂ ਝਿਜਕਾਂਗਾ।

ਇਸ ਮੌਕੇ ਆਗੂਆਂ ਨੇ ਕਿਹਾ ਕਿ ਮੌਜੂਦਾ ਸਮੇਂ ਅਖੌਤੀ ਸਾਧ-ਸੰਤਾਂ ਦੀਆਂ ਡਾਰਾਂ ਤਾਂ ਬਹੁਤ ਹਨ ਪਰ ਅਣਖੀਲੇ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਵਰਗਾ ਕੋਈ ਨਹੀਂ। ਇਸ ਇਕੱਠ ਨੂੰ ਨਿਰਭੈ ਸਿੰਘ, ਜਗਤਾਰ ਸਿੰਘ, ਸਰਪੰਚ ਭਿੰਡਰ ਖ਼ੁਰਦ, ਸ਼ਹੀਦ ਬਾਬਾ ਜੀਵਨ ਸਿੰਘ ਟਰੱਸਟ ਵਿਦਿਆਲਿਆ ਦੇ ਚੰਚਲ ਸਿੰਘ, ਬਾਬਾ ਜਸਵੀਰ ਸਿੰਘ ਮੋਗਾ, ਭਾਈ ਜੈਤਾ ਜੀ ਕਲੱਬ ਦੇ ਪ੍ਰਧਾਨ ਭਾਈ ਮਲਕੀਤ ਸਿੰਘ ਭਿੰਡਰ ਆਦਿ ਨੇ ਸੰਬੋਧਨ ਕੀਤਾ। ਇਸ ਘਟਨਾ ਦੀ ਨਿਖੇਧੀ ਕਰਦਿਆਂ ਸੰਗਤ ਨੇ ਮੰਗ ਕੀਤੀ ਕਿ ਜੇ ਪੰਜ ਪਿਆਰਿਆਂ ਵਿੱਚ ਸ਼ਾਮਲ ਮਹੰਤ ਕਪੂਰ ਸਿੰਘ ਅਤੇ ਹੋਰ ਸੇਵਾਦਾਰ ਸੰਗਤ ਸਾਹਮਣੇ ਮੁਆਫ਼ੀ ਨਹੀਂ ਮੰਗਦੇ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਇਸ ਸਬੰਧੀ ਪੱਤਰਕਾਰਾਂ ਦੀ ਟੀਮ ਨੇ ਜਦੋਂ ਗੁਰਦਵਾਰਾ ਅਖੰਡ ਪ੍ਰਕਾਸ਼ ਦੇ ਮੁਖੀ ਗਿਆਨੀ ਮੋਹਨ ਸਿੰਘ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸੇਵਾਦਾਰਾਂ ਨੇ ਉਨ੍ਹਾਂ ਨੂੰ ਮਿਲਾਉਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਤੁਹਾਡੇ ਸਵਾਲਾਂ ਦਾ ਜਵਾਬ ਗੁਰਦਵਾਰੇ ਦੇ ਸੰਚਾਲਕ ਗਿਆਨੀ ਨਾਜ਼ਰ ਸਿੰਘ ਦੇਣਗੇ। ਗਿਆਨੀ ਨਾਜ਼ਰ ਸਿੰਘ ਨੇ ਦੱਸਿਆ ਕਿ ਸਾਡੀ ਦਮਦਮੀ ਟਕਸਾਲ (ਭਿੰਡਰਾਂ) ਦੀ ਮਰਿਆਦਾ ਅਨੁਸਾਰ ਅੰਮ੍ਰਿਤ ਸੰਚਾਰ ਦੌਰਾਨ ਜਦੋਂ ਅੰਮ੍ਰਿਤ ਅਭਿਲਾਖੀ ਚੂਲੇ ਨਾਲ ਅੰਮ੍ਰਿਤ ਛਕਦੇ ਹਨ ਤਾਂ ਇਸ ਦੌਰਾਨ ਜੋ ਅੰਮ੍ਰਿਤ ਹੇਠਾਂ ਪਏ ਬਾਟੇ 'ਚ ਡੁੱਲ੍ਹਦਾ ਹੈ, ਉਹ ਬਾਟਾ ਦਲਿਤ ਭਾਈਚਾਰੇ ਵਾਲੇ ਅੰਮ੍ਰਿਤ

ਦਲਿਤ ਹੀ ਛੱਕ ਸਕਦੇ ਹਨ। ਜਾਤ ਪਾਤ ਨੂੰ ਖਤਮ ਕਰਨ ਦੀ ਥਾਂਵੇਂ ਟਕਸਾਲੀਆਂ ਨੇ ਅੰਮ੍ਰਿਤ ਦੀਆਂ ਵੀ ਵੰਡੀਆਂ ਪਾ ਦਿੱਤੀਆਂ। ਉਨ੍ਹਾਂ ਕਿਹਾ ਕਿ ਜੇ ਅੰਮ੍ਰਿਤ ਸੰਚਾਰ ਵੇਲੇ ਉੱਚੀ ਜਾਤ ਵਾਲੇ ਨੀਵੀਂ ਜਾਤ ਵਾਲਿਆਂ ਨਾਲ ਅੰਮ੍ਰਿਤ ਛਕਣ ਤੋਂ ਇਨਕਾਰ ਕਰਦੇ ਹਨ ਤਾਂ ਸਾਡਾ ਜੱਥਾ ਵੱਖੋ-ਵੱਖ ਅੰਮ੍ਰਿਤ ਛਕਾਉਂਦਾ ਹੈ। ਉਨ੍ਹਾਂ ਕਿਹਾ ਕਿ ਭੁੱਚੋ ਮੰਡੀ ਦੇ ਡੇਰੇ ਰੂਮੀ ਵਿਖੇ ਦਲਿਤਾਂ ਦੀ ਵਖਰੀ ਪੰਗਤ ਲਗਦੀ ਹੈ, ਬੱਧਨੀ ਕਲਾਂ ਦੇ ਡੇਰੇ ਵਿੱਚ ਦਲਿਤਾਂ ਤੋਂ ਪ੍ਰਸ਼ਾਦ ਨਹੀਂ ਲਿਆ ਜਾਂਦਾ, ਬੁੱਢਾ ਦਲ ਅਤੇ ਤਰਨਾ ਦਲ ਵਾਲੇ ਵੱਖਰਾ ਅੰਮ੍ਰਿਤ ਦਾ ਬਾਟਾ ਤਿਆਰ ਕਰਦੇ ਹਨ। ਇਨ੍ਹਾਂ ਸਾਰਿਆਂ ਵਿਰੁਧ ਕੋਈ ਕਿਉਂ ਨਹੀਂ ਬੋਲਦਾ ? ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ (ਭਿੰਡਰਾਂ) ਦੀ ਆਪਣੀ ਪੁਰਾਤਨ ਮਰਿਆਦਾ ਹੈ, ਇਸ ਬਾਰੇ ਅਕਾਲ ਤਖ਼ਤ ਅਤੇ ਵੇਦਾਂਤੀ ਕੁੱਝ ਨਹੀਂ ਕਰ ਸਕਦੇ।

000

# 12. ਰੇਡੀਓ ਪੰਜਾਬ ਦੇ

## ਭਾਈ ਜਸਬੀਰ ਸਿੰਘ ’ਤੇ ਸਾਧਵਾਦੀਆਂ ਦਾ ਹਮਲਾ

### ‘ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ॥’ (22)

ਸੰਸਾਰ ਵਿੱਚ ਜਿੱਥੇ-ਕਿਤੇ ਸਿੱਖ ਰੁਜ਼ਗਾਰ ਦੀ ਭਾਲ ਵਿੱਚ ਗਏ, ਉਨ੍ਹਾਂ ਨੇ ਉੱਥੇ ਗੁਰਦਵਾਰਾ ਬਣਾਉਣ ਵਿੱਚ ਵੀ ਦਿਲਚਸਪੀ ਦਿਖਾਈ ਹੈ। ਪ੍ਰਬੰਧਕ ਕਮੇਟੀਆਂ ਵਾਲੇ ਗੁਰਦਵਾਰੇ ਵੀ ਬਹੁਤ ਬਣੇ ਹਨ ਅਤੇ ਨਿੱਜੀ ਜਾਇਦਾਦ ਦੇ ਰੂਪ ਵਿੱਚ ਅਣਗਿਣਤ ਡੇਰੇ ਵੀ ਬਣ ਚੁੱਕੇ ਹਨ। ਹਰ ਗੁਰਦਵਾਰੇ ਦੀ ਪ੍ਰਬੰਧਕ ਕਮੇਟੀ ਜਾਂ ਸਾਧ-ਬਾਬੇ, ਕਿਸੇ ਨਾ ਕਿਸੇ ਡੇਰੇ, ਜੱਥੇਬੰਦੀ ਜਾਂ ਸਿਆਸੀ ਪਾਰਟੀ ਨਾਲ ਜੁੜੇ ਹੋਏ ਹਨ- ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਯੋਗ ਤਾਂ ਸਿਰਫ਼ ਸਿੱਖਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਕੀਤਾ ਜਾਂਦਾ ਹੈ।

ਹਰ ਗੁਰਦਵਾਰੇ ਦਾ ਪ੍ਰਧਾਨ ਜਾਂ ਅਖੌਤੀ ਸੰਤ, ਗੁਰੂ ਨਾਲੋਂ ਵੱਧ ਪ੍ਰਮੁੱਖਤਾ ਹਾਸਲ ਕਰ ਚੁੱਕਾ ਹੈ। ਗੁਰਮਤਿ ਤੋਂ ਅਣਜਾਣ ਕੋਈ ਵੀ ਕਥਾਵਾਚਕ ਗੁਰੂ ਸਿਧਾਂਤਾਂ ਤੋਂ ਉਲਟ ਜੋ ਮਰਜ਼ੀ ਬੋਲ ਜਾਵੇ, ਗੁਰਬਾਣੀ ਦੇ ਅਰਥ ਗੁਰੂ ਆਸ਼ੇ ਤੋਂ ਵਿਰੁੱਧ ਕਰੀ ਜਾਵੇ, ਕਰਾਮਾਤੀ ਕੁਫ਼ਰ-ਕਹਾਣੀਆਂ ਸੁਣਾਈ ਜਾਵੇ, ਕੋਈ ਨਹੀਂ ਰੋਕੇਗਾ। ਪਰ ਜੇ ਪ੍ਰਚਾਰਕ ਨੇ ਦਲੇਰੀ ਕਰ ਕੇ, ਸਿੱਖ ਸਮਾਜ ਵਿੱਚ ਹੋ ਰਹੀਆਂ ਮਨਮਤਾਂ ਬਾਰੇ ਬੋਲ ਦਿੱਤਾ, ਗੁਰਦਵਾਰਿਆਂ ਵਿੱਚ ਗੁਰਮਤਿ ਦੇ ਉਲਟ ਹੋ ਰਹੇ ਕਰਮ-ਕਾਂਡਾਂ ਵਿਰੁਧ ਬੋਲ ਦਿੱਤਾ

ਜਾਂ ਪ੍ਰਬੰਧਕਾਂ ਅਤੇ 'ਅਸੰਤਾਂ' ਦੀਆਂ ਆਪ-ਹੁਦਰੀਆਂ ਨੂੰ ਨੰਗਾ ਕਰਨ ਦਾ ਯਤਨ ਕੀਤਾ ਤਾਂ ਪ੍ਰਚਾਰਕ ਦੀ ਖੈਰ ਨਹੀਂ-ਉਸ ਦਾ ਮਾਈਕ ਬੰਦ ਕਰਨ ਤੋਂ ਲੈ ਕੇ ਬੇਇੱਜ਼ਤ ਕਰ ਕੇ ਸਟੇਜ ਤੋਂ ਉਤਾਰਿਆ ਜਾ ਸਕਦਾ ਹੈ।

ਇਨ੍ਹਾਂ ਸਤਰਾਂ ਦਾ ਲਿਖਾਰੀ ਵੀ ਮਈ ਮਹੀਨੇ ਵਿੱਚ ਜਰਮਨੀ, ਇਟਲੀ ਅਤੇ ਇੰਗਲੈਂਡ ਦੇ ਧਰਮ ਪ੍ਰਚਾਰ ਦੌਰੇ 'ਤੇ ਗਿਆ। ਜਰਮਨੀ ਦੇ ਫ਼੍ਰੈਂਕਫ਼ਰਟ ਵਿੱਚ ਗੁਰਦਵਾਰੇ ਦੇ ਪ੍ਰਬੰਧਕਾਂ ਨੇ ਪਹਿਲਾਂ ਗੱਲਬਾਤ ਲਈ ਬੁਲਾ ਲਿਆ। ਗੁਰਦਵਾਰੇ ਵਿੱਚ ਅੱਠ ਸਿੰਘ ਮੇਰੇ ਨਾਲ ਸਨ, ਦੂਜੇ ਬੰਨਿਉਂ ਪੰਝੀ ਕੁ ਟਕਸਾਲ ਪੱਖੀ ਬੰਦੇ ਆਏ ਹੋਏ ਸਨ। ਉਨ੍ਹਾਂ ਨੂੰ ਆਪਣੇ ਅੰਦਰਲੇ ਭੈਅ ਨੇ ਇੰਨਾਂ ਪਰੇਸ਼ਾਨ ਕੀਤਾ ਹੋਇਆ ਸੀ ਕਿ ਜੇ ਇਸ ਕਿਸਮ ਦੇ ਵਿਅਕਤੀ ਗੁਰਦਵਾਰਾ ਸਟੇਜਾਂ ਤੋਂ ਲਗਾਤਾਰ ਬੋਲਦੇ ਗਏ ਤਾਂ ਟਕਸਾਲ ਦਾ ਮਨਮਤੀ ਪ੍ਰਚਾਰ ਜ਼ਿਆਦਾ ਸਮਾਂ ਨਹੀਂ ਚੱਲ ਸਕੇਗਾ। ਉਨ੍ਹਾਂ ਨੇ ਕਈ ਮਨਘੜਤ ਬਹਾਨੇ ਬਣਾ ਕੇ ਮੇਰੇ ਵਿਰੁੱਧ ਵਾਵੇਲਾ ਖੜ੍ਹਾ ਕੀਤਾ। ਫਿਰ ਵੀ ਕੁੱਝ ਸੂਝਵਾਨ ਸਿੰਘਾਂ ਵੱਲੋਂ ਭਰਪੂਰ ਦਬਾਅ ਪਾਉਣ 'ਤੇ ਉਨ੍ਹਾਂ ਵੱਲੋਂ ਮੈਨੂੰ ਬੋਲਣ ਦਾ ਸਮਾਂ ਦੇਣਾ ਪਿਆ (ਪਰ ਕਥਾ ਉਪਰੰਤ ਸਟੇਜ ਸਕੱਤਰ ਨੇ ਮੇਰੀ ਬੇਲੋੜੀ ਆਲੋਚਨਾ ਕੀਤੀ।)

ਜਰਮਨੀ ਤੋਂ ਇੱਕ ਹਫ਼ਤੇ ਲਈ ਇਟਲੀ ਦੇ ਸ਼ਹਿਰ ਬਾਰਸਿਲੋਨਾ ਵਿਖੇ ਪੁੱਜਿਆ। ਇੱਥੋਂ ਦੇ ਗੁਰਦਵਾਰਿਆਂ ਵਿੱਚ ਕਥਾ ਕੀਤੀ। ਸੰਗਤ ਵੱਲੋਂ ਤਾਂ ਬਹੁਤ ਸਹਿਯੋਗ ਮਿਲਿਆ ਪਰ ਪ੍ਰਬੰਧਕਾਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ।

ਉਪਰੰਤ 12 ਜੂਨ ਨੂੰ ਇੰਗਲੈਂਡ ਪਹੁੰਚਿਆ। ਸੂਝਵਾਨ ਸਿੰਘਾਂ ਨੇ ਘਰਾਂ ਵਿੱਚ ਬਹੁਤ ਥਾਈਂ ਵਿਚਾਰ ਗੋਸ਼ਟੀਆਂ ਦਾ ਪ੍ਰਬੰਧ ਕੀਤਾ ਹੋਇਆ ਸੀ। ਦੋ ਹਫ਼ਤੇ ਬ੍ਰੈਡਫੋਰਡ ਦੇ ਇੱਕ ਗੁਰਦਵਾਰੇ ਵਿੱਚ ਲਗਾਤਾਰ ਕਥਾ ਕੀਤੀ। 16 ਜੁਲਾਈ ਨੂੰ ਇੰਗਲੈਂਡ ਨਿਵਾਸੀ ਸਿੰਘਾਂ ਦੇ ਸਹਿਯੋਗ ਨਾਲ ਇਕ ਹਾਲ ਕਿਰਾਏ 'ਤੇ ਲੈ ਕੇ ਸੈਮੀਨਾਰ ਕੀਤਾ ਜਾਣਾ ਪ੍ਰਵਾਨਿਆ ਗਿਆ। ਬੋਲਣ ਵਾਲਿਆਂ ਵਿੱਚ ਚੰਡੀਗੜ੍ਹ ਤੋਂ ਸ. ਗੁਰਤੇਜ ਸਿੰਘ, ਡਰਬੀ ਤੋਂ ਡਾ. ਹਰਦਿਆਲ ਸਿੰਘ ਅਤੇ ਖ਼ੁਦ ਲੇਖਕ ਸ਼ਾਮਲ ਸੀ। ਵਿਸ਼ਿਆਂ ਦੀ ਤਰਤੀਬ ਸੀ : ਸਿੱਖਾਂ ਦਾ ਰਾਜਨੀਤਕ ਭਵਿੱਖ, ਸਿੱਖਾਂ ਦਾ ਧਾਰਮਿਕ ਭਵਿੱਖ ਅਤੇ ਨੌਜਵਾਨਾਂ ਦੀ ਸੰਭਾਲ।

ਪਿਛਲੇ ਕਾਫ਼ੀ ਸਮੇਂ ਤੋਂ ਮੈਂ ਰੇਡੀਓ ਪੰਜਾਬ ਤੋਂ ਗੁਰਮਤਿ ਬਾਰੇ ਬੋਲਦਾ ਆ ਰਿਹਾ ਸਾਂ। ਵਹਿਮਾਂ-ਭਰਮਾਂ ਤੇ ਡੇਰੇਵਾਦ ਦੇ ਪਰਖੱਚੇ ਉਡਾ ਰਿਹਾ ਸਾਂ। ਇਤਿਹਾਸ ਵਿੱਚ ਕਿਵੇਂ ਮਿਲਾਵਟ ਕੀਤੀ ਗਈ ਹੈ, ਗੁਰੂ ਨਿੰਦਕ ਪੁਸਤਕਾਂ ਨੂੰ ਗੁਰਦਵਾਰਿਆਂ ਵਿੱਚ ਪੜ੍ਹ ਕੇ ਸੁਣਾਇਆ ਜਾ ਰਿਹਾ ਹੈ। ਡੇਰਿਆਂ ਨਾਲ ਜੁੜੇ, ਗੋਲਕਾਂ ਹੜੱਪ ਕਰਨ ਵਾਲੇ, ਗੁਰਦਵਾਰਿਆਂ ਅੰਦਰ ਵੜ ਕੇ ਖਾਲਿਸਤਾਨ ਦੇ ਨਾਅਰੇ ਮਾਰਨ ਵਾਲੇ ਅਖੌਤੀ ਖਾੜਕੂ (ਪਰ ਅਸਲ ਵਿੱਚ ਸਰਕਾਰੀ ਕੈਟ-ਕਾਲੀਆਂ ਬਿੱਲੀਆਂ) ਇਹ ਉਠ ਰਹੀ

ਲਹਿਰ ਬਰਦਾਸ਼ਤ ਨਾ ਕਰ ਸਕੇ। ਜੇ ਸਿੱਖ ਪੰਥ ਜਾਗ ਪਿਆ ਤਾਂ ਉਨ੍ਹਾਂ ਦੀ ਗੱਦੀ ਤੇ ਖਾਲਿਸਤਾਨ ਦੇ ਨਾਮ ਤੇ ਇਕੱਤਰ ਕੀਤੀ ਜਾਂਦੀ ਗੋਲਕ ਦਾ ਵਜੂਦ ਕਾਇਮ ਨਹੀਂ ਰਹੇਗਾ।

ਇਸ ਲਈ ਬਰਮਿੰਘਮ ਦੇ ਖੇਤਰ ਵਿੱਚੋਂ 25 ਤੋਂ 30 ਸਿੱਖੀ ਬਾਣੇ ਵਿੱਚ ਸਜੇ, ਸਿਰ-ਫਿਰੇ ਵਿਅਕਤੀ, ਦੋ ਸੌ ਮੀਲ ਦਾ ਸਫ਼ਰ ਤੈਅ ਕਰ ਕੇ ਲੰਡਨ, ਸਾਊਥਹਾਲ (ਜਿੱਥੇ ਸੈਮੀਨਾਰ ਚੱਲ ਰਿਹਾ ਸੀ) ਵਿਖੇ ਵੱਡੀਆਂ ਕ੍ਰਿਪਾਨਾਂ ਨਾਲ ਆ ਪੁੱਜੇ। ਕਾਨਫ਼ਰੰਸ ਹਾਲ ਬੰਦ ਸੀ, ਬਾਹਰਲੀ ਚਾਰ ਦੀਵਾਰੀ ਵਾਲਾ ਵੱਡਾ ਗੇਟ ਵੀ ਬੰਦ ਕਰ ਲਿਆ ਸੀ। ਮੇਨ ਗੇਟ ਅੰਦਰ ਹਾਲ ਦੇ ਬਾਹਰ ਬੱਸ ਕੁੱਝ ਕੁ ਸੇਵਾਦਾਰ ਹੀ ਸਨ। ਹਮਲਾਵਰ ਟੋਲੇ ਨੇ ਅੰਦਰ ਆਉਣ ਲਈ ਬਾਹਰਲੀ ਚਾਰ ਦੀਵਾਰੀ ਦੀ ਕੰਧ ਤੋੜ ਦਿੱਤੀ ਤੇ ਵੀਹ ਤੋਂ ਵੱਧ ਬੰਦੇ ਅੰਦਰ ਦਾਖ਼ਲ ਹੋ ਗਏ। ਇਨ੍ਹਾਂ ਦੇ ਕਈ ਹੋਰ ਸਾਥੀ ਦੂਰ ਗੱਡੀਆਂ ਵਿੱਚ ਬੈਠੇ ਉਡੀਕ ਕਰ ਰਹੇ ਸਨ ਤਾਂਕਿ ਵਾਰਦਾਤ ਕਰ ਕੇ ਤੁਰਤ ਦੌੜਿਆ ਜਾ ਸਕੇ। ਉਨ੍ਹਾਂ ਮੇਨ ਹਾਲ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੂੰ ਸੇਵਾਦਾਰ ਰੋਕਣ ਦੀ ਕੋਸ਼ਿਸ਼ ਕਰਦੇ ਰਹੇ।

ਇੰਨੇ ਸਮੇਂ ਵਿੱਚ ਪੰਜਾਬ ਰੇਡੀਓ ਦੇ ਬਹੁਤ ਹੀ ਸੁਲਝੇ ਹੋਏ ਗੁਰਸਿੱਖ ਬੁਲਾਰੇ ਭਾਈ ਜਸਵੀਰ ਸਿੰਘ ਸਮਾਗਮ ਵਿੱਚ ਹਿੱਸਾ ਲੈਣ ਲਈ ਆ ਗਏ। ਇਸ ਜਨੂੰਨੀ ਟੋਲੇ ਨੇ ਇਹ ਕਹਿੰਦਿਆਂ ਭਾਈ ਜਸਵੀਰ ਸਿੰਘ 'ਤੇ ਹਮਲਾ ਕਰ ਕੇ ਹੇਠਾਂ ਸੁੱਟ ਲਿਆ ਕਿ "ਅੰਦਰ ਬੈਠੇ ਇੰਦਰ ਸਿੰਘ ਘੱਗਾ ਨੂੰ ਮਗਰੋਂ ਸੋਧਾਂਗੇ, ਪਹਿਲਾਂ ਇਸ ਦਾ ਰੇਡੀਓ ਬੰਦ ਕਰ ਦੇਈਏ।" ਇਸ ਤੋਂ ਮਗਰੋਂ ਦਿਲ ਦੇ ਮਰੀਜ਼ ਭਾਈ ਜਸਵੀਰ ਸਿੰਘ ਨੂੰ ਅੰਨ੍ਹੇਵਾਹ ਠੁੱਡੇ-ਘਸੁੰਨ ਮਾਰਨੇ ਸ਼ੁਰੂ ਕਰ ਦਿੱਤੇ। ਵੀਹ ਕੁ ਗੁੰਡੇ ਇੱਕ ਨਿਹੱਥੇ ਬੰਦੇ ਨੂੰ ਇਸ ਤਰ੍ਹਾਂ ਕੁੱਤਿਆਂ ਵਾਂਗ ਪੈ ਜਾਣ... ਕਿੰਨਾ ਦੁਖਦਾਈ ਹੋਵੇਗਾ। ਅੱਧੇ ਕੁ ਮਿੰਟ ਅੰਦਰ ਇਨ੍ਹਾਂ ਭਾਈ ਜੀ ਦਾ ਮਾਰ-ਮਾਰ ਕੇ ਬੁਰਾ ਹਾਲ ਕਰ ਦਿੱਤਾ।

ਪੁਲਿਸ ਨੂੰ ਤੁਰਤ ਸੂਚਨਾ ਦੇ ਦਿੱਤੀ ਗਈ ਅਤੇ ਇੱਕ ਮਿੰਟ ਦੇ ਅੰਦਰ ਪੁਲਿਸ ਆ ਪਹੁੰਚੀ। ਪੁਲਿਸ ਗੱਡੀ ਦਾ ਸਾਇਰਨ ਸੁਣ ਕੇ ਇਹ "ਸੂਰਮੇ" ਨੱਸ ਉੱਠੇ। ਪਰ ਦੋ ਸੌ ਗਜ਼ ਦੇ ਏਰੀਏ ਵਿੱਚ ਹੀ ਤੇਰ੍ਹਾਂ ਹਮਲਾਵਰ ਦਬੋਚ ਲਏ ਗਏ। ਜਿਨ੍ਹਾਂ ਪੁਲਿਸ ਅੱਗੇ ਦੌੜਨ ਦੀ ਕੋਸ਼ਿਸ਼ ਕੀਤੀ, ਉਨ੍ਹਾਂ 'ਤੇ ਡੌਗ ਸਕੁਐਡ (ਕੁੱਤੇ) ਛੱਡ ਕੇ ਦਬੋਚੇ। ਇਸ ਭੂਤਰੀ ਜੁੰਡਲੀ ਨੇ ਭਾਈ ਜਸਵੀਰ ਸਿੰਘ ਨੂੰ ਇੰਨੀ ਬੇ-ਰਹਿਮੀ ਨਾਲ ਮਾਰਿਆ ਕਿ ਉਸ ਦੀ ਇਕ ਲੱਤ ਦੋ ਥਾਵਾਂ ਤੋਂ ਟੁੱਟ ਗਈ। ਦੋ ਪਸਲੀਆਂ ਟੁੱਟ ਗਈਆਂ। ਸਿਰ ਵਿੱਚ ਸੱਟਾਂ ਲੱਗੀਆਂ। ਦਾੜ੍ਹੀ-ਕੇਸ ਪੁੱਟੇ ਦਿੱਤੇ। ਆਪਣੇ ਵੱਲੋਂ ਮਾਰ ਹੀ ਦੇਣ ਲੱਗੇ ਸਨ ਪਰ ਪੁਲਿਸ ਬਿਜਲੀ ਦੀ ਤੇਜ਼ੀ ਨਾਲ ਪਹੁੰਚ ਗਈ। ਬਚਾਅ ਕਰ ਰਹੇ ਇਕ ਹੋਰ ਸਿੰਘ ਨੂੰ ਵੀ ਕਾਫ਼ੀ ਸੱਟਾ ਮਾਰ ਗਏ।

ਪੁਲਿਸ ਨੇ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ। ਹਮਲਾ ਕਰਨ ਲਈ ਲੰਬਾ ਸਫ਼ਰ ਤੈਅ ਕਰ ਕੇ ਆਣਾ, ਇਰਾਦਾ-ਏ-ਕਤਲ, ਨਾਜਾਇਜ਼ ਹਥਿਆਰ, ਕੰਧ ਤੋੜ ਕੇ ਧੱਕੇ ਨਾਲ ਅੰਦਰ ਦਾਖ਼ਲ ਹੋਣਾ, ਸ਼ਾਂਤਮਈ ਵਿਅਕਤੀਆਂ ’ਤੇ ਮਾਰੂ ਹਮਲਾ ਕਰਨਾ ਤੇ ਹੱਡੀਆਂ ਤੋੜ ਦੇਣੀਆਂ, ਇਹ ਸੱਭ ਗੰਭੀਰ ਅਪਰਾਧ ਹਨ। ਅਪਰਾਧ ਦੀ ਗੰਭੀਰਤਾ ਨੂੰ ਵੇਖਦਿਆਂ ਅੱਧੇ ਕੁ ਹਮਲਾਵਰਾਂ ਨੂੰ ਪੰਜ ਤੋਂ ਸੱਤ ਸਾਲ ਤੱਕ ਦੀ ਕੈਦ ਹੋਣ ਦੀ ਸੰਭਾਵਨਾ ਹੈ। ਕਈ ਗਵਾਹਾਂ ਤੇ ਹਮਲਾਵਰਾਂ ਦੇ ਕਪੜੇ ਡੀ.ਐਨ.ਏ. ਟੈਸਟ ਲਈ ਰੱਖ ਲਏ ਹਨ। ਉਥੋਂ ਦੀ ਪੁਲਿਸ ਸਿਫ਼ਾਰਸ਼ ਮੰਨ ਕੇ ਜਾਂ ਰਿਸ਼ਵਤ ਲੈ ਕੇ ਕੇਸ ਨਹੀਂ ਬਣਾਉਂਦੀ।

ਸਿੱਖ ਪ੍ਰਚਾਰਕਾਂ ’ਤੇ ਹਮਲਾ ਦੀ ਇਸੇ ਘਟਨਾ ਵਾਲੀ ਰਾਤ (16 ਜੁਲਾਈ) ਨੂੰ ਪੰਜਾਬ ਰੇਡੀਓ ’ਤੇ ਇਸ ਦੇ ਪ੍ਰਬੰਧਕਾਂ ਨੇ ਵਿਚਾਰ-ਚਰਚਾ ਕੀਤੀ। ਮੀਟਿੰਗ ਵਿੱਚ ਸ਼ਾਮਲ ਸਮੂਹ ਸਿੰਘਾਂ ਨੇ ਇਸ ਹਮਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਹੱਕ ਦੀ ਆਵਾਜ਼ ਸਦਾ ਬੁਲੰਦ ਰੱਖਣ ਦਾ ਹਲਫ਼ ਲਿਆ। ਇਸੇ ਦੌਰਾਨ ਫ਼ੋਨ ’ਤੇ ਕੁੱਝ ਗੁੰਮਨਾਮ ਵਿਅਕਤੀਆਂ ਵੱਲੋਂ ਕਾਲਾਂ ਆਈਆਂ। ਉਨ੍ਹਾਂ ਨੇ ਕ੍ਰੋਧਿਤ ਹੋ ਕੇ ਧਮਕੀ ਨੁਮਾਂ ਅੰਦਾਜ਼ ਵਿੱਚ ਸਪੱਸ਼ਟ ਕਿਹਾ ਕਿ ‘ਸਾਡਾ ਅਸਲ ਨਿਸ਼ਾਨਾ ਤਾਂ ਇੰਦਰ ਸਿੰਘ ਘੱਗਾ ਸੀ। ਜਸਵੀਰ ਸਿੰਘ ਤਾਂ ਉਸ ਦਾ ਹਤੈਸ਼ੀ ਹੋਣ ਕਰ ਕੇ ਐਵੇਂ ਅੜਿੱਕੇ ਆ ਗਿਆ। ਅਸੀਂ ਘੱਗਾ ਨੂੰ, ਗਿ. ਗੁਰਬਚਨ ਸਿੰਘ ਨੂੰ ਅਤੇ ਗੁਰਤੇਜ਼ ਸਿੰਘ ਨੂੰ ਨਹੀਂ ਬੋਲਣ ਦੇਣਾ। ਰੇਡੀਓ ਪੰਜਾਬ ਸੰਭਲ ਜਾਵੇ।

ਸਿੱਖੀ ਵੇਸ ਵਾਲੇ ਹਮਲਾਵਰ ਸ਼ਾਇਦ ਇਹ ਨਹੀਂ ਜਾਣਦੇ ਕਿ ਯੂਰੋਪੀਅਨ ਦੇਸ਼ਾਂ ਵਿੱਚ ਲਿਖਣ-ਬੋਲਣ ਦੀ ਪੂਰੀ ਆਜ਼ਾਦੀ ਹੈ। ਇਸ ਘਟਨਾ ਨੂੰ ਬੋਲਣ ਦੀ ਆਜ਼ਾਦੀ ’ਤੇ ਹਮਲਾ ਕਰਾਰ ਦਿੱਤਾ ਗਿਆ ਹੈ। ਇਨ੍ਹਾਂ ਜਨੂੰਨੀ ਲੋਕਾ ਕੋਲ ਵਿਚਾਰ ਕਰਨ ਦੀ ਸਮਰੱਥਾ ਨਹੀਂ ਹੈ। ਅਜਿਹੇ ਲੋਕ ਵਿਦੇਸ਼ਾਂ ਵਿੱਚ ਸਿੱਖੀ ਦੇ ਅਕਸ ਨੂੰ ਢਾਹ ਲਗਾ ਰਹੇ ਹਨ। ਹੋਰ ਤਾਂ ਹੋਰ ਹੱਥਾਂ ਵਿੱਚ ਪਾਏ ਮੋਟੇ ਕੜਿਆਂ ਦਾ ਇਸਤੇਮਾਲ ਹਥਿਆਰਾਂ ਦੇ ਤੌਰ ’ਤੇ ਕਰਦੇ ਹਨ। ਜਿਵੇਂ ਮੰਦ ਕਰਤੂਤਾਂ ਕਾਰਨ ਕਿਰਪਾਨਾਂ ’ਤੇ ਪਾਬੰਦੀ ਲਗਵਾ ਲਈ ਹੈ, ਕਿਤੇ ਕੜਿਆਂ ’ਤੇ ਪਾਬੰਦੀ ਨਾ ਲਗਵਾ ਲੈਣ।

ਦਾਸ ਨੂੰ ਸਤਿਗੁਰੂ ਜੀ ’ਤੇ ਪੂਰਨ ਭਰੋਸਾ ਹੈ ਕਿ ਉਹ ਸੱਚ ਦਾ ਪਰਚਮ ਬੁਲੰਦ ਕਰਨਗੇ। ਇਹ ਨਿਮਾਣਾ ਸੇਵਕ ਗੁਰੂ ਸਿਧਾਂਤਾਂ ਨੂੰ ਸੰਗਤ ਵਿੱਚ ਪ੍ਰਚਾਰਨ ਅਤੇ ਲਿਖਣ ਤੋਂ ਕਿਸੇ ਐਰੇ-ਗ਼ੈਰੇ ਦਾ ਖੌਫ਼ ਨਹੀਂ ਖਾਵੇਗਾ। ਭੈਅ ਭਾਵਨੀ ਕੇਵਲ ਗੁਰੂ ਦੀ ਹੋਵੇਗੀ।

000

# 13. ਤਖ਼ਤ ਸਾਹਿਬ ਦੀ ਤੌਹੀਨ ਦੇ ਦੋਸ਼ੀ ਕੌਣ ?

ਸਤਿਕਾਰ ਯੋਗ ਭਾਈ ਕਾਨ੍ਹ ਸਿੰਘ ਨਾਭਾ ਪੰਥ ਦੇ ਪ੍ਰਸਿੱਧ ਗੁਰਮਤਿ ਸਿਧਾਂਤਾਂ ਦੇ ਅਲੰਬਰਦਾਰ ਹੋ ਗੁਜ਼ਰੇ ਹਨ। ਅੱਜ ਤੱਕ ਉਨ੍ਹਾਂ ਦੀਆਂ ਲਿਖਤਾਂ ਵਿਦਵਾਨਾਂ ਵਿੱਚ ਮਾਣ ਪਾ ਰਹੀਆਂ ਹਨ। ਪਰ ਸੁਣਿਆ ਹੈ ਕਿ ਉਨ੍ਹਾਂ ਵਿਰੁੱਧ ਕੋਈ "ਹੁਕਮਨਾਮਾ" ਕਦੀ ਜਾਰੀ ਹੋਇਆ ਹੋਵੇ ? ਉਨ੍ਹਾਂ ਦੀ ਸੱਭ ਤੋਂ ਪਹਿਲੀ ਵਿਵਾਦਗ੍ਰਤ ਪੁਸਤੱਕ "ਹਮ ਹਿੰਦੂ ਨਹੀਂ" ਸੰਨ 1899 ਵਿੱਚ ਛਪੀ ਸੀ। ਜਿਸ ਕਾਰਨ ਹਿੰਦੂ ਜਥੇਬੰਦੀਆਂ ਨੇ ਉਨ੍ਹਾਂ ਵਿਰੁੱਧ ਤੂਫਾਨ ਹੀ ਖੜ੍ਹਾ ਕਰ ਦਿੱਤਾ ਸੀ। ਪੰਜਾਬ ਦੀ ਤਤਕਾਲੀਨ ਸਾਂਝੀ ਅਦਾਲਤ ਸ਼ਿਮਲੇ ਅਤੇ ਲਾਹੌਰ ਦੇ ਕਈ ਵਾਰ ਉਨ੍ਹਾਂ ਨੂੰ ਚੱਕਰ ਲਾਉਣੇ ਪਏ। ਭਾਵੇਂ ਇਹ ਆਪਣਾ ਕੇਸ ਜਿੱਤ ਗਏ ਪਰ ਪਬਲਿਕ ਵਿਰੋਧ ਨੂੰ ਸ਼ਾਂਤ ਕਰਨ ਦੀ ਮਨਸਾ ਨਾਲ ਨਾਭਾ ਪਤੀ ਰਾਜਾ ਹੀਰਾ ਸਿੰਘ ਨੇ ਇਨ੍ਹਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ। ਇੱਕ ਸਾਲ ਤੋਂ ਵੱਧ ਸਮਾਂ ਇਹ ਕਸ਼ਮੀਰ ਵਿੱਚ ਅਗਿਆਤ ਵਾਸ ਰਹਿ ਕੇ ਲਿਖਦੇ ਰਹੇ। ਰਾਜਾ ਹੀਰਾ ਸਿੰਘ ਦੇ ਅਨੇਕ ਕੰਮ ਇਨ੍ਹਾਂ ਤੋਂ ਬਗੈਰ ਥਾਏਂ ਰੁਕ ਗਏ। ਇਸ ਤਰ੍ਹਾਂ ਹਾਲਾਤ ਠੀਕ ਹੋਣ ਤੇ ਫਿਰ ਭਾਈ ਸਾਹਿਬ ਜੀ ਨੂੰ ਨਾਭਾ ਵਿਖੇ ਨੌਕਰੀ 'ਤੇ ਬੁਲਾ ਲਿਆ ਗਿਆ। ਇਹੀ ਕਰਮ ਤਿੰਨ ਵਾਰੀ ਦੁਹਰਾਇਆ ਗਿਆ। ਪਰ ਅਕਾਲ ਤਖ਼ਤ ਦੇ ਪੁਜਾਰੀ (ਤਦੋਂ ਸਾਰਿਆਂ ਨੂੰ ਪੁਜਾਰੀ ਆਖਿਆ ਜਾਂਦਾ ਸੀ) ਨੇ ਚਾਹੁੰਦਿਆਂ ਭੀ

ਹੁਕਮਨਾਮਾ ਜਾਰੀ ਨਾ ਕੀਤਾ। ਕਿਉਂ ? ਇਸ ਲਈ ਕਿਉਂਕਿ ਰਾਜਾ ਹੀਰਾ ਸਿੰਘ ਕਾਨ੍ਹ ਸਿੰਘ ਜੀ ਦੀ ਪਿੱਠ 'ਤੇ ਸੀ। ਇਨ੍ਹਾਂ ਹੀ ਵਿਚਾਰਾਂ ਦਾ ਧਾਰਨੀ ਗਰੀਬ ਸਿੱਖ ਭਾਈ ਗੁਰਮੁਖ ਸਿੰਘ ਪੰਥ ਵਿੱਚੋਂ ਖਾਰਜ ਕਰ ਦਿੱਤਾ ਗਿਆ ਸੀ।

ਅੱਜ ਕੱਲ ਦੇ ਜੀਵਤ ਸਿੱਖਾਂ ਵਿੱਚੋਂ ਗੁਰਬਾਣੀ ਦਾ ਉੱਚ ਕੋਟੀ ਦਾ ਮਾਹਿਰ ਨਿਰਪੱਖ ਤੇ ਨਿਰਲੇਪ ਭਾਈ ਗੁਰਬਖਸ਼ ਸਿੰਘ ਜੀ ਕਾਲਾ ਅਫ਼ਗਾਨਾ ਸਾਰੇ ਬੰਨੇ ਚਰਚਾ ਵਿੱਚ ਹੈ। ਸਾਰਾ ਪੰਥਕ ਲਾਣਾ ਹਰ ਰੋਜ਼ ਬ੍ਰਾਹਮਣ ਤੋਂ ਬਚਣ ਦੀ ਦੁਹਾਈ ਦੇ ਰਿਹਾ ਹੈ। ਵਹਿਮਾਂ ਭਰਮਾਂ, ਜਾਦੂ ਮੰਤਰਾਂ, ਵਰ ਸਰਾਪ ਦੇ ਭਰਮਜਾਲ ਤੋਂ ਸਾਵਧਾਨ ਹੋਣ ਵਾਸਤੇ ਚੀਕ ਰਿਹਾ ਹੈ। ਪਰ ਜੇ ਇੱਕ ਇੱਕ ਬ੍ਰਾਹਮਣੀ ਕਰਮ ਕਾਂਡ ਦੇ ਪਰਖਚੇ ਉਡਾਉਣ ਵਾਸਤੇ ਗੁਰਬਖ਼ਸ਼ ਸਿੰਘ ਜੀ ਨੇ ਗੁਰਬਾਣੀ ਦੇ ਚਾਨਣ ਵਿੱਚ ਪੁਸਤਕਾਂ ਲਿਖ ਕੇ ਸੁੱਤੇ ਪੰਥ ਨੂੰ ਜਗਾਉਣ ਦਾ ਬੀੜਾ ਚੁੱਕਿਆ ਹੈ ਤਾਂ ਪੰਥ ਦੇ ਪੁਜਾਰੀ (ਜਥੇਦਾਰ) ਅਜਿਹੇ ਨਿਧੜਕ ਯੋਧੇ ਨੂੰ ਕੁਚਲਣ ਦੀਆਂ ਤਿਆਰੀਆਂ ਕਰ ਰਹੇ ਹਨ। ਨਾਲ ਹੀ ਨੈਸ਼ਨਲ ਪ੍ਰੋਫ਼ੈਸਰ ਆਫ਼ ਸਿਖਇਜ਼ਮ ਸ: ਗੁਰਤੇਜ ਸਿੰਘ ਦੀ ਜ਼ੁਬਾਨ ਬੰਦ ਕਰਨ ਦੇ ਜੁਗਾੜ ਬਣਾਏ ਜਾ ਰਹੇ ਹਨ ਕਿਉਂਕਿ ਉਹ ਭੀ ਗੁਰਬਖ਼ਸ਼ ਸਿੰਘ ਜੀ ਦੇ ਸੱਚ ਨਾਲ ਖਲੋਤਾ ਹੈ।

ਹੁਣੇ ਜਿਹੇ ਇੱਕ ਕਿਤਾਬ ਸ: ਕੁਲਵੰਤ ਸਿੰਘ ਵੱਲੋਂ ਲਿਖੀ ਹੋਈ ਮਾਰਕੀਟ ਵਿੱਚ ਆਈ "ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ"। ਇਸ ਪੁਸਤੱਕ ਵਿੱਚ ਖਤਰਿਆਂ ਦੀ ਪ੍ਰਵਾਹ ਨਾ ਕਰਦਿਆਂ ਲੇਖਕ ਨੇ ਕਰੂਰ ਸੱਚ ਉਗਲਿਆ ਹੈ। ਪੜ੍ਹ ਕੇ ਜਥੇਦਾਰਾਂ, ਪੁਜਾਰੀਆਂ, ਰਾਜਨੀਤੀਵਾਨਾਂ ਦੀਆਂ ਮੰਦ ਕਰਤੂਤਾਂ ਕਾਰਨ ਪਾਣੀ ਪਾਣੀ ਹੋ ਜਾਈਦਾ ਹੈ। ਪਿਛਲੇ ਪੰਜ ਕੁ ਸਾਲਾਂ ਵਿੱਚ ਜਿਵੇਂ ਅਕਾਲ ਤਖ਼ਤ ਸਾਹਿਬ ਨੂੰ ਖਿਡੌਣੇ ਵਾਂਗ ਵਰਤਿਆ ਤੇ ਵਲੂੰਧਰਿਆ ਗਿਆ ਹੈ, ਪੜ੍ਹ ਕੇ ਭੁੱਬਾਂ ਨਿਕਲ ਜਾਂਦੀਆਂ ਹਨ। ਜਾਤੀ ਕਿੜਾਂ ਕੱਢਣ ਵਾਸਤੇ ਵਿਰੋਧੀਆਂ ਨੂੰ ਗਿੱਚੀਉਂ ਨੱਪਣ ਵਾਸਤੇ ਹਰ ਰਾਜ ਨੇਤਾ ਨੇ ਇਨ੍ਹਾਂ ਅਖੌਤੀ ਜਥੇਦਾਰਾਂ ਨੂੰ ਕਠਪੁਤਲੀਆਂ ਵਾਂਗ ਧਰਮ ਦੇ ਨਾਮ 'ਤੇ ਨਚਾਇਆ ਹੈ। ਕਿਸੇ ਵਿੱਚ ਇੰਨੀ ਜ਼ੁਅਰਤ ਨਹੀਂ ਸੀ ਕਿ ਕੁਰੱਪਟ ਤੇ ਧਰਮ ਤੋਂ ਸੱਖਣੇ, ਰਾਜਸੀ ਆਕਾਵਾਂ ਵਿਰੁੱਧ ਅੱਖ ਚੁੱਕ ਕੇ ਭੀ ਵੇਖ ਸਕਣ। ਸਗੋਂ ਲੀਡਰਾਂ ਦੇ ਦਰਾਂ 'ਤੇ ਭਿਖਾਰੀਆਂ ਵਾਂਗ ਲਿਲਕੜੀਆਂ ਲੈਂਦੇ, ਇਹ ਜਥੇਦਾਰ ਵੇਖੇ ਜਾਂਦੇ ਰਹੇ। ਅੱਗੋਂ ਸਿਤਮ ਵੇਖੋ ਗੁਰਮਤਿ ਦੇ ਵਿਆਖਿਆਕਾਰ ਸ: ਗੁਰਬਖਸ਼ ਸਿੰਘ ਵਾਸਤੇ ਆਟੇ ਦੇ ਸੀਂਹ ਬਣ ਭੁੰਕਾਰ ਰਹੇ ਨੇ। ਪੰਥ ਪ੍ਰਸਤਾਂ ਨੂੰ ਹਰ ਹੀਲੇ ਧੌਂਸ ਵਿਖਾਉਣੀ ਤੇ ਪੰਥ ਦੋਖੀਆਂ ਦੀਆਂ ਤਲੀਆਂ ਚੱਟਣੀਆਂ ਇਨ੍ਹਾਂ ਦੀ ਖਸਲਤ ਬਣ ਗਈ ਹੈ।

ਮੌਜੂਦਾ ਜਥੇਦਾਰ ਭਾਈ ਜੋਗਿੰਦਰ ਸਿੰਘ ਵੇਦਾਂਤੀ ਸੁਣਿਆ ਹੈ ਕਿ ਸਿੱਖ ਧਰਮ ਦੀ ਚਲਦੀ ਫਿਰਦੀ ਯੂਨੀਵਰਸਿਟੀ ਦਮਦਮੀ ਟਕਸਾਲ ਵਿੱਚ "ਪੜ੍ਹਿਆ" ( ?) ਹੈ। ਜਿਸਨੂੰ ਪੰਝੀ ਸਾਲ ਤੱਕ ਸ਼੍ਰੋਮਣੀ ਕਮੇਟੀ ਦੇ ਰਹਿ ਚੁੱਕੇ ਪ੍ਰਧਾਨ ਸ. ਗੁਰਚਰਨ ਸਿੰਘ

ਟੌਹੜਾ ਸਟੇਜਾਂ 'ਤੇ ਸਲੁਹਤਾ ਕਰ ਚੁੱਕੇ ਹਨ। ਉਸ ਅਖੌਤੀ ਯੂਨੀਃ ਵਿੱਚ ਕਿਸ ਤਰ੍ਹਾਂ ਦੀ ਵਿੱਦਿਆ ਦਿੱਤੀ ਜਾ ਰਹੀ ਹੈ, ਜਿੱਥੋਂ ਗਿਆਨੀ ਕਿਰਪਾਲ ਸਿੰਘ, ਸਾਬਕਾ ਜਥੇਦਾਰ, ਗਿਆਨੀ ਸਾਹਿਬ ਸਿੰਘ ਸਾਬਕਾ ਗ੍ਰੰਥੀ ਦਰਬਾਰ ਸਾਹਿਬ, ਗਿਃ ਜੋਗਿੰਦਰ ਸਿੰਘ ਵੇਦਾਂਤੀ, ਪੜ੍ਹੇ ਹਨ, ਕੁੱਝ ਨਮੂਨੇ ਹਾਜ਼ਰ ਹਨ –

ਇਨ੍ਹਾਂ ਦੀ ਯੂਨੀਵਰਸਿਟੀ ਦੇ ਕੁਲਪਤੀ ਗਿਆਨੀ ਗੁਰਬਚਨ ਸਿੰਘ ਨੇ ਕੁੱਝ ਕਿਤਾਬਾਂ ਲਿਖੀਆਂ ਹਨ। ਨਿਮਰਤਾ ਦੇ ਪੁੰਜ ਅਖਵਾਉਣ ਵਾਲਿਆਂ ਦੀ ਕਿਤਾਬ ਦੀ ਜਿਲਦ ਦੇ ਬਾਹਰ ਲੇਖਕ ਬਾਰੇ ਇਹ ਲਿਖਿਆ ਹੈ –

"ਸ੍ਰੀ ਮਾਨ ਪੰਥ ਰਤਨ ਵਿਦਿਯਾ ਮਾਰਤੰਡ, ਸੰਤ, ਗਿਆਨੀ, ਗੁਰਬਚਨ ਸਿੰਘ ਜੀ, ਖਾਲਸਾ, ਭਿੰਡਰਾਂ ਵਾਲੇ (ਫ਼ਿਰੋਜ਼ਪੁਰ) ਪਾਠਕ ਵੀਰੋ ਧਿਆਨ ਦੇਣਾ ਆਪਣੇ ਨਾਮ ਨਾਲ ਆਪੇ ਹੀ ਅਣਗਿਣਤ ਡਿਗਰੀਆਂ ਚਿਪਕਾ ਲਈਆਂ। ਬਾਕੀ ਦੇ ਅਰਥ ਤਾਂ ਤੁਸੀਂ ਸਮਝਦੇ ਹੀ ਹੋ, ਬਸ ਵਿਦਿਯਾ ਮਾਰਤੰਡ ਸਮਝ ਲੈਣਾ। ਜਾਣੀ ਕਿ ਗਿਆਨ ਦਾ ਸੂਰਜ। ਮਾਰਤੰਡ-ਸੂਰਜ। ਇਹ ਨਿਮਰਤਾ ਦੀ ਹੱਦ ਹੈ ਕਿ ਹੰਕਾਰ ਦੀ ਸਿਖਰ? ਮੇਰੇ ਸਾਹਮਣੇ ਇਨ੍ਹਾਂ ਦੀ ਕਿਤਾਬ "ਗੁਰਬਾਣੀ ਪਾਠ ਦਰਸ਼ਨ" 1969 ਦੀ ਐਡੀਸ਼ਨ ਮੌਜੂਦ ਹੈ। ਸਬੂਤ ਵਾਸਤੇ ਜ਼ਰੂਰੀ ਪੰਨਿਆਂ ਦੇ ਫੋਟੋ ਉਤਾਰੇ ਕਰ ਕੇ ਪਾ ਰਿਹਾ ਹਾਂ।

1. ਅੱਜ ਕੱਲ੍ਹ ਬੜੇ ਜ਼ੋਰ ਸ਼ੋਰ ਨਾਲ ਬਾਹਵਾਂ ਉਲਾਰ ਕੇ, ਸੰਘ ਪਾੜਕੇ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕੁਫਰ ਤੋਲਿਆ ਜਾ ਰਿਹਾ ਹੈ ਕਿ ਸਾਡੀ ਦਮਦਮੀ ਟਕਸਾਲ ਮਹਾਨ ਯੋਧੇ, ਸੀਸ ਤਲੀ ਤੇ ਟਿਕਾ ਕੇ ਜੰਗ ਵਿੱਚ ਜੂਝਣ ਵਾਲੇ, ਬਾਬਾ ਦੀਪ ਸਿੰਘ ਜੀ ਤੋਂ ਚੱਲੀ ਹੈ। ਜੋ ਪੁਸਤੱਕ ਮੇਰੇ ਸਨਮੁੱਖ ਹੈ (ਫ਼ੋਟੋ ਕਾਪੀ ਹਾਜ਼ਰ ਕਰ ਰਿਹਾ ਹਾਂ) ਇਸ ਵਿੱਚ ਗਿਃ ਗੁਰਬਚਨ ਸਿੰਘ ਵੱਲੋਂ ਗੁਰਬਾਣੀ ਪਾਠ ਦਰਸ਼ਨ ਦੇ ਪੰਨਾ 253 'ਤੇ ਟਕਸਾਲ ਭਾਈ ਮਨੀ ਸਿੰਘ ਤੋਂ ਚੱਲੀ ਲਿਖਿਆ ਹੋਇਆ ਹੈ। ਬਾਬਾ ਦੀਪ ਸਿੰਘ ਦਾ ਅੱਗੋਂ ਕੋਈ ਚੇਲਾ ਨਹੀਂ ਦਰਸਾਇਆ। ਇਹੀ ਗੱਲ ਗਿਆਨੀ ਮੋਹਣ ਸਿੰਘ ਜਿਸ ਨੇ ਗੱਦੀ ਨਾ ਮਿਲਣ ਕਰ ਕੇ ਅਲੱਗ ਸੰਪਰਦਾ ਚਲਾ ਲਈ। ਆਪਣੇ ਵੱਲੋਂ ਛਪਾਈ ਗੁਰਬਾਣੀ ਪਾਠ ਦਰਸ਼ਨ 1986 ਐਡੀਸ਼ਨ ਵਿੱਚ ਪੰਨਾ 245 'ਤੇ ਭਾਈ ਮਨੀ ਸਿੰਘ ਤੋਂ ਟਕਸਾਲ ਚੱਲੀ ਸਵੀਕਾਰਦਾ ਹੈ। ਸਤੋਵਾਲੀ ਗਲੀ ਅੰਮ੍ਰਿਤਸਰ ਵਿਖੇ ਰਹਿਣ ਵਾਲੇ ਇੱਕ ਹੋਰ ਡੇਰੇਦਾਰ ਭਾਈ ਮੱਖਣ ਸਿੰਘ ਭੀ ਗੁਰਬਾਣੀ ਅਰਥਾਂ ਵਾਲੀ ਪਹਿਲੀ ਪੋਥੀ ਵਿੱਚ ਟਕਸਾਲ ਨੂੰ ਭਾਈ ਮਨੀ ਸਿੰਘ ਤੋਂ ਟੁਰੀ ਲਿਖਦਾ ਹੈ। ਪਿਛਲੇ ਵੀਹ ਕੁ ਸਾਲਾਂ ਤੋਂ ਅਜਿਹਾ ਪੈਂਤਰਾਂ ਬਦਲਿਆ ਟਕਸਾਲ ਵਾਲਿਆਂ ਨੇ ਆਪਣੀ ਪੂਛਲ ਖਿੱਚ ਕੇ ਬਾਬਾ ਦੀਪ ਸਿੰਘ ਨਾਲ ਜੋੜ ਦਿੱਤੀ। ਸ਼ਾਇਦ ਭਾਈ ਮਨੀ ਸਿੰਘ ਦਾ ਬੰਦ ਬੰਦ ਕਟਵਾ ਕੇ ਸ਼ਹੀਦ ਹੋਣਾ ਘੱਟ ਬਹਾਦਰੀ ਵਾਲਾ ਕਾਰਨਾਮਾ ਮਹਿਸੂਸ ਹੋਇਆ। ਸ਼ਰੇਆਮ ਹਰ ਰੋਜ਼ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਝੂਠ ਬੋਲ ਕੇ ਸੰਗਤ ਨੂੰ ਗੁਮਰਾਹ ਕੀਤਾ

ਜਾ ਰਿਹਾ ਹੈ। ਇਹ ਵੇਦਾਂਤੀ ਜੀ ਉਥੋਂ ਹੀ ਪੜ੍ਹੇ ਹਨ।

2. ਇਸੇ ਪੁਸਤਕ ਦੇ ਪੰਨਾ 45 ’ਤੇ ਲਿਖਿਆ ਹੈ ਕਿ ਦਸਮ ਪਾਤਸ਼ਾਹ ਨੇ ਪੰਜਾਂ ਸਿੰਘਾਂ ਦੇ ਸਿਰ ਕੱਟ ਦਿੱਤੇ। ਫਿਰ ਅੰਮ੍ਰਿਤ ਤਿਆਰ ਕੀਤਾ, ਸਿਰ ਕੱਟੇ ਹੋਏ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਰੱਖ ਦਿੱਤੇ। ਜਿੱਥੋਂ ਸਿਰ ਕੱਟੇ ਗਏ ਸੀ ਮੋਢਿਆਂ ਵਾਲੀ ਥਾਂ ’ਤੇ, ਅੰਮ੍ਰਿਤ ਛਿੜਕਿਆ ਗਿਆ। ਤੁਰੰਤ ਨਵੇਂ ਸਿਰ ਪੈਦਾ (ਉੱਗ) ਹੋ ਗਏ। ਪੁਰਾਣੇ ਸਿਰਾਂ ਦਾ ਕੀ ਕੀਤਾ ਕੁੱਝ ਪਤਾ ਨਹੀਂ। ਅਜਿਹੀ ਉਲ ਜਲੂਲ ਲਿਖਣ ਵਾਲੀ ਯੂਨੀ: ਵਿੱਚੋਂ ਪੜ੍ਹੇ ਹਨ ਸਾਡੇ ਇਹ ਤਖਤਾਂ ਦੇ ਜਥੇਦਾਰ।
3. ਇਸੇ ਕਿਤਾਬ ਦੇ ਪੰਨਾ 88 ’ਤੇ ਦਰਜ ਹੈ ਕਿ ਅੰਮ੍ਰਿਤ ਛਕਣ ਤੋਂ ਬਾਅਦ ਕੋਈ ਜਿੰਨੀਆਂ ਮਰਜ਼ੀ ਗ਼ਲਤੀਆਂ ਪਾਪ ਕੁਕਰਮ ਕਰੇ, ਦਸ ਹਜ਼ਾਰ ਸਾਲ ਤੱਕ ਨਰਕਾਂ ਵਿੱਚ ਨਹੀਂ ਜਾਵੇਗਾ। ਇਸੇ ਕਰ ਕੇ ਗਿਆਨੀ ਜੋਗਿੰਦਰ ਸਿੰਘ ਨੂੰ ਕਿਸੇ ਪਾਪ ਕਰਮ ਦਾ ਭੈ ਨਹੀਂ ਰਿਹਾ। ਇਸੇ ਲਈ ਮਨਮਰਜ਼ੀ ਦੇ ਹੁਕਮਨਾਮੇ ਜਾਰੀ ਕਰੀ ਜਾ ਰਹੇ ਹਨ। ਦਸ ਹਜ਼ਾਰ ਸਾਲ ਤੱਕ ਕੋਈ ਡਰ ਨਹੀਂ। ਇਨ੍ਹਾਂ ਟਕਸਾਲੀ ਲਿਖਤਾਂ ਦੀ ਥਾਵੇਂ ਗੁਰਬਾਣੀ ਦਾ ਇਲਾਹੀ ਫ਼ੈਸਲਾ – ਤਾਂ ਇਉਂ ਹੈ –

   ਚੋਰੁ ਸਲਾਹੇ ਚੀਤੁ ਨ ਭੀਜੈ ॥ ਜੇ ਬਦੀ ਕਰੇ ਤਾ ਤਸੂ ਨ ਛੀਜੈ ॥
   ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥ (662)

ਇਹ ਤਾਂ ਮੰਨਿਆ ਨਹੀਂ ਜਾ ਸਕਦਾ ਕਿ ਗਿਆਨੀ ਜੋਗਿੰਦਰ ਸਿੰਘ ਨੇ ਕੋਈ ਪਾਠ ਨਹੀਂ ਕੀਤਾ, ਨਾ ਹੀ ਇਹ ਸਵੀਕਾਰ ਕੀਤਾ ਜਾ ਸਕਦਾ ਹੈ ਕਿ ਉਸ ਨੂੰ ਗੁਰਬਾਣੀ ਦੇ ਅਰਥ ਨਾ ਆਉਂਦੇ ਹੋਣ। ਕਿਉਂਕਿ ਉਹ ਪੁਰਾਤਨ ਲਿਖਤੀ ਕਿਤਾਬਾਂ ਦੀ ਸੰਪਾਦਨਾ ਕਰਦਾ ਹੈ ਤੇ ਮਹਾਨ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਤਖ਼ਤ ਦਾ ਸੇਵਾਦਾਰ (ਅਸਲ ਵਿੱਚ ਗੁਰੂ ਨਾਲੋਂ ਵੱਡਾ ਹੋਣ ਦਾ ਪਾਪ ਭਰਮ) ਅਖਵਾਉਂਦਾ ਹੈ। ਜੋ ਕੂੜ ਕਬਾੜ ਟਕਸਾਲ ਵਾਲਿਆਂ ਨੇ ਜਬਾਨੀ ਅਤੇ ਲਿਖਤੀ ਸਿੱਖੀ ਦੇ ਪੇਟੇ ਪਾਇਆ ਹੈ, ਉਹ ਗਿਆਨੀ ਜੀ ਨੇ ਨਾ ਪੜ੍ਹਿਆ ਹੋਵੇ ਇਹ ਅਸੰਭਵ ਹੈ। ਇਨ੍ਹਾਂ ਟਕਸਾਲੀਆਂ ਨੇ ਜੋ ਹੋਰ ਅਨੇਕ ਬਖੇੜੇ ਪੰਥ ਵਿੱਚ ਪੈਦਾ ਕੀਤੇ ਹਨ, ਉਨ੍ਹਾਂ ਵਿੱਚੋਂ ਨਾ ਕਾਬਲੇ ਬਰਦਾਸ਼ਤ, ਪੰਥ ਦੀ ਸਮੁੱਚੀ ਹੋਂਦ ਨੂੰ ਖਤਰੇ ਵਿੱਚ ਪਾ ਦੇਣ ਵਾਲਾ ਬੱਜਰ ਪਾਪ ਇਹ ਕੀਤਾ ਹੈ ਕਿ ਪਾਵਨ ਪਵਿੱਤਰ ਗੁਰੂਬਾਣੀ ਸ਼ੁੱਧ ਸੋਨਾ ਰੂਪ, ਸਿੱਖ ਸਮਾਜ ਦੇ ਜੀਵਨ ਦੀ ਆਧਾਰ ਸ਼ਿਲਾ ਉੱਪਰ ਭੀ ਕੋਝਾ ਵਾਰ ਕੀਤਾ ਹੈ। ਇਨ੍ਹਾਂ ਦੀ ਕਿਤਾਬ ਗੁਰਬਾਣੀ ਪਾਠ ਦਰਸ਼ਨ ਦੇ ਪੰਨਾ 260 ’ਤੇ ਗਿਆਨੀ ਗੁਰਬਚਨ ਸਿੰਘ, “ਗੁਰਮਤਿ ਮਾਰਤੰਡ” (ਗਿਆਨ ਦਾ ਸੂਰਜ) ਸ਼ਰੇਆਮ ਲਿਖ ਰਿਹਾ ਹੈ ਕਿ “ਦਮਦਮੀ ਬੀੜ ਨਾਲੋਂ ਕਰਤਾਰਪੁਰੀ ਬੀੜ ਵਿੱਚ ਕਰੀਬ ਪੰਦਰਾਂ ਸੌ ਤੋਂ ਵੱਧ ਪਾਠ ਭੇਦ ਹਨ। ਭਾਵ ਕਿ ਦਮਦਮੀ ਬੀੜ ਠੀਕ ਹੈ ਕਿਉਂਕਿ ਇਨ੍ਹਾਂ ਨੇ ਆਪਣੀ ਜਥੇਬੰਦੀ ਦਾ ਪਿਛੋਕੜ

ਦਮਦਮਾ ਸਾਹਿਬ ਨਾਲ ਨੱਥੀ ਕਰ ਲਿਆ ਹੈ। ਇਸੇ ਕਾਰਨ ਦਮਦਮੀ ਬੀੜ ਸ਼ੁੱਧ ਹੈ, ਪਰ ਕਰਤਾਰਪੁਰੀ ਬੀੜ ਜੋ ਗੁਰੂ ਅਰਜਨ ਸਾਹਿਬ ਜੀ ਨੇ ਲਿਖਵਾਈ ਤੇ ਭਾਈ ਗੁਰਦਾਸ ਨੇ ਲਿਖੀ ਉਹ ਪੰਦਰਾਂ ਸੌ ਥਾਵੇਂ ਗ਼ਲਤ ਹੈ।" ਕੀ ਵੇਦਾਂਤੀ ਜੀ ਨੇ ਇਹ ਕੁਫਰ ਪਾਠ ਇਨ੍ਹਾਂ ਦੀ ਕਿਤਾਬ ਵਿੱਚ ਕਦੀ ਨਹੀਂ ਪੜ੍ਹਿਆ? ਜ਼ਰੂਰ ਪੜ੍ਹਿਆ ਹੈ ਸੈਂਕੜੇ ਵਾਰ ਪੜ੍ਹਿਆ ਹੈ। ਪਰ ਗੁਰਬਾਣੀ ਸਿਧਾਂਤਾਂ ਤੋਂ ਉੱਪਰ ਵੇਦਾਂਤੀ ਜੀ ਟਕਸਾਲ ਦੀਆਂ ਲਿਖਤਾਂ ਨੂੰ ਮਾਨਤਾ ਦੇ ਰਹੇ ਹਨ। ਨਹੀਂ ਤਾਂ ਕੀ ਕਾਰਨ ਹੈ ਕਿ ਕਾਲਾ ਅਫ਼ਗਾਨਾ ਜੀ ਗੁਰਬਾਣੀ ਦੇ ਕਈ ਕਈ ਪਰਮਾਣ ਦੇ ਕੇ ਆਪਣੀ ਗੱਲ ਨੂੰ ਠੀਕ ਸਿੱਧ ਕਰ ਰਹੇ ਹਨ, ਉਨ੍ਹਾਂ ਨੂੰ ਫਾਂਸੀ ਲਾਉਣ ਦਾ ਸਾਰਾ ਅਡੰਬਰ ਰਚਿਆ ਜਾ ਰਿਹਾ ਹੈ। ਦੂਜੇ ਬੇਈਮਾਨੀ ਦੀ ਸਿਖਰ ਵੇਖੋ ਟਕਸਾਲੀਏ ਗੁਰਮਤਿ ਅਸੂਲਾਂ ਦੀਆਂ ਧੱਜੀਆਂ ਉਡਾ ਰਹੇ ਹਨ, ਪਾਵਨ ਕਰਤਾਰਪੁਰੀ ਬੀੜ ਦੀ ਸ਼ੁੱਧਤਾ ਨੂੰ ਚੈਲੰਜ ਕਰ ਰਹੇ ਹਨ ਉਹ ਫਿਰ ਭੀ ਅਸਲੀ ਗੁਰਸਿੱਖ ਗਰਦਾਨੇ ਜਾ ਰਹੇ ਹਨ। ਖੁਦ ਵੇਦਾਂਤੀ ਜੀ ਭੀ ਉਸੇ ਬ੍ਰਾਹਮਣੀ ਟਕਸਾਲ ਵਿੱਚੋਂ ਸਿੱਖ ਕੇ ਆਏ ਹਨ ਕਿ ਕਿਸੇ ਸਿੱਖ ਨੂੰ ਨਿਰੋਲ ਸੱਚ ਬੋਲਣ ਕਾਰਨ ਸਿੱਖੀ 'ਚੋਂ ਖਾਰਜ ਕਰ ਦੇਣਾ, ਲਿਖਤਾਂ 'ਤੇ ਪਾਬੰਦੀ ਲਾ ਦੇਣੀ, ਇਹੀ ਤਾਂ ਕੀਤਾ ਗਿਆ ਹੈ।

ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਿਤ "ਸਿੱਖ ਰਹਿਤ ਮਰਿਆਦਾ" ਦੇ ਮੁਕਾਬਲੇ ਤੇ ਇਨ੍ਹਾਂ (1994) ਆਪਣੀ ਵੱਖਰੀ ਰਹਿਤ ਮਰਿਆਦਾ ਬਣਾ ਲਈ ਹੈ। ਅਣਗਿਣਤ ਵਾਰ ਇਨ੍ਹਾਂ ਪੰਥਕ ਹਸਤੀ ਨੂੰ ਚੈਲੰਜ ਕੀਤਾ ਹੈ। ਸੇਵਾ ਦੇ ਬਹਾਨੇ ਤੇਰਾਂ ਸਾਲ ਤੱਕ ਅਕਾਲ ਤਖ਼ਤ ਸਾਹਿਬ ਦੀ ਸੇਵਾ ਦੇ ਨਾਮ 'ਤੇ ਦੇਸ਼ ਵਿਦੇਸ਼ ਤੋਂ ਸਿੱਖਾਂ ਨੂੰ ਲੁੱਟਿਆ ਗਿਆ ਹੈ। ਬਾਕੀ ਚਾਰ ਸਾਥੀ ਸੇਵਾ ਵਾਲੇ ਬਾਬੇ ਬੇਇੱਜ਼ਤ ਕਰ ਕੇ ਹਿੱਕ ਦੇ ਤਾਣ ਸੇਵਾ 'ਚੋਂ ਲਾਂਭੇ ਕਰ ਦਿੱਤੇ ਗਏ, ਤਾਂ ਕਿ ਮਨਮਾਨੀਆਂ ਕੀਤੀਆਂ ਜਾ ਸਕਣ। ਅੱਜ ਤੱਕ "ਬਾਬਾ ਜਰਨੈਲ ਸਿੰਘ ਜੀਵਤ ਹੈ, ਚੜ੍ਹਦੀ ਕਲਾ ਵਿੱਚ ਹੈ, ਆਖ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ, ਹਜ਼ਾਰਾਂ ਦੇ ਇਕੱਠ ਸਾਹਮਣੇ ਬੜੀ ਬੇ ਹਯਾਈ ਨਾਲ ਕੁਫਰ ਤੋਲਿਆ ਜਾ ਰਿਹਾ ਹੈ ਤੇ ਵੇਦਾਂਤੀ ਜੀ ਫਿਰ ਭੀ ਸ਼ਾਂਤ ਨੇ। ਬਸ ਇਨ੍ਹਾਂ ਨੂੰ ਗੁੱਸਾ ਆਉਂਦਾ ਹੈ ਤਾਂ ਉਦੋਂ ਜਦੋਂ ਇਨ੍ਹਾਂ ਵੱਲੋਂ ਸੰਪਾਦਤ ਕੀਤੀ ਪੁਸਤਕ ਗੁਰਬਿਲਾਸ ਪਾ: 6 'ਤੇ ਕੋਈ ਉਂਗਲ ਉਠਾਵੇ। ਇਹ ਆਪਣੀ ਪੁਸਤਕ ਵਿੱਚ ਸਤਿਗੁਰੂ ਜੀ ਦੀ ਅਜਮਤ ਘੱਟੇ 'ਚ ਰੋਲ ਦੇਣ, ਸਤਿਗੁਰੂ ਜੀ ਨੂੰ ਕੌਲਾਂ ਦਾ ਆਸ਼ਿਕ ਸਿੱਧ ਕਰ ਦੇਣ, ਬਾਬਾ ਬੁੱਢਾ ਜੀ ਤੋਂ ਵਰ ਸਰਾਪ ਦੁਆਂਦੇ ਰਹਿਣ, ਗੁਰਦਵਾਰੇ ਦਰਬਾਰ ਸਾਹਿਬ ਨੂੰ ਹਰੀਮੰਦਿਰ (ਹਰੀ ਵਿਸ਼ਨੂੰ ਦਾ ਮੰਦਿਰ) ਐਲਾਨੀ ਜਾਣ, ਸਿੱਖ ਲਵ-ਕੁਸ਼ ਦੀ ਔਲਾਦ ਬਣੇ ਰਹਿਣ ਇਹ ਸਭ ਠੀਕ ਹੈ। ਪਰ ਜੇ ਕੋਈ ਗੁਰਮਤਿ ਦਾ ਜਾਣੂੰ ਇਨ੍ਹਾਂ ਨੂੰ ਰੋਕੇ ਟੋਕੇ ਤਾਂ ਪੰਥ ਦੁਸ਼ਮਣ ਆਖ ਕੇ ਛੇਕ ਦੇਣਗੇ।

ਸੂਰਜ ਪ੍ਰਕਾਸ਼ (ਭਾਈ ਸੰਤੋਖ ਸਿੰਘ ਰਚਿਤ) ਪੰਝੀ ਪਰਸੈਂਟ ਤੋਂ ਜ਼ਿਆਦਾ ਗੁਰਮਤਿ ਤੋਂ ਉਲਟ ਲਿਖਤ ਹੈ। ਅਨੇਕ ਥਾਈਂ ਸਤਿਗੁਰੂ ਨੂੰ ਬੇਇਜ਼ਤ ਕੀਤਾ ਗਿਆ ਹੈ।

ਦੇਵੀਆਂ ਦੇ ਪੁਜਾਰੀ, ਨਸ਼ੇ ਖਾਂਦੇ ਪੀਂਦੇ ਅਤੇ ਹੋਰ ਪਾਪ ਕਰਦੇ ਲਿਖਿਆ ਹੋਇਆ ਹੈ ਫਿਰ ਭੀ ਉਨ੍ਹਾਂ ਗ੍ਰੰਥਾਂ ਦੀ ਗੁਰਦਵਾਰਿਆਂ ਵਿੱਚ ਹਰ ਰੋਜ਼ ਕਥਾ ਹੁੰਦੀ ਹੈ। ਦਸਮ ਗ੍ਰੰਥ ਵਿਚਲੀਆਂ ਅਸ਼ਲੀਲ ਕਾਮ ਉਤੇਜਨਾ ਭਰਪੂਰ ਕਥਾਵਾਂ ਇਨ੍ਹਾਂ ਨੂੰ ਕੜਾਹ ਵਾਂਗ ਪਿਆਰੀਆਂ ਹਨ। ਪ੍ਰਿੰ. ਸਤਿਬੀਰ ਸਿੰਘ ਦੀਆਂ ਪੁਸਤਕਾਂ ਵਿੱਚੋਂ ਢੇਰ ਸਾਰਾ ਗੁਰਮਤਿ ਵਿਰੋਧੀ ਕੂੜਾ ਮਿਲ ਜਾਂਦਾ ਹੈ। ਥਾਂ ਥਾਂ 'ਤੇ ਸਾਧ ਸੰਤ ਗੁਰਮਤਿ ਤੋਂ ਉਲਟ ਮਰਿਆਦਾਵਾਂ ਚਲਾ ਰਹੇ ਹਨ। ਬਾਣੀ ਨੂੰ ਤੋੜ ਮਰੋੜ ਰਹੇ ਹਨ। ਸਾਡੇ ਪੰਥਕ ਲੀਡਰ ਸ਼ਰੇਆਮ ਗੁਰਮਤਿ ਦੀ ਖਿੱਲੀ ਉਡਾ ਰਹੇ ਹਨ। ਜਿਵੇਂ ਚਾਹੁਣ ਜਥੇਦਾਰਾਂ ਦੇ ਕੰਨ ਮਰੋੜ ਕੇ ਹੁਕਮਨਾਮੇ ਜਾਰੀ ਕਰਵਾ ਲੈਂਦੇ ਹਨ। ਨਸ਼ੇ ਪਤਿਤਪੁਣਾ ਪੰਜਾਬ ਵਿੱਚ ਵਬਾ ਦੀ ਤਰ੍ਹਾਂ ਫੈਲਦਾ ਜਾ ਰਿਹਾ ਹੈ। ਗੁਰਦਵਾਰੇ ਸਿੱਖਾਂ ਨੂੰ ਸੋਝੀ ਦੇਣ ਦੀ ਥਾਵੇਂ ਵਪਾਰਕ ਅਦਾਰੇ ਬਣ ਚੁੱਕੇ ਹਨ। ਦੇਸ਼ ਵਿਦੇਸ਼ ਵਿੱਚ ਦਾਜ ਕਾਰਨ ਸਿੱਖ ਲੜਕੀਆਂ ਨੂੰ ਕਤਲ ਕੀਤਾ ਜਾ ਰਿਹਾ ਹੈ। ਭਰੂਣ ਹੱਤਿਆ ਜ਼ੋਰਾਂ 'ਤੇ ਹੈ, ਤੇ ਸਾਡੇ ਜਥੇਦਾਰ ਚੈਨ ਦੀ ਬੰਸਰੀ ਵਜਾ ਰਹੇ ਹਨ। ਜਾਂ ਫਿਰ ਵਿਦਵਾਨਾਂ ਵਿਰੁੱਧ ਆਰਾ ਤਿੱਖਾ ਕਰ ਰਹੇ ਹਨ।

ਟਕਸਾਲ ਵੱਲੋਂ ਛਪੀ ਹੋਈ ਗਿਆਨੀ ਗੁਰਬਚਨ ਸਿੰਘ ਦੀ ਲਿਖੀ ਹੋਈ ਇੱਕ ਹੋਰ ਕਿਤਾਬ ਹੈ, ਸ੍ਰੀ ਗੁਰਮੁਖ ਪ੍ਰਕਾਸ਼। ਇਸ ਵਿੱਚ ਭੀ ਰੱਜ ਕੇ ਝੂਠ ਲਿਖਿਆ ਗਿਆ ਹੈ ਤੇ ਪੰਥ ਦੇ ਭੋਲੇ ਬੱਚਿਆਂ ਨੂੰ ਗੁਮਰਾਹ ਕੀਤਾ ਗਿਆ ਸਾਰੀ ਇਬਾਰਤ ਪੰਨੇ ਵਾਈਜ਼ ਨਾਲ ਫ਼ੋਟੋ ਕਾਪੀ ਕਰਵਾ ਕੇ ਭੇਜ ਰਿਹਾ ਹਾਂ। ਕੀ ਵੇਦਾਂਤੀ ਜੀ ਨੇ ਉਹ ਭੀ ਨਹੀਂ ਪੜ੍ਹੀ ਜ਼ਰੂਰ ਪੜ੍ਹੀ ਹੈ, ਇਸੇ ਕਰ ਕੇ ਤਾਂ ਬੀਬੀਆਂ ਨੂੰ ਦਰਬਾਰ ਸਾਹਿਬ ਵਿੱਚ ਸਫਾਈ ਸੇਵਾ ਵਿੱਚ ਸ਼ਾਮਲ ਨਹੀਂ ਹੋਣ ਦਿੱਤਾ ਜਾਂਦਾ। ਕਿਉਂਕਿ ਇਹ ਲੋਕ ਆਪਣੀ ਟਕਸਾਲ ਵਿੱਚ ਬੀਬੀਆਂ ਨੂੰ ਕੀਰਤਨ ਪਾਠ, ਅਰਦਾਸ, ਹੁਕਮਨਾਮਾ, ਪੰਜ ਪਿਆਰਿਆਂ ਦਾ ਪ੍ਰਸ਼ਾਦਿ ਨਹੀਂ ਲੈਣ ਦਿੰਦੇ। ਸਿੱਖ ਰਹਿਤ ਮਰਿਆਦਾ ਦੇ ਉਲਟ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦੀ ਡਿਊਟੀ (ਪੰਜ ਪਿਆਰਿਆਂ ਦੀ ਸੇਵਾ) ਵਿੱਚ ਸ਼ਾਮਲ ਨਹੀਂ ਹੋਣ ਦਿੰਦੇ। ਸ਼ਾਇਦ ਟਕਸਾਲ ਵਾਲੇ ਬੀਬੀਆਂ ਨੂੰ ਇਨਸਾਨ ਮੰਨਣ ਤੋਂ ਨਾਬਰ ਹੋ ਚੁੱਕੇ ਹਨ ਤੇ ਵੇਦਾਂਤੀ ਜੀ ਨੂੰ ਇਹ ਸਭ ਪ੍ਰਵਾਨ ਹੈ। ਸ਼ਾਇਦ ਸਾਡੇ ਜਥੇਦਾਰ ਭੁੱਲ ਗਏ ਹਨ ਕਿ ਭਾਰਤੀ ਸੰਵਿਧਾਨ ਵਿੱਚ ਇੱਕ ਮਦ ਇਹ ਭੀ ਦਰਜ ਹੈ ਕਿ ਕਿਸੇ ਵਿਅਕਤੀ ਨਾਲ, ਜਾਤ, ਧਰਮ, ਬੋਲੀ, ਲਿੰਗ ਦੇ ਕਾਰਨ ਵਿਤਕਰਾ ਨਹੀਂ ਕੀਤਾ ਜਾਵੇਗਾ। ਵਿਤਕਰਾ ਕਰਨ ਕਰਾਉਣ ਵਾਲਾ ਸਜ਼ਾ ਦਾ ਭਾਗੀ ਹੋਵੇਗਾ। ਵੇਖਣਾ ਕਿਸੇ ਪੰਥ ਵਿੱਚੋਂ ਖਾਰਜ ਕੀਤੇ ਵਿਅਕਤੀ ਨੇ ਜੇ ਅਦਾਲਤ ਦਾ ਬੂਹਾ ਖੜਕਾ ਦਿੱਤਾ ਤਾਂ ਜਥੇਦਾਰਾਂ ਨੂੰ ਲੁਕਣ ਲਈ ਥਾਂ ਨਹੀਂ ਲੱਭਣੀ। ਸਿੱਧੇ ਹੀ ਜੇਲ ਜਾਣਗੇ, ਕਿਉਂਕਿ ਵਿਚਾਰਾਂ ਦੇ ਮਤਭੇਦ ਕਾਰਨ ਕਿਸੇ ਸਿੱਖ ਨੂੰ ਪੰਥ ਵਿੱਚੋਂ ਛੇਕਣ ਦੀ ਅਜਿਹੀ ਸਜ਼ਾ ਦਿੱਤੀ ਹੀ ਨਹੀਂ ਜਾ ਸਕਦੀ।

ਅਜੇ ਭੀ ਵਕਤ ਹੈ ਪੰਥ ਦੀ ਚੜ੍ਹਦੀ ਕਲਾ ਵਾਸਤੇ ਸਕੂਲ, ਕਾਲਜ ਖੋਹਲੋ, ਮਿਸ਼ਨਰੀ ਪੈਦਾ ਕਰੋ। ਵੱਧ ਤੋਂ ਵੱਧ ਗੁਰਮਤਿ ਸਾਹਿਤ ਛਾਪ ਕੇ ਵੰਡੋ। ਆਪਣਾ

ਅਖ਼ਬਾਰ ਘਟੋ ਘੱਟ ਤ੍ਰੈ ਭਾਸੀ (ਪੰਜਾਬੀ, ਹਿੰਦੀ, ਅੰਗਰੇਜ਼ੀ 'ਚ) ਚਾਲੂ ਕਰੋ। ਗੋਲਕਾਂ ਦੀ ਸਹੀ ਵਰਤੋਂ ਕਰੋ। ਗੁਰੂ ਘਰਾਂ ਵਿੱਚ ਸੁਲਝੇ ਹੋਏ ਸਿੱਖ ਤਾਇਨਾਤ ਕਰੋ। ਸੁਲਝੇ ਹੋਏ ਕਥਾ ਵਾਚਕਾਂ ਰਾਹੀਂ ਟੀ.ਵੀ. ਚੈਨਲਾਂ 'ਤੇ ਗੁਰਮਤਿ ਵਿਆਖਿਆ ਕਰਵਾਉ। ਦਿੱਲੀ ਕਮੇਟੀ, ਸ਼੍ਰੋਮਣੀ ਕਮੇਟੀ ਅਤੇ ਬਾਕੀ ਧਰਮ ਅਸਥਾਨਾਂ ਨੂੰ ਰਾਜਨੀਤੀ ਦੇ ਅੱਡੇ ਬਣਨ ਤੋਂ ਬਚਾਓ.....। ਇਹ ਤੁਹਾਡੀ ਬਹੁਤ ਵੱਡੀ ਸੇਵਾ ਹੋਵੇਗੀ। ਵਿਦਵਾਨ ਗੁਰਸਿੱਖਾਂ ਨੂੰ ਪੰਥ ਵਿੱਚੋਂ ਖਾਰਜ ਕਰਨ ਨਾਲ ਕੌਮ ਦਾ ਕੋਈ ਭਲਾ ਨਹੀਂ ਹੋਣਾ। ਸਗੋਂ ਜਥੇਦਾਰਾਂ ਦੇ ਮੱਥੇ 'ਤੇ ਇੱਕ ਕਾਲਖ ਦਾ ਹੋਰ ਟਿੱਕਾ ਲੱਗ ਜਾਵੇਗਾ। ਮਾਮੂਲੀ ਮਤਭੇਦਾਂ ਕਾਰਨ ਹੁਕਮਨਾਮਾ ਰੂਪੀ ਕੁਹਾੜੇ ਨੂੰ ਨਾ ਵਰਤੋਂ। ਜੇ ਇਸੇ ਤਰ੍ਹਾਂ ਕਰਦੇ ਰਹੇ ਤਾਂ ਤੁਸੀਂ ਹੀ ਪੰਥ ਦੁਸ਼ਮਣ ਗਿਣੇ ਜਾਉਗੇ। ਸਮੇਂ ਨੇ ਪਹਿਲਾਂ ਭੀ ਅਜਿਹੇ ਹਾਲਾਤ ਵੇਖੇ ਹਨ। ਤੁਹਾਡੀਆਂ ਕੀਤੀਆਂ ਦਾ ਫ਼ੈਸਲਾ ਭੀ ਭਵਿੱਖ ਕਰੇਗਾ।

ਨਾਨਕ ਅੰਧਾ ਹੋਇ ਕੈ ਦਸੇ ਰਾਹੈ, ਸਭਸ ਮੁਹਾਏ ਸਾਥੈ ॥
ਅਗੈ ਗਇਆ ਮੁਹੇ ਮੁਹਿ ਪਾਹਿ, ਸੁ ਐਸਾ ਆਗੂ ਜਾਪੈ ॥ (140)

000

# 14. ਅਕਲੀ ਪੜ ਕੈ ਬੁਝੀਐ

ਜੋ ਵੀ ਲਿਖਤ, ਇਤਿਹਾਸ ਜਾਂ ਕਥਾ ਕਹਾਣੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਰਚਨਾਵਲੀ ਵਾਲੀ ਕਸਵੱਟੀ 'ਤੇ ਪੂਰੀਆਂ ਨਹੀਂ ਉਤਰਦੀਆਂ, ਉਨ੍ਹਾਂ ਨੂੰ ਨਾ ਮੰਨਣ ਲਈ ਹਰ ਸਿੱਖ ਨੂੰ ਪੂਰਾ ਪੂਰਾ ਅਧਿਕਾਰ ਹੈ। ਸਿੱਖਾਂ ਲਈ ਇਹ ਹੀ ਇੱਕੋ ਇੱਕ ਪਰਖ ਦੀ ਕਸਵੱਟੀ ਹੈ। ਜੋ ਕੁੱਝ ਭੀ ਇਸ ਪਰਖ ਅਨੁਸਾਰ ਠੀਕ ਨਹੀਂ ਉਸ ਮਗਰ ਲੱਗਣ ਨੂੰ ਸਿੱਖੀ ਤੋਂ ਡਿੱਗ ਜਾਣਾ, ਦੂਰ ਹੋ ਜਾਣਾ, ਮੁਨਕਰ ਹੋ ਜਾਣਾ, ਬ੍ਰਿਥਾ ਜਨਮ ਗਵਾਉਣਾ, ਬਿਪਰੀ ਚਾਲਾਂ ਵਿੱਚ ਫਸਣਾ, ਜਾਂ ਗੁਰੂ ਤੋਂ ਬੇਮੁੱਖ ਹੋਣਾ ਹੀ ਕਿਹਾ ਜਾ ਸਕਦਾ ਹੈ। ਗ਼ਲਤੀ ਜਾਂ ਕਿਸੇ ਕੁਰੀਤੀ ਨੂੰ ਸੁਧਾਰਨਾ ਹੀ ਸਿੱਖੀ ਹੈ। ਅੰਧ ਵਿਸ਼ਵਾਸੀ ਹੋਣਾ, ਕੁਦਰਤ ਦੇ ਉਲਟ ਚੱਲਣਾ, ਗਿਆਨ ਤੋਂ ਕਿਨਾਰਾਕਸ਼ੀ, ਆਪਣੇ ਆਪ ਨੂੰ ਹੀ ਜਨਾਉਣਾ ਮੂਰਖਤਾਈ ਤੋਂ ਬਿਨਾ ਹੋਰ ਕੀ ਹੋ ਸਕਦਾ ਹੈ? ਪ੍ਰਕਾਸ਼, ਗਿਆਨ, ਸੱਚ ਜਾਂ ਰੌਸ਼ਨੀ ਭਾਵੇਂ ਉਹ ਅੰਤ੍ਰੀਵ ਹੋਵੇ ਭਾਵੇਂ ਬਾਹਰੀ, ਉਸ ਨੂੰ ਹਾਸਲ ਕਰਨਾ ਤੇ ਦੂਸਰਿਆਂ ਨੂੰ ਪਰਦਾਨ ਕਰਨਾ ਹੀ ਸਿੱਖ ਦਾ ਧਰਮ ਹੈ। ਪਰਕਾਸ਼ ਜੋ ਸੌਖੀ ਤਰ੍ਹਾਂ ਹੋ ਸਕੇ, ਗਿਆਨ ਜੋ ਆਸਾਨੀ ਨਾਲ ਸਮਝਿਆ/ਸਮਝਾਇਆ ਜਾਵੇ, ਇਸ ਦਾ ਵਿਰੋਧ ਜਨੂੰਨੀ ਲੋਕ ਹੀ ਕਰਦੇ ਹਨ।

ਮਿਸਾਲ ਦੇ ਤੌਰ 'ਤੇ ਦਰਬਾਰ ਸਾਹਿਬ ਵਿੱਚ ਬਿਜਲੀ ਲਾਉਣ ਵੇਲੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਟੀਕ ਜਾਂ ਪਦ-ਛੇਦ ਕਰਨ ਵੇਲੇ ਬੜਾ ਵਿਰੋਧ ਹੋਇਆ, ਜੋ ਅਜੇ ਵੀ ਜਾਰੀ ਹੈ।

ਕੈਥਲ ਦੇ ਰਾਜਾ ਉਦੈ ਸਿੰਘ ਵੱਲੋਂ ਭਾਈ ਸੰਤੋਖ ਸਿੰਘ ਜੀ ਨੂੰ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਲਈ ਨਿਜੀ ਸਰਪ੍ਰਸਤੀ ਤੇ ਮਾਲੀ ਸਹਾਇਤਾ ਦਿੱਤੀ ਜਾਂਦੀ ਸੀ। ਗ੍ਰੰਥ ਦੀ ਰਚਨਾ ਤੇ ਸੋਧ ਸੁਧਾਈ ਲਈ ਵੀ ਚਾਰ ਪੰਡਿਤਾਂ ਦੀ ਇਕ ਟੋਲੀ ਥਾਪੀ ਗਈ ਸੀ। ਉਨ੍ਹਾਂ ਪੰਡਤਾਂ ਨੂੰ ਭਾਈ ਸੰਤੋਖ ਸਿੰਘ ਵਿਰੁੱਧ ਸਭ ਤੋਂ ਵੱਡਾ ਇਤਰਾਜ਼, ਇਨ੍ਹਾਂ ਦਾ ਬ੍ਰਾਹਮਣ ਜਾਤੀ ਵਿੱਚੋਂ ਨਾ ਹੋਣਾ, ਪਰ ਸੰਸਕ੍ਰਿਤ ਗ੍ਰੰਥਾਂ ਦੀ ਚਰਚਾ ਕਰਨਾ, ਅਤੇ ਗੁਰ ਇਤਿਹਾਸ ਲਿਖਦੇ ਸਮੇਂ ਸਨਾਤਨ ਧਰਮੀ ਸੰਸਕਾਰਾਂ ਦੇ ਅਨੁਕੂਲ ਕਥਨ ਨਾ ਕਰਨਾ ਸੀ।

ਕਵੀ ਸੰਤੋਖ ਸਿੰਘ ਲਿਖਦੇ ਹਨ ਕਿ ਸੂਰਜ ਪ੍ਰਕਾਸ਼ ਗ੍ਰੰਥ ਰਚਨਾ ਸਮੇਂ, ਉਨ੍ਹਾਂ ਦੁਆਲੇ ਮੰਦ ਮੱਤ ਝੋਟੇ ਅੜਿੰਗਦੇ ਸਨ, ਸੂਰ ਘੁਰਕਦੇ ਸਨ, ਖੋਤੇ ਹੀਂਗਦੇ ਸਨ ਤੇ ਕੁੱਤੇ ਭੌਂਕਦੇ ਸਨ। ਇਹ ਪਸ਼ੂ ਮੰਡਲੀ ਉਨ੍ਹਾਂ ਦੀ 'ਸਾਰ-ਸਮੱਗਰੀ' ਨੂੰ 'ਦੂਸ਼ਿਤ' ਕਰਨ ਲਈ ਪੂਰੀ ਤਰ੍ਹਾਂ ਪ੍ਰਤਿਗਿਆ-ਬੱਧ ਸੀ। ਕਾਸ਼ ਕਿ ਜਿਹੜੀਆਂ ਊਣਤਾਈਆਂ ਭਾਈ ਸੰਤੋਖ ਸਿੰਘ ਜੀ ਵੇਲੇ ਉਨ੍ਹਾਂ ਦੀ 'ਸਾਰ-ਸਮੱਗਰੀ' ਵਿੱਚ ਬਿਪਰਾਂ ਨੇ ਪਾਈਆਂ ਸਨ, ਉਨ੍ਹਾਂ ਨੂੰ ਦੂਰ ਕੀਤਾ ਜਾਂਦਾ, ਪਰ ਇਸ ਤੋਂ ਐਨ ਉਲਟ, ਉਨ੍ਹਾਂ ਦੀ ਆਸ਼ਾ ਦੇ ਵਿਰੁੱਧ, ਉਸ 'ਦੂਸ਼ਿਤ ਸਮੱਗਰੀ' ਨੂੰ ਆਧਾਰ ਬਣਾ ਕੇ ਬੜਾ ਕੁੱਝ ਲਿਖਿਆ ਗਿਆ ਹੈ ਸਿੱਖਾਂ ਦੇ ਇਤਿਹਾਸ ਵਿੱਚ।

ਗਿਆਨੀ ਗੁਰਬਚਨ ਸਿੰਘ ਭਿੰਡਰਾਂ ਵਾਲੇ ਦਾ ਲਿਖਿਆ 'ਸ੍ਰੀ ਗੁਰਮੁਖਿ ਪ੍ਰਕਾਸ਼' ਅਤੇ ਗੁਰਬਾਣੀ ਪਾਠ ਦਰਸ਼ਨ ਜਿਸ ਨੂੰ ਉਹ ਸੰਤ ਸੁੰਦਰ ਸਿੰਘ ਜੀ ਦਾ ਪਵਿੱਤ੍ਰ ਜੀਵਨ ਕਹਿੰਦੇ ਹਨ, ਭੀ ਇੱਕ ਅਜਿਹੀ ਲਿਖਤ ਹੈ, ਜੋ ਬਿੱਪਰੀ ਚਾਲਾਂ ਦੀ ਰਹਿ ਗਈ ਕਮੀਂ ਨੂੰ ਪੂਰਾ ਕਰਦੀ ਹੈ। ਇਸੇ ਲਿਖਤ ਨੂੰ ਆਧਾਰ ਬਣਾ ਕੇ ਦਮਦਮੀ ਟਕਸਾਲ ਨੇ ਆਪਣੀ ਮਰਿਆਦਾ ਬਣਾਈ ਹੋਈ ਹੈ, ਜਿਸ ਦਾ ਪੰਥਕ 'ਸਿੱਖ ਰਹਿਤ ਮਰਿਆਦਾ' ਨਾਲ ਨੇੜੇ ਦਾ ਵੀ ਵਾਸਤਾ ਨਹੀਂ। ਟਕਸਾਲ ਦੀ ਇਹ ਮਰਿਆਦਾ ਜੇ ਤਾਂ ਉਨ੍ਹਾਂ ਦੇ ਆਪਣੇ ਦਾਇਰੇ ਵਿੱਚ ਹੀ ਰਹੇ ਤਾਂ ਕੋਈ ਗੱਲ ਨਹੀਂ, ਪਰ ਜਦੋਂ ਭੀ ਇਸ ਨੂੰ ਸਾਰੇ ਪੰਥ ਉਪਰ ਠੋਸਣ ਦੇ ਯਤਨ ਕੀਤੇ ਜਾਂਦੇ ਹਨ, ਤਾਂ ਪੰਥ ਦੀ ਏਕਤਾ ਅਤੇ ਇਕਸਾਰਤਾ ਨੂੰ ਢਾਅ ਲੱਗਦੀ ਹੈ, ਤੇ ਬਹੁਤ ਤਰ੍ਹਾਂ ਦੇ ਫੁੱਟ ਪਾਊ ਝਗੜੇ ਉਤਪੰਨ ਹੁੰਦੇ ਹਨ।

ਨਾਮ ਜਪਣਾ, ਕਿਰਤ ਕਰਨਾ, ਵੰਡ ਛਕਣਾ ਸਿੱਖੀ ਦੇ ਮੁੱਢਲੇ ਅਤੇ ਸੁਨਹਿਰੀ ਅਸੂਲ ਹਨ। ਗ੍ਰਹਿਸਤ-ਧਾਰਨ ਕਰਨਾ ਸੱਭ ਤੋਂ ਵੱਡਾ ਧਰਮ ਹੈ। ਪ੍ਰਮਾਤਮਾ ਦੀ ਰਜ਼ਾ

ਵਿੱਚ ਰਾਜ਼ੀ ਰਹਿਣਾ, ਕੁਦਰਤੀ ਦੁੱਖ ਸੁੱਖ ਸਮੇਂ ਅਡੋਲ ਰਹਿਣਾ, ਸਿੱਖਿਆ ਬੱਚੇ ਤੋਂ ਵੀ ਲੈ ਲੈਣੀ ਪਰ ਅੰਧ ਵਿਸ਼ਵਾਸੀ ਹੋ ਕੇ ਕਿਸੇ ਬੁੱਢੇ ਮਗਰ ਭੀ ਨਹੀਂ ਲੱਗਣਾ, ਕਿਸੇ ਵੀ ਸਮੱਸਿਆ ਨੂੰ ਵਿਚਾਰਾਂ ਕਰ ਕੇ ਹੱਲ ਕਰਨਾ, ਗੁਰਬਾਣੀ ਨੂੰ ਪੜ੍ਹਨਾ, ਸਮਝਣਾ, ਵਿਚਾਰਨਾ ਅਤੇ ਉਸ 'ਤੇ ਅਮਲ ਕਰਨ ਦੀ ਕੋਸ਼ਿਸ਼ ਕਰਨੀ, ਸਮਾਜਿਕ ਬੁਰਾਈਆਂ ਨੂੰ ਤਿਆਗਣਾ, ਜੀਵਨ ਨੂੰ ਮੰਜ਼ਿਲ ਨਹੀਂ ਮਾਰਗ ਸਮਝਣਾ, ਮਾਰਗ-ਪਾਂਧੀਆਂ ਨਾਲ ਸੋਹਣਾ ਵਿਹਾਰ, ਮਿਲਵਰਤਣ ਅਤੇ ਸਹਾਇਤਾ ਲੈਣ/ਦੇਣ ਦਾ ਨਾਮ ਹੀ ਸਿੱਖੀ ਹੈ।

ਸਿੱਖੀ ਸਾਡੀ ਜਾਂ ਤੁਹਾਡੀ ਨਹੀਂ। ਇਹ ਤਾਂ ਜਿਸ ਨੇ ਸਾਜੀ, ਜਾਂ ਨਿਭਾਈ, ਉਸ ਦੀ ਹੈ। ਹਾਂ ਇਸ ਨੂੰ ਖੋਰਾ ਲਾਉਣ ਵਾਲਾ, ਇਸ ਦੇ ਸੁਨਹਿਰੀ ਸਿਧਾਂਤਾਂ ਨੂੰ ਮਲੀਆ-ਮੇਟ ਕਰਨ ਵਾਲਾ, ਇਸ ਨੂੰ ਰੋਜ਼ੀ-ਰੋਟੀ ਦਾ ਵਸੀਲਾ ਸਮਝਣ ਵਾਲਾ, ਆਮ ਜੰਤਾ ਨੂੰ ਸਜ਼ਾਂ ਦੇ ਰਿਹਾ ਬਿਪਰ ਤਬਕਾ ਹੈ। ਪਹਿਲਾਂ ਤਾਂ ਉਹ ਧਰਮ ਦੇ ਨਾਂ 'ਤੇ, ਭੇਖ ਅਤੇ ਪਖੰਡ ਕਰ ਕੇ ਲੁੱਟਣ ਦਾ ਸਾਧਨ ਬਣਾਉਂਦਾ ਹੈ ਤੇ ਇਸ ਤੋਂ ਵੱਡਾ ਅਨਰਥ ਇਹ ਕਿ ਸਿੱਖੀ ਵੱਲੋਂ ਦੂਰ ਕਰ ਕੇ ਪੁੱਠੇ ਰਸਤੇ ਤੋਰ ਦਿੰਦਾ ਹੈ। ਇਹ ਇਸ ਤਰ੍ਹਾਂ ਹੈ ਕਿ ਕੋਈ ਅੰਨ੍ਹੇਂ ਨੂੰ ਖੂਹ ਵਿੱਚ ਡਿੱਗਣ ਤੋਂ ਬਚਾਉਣ ਦੇ ਥਾਂ, ਜਾਣ ਬੁੱਝ ਕੇ ਵਿੱਚ ਧੱਕਾ ਦੇ ਰਿਹਾ ਹੋਵੇ। ਕਿਸੇ ਨੂੰ ਸਰੀਰਕ ਤੌਰ 'ਤੇ ਖਤਮ ਕਰਨ ਵਾਲੇ ਨੂੰ ਦੁਨੀਆਂ ਭਰ ਦੀਆਂ ਅਦਾਲਤਾਂ ਸਜ਼ਾ ਦਿੰਦੀਆਂ ਹਨ, ਪਰ ਜਿਹੜੇ ਕਿਸੇ ਨੂੰ ਆਤਮਿਕ ਤੌਰ 'ਤੇ ਮਾਰ ਦਿੰਦੇ ਹਨ, ਉਨ੍ਹਾਂ ਨੂੰ ਸਜ਼ਾ ਤਾਂ ਕੀ ਮਿਲਣੀ ਹੈ, ਸਗੋਂ ਧਰਮੀਂ, ਆਗੂ, ਸਤਿਕਾਰਯੋਗ, ਜਾਂ ਪਰਉਪਕਾਰੀ ਕਰ ਕੇ ਜਾਣੇ ਜਾਂਦੇ ਹਨ। ਹਨੇਰ ਸਾਈਂ ਦਾ।

ਮੱਧ ਦੀਆਂ ਅਰਦਾਸਾਂ ਕਰਨ ਵਾਲੇ ਇਹ ਲੁੱਟਦੇ ਭੀ ਮੱਧ ਵਰਗ ਨੂੰ ਹੀ ਹਨ, ਕਿਉਂਕਿ ਉਪਰਲਾ (ਵਿਦਵਾਨੀ) ਤਬਕਾ ਇਨ੍ਹਾਂ ਦੀਆਂ ਚਾਲਾਂ ਵਿੱਚ ਨਹੀਂ ਫਸਦਾ, ਤੇ ਥੱਲੇ ਵਾਲੇ (ਗਰੀਬਾਂ) ਕੋਲ ਇਨ੍ਹਾਂ ਨੂੰ ਦੇਣ ਲਈ ਕੁੱਝ ਨਹੀਂ ਹੁੰਦਾ। ਇਹ ਵਿਦਵਾਨਾਂ ਨਾਲ ਵਿਚਾਰ ਗੋਸ਼ਟੀ ਨਹੀਂ ਕਰ ਸਕਦੇ ਅਤੇ ਗਰੀਬਾਂ ਦੀ ਅਤਿਆਤਮਿਕ ਤੌਰ 'ਤੇ ਕੋਈ ਮਦਦ ਕਰਨੀ ਨਹੀਂ ਚਾਹੁੰਦੇ। ਕਈ ਸੱਜਣ ਇਹ ਭੀ ਕਹਿੰਦੇ ਹਨ, ਕਿ "ਜੀ ਇਹ ਵੀ ਪਰਚਾਰ ਤਾਂ ਸਿੱਖੀ ਦਾ ਹੀ ਕਰਦੇ ਹਨ।" ਇਸ ਨੂੰ ਅਸੀਂ ਇਸ ਤਰ੍ਹਾਂ ਸਮਝ ਸਕਦੇ ਹਾਂ ਕਿ ਕੜਾਹ ਪ੍ਰਸ਼ਾਦ ਤਾਂ ਕੜਾਹ ਪ੍ਰਸ਼ਾਦ ਹੀ ਹੈ, ਪਰ ਵਿਦਵਾਨ ਕੜਾਹ ਪ੍ਰਸ਼ਾਦ ਨੂੰ ਪਰਵਾਨ ਕਰਾ ਕੇ ਗੁਰੂ ਦੀ ਮਿਹਰ, ਗੁਰੂ ਦੀ ਬਖ਼ਸ਼ਿਸ਼, ਗੁਰੂ ਦੀ ਕ੍ਰਿਪਾ ਸਮਝਕੇ ਛਕ ਦੇ ਹਨ। ਪਰ ਜਦੋਂ ਉਸੇ ਕੜਾਹ ਪ੍ਰਸ਼ਾਦ ਨੂੰ ਸੀਤ-ਪ੍ਰਸ਼ਾਦ (ਜੂਠ) ਵਿੱਚ ਤਬਦੀਲ ਕੀਤਾ ਜਾਂਦਾ ਹੈ, ਤਾਂ ਅੱਖਾਂ ਮੀਟੀ ਭਾਵੇਂ ਕੋਈ ਖਾ ਲਵੇ, ਪਰ ਦੇਖ ਕੇ ਮੱਖੀ ਨਿਗਲਣੀ ਬਹੁਤ ਕਠਿਨ ਹੈ।

ਸਾਡੇ ਗੁਰੂ ਜੀ ਕਰਾਮਾਤ ਨੂੰ ਕਹਿਰ ਕਹਿੰਦੇ ਹਨ, ਜਾਂ ਵੱਧ ਤੋਂ ਵੱਧ ਨਾਟਕ ਚੇਟਕ ਸਮਝਦੇ ਹਨ। ਚਲੀਹੇ ਕੱਟਣੇ, ਗਰਮ ਜਾਂ ਠੰਢੇ ਤਪ ਸਾਧਣੇ, ਮੋਨ ਧਾਰਨ ਕਰਨਾ, ਇੱਛਾ-ਪੂਰਤੀ ਲਈ (ਪਾਠ) ਮੰਤ੍ਰ ਜਾਪ, ਅੰਨ ਦਾ ਤਿਆਗ, ਸਮਾਧੀਆਂ

ਲਾਉਣੀਆਂ, ਸ੍ਵਰਗ ਦਾ ਲਾਲਚ, ਨਰਕਾਂ ਦਾ ਭੈ, ਵਰ ਜਾਂ ਸਰਾਪ ਮੰਨਣਾ, ਸਰੀਰਕ ਪਵਿੱਤ੍ਰਤਾ, ਪ੍ਰਤੱਖ ਦਰਸ਼ਨ, ਬਿਬਾਨ ਚੜ੍ਹ ਕੇ ਸੱਚ-ਖੰਡ ਪਿਆਨੇ, ਗ੍ਰਹਿਸਤ ਧਾਰਨ ਨਾ ਕਰਨਾ, ਹਵਨਾਂ ਵਾਕੁਰ ਸਪੈਸ਼ਲ ਸਮੱਗਰੀਆਂ ਦੀ ਮੰਗ, ਕਿਸੇ ਖਾਸ ਜਗ੍ਹਾ ਵੱਸਣ ਕਰ ਕੇ ਮੁਕਤੀ ਲੋਚਣੀ, ਕੁੱਝ ਖਾਸ ਰੰਗਾਂ ਦਾ ਤਿਆਗ, ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਮਨ ਮਰਜ਼ੀ ਨਾਲ ਪੰਨੇ ਦੇ ਅੱਗੇ ਪਿੱਛੇ ਜਾਂ ਵਿਚਕਾਰੋਂ ਸ਼ਬਦ ਨੂੰ ਵਧੀਆ ਜਾਂ ਕਰੜਾ ਮੰਨ ਕੇ ਚੁਣਨਾ ਜਾਂ ਪੜ੍ਹਨਾ, ਗੁਰੂਆਂ, ਸਿੱਖਾਂ ਜਾਂ ਮਾਤਾਵਾਂ ਨੂੰ ਪਿਛਲੇ ਜਨਮਾਂ ਦੇ ਅਵਤਾਰੀ ਸਿੱਧ ਕਰਨਾ, ਗ੍ਰਹਿਸਤੀ ਜੀਵਨ ਨੂੰ ਤਿਲਾਂਜਲੀ ਦੇਣਾ, ਗੁਰਬਾਣੀ ਨੂੰ ਸਿਰਫ਼ ਤੇ ਸਿਰਫ਼ ਪੜ੍ਹਨਾ ਪਰ ਵਿਚਾਰਨਾ ਨਹੀਂ, ਆਰਤੀਆਂ ਉਤਾਰਨੀਆਂ, ਦੇਹਧਾਰੀ ਦਰਸ਼ਨਾਂ ਦੇ ਫਲ ਮਿਲਣੇ, ਸੱਚਖੰਡ ਦਰਸ਼ਨ, ਸਿਰਫ਼ ਅੰਮ੍ਰਿਤ-ਪਾਨ ਕਰਨ ਦੇ ਸੰਸਕਾਰ ਸਮੇਂ ਹੀ ਆਤਮ ਗਿਆਨ ਹੋ ਜਾਣਾ, ਮੰਗ ਕੇ ਖਾਣਾ ਅਤੇ ਸ੍ਰੀ ਗੁਰਮੁਖ ਪ੍ਰਕਾਸ਼ ਦੀਆਂ ਹੋਰ ਬਹੁਤ ਸਾਰੀਆਂ ਊਣਤਾਈਆਂ ਇਹ ਮੰਗ ਕਰਦੀਆਂ ਹਨ ਕਿ ਸਾਨੂੰ ਹੋਰ ਜਿੱਥੇ ਕਿਤੇ ਭਾਵੇਂ ਫਿੱਟ ਕਰ ਦਿਉ, ਪਰ ਗੁਰੂ ਦੇ ਸਿੱਖਾਂ ਨੇ ਸਾਨੂੰ ਕਿਸੇ ਨੂੰ ਭੀ ਨੇੜੇ ਨਹੀਂ ਢੁੱਕਣ ਦੇਣਾ।

ਸਿੱਖ ਧਰਮ ਵਿੱਚ ਆ ਚੁੱਕੀਆਂ ਕੁਰੀਤੀਆਂ ਅਤੇ ਮਹੰਤਾਂ, ਸਾਧਾਂ, ਪੁਜਾਰੀਆਂ ਰਾਹੀਂ ਫੈਲਾਏ ਜਾ ਰਹੇ ਬਿਪਰਵਾਦ ਨੂੰ ਠੱਲ੍ਹ ਪਾਉਣ ਲਈ, ਸਿੰਘ ਸਭਾ ਲਹਿਰ ਅਤੇ ਚੀਫ਼ ਖਾਲਸਾ ਦੀਵਾਨ ਦੇ ਸਾਂਝੇ ਯਤਨਾ ਸਦਕਾ ਵੀਹਵੀਂ ਸਦੀ ਦੇ ਸ਼ੁਰੂ ਵਿੱਚ 'ਸਿੱਖ ਰਹਿਤ ਮਰਿਆਦਾ' ਬਨਾਉਣ ਦੇ ਉਪਰਾਲੇ ਸ਼ੁਰੂ ਹੋਏ। ਯਾਦ ਰਹੇ ਪੰਥਕ ਸਿੱਖ ਰਹਿਤ ਮਰਿਆਦਾ ਪੂਰੇ 13 ਸਾਲਾਂ ਦੀ ਮਿਹਨਤ ਬਾਅਦ ਸੰਨ 1945 ਈ: ਨੂੰ ਨੇਪਰੇ ਚਾੜ੍ਹੀ ਗਈ ਸੀ। ਇਸੇ ਹੀ ਸਮੇਂ 1933 ਈ: ਤੋਂ ਲੈ ਕੇ 1935 ਈ: ਤੱਕ ਗਿਆਨੀ ਗੁਰਬਚਨ ਸਿੰਘ ਨੇ ਸ੍ਰੀ ਗੁਰਮੁਖ ਪ੍ਰਕਾਸ਼ ਗ੍ਰੰਥ ਵੀ ਮੁਕੰਮਲ ਕਰ ਲਿਆ ਸੀ। ਗਿਆਨੀ ਗੁਰਬਚਨ ਸਿੰਘ 1921 ਈ: ਤੋਂ ਲੈ ਕੇ 1930 ਈ: ਤੱਕ ਗਿਆਨੀ ਸੁੰਦਰ ਸਿੰਘ ਹੋਰਾਂ ਦੇ ਨਾਲ ਰਹਿ ਚੁੱਕੇ ਸਨ ਅਤੇ 1930 ਈ: ਵਿੱਚ ਸੁੰਦਰ ਸਿੰਘ ਦੇ ਅਕਾਲ ਚਲਾਣੇ ਮਗਰੋਂ ਉਨ੍ਹਾਂ ਦੀ ਗੱਦੀ 'ਤੇ ਬਿਰਾਜਮਾਨ ਹੋਏ। ਬੇਸ਼ੱਕ ਮਾਇਆ ਦੇ ਲਿਸ਼ਕਾਰਿਆਂ ਵਿੱਚ ਉਲਝੇ ਡੇਰੇਦਾਰ, ਪਖੰਡੀ ਸਾਧ, ਇੱਥੋਂ ਤੱਕ ਕਿ ਅਕਾਲ ਤਖਤ ਦੇ ਜਥੇਦਾਰ ਵੀ ਸ੍ਰੀ ਗੁਰਮੁਖ ਪ੍ਰਕਾਸ਼ ਦੀ ਸਲਾਹੁਣਾ ਭੂਮਿਕਾ ਵਿੱਚ ਕਰਦੇ ਹਨ, ਪਰ ਸਮਝਦਾਰ ਸਿੱਖ ਵਿਦਵਾਨ ਕਦੇ ਵੀ ਇਸ ਤਰ੍ਹਾਂ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਨਹੀਂ ਹੁੰਦੇ, ਸਗੋਂ ਇਨ੍ਹਾਂ ਦਾ ਖੰਡਨ ਕਰਨ ਲਈ ਯਥਾ-ਸ਼ਕਤ ਯੋਗਦਾਨ ਪਾਉਂਦੇ ਰਹਿੰਦੇ ਹਨ। ਡੇਰੇ ਦਾ ਮੁਖੀ "ਵੱਡੇ ਸੰਤਾਂ" ਦੀ ਬਰਸੀ ਇਸ ਲਈ ਹੀ ਮਨਾਉਣੀ ਚਾਲੂ ਕਰਦਾ ਹੈ, ਕਿ ਅਗਾਂਹ ਉਸ ਨੇ ਭੀ ਆਪਣੀ ਬਰਸੀ ਮਨਾਉਣ ਦੀ ਪਿਰਤ ਪਾਉਣੀ ਹੁੰਦੀ ਹੈ।

ਗਿਆਨੀ ਗੁਰਬਚਨ ਸਿੰਘ, ਭਾਈ ਬੁੱਧ ਸਿੰਘ ਜੀ ਰਚਿਤ 'ਖਾਲਸਾ ਸ਼ਤਕ' ਪੰ:

521, ਅਤੇ "ਸੰਤ" ਨਿਹਾਲ ਸਿੰਘ ਕੇਸਰੀ ਦੀ ਰਚਨਾ ਪੰ: 475, ਆਪਣੇ ਨਾਮ ਥੱਲੇ ਲਿਖ ਕੇ, ਲਿਖਤ ਚੋਰੀ ਕਰਨ ਦੇ ਜੁਰਮ ਤੋਂ ਬਰੀ ਨਹੀਂ ਹੋ ਸਕਦੇ। ਇਥੇ ਇਹ ਬਿਲਕੁਲ ਨਾ ਸਮਝਿਆ ਜਾਵੇ, ਕਿ ਐਵੇਂ ਕਿਸੇ ਨੂੰ ਨੀਵਾਂ ਦਿਖਾਉਣ ਲਈ ਜਾਂ ਸਿਰਫ਼ ਕਿੰਤੂ-ਪ੍ਰੰਤੂ ਕਰਨ ਲਈ ਹੀ ਲਿਖਿਆ ਗਿਆ ਹੈ। ਇਹ ਤਾਂ ਤੱਤ ਗਿਆਨ ਵਿੱਚ ਗਰੜ-ਗਿਆਨ ਰਲਾਉਣ ਦੀਆਂ ਚਾਲਾਂ ਨੂੰ ਠੱਲ੍ਹ ਪਾਉਣ ਦਾ ਨਿਮਾਣਾ ਜਿਹਾ ਯਤਨ ਹੈ। ਇਹ ਪੜ੍ਹ ਕੇ ਜਿਸ ਨੂੰ ਵੀ ਔਖਿਆਈ ਮਹਿਸੂਸ ਹੋ ਰਹੀ ਹੈ ਜਾਂ ਕੋਈ ਗੁਰਮੁਖ ਪਿਆਰਾ ਇਹ ਜਾਣਨਾ ਚਾਹੇ ਕਿ ਇਹ ਵਾਕਿਆ ਹੀ ਸੱਚ ਹੈ ਤਾਂ ਨਾਲ ਲਗਾਈ ਜਾ ਰਹੀ ਸੂਚੀ ਵਿੱਚ ਪੰ: ਨੰ: ਦਿੱਤੇ ਗਏ ਹਨ, ਆਪ ਦੇਖਣ/ਪੜ੍ਹਨ ਦੀ ਖੇਚਲ ਕਰ ਸਕਦੇ ਹਨ। ਇਸ ਸੂਚੀ ਤੋਂ ਬਿਨਾਂ ਹੋਰ ਭੀ ਬਹੁਤ ਕਮੀਆਂ ਹਨ, ਜਿਵੇਂ ਕਿ ਗੁਰਬਾਣੀ ਲਿਖਣ ਵਿੱਚ ਅਸ਼ੁੱਧਤਾ (ਪੰ: 130, 148, 598, 599), ਇਤਿਹਾਸ ਖੋਜਣ ਤੋਂ ਬਿਨਾਂ ਹੀ ਘਟਨਾਵਾਂ ਬਿਆਨ ਕਰੀ ਜਾਣਾ। ਜਿਵੇਂ ਕਿ ਗੁਰੂ ਨਾਨਕ ਆਗਮਨ ਕੱਤੇ ਦੀ ਪੁੰਨਿਆਂ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਸਾਥੀ ਬਾਲਾ ਵਰਗੀਆਂ ਗ਼ਲਤ ਗੱਲਾਂ ਦਾ ਪ੍ਰਚਾਰ ਆਦਿ।

ਸੰਪਰਦਾਈ ਗਿਆਨੀਆਂ ਨੂੰ ਨਿਮਰਤਾ ਸਹਿਤ ਹਦਾਇਤ ਕੀਤੀ ਜਾਂਦੀ ਹੈ, ਕਿ ਸਨਾਤਨੀ ਪ੍ਰਭਾਵ ਅਤੇ ਕੰਨ ਰਸੀ ਵਾਲੀਆਂ ਫੋਕੀਆਂ ਕਹਾਣੀਆਂ ਨੂੰ ਛੱਡ ਕੇ, ਤੱਤ ਗਿਆਨ ਦਾ ਪ੍ਰਚਾਰ ਕਰਨਾ, ਅਤੇ ਤੱਤ ਖਾਲਸਾ ਨੂੰ ਇਹ ਸੂਚਨਾ ਦੇ ਤੌਰ 'ਤੇ ਦੱਸ ਰਹੇ ਹਾਂ, ਕਿ ਅਸਲੀਅਤ ਵਿੱਚ ਕਿੰਨਾ ਕੁੱਝ ਨਕਲੀ ਰਲਾਇਆ ਗਿਆ ਸੀ/ਹੈ, ਤੇ ਉਹ ਭੀ ਸਿੱਖੀ ਦੇ ਮਹਾਂਰਥੀਆਂ ਵੱਲੋਂ। ਪ੍ਰਮਾਤਮਾ ਮਿਹਰ ਕਰੇ ਜੋ ਸਾਨੂੰ ਸਿੱਖੀ ਦੇ ਉੱਚੇ ਅਤੇ ਨਿਆਰੇ ਅਸੂਲਾਂ ਦੀ ਸੋਝੀ ਹੋਵੇ, ਗੁਰੂ ਗ੍ਰੰਥ ਸਾਹਿਬ ਉੱਪਰ ਸ਼ਰਧਾ ਅਤੇ ਵਿਸ਼ਵਾਸ ਹੋਵੇ, ਖਾਲਸਾ ਪੰਥ ਦੀ ਏਕਤਾ ਤੇ ਮਜ਼ਬੂਤੀ ਲਈ ਯਤਨਸ਼ੀਲ ਰਹਿੰਦੇ ਹੋਏ ਜੀਵਨ ਸਫ਼ਲਾ ਕਰੀਏ।

ਗਿਆਨੀ ਗੁਰਬਚਨ ਸਿੰਘ ਦਾ ਲਿਖਿਆ ਸ੍ਰੀ ਗੁਰਮੁਖਿ ਪ੍ਰਕਾਸ਼ ਪੜ੍ਹ ਕੇ ਆਮ ਸਿੱਖ ਬ੍ਰਾਹਮਣਵਾਦ ਦੇ ਉਸ ਗਹਿਰੇ ਸਮੁੰਦਰ ਵਿੱਚ ਗਰਕ ਹੋ ਜਾਵੇਗਾ, ਜਿੱਥੋਂ ਸਾਨੂੰ ਗੁਰੂ ਜੀ ਨੇ ਕੱਢਿਆ ਸੀ। ਸਿੱਖੀ ਤਾਂ ਇੱਕ ਜੀਵਨ-ਜਾਂਚ ਹੈ। ਇਸ ਵਿੱਚ ਲਗਾਈਆਂ ਅਣਹੋਣੀਆਂ ਪਾਬੰਦੀਆਂ, ਨਾ ਨਿਭਣਯੋਗ-ਹੱਠ ਕਰ ਕੇ ਕੀਤੀਆਂ ਰਸਮਾਂ, ਮਨੁੱਖਤਾ ਅਤੇ ਸਿੱਖੀ ਤੋਂ ਦੂਰ ਕਰਨ ਵਾਲੀਆਂ ਹਨ। ਕਿਸੇ ਨੂੰ ਮਾਰਨ ਲਈ ਜ਼ਹਿਰ ਨੂੰ ਖੰਡ ਦੀ ਪਰਤ ਵਿੱਚ ਜਾਂ ਖੁਰਾਕ ਵਿੱਚ ਰਲਾਉਣਾ ਹੁੰਦਾ ਹੈ। ਇਸੇ ਕਰ ਕੇ ਹੀ ਸ੍ਰੀ ਗੁਰਮੁਖਿ ਪ੍ਰਕਾਸ਼ ਵਿੱਚ ਕੁੱਝ ਗੱਲਾਂ ਬਾਬਤ ਗੁਰਬਾਣੀ ਅਤੇ ਵਾਰਾਂ ਭਾਈ ਗੁਰਦਾਸ ਜੀ ਵਿੱਚੋਂ ਭੀ ਹਵਾਲੇ ਦਿੱਤੇ ਗਏ ਹਨ, ਜੋ ਆਮ ਇਨਸਾਨ ਦਾ ਮਨ ਟੁੰਬਦੇ ਹਨ। ਇਸ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਦੇ ਕਹਿਣ ਮੁਤਾਬਿਕ 'ਸਾਰ ਸਮੱਗਰੀ' ਵਿੱਚ ਰਲਿਆ

ਉਹ 'ਦੂਸ਼ਿਤ ਮਾਦਾ' 'ਜਗ੍ਹਾ ਜਗ੍ਹਾ' ਅਤੇ 'ਵਾਰ ਵਾਰ' ਲਿਖਿਆ ਗਿਆ ਹੈ, ਜੋ ਸਧਾਰਨ ਸਿੱਖ ਕਰ ਹੀ ਨਹੀਂ ਸਕਦਾ, ਅਤੇ ਸਿੱਖੀ ਵਿਚਾਰਧਾਰਾ ਦੀ ਵਿਰੋਧਤਾ ਹੁੰਦੀ ਹੈ, ਜਿਸ ਨਾਲ ਫੋਕੀਆਂ ਰੀਤਾਂ, ਡਰ, ਵਹਿਮ, ਭਵਿੱਖਬਾਣੀਆਂ, ਜ਼ਾਤ-ਪਾਤ, ਸੁੱਚ-ਜੂਠ, ਪਵਿੱਤਰ-ਅਪਵਿੱਤਰ ਵਰਗੀਆਂ ਮਾਰੂ ਰੁਚੀਆਂ ਦਿਲ ਵਿੱਚ ਸਮਾਧੀਆਂ ਲਾ ਕੇ ਬੈਠ ਜਾਣਗੀਆਂ।

ਜਿਨ੍ਹਾਂ ਨੇ ਸਿੱਖੀ ਪ੍ਰਚਾਰ ਦਾ ਬੁਰਕਾ ਸਿਰਫ਼ ਰੋਜ਼ੀ-ਰੋਟੀ ਦੀ ਖ਼ਾਤਿਰ ਜਾਂ ਲੁੱਟਣ ਦੀ ਸਕੀਮ ਅਧੀਨ ਪਾਇਆ ਹੈ, ਜਾਂ ਜਿਹੜੇ ਸਿਰਫ਼ ਪੂਜਾ-ਦਕਸ਼ਣਾ (ਦੇ ਕੇ) ਨਾਲ ਸੁਰਗਾਂ ਦੀ ਲਾਲਸਾ ਕਰਦੇ ਹਨ, ਉਨ੍ਹਾਂ ਨੂੰ ਤਾਂ ਬੇਸ਼ੱਕ ਸ੍ਰੀ ਗੁਰਮੁਖ ਪ੍ਰਕਾਸ਼ ਠੀਕ ਲੱਗਦਾ ਹੋਵੇ, ਪਰ ਜਿਹੜੇ ਗੁਰਮੁਖ ਆਪ ਗੁਰਬਾਣੀ ਪੜ੍ਹ ਕੇ ਨਾਮ, ਦਾਨ, ਇਸ਼ਨਾਨ ਦੀ ਰਮਜ਼ ਸਮਝਦੇ ਹੋਏ, ਮੀਰੀ-ਪੀਰੀ, ਦੇਗ-ਤੇਗ, ਸੰਤ-ਸਿਪਾਹੀ, ਭਗਤੀ-ਸ਼ਕਤੀ, ਰਾਜ-ਜੋਗ ਵਾਲੀ ਅਵਸਥਾ ਮਾਣਦੇ ਹੋਏ, ਜੀਵਨ-ਮੁਕਤ ਹੋਣਾ ਲੋਚਦੇ ਹਨ ਉਹ 'ਸ੍ਰੀ ਗੁਰਮੁਖਿ ਪ੍ਰਕਾਸ਼' ਵਾਲੀ 'ਦੂਸ਼ਿਤ ਸਮੱਗਰੀ' ਨਾਲ ਕਤਈ ਸਹਿਮਤ ਨਹੀਂ ਹੋਣਗੇ।

******

ਸ੍ਰੀ ਗੁਰਮੁਖਿ ਪ੍ਰਕਾਸ਼ ਦੇ ਕੁੱਝ ਪੰਨੇ ਨੰ. ਜਿੱਥੇ 'ਦੂਸ਼ਿਤ ਸਮੱਗਰੀ' ਦੇਖੀ ਜਾ ਸਕਦੀ ਹੈ :

| | |
|---|---|
| ਗੁਰਦਵਾਰੇ ਦਾ ਨਿਸ਼ਾਨ ਸਾਹਿਬ ਸੁਨਹਿਰੀ ਖੰਡੇ ਦਾ :- | 10 |
| ਚਰਨਾਂ ਨਾਲ ਮੱਕਾ ਫੇਰਨਾ :- | 18 |
| ਅੰਤ ਸਮੇਂ ਗੁਰੂ ਨਾਨਕ ਦੇਵ ਜੀ ਦੀ ਦੇਹ ਨਹੀਂ ਮਿਲੀ :- | 19 |
| ਬਾਲੇ ਨੇ ਜਨਮ ਸਾਖੀ ਲਿਖੀ :- | 22 |
| ਜੋਗਾ ਸਿੰਘ ਦੀ ਰਾਖੀ :- | 81 |
| ਗੋਡੇ ਅਤੇ ਪੈਰ ਜੋੜ ਕੇ ਮੂਤੇ ਅਤੇ ਥੁੱਕੇ ਤਾਂ ਡਰ ਮਿਟੇ :- | 81 |
| ਗੁਰੂ ਨੇ ਸਿੱਖਾਂ ਨੂੰ ਕੇਸਾਂ ਤੋਂ ਫੜ੍ਹ ਕੇ ਨਰਕਾਂ ਵਿੱਚੋਂ ਕੱਢਣਾ :- | 91 |
| ਭੇਟ ਕੀਤੇ ਅੰਬਾਂ ਨੂੰ ਫਿਰ ਬ੍ਰਿਛਾਂ ਨਾਲ ਜੋੜ ਦੇਣਾ :- | 77 |
| ਸ਼ਿਕਾਰ ਕੀਤੇ ਜੀਵਾਂ ਨੂੰ ਫਿਰ ਜ਼ਿੰਦਾ ਕਰਨਾ :- | 77 |
| ਕੀਰਤੀਆ ਦੇ ਪਿਤਾ ਨੂੰ ਰਿੱਛ ਜੂਨ ਤੋਂ ਛੁਡਾਉਣਾ :- | 77 |
| ਅੰਮ੍ਰਿਤ/ਪਤਾਸ਼ਿਆਂ ਵਾਲਾ ਚਿੜਾ ਚਿੜੀ ਯੁੱਧ :- | 78 |
| ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤੇ ਦੀ ਪੂਰਨਮਾਸ਼ੀ ਨੂੰ :- | 16, 244 |
| ਗੁਰੂ ਨਾਨਕ ਦੇਵ ਜੀ ਦੇ ਸਾਥੀ ਮਰਦਾਨਾ ਅਤੇ ਬਾਲਾ :- | 18, 528 |

285 ਛੇਕਾਂ ਵਾਲਾ ਗੰਗਾਸਾਗਰ :- 87, 542
'ਕੈ' ਦੀ ਜਗ੍ਹਾ 'ਕੇ' ਕਹਿਣ 'ਤੇ ਤਮਾਚਾ :- 80, 457
ਧੂਫ, ਕੁੰਭ, ਜਲ, ਦੀਵਾ, ਘਿਉ ਜ਼ਰੂਰੀ :- 108, 381
ਸ਼ਰਾਬ ਦੇ ਨਾਲ ਨਾਲ ਮਾਸ ਦਾ ਬੰਧਨ :- 123, 476
ਇਕ ਲੱਤ ਭਾਰ ਹੋ ਕੇ ਸੁਖਮਨੀ ਪੜ੍ਹਨਾ :- 129, 449
ਚਾਲੀ ਦਿਨ ਗੁਰ ਮੰਤ੍ਰ, ਚਾਲੀ ਦਿਨ ਮੂਲ ਮੰਤ੍ਰ :- 143, 441
ਦਵਾਈ ਨਹੀਂ ਵਰਤਣੀ :- 145, 256
ਮੱਛੀਆਂ ਦੀ ਰੀਸ ਕਰ ਕੇ ਪਾਣੀ ਵਿੱਚ ਤਪ ਕਰਨਾ :- 151, 247
ਸਤਿਗੁਰਾਂ ਦੇ ਪਰਤੱਖ ਦਰਸ਼ਨ :- 155, 601
ਔਰੰਗੇ ਨੂੰ ਸਤਿਗੁਰਾਂ ਦੇ ਦਰਸ਼ਨਾਂ ਦੀ ਜਗ੍ਹਾ ਧਰਤੀ ਵਿੱਚ ਤੇੜ ਦਿਸਣੀ :- 59
ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ :- 62
ਬਿਆਸ ਵਿੱਚੋਂ 13 ਦਿਨਾਂ ਬਾਅਦ ਗੁਰਬਾਣੀ ਦੇ ਪੰਨੇ ਸੁੱਕੇ ਨਿਕਲਣੇ :- 63
ਦੇਗਚੇ ਵਿੱਚੋਂ ਸੂਰ ਨਿਕਲਣੇ :- 69
ਤੇਗ ਦਾ ਵਾਰ ਚੱਲਣ ਤੋਂ ਪਹਿਲਾਂ ਸਿਰ ਧੜ ਨਾਲੋਂ ਜੁਦਾ ਹੋਣਾ :- 70
ਦਸਮੇਸ਼ ਜੀ ਨੇ ਪਾਣੀ ਭਰਦੀਆਂ ਨਾਰਾਂ ਦੀਆਂ ਗਾਗਰਾਂ ਤੋੜਨੀਆਂ :- 73
ਨੌਹਰ ਪਿੰਡ ਮਰੇ ਕਬੂਤਰ ਜ਼ਿੰਦਾ ਕਰਨੇ :- 93
ਸੁਹੇਵਾ ਪਿੰਡ ਵਿੱਚ ਜੰਡ ਨੂੰ ਪਿੱਪਲ ਖਾਏ ਤਾਂ ਖਾਲਸਾ ਰਾਜ ਹੋਵੇ :- 93
ਜਲ ਵਿੱਚ ਖੜ੍ਹ ਕੇ ਤਪ ਕਰਨਾ :- 101
ਮਾਤਾ ਸਾਹਿਬ ਦੇਵਾਂ ਪਿਛਲੇ ਜਨਮ ਵਿੱਚ ਰਾਜੇ ਸਤਸੰਧ ਦੀ ਧੀ ਸੀ :- 101
ਦਸਮੇਸ਼ ਜੀ ਦਾ ਘੋੜੇ ਸਮੇਤ ਸੱਚਖੰਡ ਪਿਆਨਾ :- 103
25 ਬਿਬੇਕੀ ਸਿੱਖ ਪਖੰਡਵਾਦ :- 107
ਪੰਜ ਪਿਆਰੇ ਪੰਜ ਭਗਤਾਂ ਦੇ ਅਵਤਾਰ ਸਨ :- 112
ਮੰਗਤੇ ਨੂੰ ਦਾਨ ਤੇ ਪੰਛੀਆਂ ਨੂੰ ਪਾਣੀ :- 125
ਤੀਰਥ ਭਰਮਣ :- 126
ਜੰਮਦੇ ਸਾਰ ਕੱਛ ਤੇ ਕੜਾ ਪਾਉਣਾ :- 131
ਦੋ ਸਾਲ ਦਾ ਗਾਤਰੇ ਕ੍ਰਿਪਾਨ, ਦਿਨ ਰਾਤ ਵਾਹਿਗੁਰੂ ਜਾਪ :- 132
ਸੱਤਵੇਂ ਸਾਲ ਲਗ ਕੰਨਾ ਵਿਚਾਰ ਕੇ ਪਾਠ ਕਰਨਾ :- 135
ਬਾਲ ਲੀਲਾ ਸਮਾਪਤੰ :- 138
ਭੂਤ ਭਵਿਖ ਦੇ ਜਾਨਣਹਾਰੇ :- 147

ਭਾਂਡਿਆਂ ਦੀ ਜੂਠ ਪੀਣਾ :- 150
ਅੰਮ੍ਰਿਤ ਛਕਣ ਸਮੇਂ ਹੀ ਆਤਮ-ਗਿਆਨੀ ਹੋ ਜਾਣਾ :- 177
ਦਸਮੇਸ਼ ਜੀ ਵਾਂਗ ਹੀ ਬਾਮ੍ਹਣ ਦੇ ਠਾਕੁਰ ਰੋੜ੍ਹਨੇ :- 181
ਚਾਲੀ ਸਿੰਘਾਂ ਨੇ ਚਾਲੀ ਦਿਨ ਸਵਾ-ਸਵਾ ਲੱਖ ਮੂਲਮੰਤ੍ਰ ਕੀਤਾ :- 205
ਰਹਿਰਾਸ ਪੰਜ ਗ੍ਰੰਥੀ ਅਨੁਸਾਰ ਪੜ੍ਹਨੀ ਹੈ :- 210
ਜੱਥੇ ਦੇ ਸ਼ਬਦ ਗਾਇਨ ਸਮੇਂ ਰੁੱਖਾਂ ਤੋਂ ਰਸ ਚੋਣਾ ਤੇ ਪੰਛੀਆਂ ਨੇ ਰੁਕਣਾ :- 24
ਅੰਮ੍ਰਿਤ ਦੇਣ ਸਮੇਂ ਦਸਮੇਸ਼ ਜੀ ਨੇ ਸੀਸ ਕੱਟ ਕੇ ਹੱਥ ਵਿੱਚ ਫੜ੍ਹੇ :- 232
ਪਠਾਣਾਂ ਨੂੰ ਸ਼ਹੀਦ ਦਿੱਸਣੇ ਤੇ ਪਾਗਲ ਹੋ ਕੇ ਕੱਪੜੇ ਫਾੜਨੇ :- 250
ਦਰਿਆ ਦੀ ਛੱਲ ਦਾ ਪਾਣੀ ਨੀਵੇਂ ਥਾਂ ਗਿਆ ਨਹੀ ਉੱਚੇ ਥਾਂ ਚੜ੍ਹ ਗਿਆ:- 251
ਗੁਰੂ ਅਮਰਦਾਸ ਜੀ ਨੇ ਕਿੱਲੀ ਫੜ੍ਹ ਕੇ ਤਪ ਕੀਤਾ :- 260
ਸੁਖਮਨੀ ਸੁਣ ਕੇ ਸੱਪ ਨੇ ਮਰ ਜਾਣਾ :- 264
ਬੀਬੀ ਜੀ ਦੀ ਇਹ ਵਡਿਆਈ ਸੀ ਕਿ ਸ਼ਾਦੀ ਨਹੀਂ ਕੀਤੀ :- 269
ਅਖੰਡ ਪਾਠ ਸਮੇਂ ਸਪੈਸ਼ਲ ਸਮੱਗਰੀ :- 271
ਕਿਰਤ ਨਾ ਕਰਨ ਨੂੰ ਸਲਾਹੁਣਾ :- 275
ਗੁਰੂ ਕੇ ਲੰਗਰ ਵਿੱਚ ਸਾਧੂਆਂ ਦੀ ਪੰਗਤ ਅਲੱਗ ਲਾਉਣੀ :- 345
ਅਰਦਾਸ ਮਗਰੋਂ ਆਰਤੀ :- 352
ਛੇ ਮਹੀਨੇ ਦੀਆਂ ਸਮਾਧੀਆਂ ਲਾਉਣੀਆਂ :- 355
ਸਤਿਗੁਰ ਕੀ ਕਾਸ਼ੀ ਵਸਣ ਦਾ ਫਲ :- 370
ਸਿੱਖ ਨੇ ਅੰਬ ਰਾਹ ਵਿੱਚ ਚੂਪ ਲੈਣਾ ਤੇ ਗੁਠਲੀ ਲੈ ਜਾਣਾ :- 380
ਸੁਖਮਨੀ ਪੜ੍ਹਨ ਨਾਲ ਸਭ ਸੁਖ ਮਿਲਣੇ :- 402
ਸੱਤ ਅਖੰਡ ਪਾਠ ਕਰਾਉਣੇ :- 418
ਪੰਦਰਾਂ ਅਖੰਡ ਪਾਠ ਕਰਾਉਣੇ :- 444
ਮੱਧ ਦੀ ਅਰਦਾਸ/ਕਥਾ :- 421
ਸੁਚੈ ਦੇ ਅਰਥ ਸੁੱਚ ਦੀ ਜਗ੍ਹਾ ਸੋਚਣਾ ਕਰਨੇ :- 423
ਮੁਕਤੀ-ਲਾੜੀ ਵਿਆਹੁਣਾ :- 428
ਮਹੋਛੇ ਕਰ ਕੇ ਵਿਹਲੜ ਸਾਧਾਂ ਨੂੰ ਖੁਆਉਣਾ :- 434
ਮ੍ਰਿਤਕ ਰਸਮ ਦਸਵੇਂ ਮੁਕਾਵੇ :- 444
ਮਾਲਾ ਮੰਤ੍ਰ :- 457
ਮਨੀ ਸਿੰਘ ਨੂੰ ਸੰਪਰਦਾਇ ਚਲਾਉਣ ਨੂੰ ਕਿਹਾ :- 458

ਬੇਨਤੀ ਚੌਪਈ ਤੀਰ ਸਤੱਦ੍ਰਵ ਤੱਕ ਵੀਚਾਰੇ :- 471
ਅੰਮ੍ਰਿਤ ਛਕਾਉਣ ਸਮੇਂ ਮੂਲਮੰਤ੍ਰ ਪਉੜੀ ਸਮੇਤ ਪੜ੍ਹਾਉਣਾ :- 471
ਸ਼ਰੀਰਕ ਪਵਿੱਤਰਤਾ :- 504
ਸ਼ੰਤਾਂ ਦੇ ਇਸ਼ਨਾਨ ਜਲ ਨਾਲ ਰਾਜੀ ਹੋਣਾ, ਰਾਜੇ ਨੇ :- 523
ਅਕਾਲ ਕੁਟੀਆ, ਗੁਰੂਆਂ ਨੂੰ ਅਵਤਾਰੀ ਸਿੱਧ ਕਰਨਾ :- 543
ਛੱਬੀ ਅਖੰਡ ਪਾਠ ਪ੍ਰਕਾਸ਼ ਕਰਨਾ :- 554
ਹੰਸ ਸਮਾਨ ਬ੍ਰਿਤੀ ਪਾਣੀ ਛੱਡ ਦੁੱਧ ਛਕਣਾ :- 555
ਹਰ ਪੂਰਨਮਾਸ਼ੀ ਨੂੰ ਅਖੰਡ ਪਾਠ :- 570
ਕਛਹਿਰੇ ਉਪਰ ਵਸਤੂ ਨਹੀਂ ਪਾਉਣਾ :- 577
ਹੱਥ ਵਿੱਚ ਤੀਰ ਰੱਖਣਾ :- 577
ਮੂਲਮੰਤ੍ਰ ਸਲੋਕ ਸਮੇਤ :- 596
ਅਖੰਡ ਪਾਠ ਤੇ ਆਸਾ ਦੀ ਵਾਰ ਇਕੱਠੇ ਚੱਲਣੇ :- 597
ਸਿੱਖ-ਪੰਥ ਤੋਂ ਵੱਖਰੀ ਮਰਿਆਦਾ ਥਾਪਣੀ :- 604
ਫਰੀਦਕੋਟੀ ਟੀਕਾ :- 617
ਗੁਰੂ ਨਹੀਂ ਸਗੋਂ ਸਿੰਘ ਰਖਵਾਲੇ :- 623
ਸਵਾ ਲੱਖ ਵਾਹਿਗੁਰੂ :- 624
ਜਥੇ ਦੇ ਸਿੰਘਾਂ ਨੂੰ ਸੁੱਖੇ ਦੀ ਮਨਾਹੀ ਨਹੀਂ :- 631
ਇਹ ਤੇਜ ਸੁਭਾਉ ਤੇ ਲੜਾਕੇ ਵੀ ਹੋ ਸਕਦੇ ਹਨ :- 634
ਗੜ੍ਹਾ ਕਰਨਾ/ਮੰਗ ਖਾਣਾ :- 634
ਇਹ ਸੰਪਰਦਾਈ ਗੀਤ ਹੈ ਤੇ ਸੰਪਰਦਾਈ ਅਰਥ ਕਰਨੇ ਹਨ :- 640, 641
ਸਪਤਾਹਿਕ ਪਾਠ :- 561, 601
ਛੱਤੀ ਅੱਖਰਾ ਜਾਪ (ਮਹਾਂ-ਮੰਤਰ) :- 76, 267, 326
ਬਿਬਾਨ ਚੜ੍ਹਕੇ ਸੱਚ ਖੰਡ ਪਿਆਨਾ :- 173, 399, 579
ਪੱਚੀ ਗੁਰੂ ਗ੍ਰੰਥ ਸਾਹਿਬ ਇਕੱਠੇ ਪ੍ਰਕਾਸ਼ ਕਰਨੇ :- 413, 414, 416
(ਮਹਾਤਮ ਪੰ: 419)
ਸੰਤ-ਦਰਸ ਫਲ :- 430, 436, 523
ਸੱਚ ਖੰਡ ਦਰਸ਼ਨ :- 166, 379, 573, 590
ਗੁਰੂ ਦੇ ਖੂਹ ਤੋਂ ਮਾਸ਼ਕੀ ਪਾਣੀ ਨਾ ਭਰਨ ਦੇਣਾ ਅਤੇ ਬੋਕਾ ਪਾਣੀ :- 314, 328
ਹਰਾ, ਲਾਲ, ਭਗਵਾਂ, ਸੂਹਾ ਰੰਗ ਤਿਆਗਣਾ :- 321, 475
ਗੁਰੂ ਹਰਿ ਕ੍ਰਿਸ਼ਨ ਜੀ ਅਤੇ ਰਾਮ ਰਾਇ ਜੀ ਦੀ ਪਰਖ ਸਮੇਂ ਮੰਜੇ ਦੇ ਪਾਵੇ ਵਿੱਚ

ਸੂਈ ਖੁੱਭਣੀ :- 54
ਬਿਦੇਹੀ ਟਕਸਾਲੀਏ, ਕਾਣਾ ਦਿਓ ਕੱਢਣਾ, ਗੈਰ ਅੰਮ੍ਰਿਤਧਾਰੀ ਦੇ ਹੱਥੋਂ ਪ੍ਰਸ਼ਾਦਾ ਨਾ ਛਕਣਾ :- 93
ਹਰ ਰੋਜ਼ ਮੂਲਮੰਤ੍ਰ ਦੀ 33 ਮਾਲਾ, ਜਾਂ ਪੰਜ ਸੁਖਮਨੀ, ਜਾਂ 25 ਜਪੁਜੀ, ਜਾਂ ਪੰਜ ਗ੍ਰੰਥੀ, ਜਾਂ 25 ਹਜ਼ਾਰ ਵਾਹਿਗੁਰੂ ਮੰਤ੍ਰ ਜਪਣਾ ਕਰੋ :- 577, 615
ਪਾਠੀ ਦੀ ਅਪਵਿਤ੍ਰਤਾ ਕਰ ਕੇ ਰੋਗ ਨਾ ਹਟਣਾ ਤੇ ਉਸ ਰੋਗ ਨੂੰ ਆਪਣੇ ਉੱਪਰ ਲੈ ਲੈਣਾ :- 580
ਗਰਮੀ ਸਮੇਂ ਰੇਤ ਦੇ ਟਿੱਬੇ ਤੇ, ਠੰਢ ਸਮੇਂ ਪਾਣੀ ਵਿੱਚ ਤਪ ਕਰਨ ਨੂੰ ਦੁੱਖ-ਸੁੱਖ ਸਮਤਾ ਸਿੱਧ ਕਰਨਾ :- 601
ਮਾਤਾ ਗੰਗਾ ਜੀ ਨੇ ਬਾਬੇ ਬੁੱਢਾ ਜੀ ਪਾਸੋਂ ਪੁੱਤਰ ਪ੍ਰਾਪਤੀ ਦਾ ਵਰ ਲਿਆ : 31, 36
ਸਵਾ ਲੱਖ ਜਪੁ ਜੀ :- 49, 123, 152, 153, 227, 422, 449, 599, 601, 603, 620, 621
ਛੱਤੀ ਲੱਖ ਮੂਲਮੰਤ੍ਰ :- 48, 123, 128, 129, 449, 601, 619, 620, 624
ਗੋਇੰਦਵਾਲ ਜਪੁਜੀ ਪਾਠ ਕਰ ਕੇ ਚੁਰਾਸੀ ਕੱਟਣੀ :- 127, 346, 541, 619
ਗੁਰੂ ਗ੍ਰੰਥ ਸਾਹਿਬ ਵਿੱਚੋਂ ਵਾਕ ਆਪਣੀ ਇੱਛਾ ਅਨੁਸਾਰ ਲੈਣਾ :- 130, 148, 236, 598, 599, 615
ਗੁਰੂ ਗ੍ਰੰਥ ਸਾਹਿਬ ਦੇ ਭੋਗ-ਉਪ੍ਰੰਤ ਫਿਰ ਜਪੁਜੀ ਜ਼ਰੂਰੀ :- 180, 282, 383
ਪੱਚੀ ਦਿਨ ਮੋਨ ਧਾਰਨ ਕਰਨਾ :- 181, 253, 277, 356, 403, 441
ਮੂਲਮੰਤ੍ਰ ਦਾ ਸੰਪਟ ਲਾਕੇ ਪਾਠ ਕਰਨਾ :- 204, 362,ਠ 363, 460, 584, 604, 612
ਸੁੰਦਰ ਸਿੰਘ ਨੂੰ 1914 ਈ: ਵਿਚ ਕਨਖਲ ਵਿਖੇ 243 ਸਾਲ ਦੇ ਸੰਤ ਨਾਲ ਮਿਲਾਪ :- 231
101 ਅਖੰਡਪਾਠ ਕਰਨੇ :- 275, 436, 440, 463, 465, 621, 636
ਪਾਠ ਸੁਨਣ ਮਗਰੋਂ ਬ੍ਰਿਕਤੀਆਂ ਨੇ ਤਨ ਦੇ ਬਸਤ੍ਰ ਲਾਹੁਣੇ, ਕੁਟੀਆ ਪਾਉਣੀਆਂ, ਬਨਵਾਸ ਲੈਣਾ :- 282, 286
ਗੁਰ-ਸ਼ਬਦ ਦੀ ਵਿਆਖਿਆ ਤੋਂ ਪਹਿਲਾਂ ਕੱਚੀ ਬਾਣੀ ਵਾਲਾ ਮੰਗਲਾਚਰਨ ਜ਼ਰੂਰੀ :- 574
ਗਿਆਨੀ ਸੁੰਦਰ ਸਿੰਘ ਲਈ ਨਾਮ ਦੇਣਾ: ਮੁਰਾਰੇ, ਸ੍ਰੀ ਸੰਤ, ਦੀਨ ਦਿਆਨ, ਗੁਸਾਈਂ, ਸੁਆਮੀ, ਅੰਤਰਜਾਮੀ, ਹਰਿ ਸੰਤ, ਸੰਤ ਅਗਾਧ ਅਪਾਰ, ਸੰਤ

ਸਿਰਤਾਜ, ਅਕਾਲ-ਰੂਪ, ਪ੍ਰਭੂ, ਨਾਥ, ਸਾਈਂ, ਹਰਿਜੀ, ਮਰਿਆਦਾ ਪ੍ਰਸ਼ੋਤਮ, ਸੁਆਮੀ :- 346, 355, 378, 398, 435, 436, 442, 411, 433, 453, 459, 496, 501, 519, 520, 540, 583, 593

000

# 15. ਕਲਰੁ ਖੇਤੁ ਲੈ ਕੂੜੁ ਜਮਾਇਆ...

ਹਰ ਸਿੱਖ ਦਾ ਅਤੇ ਹਰ ਇੱਕ ਸਿੱਖ ਸੰਸਥਾ ਦਾ, ਇਹ ਧਾਰਮਕ ਫਰਜ਼ ਬਣਦਾ ਹੈ ਕਿ ਸਤਿਗੁਰੂ ਜੀ ਦੇ ਉਪਦੇਸ਼ਾਂ ਨੂੰ ਗੁਰਬਾਣੀ ਵਿੱਚੋਂ ਪੜ੍ਹੇ, ਸਮਝੇ, ਵਿਚਾਰੇ, ਫਿਰ ਕਿਤੇ ਸੰਗਤ ਤੱਕ ਪੁਚਾਣ ਦੀ ਕੋਸ਼ਿਸ਼ ਕਰੇ। ਬਿਹਤਰ ਇਹ ਹੈ ਕਿ ਸ਼੍ਰੋਮਣੀ ਕਮੇਟੀ ਅਜਿਹੇ ਮਾਹਿਰ ਸਿੱਖ ਵਿਦਵਾਨਾਂ ਦਾ, ਇੱਕ ਬੋਰਡ ਬਣਾਵੇ। ਸਿੱਖ ਧਰਮ ਨਾਲ ਸੰਬੰਧਤ ਹਰੇਕ ਕਿਤਾਬ ਉਨ੍ਹਾਂ ਵੱਲੋਂ ਪਾਸ ਕੀਤੀ ਹੋਈ ਹੀ ਪ੍ਰਮਾਣੀਕ ਮੰਨੀ ਜਾਵੇ। ਬਦ ਕਿਸਮਤੀ ਨਾਲ ਅਜਿਹਾ ਨਹੀਂ ਕੀਤਾ ਗਿਆ। ਹਰ ਵਿਅਕਤੀ ਆਪਣੀ ਮਨਮਰਜ਼ੀ ਨਾਲ ਗੁਰਬਾਣੀ ਦੇ ਅਰਥ ਕਰ ਰਿਹਾ ਹੈ। ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰ ਰਿਹਾ ਹੈ।

ਕੋਈ ਪੁੱਛਣ ਵਾਲਾ ਨਹੀਂ ਹੈ। ਸਗੋਂ ਸਾਡੇ ਜਥੇਦਾਰ ਤੇ ਲੀਡਰ ਲੋਕ ਉਨ੍ਹਾਂ ਡੇਰਿਆਂ ਟਕਸਾਲਾਂ ਵਿੱਚ ਜਾ ਕੇ ਤਿਨ੍ਹਾਂ ਦੀ ਪ੍ਰਸੰਸਾ ਦੇ ਪੁਲ ਬੰਨ੍ਹ ਆਉਂਦੇ ਹਨ। ਪਿਛਲੇ ਲੰਮੇ ਸਮੇਂ ਤੋਂ ਦਮਦਮੀ ਟਕਸਾਲ ਬਾਰੇ ਪੇਤਲੀ ਜਿਹੀ ਜਾਣਕਾਰੀ ਸੀ। ਸੰਨ 1983-84 ਵਿੱਚ ਬਾਬਾ ਜਰਨੈਲ ਸਿੰਘ ਦੀ ਚੜ੍ਹਤ ਸਮੇਂ ਉਨ੍ਹਾਂ ਨਾਲ ਮੁਲਾਕਾਤਾਂ ਦਾ ਅਵਸਰ ਭੀ ਮਿਲਿਆ। '84 ਦਾ ਘੱਲੂਕਾਰਾ ਵਾਪਰਨ ਤੋਂ ਬਾਅਦ ਟਕਸਾਲ ਫਿਰ ਚਰਚਾ ਵਿੱਚ ਰਹੀ। ਇਨ੍ਹਾਂ ਦੇ ਪ੍ਰਚਾਰਕਾਂ ਨੂੰ ਸਟੇਜਾਂ 'ਤੇ ਬੋਲਦਿਆਂ ਕਥਾ ਕਰਦਿਆਂ ਭੀ ਸੁਣਿਆ। ਇਹ ਲੋਕ ਕੇਵਲ ਅੰਨ੍ਹੀ ਸ਼ਰਧਾ ਦੀਆਂ ਗੱਲਾਂ ਹੀ ਕਰਦੇ ਦਿਸੇ, ਗਿਆਨ ਤਰਕ ਤੋਂ ਖਾਲੀ। ਜੇ ਕੋਈ ਵਿਚਾਰ ਕਰਨੀ ਚਾਹੇ ਤਾਂ ਮਰਨ ਮਾਰਨ 'ਤੇ ਉਤਰ ਪੈਣਾ, ਇਨ੍ਹਾਂ ਦਾ ਸੁਭਾ ਹੈ। ਮੇਰੇ ਸਨਮੁੱਖ ਗਿਆਨੀ ਗੁਰਬਚਨ ਸਿੰਘ ਦੀ ਲਿਖੀ ਪੁਸਤਕ "ਗੁਰਬਾਣੀ ਪਾਠ ਦਰਸ਼ਨ" ਪਈ ਹੈ। ਇਹ ਭਾਈ ਕਿਰਪਾਲ ਸਿੰਘ ਜਵਾਹਰ ਸਿੰਘ, ਮਾਈ ਸੇਵਾ ਅੰਮ੍ਰਿਤਸਰ ਵੱਲੋਂ 1969 ਵਿੱਚ ਛਪੀ ਸੀ। ਇਸੇ ਪੁਸਤਕ ਵਿੱਚੋਂ ਗੁਰਮਤਿ ਤੋਂ ਉਲਟ ਸਮੱਗਰੀ ਪਾਠਕਾਂ ਦੇ ਸਾਹਮਣੇ ਰੱਖ ਰਿਹਾ ਹਾਂ। ਬਈ ਕਿਵੇਂ ਇਹ ਲੋਕ ਸੰਤਗਿਰੀ ਦਾ ਲੇਬਲ ਲਾ ਕੇ, ਭੋਲੀ ਸਿੱਖ ਸੰਗਤ ਨੂੰ ਕੁਰਾਹੇ ਪਾ ਰਹੇ ਹਨ। ਗੁਰਬਾਣੀ ਦੇ ਗ਼ਲਤ ਅਰਥ ਕਰ ਰਹੇ ਹਨ। ਕਰਾਮਾਤੀ ਬੇ-ਸਿਰ ਪੈਰ ਦੀਆਂ ਕਹਾਣੀਆਂ ਗੁਰੂ ਘਰ ਵਿੱਚ ਘੁਸੇੜੀਆਂ ਜਾ ਰਹੀਆਂ ਹਨ। ਅਜਿਹੀਆ ਪੁਸਤਕਾਂ ਪੜ੍ਹ ਕੇ, ਇਨਸਾਨ ਦਾ ਜੀਵਨ ਕਿਹੋ ਜਿਹਾ ਹੋਵੇਗਾ? ਨਿਆਰੇ ਖਾਲਸੇ ਨੂੰ ਇਹ ਕਿਸ ਬ੍ਰਾਹਮਣੀ ਦਲਦਲ ਵਿੱਚ ਸੁੱਟ ਰਹੇ ਹਨ, ਕਦੀ ਕਿਸੇ ਨੇ ਸੋਚਿਆ ਤੱਕ ਨਹੀਂ। ਸਿੱਖਾਂ ਵਿੱਚ ਮਾਰੂ ਹੱਦ ਤੱਕ ਕਰਮ ਕਾਂਡਾਂ ਨੂੰ ਦਾਖ਼ਲ ਕਰਨ ਵਾਲੇ ਇਹੀ ਲੋਕ ਹਨ। ਬੋਦੀ ਵਾਲੇ, ਧੋਤੀ ਵਾਲੇ, ਬ੍ਰਾਹਮਣਾਂ ਦਾ ਰੂਪ ਬਦਲ ਗਿਆ, ਕੇਸਾਂ ਜੂੜੇ ਵਾਲੇ ਬ੍ਰਾਹਮਣ, ਕਛਹਿਰੇ ਵਾਲੇ, ਚੋਲਿਆਂ ਵਾਲੇ ਬ੍ਰਾਹਮਣ, ਤੁਹਾਨੂੰ ਥੋਕ ਵਿੱਚ ਮਿਲ ਜਾਣਗੇ, ਕਿੱਥੋਂ? ਟਕਸਾਲ ਵਿੱਚੋਂ। ਆਉ ਇਨ੍ਹਾਂ ਦੀ ਪੁਸਤੱਕ ਵਿੱਚੋਂ ਗੁਰਮਤਿ ਤੋਂ ਉਲਟ ਕੂੜ ਸਮੱਗਰੀ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰੀਏ-

1. ਗਿਆਨੀ ਗੁਰਬਚਨ ਸਿੰਘ ਨੇ ਆਪਣੇ ਨਾਮ ਨਾਲ ਜੋ ਕੁੱਝ ਲਿਖਿਆ ਹੋਇਆ ਹੈ ਪੜ੍ਹੋ- ਕਰਤਾ-"ਸ੍ਰੀਮਾਨ, ਪੰਥ ਰਤਨ, ਵਿੱਦਿਯਾ ਮਾਰਤੰਡ, ਸੰਤ, ਗਿਆਨੀ, ਗੁਰਬਚਨ ਸਿੰਘ, ਜੀ, ਖਾਲਸਾ"। ਹੈ ਨਾ ਨਿਰਮਾਣਤਾ ਦੀ ਸਿਖਰ, ਅੱਠ ਵਿਸ਼ੇਸ਼ਣ ਆਪਣੇ ਨਾਮ ਨਾਲ ਖੁਦ ਹੀ ਲਾ ਲਏ।
   ਵਿੱਦਿਆ ਮਾਰਤੰਡ ਦਾ ਅਰਥ ਹੈ ਗਿਆਨ ਦਾ ਸੂਰਜ। ਸੂਰਜ ਨਾਲੋਂ ਵੱਧ ਚਾਨਣ ਕਿਸੇ ਦਾ ਨਹੀਂ, ਤੇ ਇਨ੍ਹਾਂ ਨਾਲੋਂ ਵੱਧ ਗਿਆਨ ਕਿਸੇ ਦਾ ਨਹੀਂ, ਹੈ ਨਾ? 1
2. ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪਿਤਾ, ਮਹਿਤਾ ਕਾਲੂ ਦਾ ਭੀ ਆਪਣੀ

ਲਿਖਤ ਗੁਰਬਾਣੀ ਵਿੱਚ ਜ਼ਿਕਰ ਨਹੀਂ ਕੀਤਾ। ਉਹ ਸਰਬ ਸ੍ਰਿਸ਼ਟੀ ਦਾ ਕਰਤਾ, ਸਾਂਝਾ ਪਿਤਾ ਅਕਾਲ ਪੁਰਖ ਨੂੰ ਮੰਨਦੇ ਸਨ। ਰਾਮ ਚੰਦਰ ਦੇ ਪੁੱਤਰ ਕੁਸ਼ੂ ਨਾਲ ਉਨ੍ਹਾਂ ਕਦੀ ਆਪਣੀ ਸਾਂਝ ਨਹੀਂ ਦਰਸਾਈ, ਪਰ ਟਕਸਾਲੀਏ ਗੁਰੂ ਨਾਨਕ ਨੂੰ ਕੁਸ਼ ਦੀ ਔਲਾਦ ਗਰਦਾਨ ਰਹੇ ਹਨ। 1

3. ਸਾਰੀਆਂ ਲਿਖਤਾਂ ਵਿੱਚ (ਬਾਲੇ ਤੋਂ ਸਿਵਾਏ) ਗੁਰੂ ਨਾਨਕ ਦਾ ਜਨਮ ਵਿਸਾਖ ਦਾ ਹੀ ਲਿਖਿਆ ਹੈ (ਸਮੇਤ ਭਾਈ ਮਨੀ ਸਿੰਘ ਦੀ ਜਨਮ ਸਾਖੀ ਦੇ, ਕੀ ਭਾਈ ਮਨੀ ਸਿੰਘ ਵੀ ਗ਼ਲਤ ਹਨ ?) ਪਰ ਟਕਸਾਲੀਏ ਕੱਤਕ ਦੀ ਪੂਰਨਮਾਸੀ ਲਈ ਬਜ਼ਿੱਦ ਹਨ, ਕਿਉਂ ? 9
4. ਗੁਰੂ ਅੰਗਦ ਸਾਹਿਬ ਜੀ ਨੂੰ ਰਾਮਚੰਦਰ ਦੇ ਭਰਾ, ਲਛਮਣ ਦੇ ਬੇਟੇ, ਤੱਖ ਦੇ ਖਾਨਦਾਨ ਨਾਲ ਜੋੜ ਦਿੱਤਾ ਗਿਆ, ਕਿਉਂ ? 10
5. ਗੁਰੂ ਅਮਰਦਾਸ ਜੀ ਰਾਮ ਦੇ ਭਰਾ, ਭਰਥ ਦੇ ਪੁੱਤਰ ਭੱਲਣ ਦੀ ਬੰਸ ਵਿੱਚੋਂ ਪੈਦਾ ਹੋਏ ਲਿਖ ਮਾਰਿਆ, ਕਿਉਂ ? 11
6. ਗੁਰੂ ਰਾਮਦਾਸ ਜੀ ਲਊ ਦੇ ਪੁੱਤਰ, ਕਾਲ ਰਾਏ ਦੀ ਬੰਸ ਵਿੱਚੋਂ ਸਨ, ਕਿਵੇਂ ਪਤਾ ਲੱਗਾ ? ਸਬੂਤ ? ਅੱਗੋਂ ਸਾਰੇ ਗੁਰ ਵਿਅਕਤੀਆਂ ਨੂੰ ਇਸੇ ਸੋਢੀ ਬੰਸ ਨਾਲ ਨੱਥੀ ਕਰ ਦਿੱਤਾ।
   12
7. ਗੁਰੂ ਹਰਿ ਰਾਇ ਜੀ ਦੇ ਅੱਠ ਵਿਆਹ ਹੋਏ ਲਿਖ ਮਾਰਿਆ, ਕਿਉਂ ? 15
8. ਗੁਰੂ ਤੇਗ ਬਹਾਦਰ ਜੀ ਨੇ ਗੁਰਗੱਦੀ ਦਿੱਲੀ ਤੋਂ ਭੇਜੀ-ਕਿਵੇਂ ? (ਇਤਿਹਾਸ ਤੋਂ ਸੱਖਣੇ) 18
9. ਖਾਲਸਾ ਪੰਥ ਦਸਮ ਪਾਤਸ਼ਾਹ ਨੇ ਚਲਾਇਆ ? (ਪਹਿਲੇ ਨੌਂ ਗੁਰ ਵਿਅਕਤੀ ਫਿਰ ਕੀ ਕਰਦੇ ਰਹੇ ?) ਨਾਨਕ ਨਿਰਮਲ ਪੰਥ ਚਲਾਇਆ ? ਦਾ ਕੀ ਜੁਆਬ ਹੈ ? 19
10. ਭਾਈ ਦਇਆ ਸਿੰਘ (ਪਿਆਰਾ) ਲਊ ਦੇ ਅਵਤਾਰ ਸਨ ? 19
11. ਭਾਈ ਧਰਮ ਸਿੰਘ (ਪਿਆਰਾ) ਧੰਨਾ ਜੀ ਦੇ ਅਵਤਾਰ ਸਨ ? 19
12. ਭਾਈ ਹਿੰਮਤ ਸਿੰਘ (ਪਿਆਰਾ) ਚਤੁਰਭੁਜੀ ਦੇ ਅਵਤਾਰ ਸਨ ? (ਕਲਪਤ ਚਤੁਰਭੁਜੀ) 19
13. ਭਾਈ ਮੋਹਕਮ ਸਿੰਘ (ਪਿਆਰਾ) ਨਾਮਦੇਵ ਜੀ ਦੇ ਅਵਤਾਰ ਸਨ ? 19
14. ਭਾਈ ਸਾਹਿਬ ਸਿੰਘ (ਪਿਆਰਾ) ਸੈਣ ਜੀ ਦੇ ਅਵਤਾਰ ਸਨ ? 19
15. ਮਾਈ ਸੇਵਾਂ "ਪਤੀ ਬ੍ਰਤਾ ਸ਼ਕਤੀ" ਦੀ ਵਰਤੋਂ ਕਰ ਕੇ, ਹਰ ਰੋਜ਼ ਕਾਬੁਲ ਤੋਂ ਗੋਇੰਦਵਾਲ ਸੇਵਾ ਕਰਨ ਆਇਆ ਕਰਦੀ ਸੀ ? (ਉਹ ਉਥੋਂ ਹੀ ਸ਼ਕਤੀ ਨਾਲ ਸੇਵਾ ਕਿਉਂ ਨਹੀਂ ਕਰਦੀ ਸੀ ?) 12

16. ਇੱਕ ਬੀਬੀ ਦਾ ਪਤੀ ਮਰ ਗਿਆ, ਉਸ ਪਤੀਬ੍ਰਤਾ ਸ਼ਕਤੀ ਵਰਤ ਕੇ ਸੂਰਜ ਚੜ੍ਹਨੋਂ ਰੋਕੀ ਰੱਖਿਆ ਜਦੋਂ ਭਗਵਾਨ ਨੇ ਪਤੀ ਜੀਵਤ ਕੀਤਾ ਤਾਂ ਹੀ ਸੂਰਜ ਚੜ੍ਹਨ ਦਿੱਤਾ? 22
17. ਸਤਿਗੁਰੂ ਜੀ ਨੇ ਲਾਲ ਰੰਗ ਦੇ ਕਪੜੇ ਪਾਉਣ ਤੋਂ ਮਨਾਹੀ ਕੀਤੀ ਹੈ। ਇਹ ਟਕਸਾਲੀ ਕਹਿੰਦੇ ਹਨ।
ਪਰ ਗੁਰ ਫੁਰਮਾਨ ਤਾਂ ਇਹ ਹੈ –
ਨਾ ਮੈਲਾ ਨਾ ਧੁੰਦਲਾ ਨਾ ਭਗਵਾ ਨਾ ਕਚੁ ॥
ਨਾਨਕ ਲਾਲੋ ਲਾਲ ਹੈ ਸਚੈ ਰਤਾ ਸਚੁ ॥ (1089)
23
18. ਮੂਲ ਮੰਤਰ (ਮੰਗਲ) ਨਾਨਕ ਹੋਸੀ ਭੀ ਸਚੁ ਤੱਕ ਹੈ, (ਗ਼ਲਤ, ਇਹ ਗੁਰ ਪ੍ਰਸਾਦਿ ਤੱਕ ਹੈ, ਆਦਿ ਸਚ ਸਲੋਕ ਹੈ)
24
19. ਜਦੋਂ ਬੱਚਾ ਗਰਭ ਵਿੱਚ ਹੋਵੇ ਤਾਂ ਇਹ ਵਿਸ਼ੇਸ਼ ਸ਼ਬਦ ਪੜ੍ਹਨ ਨਾਲ ਰੱਖਿਆ ਹ ੁ ਂ ਦ ੀ ਹੈ? (ਮਨਮਤ) 25
20. ਮਰਾਜ ਪਿੰਡ (ਜ਼ਿਲ੍ਹਾ ਬਠਿੰਡਾ) ਵਿਖੇ ਭਾਈ ਜੈਦ ਇਸ ਕਰ ਕੇ ਬਹੁਤਾ ਬਲਵਾਨ ਸੀ, ਕਿਉਂਕਿ ਮਾਤਾ ਨੇ ਸ਼ੇਰ ਦਾ ਅਕਸ ਪਾਣੀ ਵਿੱਚ ਵੇਖਿਆ। ਸਵੇਰੇ ਸੁੱਤੀ ਉੱਠਣ ਵਕਤ ਸੂਰਜ ਮੱਥੇ ਲੱਗਾ? (ਵਾਹ! ਕਿੱਡਾ ਝੂਠ ਫਿਰ ਤਾਂ ਜਾਨਵਰ ਹੀ ਜੰਮਣਾ ਚਾਹੀਦਾ ਸੀ)। 25
21. ਜੈਦ ਨਾਮੇ ਸਿੱਖ ਤੇ ਕਾਲੇ ਖਾਂ ਨੇ ਵਾਰ ਕੀਤਾ, ਤਾਂ ਛੇਵੇਂ ਪਾਤਸ਼ਾਹ ਨੇ ਕਰਾਮਾਤੀ ਸ਼ਕਤੀ ਨਾਲ ਵਾਰ ਰੋਕ ਲਿਆ? (ਕਰਾਮਾਤ ਨਾਲ ਗੁਰੂ ਜੀ ਨੇ ਦੁਸ਼ਮਣਾਂ ਨੂੰ ਮਾਰਿਆ ਕਿਉਂ ਨਹੀਂ?) 25
22. ਬਾਬਾ ਸੁੰਦਰ ਸਿੰਘ ਦੇ ਪਿਤਾ ਖਜਾਨ ਸਿੰਘ ਪੁੱਤਰ ਦੀ ਪ੍ਰਾਪਤੀ ਵਾਸਤੇ ਹਰ ਰੋਜ਼ ਇੱਕ ਪੈਰ 'ਤੇ ਖਲੋ ਕੇ ਸੁਖਮਨੀ ਸਾਹਿਬ ਦਾ ਪਾਠ ਕਰਿਆ ਕਰਦੇ ਸਨ ਤਾਂ ਸੁੰਦਰ ਸਿੰਘ ਦਾ ਜਨਮ ਹੋਇਆ (ਪਾਖੰਡ ਕਰਮ ਨਾਲ?)
26
23. ਖਜਾਨ ਸਿੰਘ ਦੀ ਪਤਨੀ ਸੁੰਦਰ ਸਿੰਘ ਦੀ ਮਾਤਾ, ਪੰਝੀ ਪਾਠ ਜਪੁਜੀ ਦੇ ਰੋਜ਼ਾਨਾ ਕਰਿਆ ਕਰਦੀ ਸੀ? (ਮਨਮਤ) 26
24. ਸੁੰਦਰ ਸਿੰਘ ਦੇ ਜਨਮ ਵਕਤ ਚਾਲੀ ਪਉੜੀਆਂ ਅਨੰਦ ਸਾਹਿਬ ਦੀ ਕੀਰਤਨ ਕੀਤਾ, ਇਹ ਹੁਕਮ ਤੀਜੇ ਪਾਤਸ਼ਾਹ ਦਾ ਹੈ? (ਸਬੂਤ ਦੇ ਸਕੋਗੇ? ਟਕਸਾਲੀਆਂ

ਦੀ ਮਨਮਤ ਹੈ) 27
25. ਸੁੰਦਰ ਸਿੰਘ ਦੇ ਜਨਮ ਵਕਤ, ਘਰ ਵਿੱਚ ਪਾਠ ਰਖਾਇਆ, ਬੱਚੇ ਨੂੰ ਮੱਥਾ ਟਿਕਾਇਆ, ਨਾਮ ਰੱਖਿਆ, ਫਿਰ ਮਾਂ ਦਾ ਦੁੱਧ ਪਿਆਇਆ ਗਿਆ ? (ਵੇਖੀ ਚਲੋ, ਬਿਨਾਂ ਸਿਰ ਪੈਰ ਦੇ ਉਪਦੇਸ਼) 27
26. ਸੁੰਦਰ ਸਿੰਘ ਨੂੰ ਜੰਮਣਸਾਰ ਸੰਪੂਰਣ ਸਹਿਜ ਪਾਠ ਸੁਣਾ ਕੇ, ਚਾਲੀ ਦਿਨਾਂ ਵਿੱਚ ਭੋਗ ਪਾਇਆ ? (ਅਣਹੋਣੀ ਗਲ) 27
27. ਅਖਾੜੇ ਪਿੰਡ ਇੱਕ ਪ੍ਰਵਾਰ ਦੇ ਬੱਚੇ ਮਰ ਜਾਂਦੇ ਸਨ, ਇੱਕ ਸਿੱਖ ਨੇ ਕਿਰਪਾਨ ਦਾ ਅੰਮ੍ਰਿਤ ਛਕਾਇਆ ਬੱਚੇ ਨੂੰ ਜਨਮ ਦੇ ਕੇ ਮਾਤਾ ਮਰ ਗਈ ਬੱਚਾ ਨਹੀਂ ਮਰਿਆ ? (ਵਾਰੇ ਵਾਰੇ ਜਾਈਏ ਅਕਲ ਦੇ) 28
28. ਬੱਚੇ ਦੇ ਜਨਮ ਵਕਤ ਦਾਈ ਸਿੱਖਣੀ ਹੀ ਹੋਣੀ ਚਾਹੀਦੀ ਹੈ ? (ਟਕਸਾਲੀਏ ਹੁਣ ਕੀ ਕਰਦੇ ਹਨ ? ਕੀ ਹਸਪਤਾਲਾਂ ਵਿੱਚ ਨਹੀਂ ਜਾਂਦੇ ?) 28
29. ਨਾਰਦ ਮੁਨੀ ਨੇ 75 ਹਜ਼ਾਰ ਸਾਲ ਵਿੱਦਿਆ ਪੜ੍ਹੀ ? (ਵੱਡਾ ਗਪੌੜਾ) 30
30. ਵੇਦ ਵਿਆਸ ਗਿਆਰਾਂ ਹਜ਼ਾਰ ਸਾਲ ਤਪ ਕਰਦਾ ਰਿਹਾ ? (ਗਪੌੜਾ) 32
31. ਸਤੇ ਬਲਵੰਡ ਨੂੰ ਅਤੇ ਭੱਟਾਂ ਨੂੰ ਕਾਂਸ਼ੀ ਦੇ ਬ੍ਰਾਹਮਣਾਂ ਵੱਲੋਂ ਸਰਾਪ ਮਿਲਿਆ ਹੋਇਆ ਸੀ ? (ਘੋਰ ਪਾਪ ਲਿਖ ਮਾਰਿਆ) 33
32. ਆਸਾ ਕੀ ਵਾਰ ਬਾਣੀ 84 ਦੇ ਗੇੜ ਵਿੱਚੋਂ ਕੱਢਦੀ ਹੈ ? (ਤੇ ਹੋਰ ਬਾਣੀ ਕੀ ਕਰਦੀ ਹੈ ?) 34
33. ਸੁਖਮਨੀ ਸਾਹਿਬ ਦੇ 24 ਹਜ਼ਾਰ ਅੱਖਰ ਹਨ, ਚੌਵੀ ਘੰਟਿਆਂ ਦੇ 24 ਹਜ਼ਾਰ ਸੁਆਸ ਹਨ, ਚੌਵੀ ਅਸਟਪਦੀਆਂ ਹਨ, ਇਸ ਤਰ੍ਹਾਂ ਪਾਠ ਕਰਨ ਨਾਲ ਚੌਵੀ ਹਜ਼ਾਰ ਸੁਆਸ ਸਫ਼ਲ ਹੁੰਦੇ ਹਨ ? (ਕੀ ਸਾਰੀ ਗੁਰਬਾਣੀ ਇੱਕਸਾਰ ਨਹੀਂ ਹੈ) 34
34. ਧਰੂ ਭਗਤ ਨੇ 36000 ਸਾਲ ਤੱਕ ਅਟੱਲ ਰਾਜ ਕੀਤਾ ? (ਪੌਰਾਣਕ ਕਥਾਵਾਂ ਦੇ ਗੱਪਾਂ ਦਾ ਇੱਥੇ ਕੀ ਕੰਮ ?) 36
35. ਫਰੀਦ ਜੀ ਦੇ ਮੁਸੱਲੇ ਹੇਠਾਂ ਸ਼ੱਕਰ, ਖੰਡ, ਮਿਸ਼ਰੀ ਦੇ ਢੇਰ ਲੱਗੇ ਵੇਖੇ ? 36
36. ਬਾਬਾ ਫਰੀਦ ਜੀ, ਬਾਰਾਂ ਸਾਲ ਤੱਕ ਜੰਗਲਾਂ ਵਿੱਚ ਤਪ ਕਰਦੇ ਰਹੇ, ਪੱਤੇ ਖਾਂਦੇ ਰਹੇ। ( ?) 36
37. ਫਰੀਦ ਦੇ ਜੂੰਆਂ ਪੈ ਗਈਆਂ, ਮਾਤਾ ਨੇ ਕੱਢੀਆ, ਪੱਤੇ ਖਾਣੋਂ ਰੋਕਿਆ ? (ਵੱਡਾ ਅਪ੍ਰਾਧ) 36

38. ਫਰੀਦ ਨੇ ਤੇਰਾਂ ਸਾਲ ਖੂਹ ਵਿੱਚ ਲਟਕ ਕੇ ਤਪ ਕੀਤਾ। (ਫਰੀਦਾ ਜੰਗਲ ਜੰਗਲ ਕਿਆ ਭਵਹਿ ਵਣ ਕੰਡਾ ਮੋੜਹਿ ॥ ਇਸ ਦਾ ਕੀ ਕਰੋਗੇ ?)
36
39. ਫਰੀਦ ਨੇ ਬਾਰਾਂ ਸਾਲ ਤੱਕ ਕਾਠ (ਲਕੜੀ) ਦੀ ਰੋਟੀ ਢਿੱਡ ਨਾਲ ਬੰਨ੍ਹੀ ਰੱਖੀ ? 36
40. ਇੱਕ ਪੰਡਤ ਸਰਾਪ ਕਾਰਨ ਕਾਂਸ਼ੀ ਵਿੱਚ ਕੁੱਤਾ ਬਣਿਆ ਹੋਇਆ ਸੀ, ਗੁਰੂ ਨਾਨਕ ਸਾਹਿਬ ਜੀ ਨੇ ਉਸ ਦਾ ਸਰਾਪ ਕੱਟਿਆ ?
39
41. ਧਰਮਰਾਜ ਖੁਦ ਯੁਧਿੱਸ਼ਟਰ ਦਾ ਇਮਤਿਹਾਨ ਲੈਣ ਆਇਆ ? (ਕਲਪਣਾ) 40
42. ਗੁਰੂ ਗੋਬਿੰਦ ਸਿੰਘ ਜੀ ਕੋਲ ਇੱਕ ਗੋਹਜ ਕਥਾ ਵਾਲੀ ਗੁਪਤ ਪੋਥੀ ਹੋਇਆ ਕਰਦੀ ਸੀ ? (ਕੋਈ ਪੋਥੀ ਨਹੀ ਸੀ) 41
43. 1699 ਦੀ ਵਿਸਾਖੀ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਤੇਰਾਂ ਮਹੀਨੇ ਤੱਕ ਇਕਾਂਤ ਵਾਸ ਵਿੱਚ ਰਹੇ ਉੱਥੇ ਕੋਈ ਸਰੀਰ ਨਹੀਂ ਜਾ ਸਕਦਾ ਸੀ ? (ਟਕਸਾਲੀਆਂ ਨੂੰ ਕੀਹਨੇ ਦੱਸਿਆ ? ਨਿਰੀ ਕਲਪਣਾ) 42
44. ਭਾਈ ਦਇਆ ਸਿੰਘ ਦਾ ਸੀਸ ਕੱਟ ਕੇ ਦਸਮ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਅੱਗੇ ਭੇਂਟ ਕੀਤਾ ? 43
45. ਭਾਈ ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ ਦੇ ਸਿਰ ਕੱਟ ਕੇ ਗੁਰੂ ਗ੍ਰੰਥ ਜੀ ਅੱਗੇ ਭੇਂਟ ਕੀਤੇ, ਗੋਹਜ ਪੋਥੀ ਵਿੱਚ ਲਿਖਿਆ ਹੈ (ਨਾ ਗੋਹਜ ਪੋਥੀ ਹੈ ਨਾ ਕੋਈ ਸਬੂਤ ਹੈ) 45
46. ਭਾਈ ਹਿੰਮਤ ਸਿੰਘ ਨੂੰ ਪਿਛਲੇ ਜਨਮ ਦਾ ਸ਼ਰਾਪ ਮਿਲਿਆ ਹੋਇਆ ਸੀ, ਰੱਬ ਨੇ ਕਿਹਾ ਸੀ, ਤੈਨੂੰ ਦਸਮੇ ਜਾਮੇ ਵਿੱਚ ਆ ਕੇ ਸਿਰ ਲੈ ਕੇ ਮੁਆਫ਼ ਕਰਾਂਗੇ (ਭਾਈ ਹਿੰਮਤ ਸਿੰਘ ਦਾ ਘੋਰ ਅਪਮਾਨ) 45
47. ਇਨ੍ਹਾਂ ਪੰਜਾਂ ਦੇ ਸਿਰ ਕੱਟ ਕੇ ਉੱਪਰ ਅੰਮ੍ਰਿਤ ਛਿੜਕਿਆ, ਜਿਉਂਦੇ ਕੀਤੇ “ਨਵੇਂ ਸਿਰ ਉੱਗ ਪਏ” (ਵਾਹ ਵਾਹ)
45
48. ਗੁਰੂ ਜੀ ਨੇ ਚਿੜੀ ਚਿੜੇ ਨੂੰ ਅੰਮ੍ਰਿਤ ਪਾ ਕੇ ਦੇ ਦਿੱਤਾ, ਉਹ ਪੀ ਕੇ ਲੜਦਿਆਂ ਥਾਂਏ ਮਰ ਗਏ ( ?) 46
49. ਗੁਰਬਖਸ਼ ਸਿੰਘ ਨਾਮੀ ਸਿੱਖ ਦੌੜ ਕੇ ਮਾਤਾ ਜੀ ਨੂੰ ਸੱਦ ਲਿਆਇਆ, ਉਨ੍ਹਾਂ ਆ ਕੇ ਪਤਾਸੇ ਪਾਏ, ਤਾਂ ਅੰਮ੍ਰਿਤ ਸ਼ਾਂਤੀ ਦਾਇਕ ਬਣਿਆ ? (ਮਤਲਬ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਗ਼ਲਤੀ ਹੋ ਗਈ ਸੀ ? ਮਾਤਾ ਜੀ ਨੇ ਦਰੁਸਤ ਕੀਤੀ ?) 46
50. ਪੰਜਾਂ ਪਿਆਰਿਆਂ ਕਿਹਾ– ਅੰਮ੍ਰਿਤ ਵੱਟੇ ਕੀ ਦਿਉਗੇ ? ਸਤਿਗੁਰੂ ਨੇ ਕਿਹਾ

ਸਰਬੰਸ ਵਾਰ ਦਿਆਂਗਾ (ਕੀ ਇਹ ਸਰਾਪ ਨਹੀਂ ਹੈ ? ਜੇ ਪਿਆਰੇ ਇਹ ਮੰਗਾਂ ਨਾ ਰੱਖਦੇ ਫਿਰ ਸਤਿਗੁਰੂ ਨੇ ਸਰਬੰਸ ਨਹੀਂ ਵਾਰਨਾ ਸੀ ?) 47
51. ਪੰਜਾਂ ਪਿਆਰਿਆਂ ਕਿਹਾ ਜਿਵੇਂ ਰਾਮ ਚੰਦਰ ਨੇ ਬਾਂਦਰਾਂ ਨੂੰ ਵਡਿਆਈ ਦਿੱਤੀ ਸੀ, ਉਸੇ ਤਰ੍ਹਾਂ ਸਾਨੂੰ ਮਾਣ ਦੇ ਰਹੇ ਹੋ ? (ਬਾਂਦਰਾਂ ਵਰਗੀ ਵਡਿਆਈ ਧਿੱਕਾਰ ਹੈ, ਸਮੁੱਚੇ ਸਿੱਖ ਪੰਥ ਦੀ ਬੇਇਜ਼ਤੀ ਕੀਤੀ ਹੈ) 47
52. ਅੰਮ੍ਰਿਤ ਬਣਾਉਣ ਲਈ ਜਲ ਦਰਿਆ ਜਾਂ ਖੂਹ ਦਾ ਹੀ ਵਰਤਣਾ, ਨਲਕੇ ਦਾ ਨਹੀਂ। ਕਿਉਂ ? 49
53. ਅੰਮ੍ਰਿਤ ਤਿਆਰ ਕਰਨ ਵੇਲੇ ਪੰਜ ਪਿਆਰੇ ਬਾਣੀ ਪੜ੍ਹਨ, ਅਭਿਲਾਖੀ ਸਿੰਘ ਵਾਹਿਗੁਰੂ ਮੰਤਰ ਦਾ ਜਾਪ ਕਰਦੇ ਰਹਿਣ (ਬਾਣੀ ਕਿਉਂ ਨਾ ਸੁਣਨ ?) 52
54. ਪੰਜ ਪਿਆਰਿਆਂ ਦੀਆਂ ਦੱਸ ਅੱਖਾਂ, ਦੱਸ ਗੁਰੂਆਂ ਦਾ ਪ੍ਰਤੀਕ ਹਨ, ਦੱਸ ਹੱਥ ਭੀ ਦੱਸ ਗੁਰੂਆਂ ਦਾ ਪ੍ਰਤੀਕ ਮੰਨੀਦੇ ਹਨ। (ਤਿਕੜਮਬਾਜ਼ੀ) 52
55. ਚੌਪਈ- ਤੀਰ ਸਤ ਦ੍ਰਵ ਗ੍ਰੰਥ ਸੁਧਾਰਾ ਤੱਕ ਪੜ੍ਹਨੀ ਜ਼ਰੂਰੀ ਹੈ ? (ਮਨ ਘੜਤ) 52
56. ਅੰਮ੍ਰਿਤ ਅਭਿਲਾਖੀਆਂ ਵਿੱਚੋਂ ਜੇ ਪਹਿਲਾਂ ਕਿਸੇ ਦਾ ਅਨੰਦ ਕਾਰਜ ਨਾ ਹੋਇਆ ਹੋਵੇ ਤਾਂ ਦੁਬਾਰਾ ਲਾਵਾਂ ਪੜ੍ਹ ਕੇ ਅਨੰਦ ਕਾਰਜ ਕਰਨਾ (ਜੇ ਜੋੜੀ ਦੇ ਘਰ ਬੱਚੇ ਪੈਦਾ ਹੋ ਗਏ ਹੋਣ ਤਾਂ ਕੀ ਕੀਤਾ ਜਾਵੇ ? ਜੇ ਪਹਿਲਾਂ ਵਿਆਹ ਗ਼ਲਤ ਹੈ, ਫਿਰ ਤਾਂ ਬੱਚੇ ਭੀ ਜੰਮਣੇ ਗ਼ਲਤ ਹਨ। ਸਿੱਖਾਂ ਨੂੰ ਪਾਖੰਡੀ ਬਣਾਇਆ ਜਾ ਰਿਹਾ ਹੈ) 54
57. ਮੂਲ ਮੰਤਰ ਨਾਨਕ ਹੋਸੀ ਭੀ ਸਚੁ ਤੱਕ ਪੜ੍ਹਨਾ, ਵਰਨਾ ਫਲ ਨਹੀਂ ਮਿਲੇਗਾ ? 56
58. ਕਲਕੱਤੇ ਵਿੱਚ ਇੱਕ ਸਾਧ ਨੇ ਕੱਚੀ ਤੰਦ ਨਾਲ ਸਿੱਖ ਨੂੰ ਮਾਰਨਾ ਚਾਹਿਆ। ਸਿੱਖ ਨੇ ਮੂਲ ਮੰਤਰ ਪੜ੍ਹਿਆ ਤੇ ਸਾਧ ਦੀ ਹੀ ਮੌਤ ਹੋ ਗਈ ? (ਸਿੱਖਾਂ ਦੇ ਦੁਸ਼ਮਣਾਂ ਨੂੰ ਮੂਲ ਮੰਤਰ ਪੜ੍ਹ ਕੇ ਕਿਉਂ ਨਹੀਂ ਮਾਰਦੇ ?) 56
59. ਮਰਦਾਨੇ ਨੂੰ ਪਾਣੀ ਵਿੱਚ ਡੁੱਬਦੇ ਨੂੰ ਬਚਾਉਣ ਹਿੱਤ ਵਾਹਿਗੁਰੂ ਮੰਤਰ ਦਿੱਤਾ, ਮੰਤਰ ਪੜ੍ਹ ਕੇ ਮਰਦਾਨਾ ਪਾਣੀ ਤੇ ਟੁਰਨ ਲੱਗ ਪਿਆ (ਵਾਹਿਗੁਰੂ ਮੰਤਰ ਗੁਰੂ ਨਾਨਕ ਨੇ ਨਹੀਂ ਬਣਾਇਆ, ਕੀ ਟਕਸਾਲੀਏ ਹੁਣ ਪਾਣੀ ਤੇ ਟੁਰ ਸਕਣਗੇ ?) 57
60. ਅੰਗਰੇਜ਼ਾਂ ਨੇ ਲੱਖਾਂ ਰੁਪਏ ਖਰਚ ਕਰ ਕੇ ਗੁਰਬਾਣੀ ਵਿੱਚ ਮਿਲਾਵਟ ਕਰਵਾਈ, ਤਾਂ ਹੀ ਤਾਕਤ ਘੱਟ ਗਈ ? 57
61. ਵਾਹਿਗੁਰੂ ਮੰਤਰ ਚਾਰ ਜੁਗਾਂ ਦੇ ਚਾਰ ਦੇਵਤਿਆਂ ਦੇ ਨਾਮ ਤੋਂ ਲਿਆ ਹੈ ? (ਗੁਰਬਾਣੀ ਜੁਗਾਂ ਦੇਵਤਿਆਂ ਨੂੰ ਨਹੀਂ ਮੰਨਦੀ) 57

62. ਅਨੰਦ ਸਾਹਿਬ ਚਾਲੀ ਪਉੜੀਆਂ ਤਿੰਨ ਵਾਰੀ ਪੜ੍ਹਨ ਤੇ ਬਿਗੜੇ ਕਾਰਜ ਰਾਸ ਆ ਜਾਂਦੇ ਹਨ ? (ਤੁਸੀਂ ਪੰਥ ਦੀ ਬਿਗੜੀ ਸਵਾਰ ਲਉ।) 59
63. ਗੁਰੂ ਅੰਗਦ ਸਾਹਿਬ ਪੁਰੀ ਵਿੱਚ ਗਏ, ਉੱਥੇ ਉਨ੍ਹਾਂ ਨੂੰ ਕਾਲੇ ਮੂੰਹ ਵਾਲੇ ਲੋਕ ਮਿਲੇ, ਗਰਦਨਾਂ ਵਿੱਚ ਕਿੱਲ ਠੁਕੇ ਹੋਏ ਲੋਕ ਮਿਲੇ, ਸੂਰਾਂ ਦੇ ਮੂੰਹ ਵਾਲੇ ਲੋਕ ਵੇਖੇ, ਪਿਛਾਂਹ ਨੂੰ ਮੂੰਹਾਂ ਵਾਲੇ ਵੇਖੇ, ਲੜਕੀਆਂ ਆਦਮੀਆਂ ਦਾ ਮਾਸ ਵੱਢ-ਵੱਢ ਖਾਂਦੀਆਂ ਵੇਖੀਆਂ ? 60
64. ਹੰਕਾਰ ਕਾਰਨ ਸੁੰਨ ਸਮਾਧੀ ਵਾਲੇ ਲੋਕ ਸੱਚ ਖੰਡ ਵਿੱਚੋਂ ਕੱਢ ਦਿੱਤੇ ਜਾਂਦੇ ਹਨ, ਸੱਚ ਖੰਡ ਵਿੱਚ ਸੋਦਰੁ ਦਾ ਪਾਠ ਹੁੰਦਾ ਹੈ ? 61
65. ਇੱਕ ਆਜੜੀ ਟੁਰਦਾ ਫਿਰਦਾ ਸੋਹਿਲੇ ਦਾ ਪਾਠ ਕਰਦਾ ਸੀ, ਇਸੇ ਕਾਰਨ ਗੁਰੂ ਨਾਨਕ ਸਾਹਿਬ ਜੀ ਦੇ ਪੈਰਾਂ ’ਤੇ ਝਰੀਟਾਂ ਆ ਗਈਆਂ, ਖ਼ੂਨ ਵਗ ਪਿਆ, ਇਸ ਤਰ੍ਹਾਂ ਟੁਰਦੇ ਫਿਰਦੇ ਪਾਠ ਨਹੀਂ ਕਰਨਾ ਚਾਹੀਦਾ। (ਗੁਰਬਾਣੀ ਫੁਰਮਾਨ ਤਾਂ ਇਹ ਹੈ - ਊਠਤ ਬੈਠਤ ਸੋਵਤ ਧਿਆਈਐ। ਮਾਰਗਿ ਚਲਤ ਹਰੇ ਹਰਿ ਗਾਈਐ॥) (386) 62
66. ਜੇ ਕਛਹਿਰਾ ਪਾਉਣ ਵਿੱਚ ਗ਼ਲਤੀ ਹੋ ਜਾਵੇ ਤਾਂ ਪੰਜ ਸਿੰਘਾਂ ਤੋਂ ਅਰਦਾਸ ਕਰਾਵੇ, ਪੰਜ ਜਪੁਜੀ ਦੇ ਪਾਠ ਕਰੇ। ( ?) 62
67. ਸੌਣ ਵਕਤ ਸੋਹਿਲੇ ਦਾ ਪਾਠ ਕਰੋ, ਦੁਆਲੇ ਲੋਹੇ ਦਾ ਕਿਲ੍ਹਾ ਬਣ ਜਾਂਦਾ ਹੈ ? 61
68. ਰਾਮ ਚੰਦਰ ਨੇ ਖੁਸ਼ ਹੋ ਕੇ ਹਨੂੰਮਾਨ ਨੂੰ ਕਛਹਿਰਾ ਦਿੱਤਾ, ਉਸ ਤੋਂ ਸਿੱਖਾਂ ਨੂੰ ਮਿਲਿਆ ? (ਗੁਰੂ ਦੀ ਤੌਹੀਨ) ਸਾਨੂੰ ਬਾਂਦਰ ਬਣਾਉਣ ’ਤੇ ਤੁਲੇ ਹੋਏ ਨੇ ਟਕਸਾਲੀਏ। 62
69. ਦਸਮ ਪਾਤਸ਼ਾਹ ਸ਼ਿਕਾਰ ਲਈ ਗਏ, ਸ਼ਿਕਾਰ ਨਾ ਮਿਲਿਆ, ਕਕਾਰਾਂ ਦੀ ਪੜਤਾਲ ਕੀਤੀ ਗਈ। ਇੱਕ ਸਿੱਖ ਦੇ ਕੇਸਾਂ ਵਿੱਚ ਕੰਘਾ ਨਹੀਂ ਸੀ, ਇਸੇ ਲਈ ਸ਼ਿਕਾਰ ਨਾ ਮਿਲਿਆ (ਸ਼ਿਕਾਰ ਨਾਲ ਕੰਘੇ ਦਾ ਕੀ ਸਬੰਧ) 64
70. ਕਿਰਪਾਨ ਦੀ ਧੂਪ ਦੀਪ ਆਦਿ ਨਾਲ ਪੂਜਾ ਕਰਨੀ ਚਾਹੀਦੀ ਹੈ ? 66
71. ਇੱਕ ਰਿਸ਼ੀ ਨੇ ਜਾਨ ਬਚਾਉਣ ਖਾਤਰ ਮੰਤਰ ਪੜ੍ਹਿਆ, ਦੁਆਲੇ ਲੋਹੇ ਦੀ ਕੰਧ ਉਸਰ ਗਈ (ਮੰਤਰ ਕੀ ਹੈ ?) 70
72. ਫਿਰ ਇਸੇ ਰਿਸ਼ੀ ਨੇ ਤੰਬਾਕੂ ਪੀ ਲਿਆ, ਸਾਰੇ ਜਪ ਅਤੇ ਸ਼ਕਤੀਆਂ ਖਤਮ ਹੋ ਗਈਆਂ, ਕਿਲ੍ਹਾ ਨਾ ਬਣਿਆ, ਇੱਕ ਲੜਕੀ ਨੇ ਇਸ ਦੀ ਇੱਜ਼ਤ ਲੁੱਟੀ (ਤ੍ਰੈ ਕਾਲ ਇਹ ਗੱਲਾਂ ਸੰਭਵ ਨਹੀਂ ਹਨ) 70
73. ਤੰਬਾਕੂ ਦੀ ਪੈਦਾਇਸ਼ ਕਾਮਧੇਨ ਗਊ ਦੇ ਪੈਰਾਂ ਵਿੱਚ ਲਗੇ ਤੀਰਾਂ ਕਾਰਨ ਵਗੇ, ਖ਼ੂਨ ਤੋਂ ਹੋਈ ਹੈ ? 71

74. ਗੋ ਮੇਧ ਜੱਗ ਸਮੇਂ ਗਊ ਜਿੰਦਾ ਨਾ ਹੋਈ, ਉਸੇ ਕੁੰਡ ਵਿੱਚੋਂ ਤੰਬਾਕੂ ਪੈਦਾ ਹੋ ਗਿਆ ? 71

75. ਕਲਜੁਗ ਵੱਛੀ ਬਣ ਕੇ ਗਾਰੇ ਵਿੱਚ ਖੁੱਭ ਗਿਆ। ਸ਼ਿਵ ਪਾਰਵਤੀ ਨੇ ਕੰਨਾਂ ਤੋਂ ਅਤੇ ਪੂਛ ਤੋਂ ਫੜ ਕੇ ਖਿੱਚਿਆ, ਤਾਂ ਕੰਨ ਤੇ ਪੂਛ ਪੁੱਟੇ ਗਏ। ਪੂਛ ਧਰਤੀ ਵਿੱਚ ਦੱਬ ਕੇ ਉੱਪਰ ਕੰਨ ਲਾ ਦਿੱਤੇ ਅਤੇ ਕਿਹਾ ਹੁਣ ਇਸ ਤੋਂ ਤੰਬਾਕੂ ਬਣੇਗਾ ? (ਇਸ ਤਰ੍ਹਾਂ ਕਦੀ ਨਹੀਂ ਹੋ ਸਕਦਾ)
71

76. ਮਾਸ ਖਾਣ ਬਾਰੇ ਦੁਬਿਧਾ ਵਾਲੇ ਵਿਚਾਰ। ਅਧੂਰੀਆਂ ਪੰਕਤੀਆਂ ਗ਼ਲਤ ਅਰਥ ਕੀਤੇ ਗਏ ਹਨ, ਸ਼ਬਦਾਂ ਦੇ ਪੰਨੇ ਨੰ: ਭੀ ਨਹੀਂ ਦਿੱਤੇ, ਕਿਤੇ ਮਾਸ ਖਾ ਲਉ ਕਿਤੇ ਨਾ ਖਾਉ, ਸਿਧਾਂਤਾਂ ਤੋਂ ਸੱਖਣੇ ਵਿਚਾਰ)
74

77. ਨੀਲਾ ਪੀਲਾ ਕਾਲਾ ਚਿੱਟਾ, ਖਾਲਸੇ ਦੇ ਇਹੀ ਰੰਗ ਹਨ, ਹੋਰ ਰੰਗ ਨਹੀਂ ਪਾਉਣੇ (ਕੀ ਕਾਰਨ ? ਸਪੱਸ਼ਟ ਕਰੋ)
79

78. ਨਾਰਦ ਰਿਸ਼ੀ ਨੇ ਅਨਲ ਪੰਛੀ ਦੇ ਖੰਭ ਦਸਵੇਂ ਪਾਤਸ਼ਾਹ ਨੂੰ ਭੇਂਟ ਕੀਤੇ, ਤਾਂ ਹੀ ਐਨੀਆਂ ਸ਼ਕਤੀਆਂ ਸਨ ? (ਇਸ ਦਾ ਮਤਲਬ ਗੁਰੂ ਜੀ ਕੋਲ ਕੋਈ ਸ਼ਕਤੀ ਨਹੀਂ ਸੀ ? ਸ਼ਰੇਆਮ ਗੁਰੂ ਦੀ ਤੌਹੀਨ) 83

79. ਪਖਾਨੇ ਜਾ ਕੇ ਪੰਜ ਵਾਰੀ ਮਿੱਟੀ ਨਾਲ ਹੱਥ ਮਾਂਜਣੇ, ਭਾਂਡੇ ਦੋ ਵਾਰੀ ਮਿੱਟੀ ਨਾਲ ਮਾਂਜਣੇ ? (ਸਾਬਣ ਨਾਲ ਕਿਉਂ ਨਹੀਂ)
83

80. ਭਾਈ ਦਿਆਲ ਦਾਸ ਦਾ ਲੰਗਰ ਦਸਮ ਪਾਤਸ਼ਾਹ ਜੀ ਨੇ ਨਾ ਛਕਿਆ, ਕਿਉਂਕਿ ਉਹ ਬੇ-ਅੰਮ੍ਰਿਤੀਆ ਸੀ। ਉਹ ਗੱਡਿਆਂ ਤੇ ਲੱਦ ਕੇ ਮਗਰ ਫਿਰਦਾ ਰਿਹਾ। ਹਫਤੇ ਪਿੱਛੋਂ ਅੰਮ੍ਰਿਤ ਛਕਣਾ ਮੰਨ ਗਿਆ। ਦਸਮ ਪਾਤਸ਼ਾਹ ਨੇ ਅਰਦਾਸ ਕਰ ਕੇ ਕੀੜਿਆਂ ਵਾਲਾ ਲੰਗਰ ਸੱਜਰਾ ਬਣਾ ਦਿੱਤਾ। ਸਾਰਿਆਂ ਛਕਿਆ ? 86

81. ਦਸਵੇਂ ਪਾਤਸ਼ਾਹ ਜੀ ਨੇ ਸੋਢੀ ਕੌਲ ਸਿੰਘ ਦੇ ਪਿਛਲੇ ਜਨਮਾਂ ਵਾਲੇ ਸਾਰੇ ਪਾਪ ਸਰਾਪ ਮਿਟਾ ਦਿੱਤੇ ( ?) 87

82. ਦਾਨ ਸਿੰਘ ਦੇ ਪੁੱਛਣ ਤੇ ਦਸਮੇਂ ਪਾਤਸ਼ਾਹ ਨੇ ਦੱਸਿਆ ਕਿ ਕੇਸ ਇਸ ਵਾਸਤੇ ਰੱਖੀਦੇ ਹਨ, ਕੇਸਾਂ ਤੋਂ ਫੜ ਕੇ ਨਰਕਾਂ ਵਿੱਚ ਪਏ ਸਿੱਖ ਨੂੰ ਬਾਹਰ ਕੱਢ ਲਵਾਂਗੇ.... ? (ਸਿੱਖਾਂ ਦੀ ਬੇਇੱਜ਼ਤੀ) 87

83. ਜਿਸ ਬੰਦੇ ਨੇ ਇੱਕ ਵਾਰੀ ਅੰਮ੍ਰਿਤ ਛੱਕ ਲਿਆ ਭਾਵੇਂ ਜਿੰਨੀਆਂ ਮਰਜ਼ੀ ਗ਼ਲਤੀਆਂ ਕਰੀ ਜਾਵੇ, ਉਹ ਦਸ ਹਜ਼ਾਰ ਸਾਲ ਤੱਕ ਨਰਕਾਂ ਵਿੱਚ ਨਹੀਂ ਪਵੇਗਾ ? (ਚੋਰ ਕੀ ਹਾਮਾ ਭਰੇ ਨਾ ਕੋਇ॥ ਚੋਰ ਕੀਆ ਚੰਗਾ ਕਿਉ ਹੋਇ॥ (662), ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣ॥ (789) – ਕਦੀ ਇਹਨਾਂ ਗੁਰੂ ਹੁਕਮਾਂ ਦੀ ਵਿਚਾਰ ਕੀਤੀ ਹੈ ? 88
84. ਅੰਮ੍ਰਿਤ ਦੀ ਸ਼ਕਤੀ ਕਰ ਕੇ ਚਿੜੀਆਂ ਨੇ ਬਾਜ ਮਾਰ ਦਿੱਤਾ ? 88
85. ਭਾਈ ਦਇਆ ਸਿੰਘ ਦੇ ਸੀਸ ਦੇਣ ਕਰ ਕੇ ਸਿੰਘਾਂ ਵਿੱਚ ਦਇਆ ਆਈ ? (ਫਿਰ ਗੁਰਬਾਣੀ ਕੀ ਹੈ ?)
89
86. ਧਰਮ ਸਿੰਘ ਦੇ ਸੀਸ ਦੇਣ ਕਾਰਨ ਸਿੰਘਾਂ ਵਿੱਚ ਧਰਮ ਆਇਆ ਹੈ ? (ਗੁਰਬਾਣੀ ਕਰ ਕੇ ਨਹੀਂ ?)
90
87. ਹਿੰਮਤ ਸਿੰਘ ਦੇ ਸੀਸ ਵਾਰਨ ਕਰ ਕੇ ਸਿੰਘਾਂ ਵਿੱਚ ਹਿੰਮਤ ਆਈ ਹੈ ? (ਪਹਿਲਾਂ ਹਿੰਮਤ ਨਹੀਂ ਸੀ ?) (ਛੇਵੇਂ ਗੁਰੂ ਵੇਲੇ ਕੀ ਸੀ ?) 90
88. ਮੋਹਕਮ ਸਿੰਘ ਦੇ ਸੀਸ ਦੇਣ ਕਰ ਕੇ ਸਿੰਘਾਂ ਵਿੱਚ ਟਿਕਾਉ ਅਇਆ ਹੈ ? (ਪਹਿਲਾਂ ਬੇਚੈਨੀ ਸੀ ?) 90
89. ਸਾਹਿਬ ਸਿੰਘ ਦੇ ਸੀਸ ਦੇਣ ਕਰ ਕੇ ਸਿੰਘਾਂ ਵਿੱਚ ਸਾਹਿਬ ਪੁਣਾ ਆਇਆ ? (ਪਹਿਲਾਂ ਮੰਗਤੇ ਸਨ) 91
90. ਬਾਣੀ ਘੱਟ ਪੜ੍ਹਨ ਕਰ ਕੇ, ਅੰਮ੍ਰਿਤ ਵਿੱਚੋਂ ਸ਼ਕਤੀ ਘੱਟ ਜਾਂਦੀ ਹੈ, ਚੌਪਈ ਤੇ ਅਨੰਦ ਵੱਡਾ ਪੜ੍ਹੋ। (ਮਨਮਤ)
93
91. ਬੀਬੀਆਂ ਨੂੰ ਅੰਮ੍ਰਿਤ ਤਿਆਰ ਕਰਨ ਸਮੇਂ ਵਿੱਚ ਸ਼ਾਮਲ ਨਹੀਂ ਕਰਨਾ ? (ਘੋਰ ਵਿਤਕਰਾ) ਸੋ ਕਿਉਂ ਮੰਦਾ ਆਖੀਐ....॥ 94
92. ਸਤਿਗੁਰੂ ਨੇ 84 ਲੱਖ ਜੂਨ੍ਹਾਂ ਕੱਟਣ ਵਾਸਤੇ ਅੰਮ੍ਰਿਤ ਤਿਆਰ ਕਰ ਕੇ ਛਕਾਇਆ ? (ਗੁਰਬਾਣੀ ਕਾਹਦੇ ਲਈ ਹੈ ?) 94
93. ਦਕਸ਼ ਰਿਸ਼ੀ ਨੇ ਸੱਤ ਧੀਆਂ, ਬਿਨਾਂ ਨੱਕ, ਕੰਨ ਛੇਦੇ, ਬਿਨਾਂ ਗਹਿਣੇ ਪਾਏ ਵਿਆਹੀਆਂ, ਉਸ ਨੂੰ ਬਹੁਤ ਪੁੰਨ ਲਗਿਆ। ਫਿਰ ਉਸ ਦੇ ਘਰ ਦਸ ਹਜ਼ਾਰ ਧੀਆਂ ਜੰਮੀਆਂ, ਗ਼ਲਤ ਸਿੱਖਿਆ ਕਾਰਨ ਲੜਕੀਆਂ ਦੇ ਨੱਕ ਕੰਨ ਛੇਦੇ, ਗਹਿਣੇ ਪਾਏ, ਵਿਆਹੀਆਂ, ਵੱਡਾ ਪਾਪੀ ਬਣਿਆ ? 95
94. ਵਿਆਹ ਵਿੱਚ ਬੀਬੀਆਂ ਨੇ ਗਿੱਧਾ ਨਹੀਂ ਪਾਉਣਾ ? (ਕਿਉਂ ਨਹੀਂ ਗਿੱਧਾ

ਪਾਉਣਾ) 96

95. ਹਰੀ ਸੈਨ ਰਾਜੇ ਦੀ ਪਤਨੀ ਗੁਰੂ ਦਰਬਾਰ ਵਿੱਚ ਘੁੰਡ ਕੱਢ ਕੇ ਆਈ। ਸਤਿਗੁਰੂ ਜੀ ਨੇ ਪੁੱਛਿਆ, ਕਿਹੜੀ ਕਮਲੀ ਹੈ ? ਤੇ ਉਹ ਤਦੋਂ ਹੀ ਪਾਗਲ ਹੋ ਗਈ। (ਗੁਰੂ ਜੀ ਗ਼ਲਤੀ ਕਾਰਨ ਕਿਸੇ ਨੂੰ ਪਾਗਲ ਨਹੀਂ ਬਣਾਉਂਦੇ) 107

96. ਕਮਲੀ ਹੋਈ ਰਾਣੀ ਜੰਗਲ ਵਿੱਚ ਨੰਗੀ ਘੁੰਮਣ ਲੱਗੀ, ਗੁਰੂ ਅਮਰਦਾਸ ਜੀ ਨੇ ਸਚਨ ਸੱਚ ਨੂੰ ਆਪਣੀ ਖੜਾਂਵ ਦਿੱਤੀ। ਮੱਥੇ ਵਿੱਚ ਖੜਾਂਵ ਮਾਰਨ ਨਾਲ ਪਾਲਗਪਣ ਖਤਮ ਹੋ ਗਿਆ। (ਕੀ ਬਿਮਾਰਾਂ ਦੇ ਹੁਣ ਭੀ ਜੁੱਤੀਆਂ ਮਾਰੀਏ ?) 107

97. ਦਸਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਭੂਤਾਂ ਪ੍ਰੇਤਾਂ ਦੇ ਝੁੰਡ ਵਿਖਾਏ। ਭੂਤਾਂ ਦੱਸਿਆ ਕਿ ਹੁਣ ਸਾਡੀ ਗਿਣਤੀ ਘੱਟ ਗਈ ਹੈ। ਜਦੋਂ ਤੋਂ ਚੌਥੇ ਪਾਤਸ਼ਾਹ ਨੇ ਲਾਵਾਂ ਉਚਾਰਨ ਕੀਤੀਆ ਹਨ ਜੋ ਪੜ੍ਹਦਾ ਹੈ ਮੁਕਤ ਹੋ ਜਾਂਦਾ ਹੈ। 109

98. ਜਹਾਂਗੀਰ ਦੀ ਲੜਕੀ ਇੱਕ ਸਿੱਖ, ਸੰਤ ਰਾਮ ਨਾਲ ਵਿਆਹ ਕਰਾਉਣਾ ਚਾਹੁੰਦੀ ਸੀ, ਸਿੱਖ ਨੌਕਰੀ ਛੱਡ ਕੇ ਦੌੜ ਗਿਆ। ਉਸ ਸਿੱਖ ਨੂੰ ਫੜ ਕੇ ਸਿਰ ਕੱਟ ਕੇ ਲੜਕੀ ਅੱਗੇ ਰੱਖਿਆ, ਲੜਕੀ ਛੂਹਣ ਲੱਗੀ ਤਾਂ ਕੱਟਿਆ ਸਿਰ ਸਵਾ ਗਿੱਠ ਉੱਚਾ ਉੱਠ ਗਿਆ ? (ਅਣਵਿਗਿਆਨਿਕ ਅਣਇਤਿਹਾਸਕ, ਵਿਚਾਰ) 116

99. ਇੱਕ ਪਤੀ ਬ੍ਰਤ ਧਰਮ ਵਿੱਚ ਪੱਕੀ ਬੀਬੀ ਨੇ ਬਾਰਾਂ ਦਿਨਾਂ ਤੱਕ ਸੂਰਜ ਨਾ ਚੜ੍ਹਨ ਦਿੱਤਾ, ਦੇਵਤਿਆਂ ਨੇ ਉਸ ਦਾ ਮਰਿਆ ਪਤੀ ਜਿਉਂਦਾ ਕੀਤਾ, ਫਿਰ ਉਸ ਨੇ ਸੂਰਜ ਚੜ੍ਹਨ ਦਿੱਤਾ (ਸਾਰੀ ਦੁਨੀਆਂ ਭੀ ਸੂਰਜ ਨੂੰ ਚੜ੍ਹਨੋਂ ਰੋਕ ਨਹੀਂ ਸਕਦੀ) 118

100. ਬੀਬੀ ਰਜਨੀ ਨੇ ਪਤੀ ਬ੍ਰਤ ਧਰਮ ਦੀ ਤਾਕਤ ਨਾਲ ਕੋਹੜੀ ਪਤੀ ਨੂੰ ਤੰਦਰੁਸਤ ਕੀਤਾ ਉਹ ਪੱਟੀ ਦਾ ਰਾਜਾ ਬਣਿਆ (ਨਾਂ ਪਤੀਬ੍ਰਤ ਹੋਣਾ ਕੋਈ ਸ਼ਕਤੀ ਹੈ, ਨਾ ਕੋਹੜੀ ਠੀਕ ਹੋਇਆ, ਨਾ ਪੱਟੀ ਵਿੱਚ ਕੋਈ ਅਜਿਹਾ ਰਾਜਾ ਹੋਇਆ) 118

101. ਵਿਸ਼ਨੂੰ ਨੇ ਸਤੀ ਦਾ ਸਤ ਭੰਗ ਕੀਤਾ, ਜਲੰਧਰ ਦੈਂਤ ਦੀ ਤਾਕਤ ਘੱਟ ਗਈ, ਫਿਰ ਵਿਸ਼ਨੂੰ ਨੇ ਉਸ ਨੂੰ ਮਾਰਿਆ ਪਹਿਲਾਂ ਕਿਸੇ ਤੋਂ ਹਾਰਦਾ ਨਹੀਂ ਸੀ। (ਝੂਠੀਆਂ ਪੌਰਾਣਕ ਕਥਾਵਾਂ ਦਾ ਗੁਰਮਤਿ ਵਿੱਚ ਕੋਈ ਥਾਂ ਨਹੀਂ) 118

102. ਅਫਲਾਤੂਨ ਮੂਰਤੀਆਂ ਵਿੱਚ ਲੁਕ ਗਿਆ, ਉਸ ਨੂੰ ਮੌਤ ਭੀ ਲੱਭ ਨਾ ਸਕੀ (ਮੌਤ ਤੋਂ ਕੋਈ ਨਹੀਂ ਬਚਿਆ) 135

103. ਪਾਣਨੀ ਰਿਸ਼ੀ ਹੰਕਾਰ ਕਾਰਨ ਪ੍ਰੇਤ ਬਣ ਗਿਆ ਸੀ, ਗੁਰੂ ਨਾਨਕ ਜੀ ਨੇ

ਕਾਂਸ਼ੀ ਵਿਖੇ ਉਸ ਦਾ ਉਦਾਰ ਕੀਤਾ ? 137
104. ਨੌਂਵੇਂ ਗੁਰਾਂ ਦਿੱਲੀ ਕੈਦ ਵਕਤ ਗੰਨਾ ਚੂਸ ਕੇ ਛਿਲਕਾ ਸੁੱਟਿਆ, ਪ੍ਰੇਤ ਨੇ ਚੂਸਿਆ, ਮੁਕਤ ਹੋ ਗਿਆ। ਸਰਕਾਰ ਦੇ ਬਾਗ਼ੀਆਂ ਤੱਕ ਗੰਨੇ ਕਿਸ ਨੇ ਪਹੁੰਚਾਏ ? 137
105. ਭਾਈ ਹੀਰਾ ਸਿੰਘ ਬਾਣੀ ਪੜ੍ਹਦਾ ਮਰਿਆ ਸੀ, ਅਕਾਸ਼ ਵਿੱਚੋਂ ਰਥ ਆਏ, ਸਵਾਰ ਹੋ ਕੇ ਗਿਆ ? (ਅਕਾਸ਼ ਵਿੱਚੋਂ ਕਦੀ ਕਿਸੇ ਵਾਸਤੇ ਰਥ ਨਹੀਂ ਆਏ) 137
106. ਜੇ ਬੱਜਰ ਕੁਰਹਿਤੀਆ ਸਿੱਖ ਮਰ ਜਾਵੇ ਤਾਂ ਮਰੇ ਪਏ ਨੂੰ ਅੰਮ੍ਰਿਤ ਛਕਾਉ, ਦੂਜਿਆਂ ਲਈ ਅਰਦਾਸ ਹੀ ਕਾਫੀ ਹੈ ? (ਨਵਾਂ ਪਾਖੰਡ ਸ਼ੁਰੂ) 139
107. ਮਰੇ ਪ੍ਰਾਣੀ ਨਾਲ ਵਾਧੂ ਕਛਹਿਰਾ, ਕੰਘਾ, ਆਦਿ ਨਾਲ ਬੰਨਣਾ ਚਾਹੀਦਾ ਹੈ ? (ਪਾਖੰਡ ਕਿਰਿਆ ਸ਼ੁਰੂ) 140
108. ਜਿੱਥੇ ਬੰਦਾ ਮਰੇ ਉਸ ਥਾਂ ਦਸ ਦਿਨਾਂ ਤੱਕ ਜੈਤਸਰੀ ਦੀ ਵਾਰ ਦਾ ਪਾਠ ਹੋਵੇ ? (ਪਾਖੰਡ) 142
109. ਉਸੇ ਥਾਂ ਹਰ ਰੋਜ਼ ਸਹਸਕ੍ਰਿਤੀ ਦੇ ਛੇ ਛੇ ਸਲੋਕਾਂ ਦੀ ਕਥਾ ਹੋਣੀ ਚਾਹੀਦੀ ਹੈ ? (ਪਾਖੰਡ) 142
110. ਰੋਣ ਕਾਰਨ ਮਰਨ ਵਾਲਾ ਹੰਝੂਆਂ ਵਿੱਚ ਡੁੱਬ ਜਾਂਦਾ ਹੈ, ਪਾਰ ਨਹੀਂ ਜਾ ਸਕਦਾ ? 143
111. ਇੱਕ ਮਾਈ ਪੁੱਤਰ ਮਰੇ ਤੋਂ ਬਹੁਤ ਰੋਈ, ਮਰੇ ਪੁੱਤ ਨੇ ਵਾਪਸ ਆ ਕੇ ਦੱਸਿਆ ਕਿ ਤੇਰੇ ਰੋਣ ਕਰ ਕੇ ਰਾਹ ਵਿੱਚ ਹਨੇਰਾ ਹੋਇਆ ਹੈ 143
112. ਅਸਥੀਆਂ ਕੀਰਤਪੁਰ ਜਾਂ ਗੋਇੰਦਵਾਲ ਪਾਵੋ ? (ਪਖੰਡ) "ਜੇ ਮਿਰਤਕ ਕਉ ਵਿਸਟਾ ਮਹਿ ਰੁਲਾਈ ॥ ਤਉ ਮਿਰਤਕ ਕਾ ਕਿਆ ਘਟਿ ਜਾਈ ॥" (1160) ਕੀ ਗੁਰਬਾਣੀ ਝੂਠ ਹੈ ? 143
113. ਭਾਂਡੇ ਬਿਸਤਰੇ ਅਦਿ ਮਰੇ ਪ੍ਰਾਣੀ ਨਮਿਤ ਗ੍ਰੰਥੀ ਨੂੰ ਦਿੱਤੇ ਜਾਣ (ਗਰੁੜ ਪੁਰਾਣ ਵਾਲਾ ਬ੍ਰਾਹਮਣੀ ਪਾਖੰਡ) 145
114. ਪਾਠਾਂ ਦੀਆਂ ਕਿਸਮਾਂ - ਸਾਧਾਰਨ ਪਾਠ, ਮਿਰਤਕ ਪਾਠ, ਖੁਸ਼ੀ ਦਾ ਅਖੰਡ ਪਾਠ, ਸੰਪਟ ਪਾਠ, ਅਖੰਡ ਸੰਪਟ ਪਾਠ, ਸਧਾਰਨ ਸੰਪਟ ਪਾਠ, ਸਪਤਾਹਿਕ ਪਾਠ (ਨਿਰਾ ਪਾਖੰਡ ਪ੍ਰਚਾਰ) ਦਸਮ ਗ੍ਰੰਥ ਪਾਠ, ਦਸਮ ਗ੍ਰੰਥ ਅਖੰਡ ਪਾਠ ਆਦਿ। 150
115. ਪਾਠੀ ਸਿੰਘ ਕੱਚਾ ਪਿਆਜ ਜਾਂ ਲੱਸਣ ਨਾ ਖਾਣ, ਜੇ ਖਾ ਲੈਣ ਤਾਂ ਚਾਰ

ਪਹਿਰ ਹਜ਼ੂਰੀ ਵਿੱਚ ਨਾ ਜਾਣ। ਸਿੱਖਾਂ ਨੂੰ ਪਖੰਡੀ ਬਣਾ ਦਿੱਤਾ। 151
116. ਪਾਠੀ ਟਕਸਾਲੀ ਹੋਣ, ਕੇਸੀ ਇਸ਼ਨਾਨ ਕਰ ਕੇ ਹਜ਼ੂਰੀ ਵਿੱਚ ਜਾਣ ? (ਪਖੰਡ) 151
117. ਜਿੰਨੀ ਵਾਰੀ ਪਾਠੀ ਪਖਾਨੇ ਜਾਣ ਉਤਨੀ ਵਾਰੀ ਇਸ਼ਨਾਨ ਕਰਨ ? (ਪਖੰਡ) ਜੋ ਗੰਦ ਹਰ ਵਕਤ ਅੰਦਰ ਹੈ ਉਸ ਦਾ ਕੀ ਕਰੋਗੇ ? 151
118. ਕੜਾਹ ਪ੍ਰਸ਼ਾਦਿ ਮਰਿਆਦਾ ਨਾਲ ਨਾ ਬਣਾਇਆ ਜਾਵੇ ਤਾਂ ਪਾਠ ਦਾ ਫਲ ਨਹੀਂ ਮਿਲਦਾ। (ਪਖੰਡ) 152
119. ਜੋਤ ਲਈ ਦੇਸੀ ਘਿਓ ਵਰਤਿਆ ਜਾਵੇ, ਧੂਫ ਹਰ ਵਕਤ ਧੁਖਦੀ ਰਹੇ ? (ਪਖੰਡ) 152
120. ਧੂਫ ਸਮੱਗਰੀ...... (ਕਈ ਹਜ਼ਾਰ ਰੁਪਏ ਦੀ ਫਜੂਲ ਖਰਚੀ) ਲਿਖਣੀ ਸੰਭਵ ਨਹੀਂ ਹੈ ? (ਅੰਨੀ ਲੁੱਟ) 152
121. ਅਖੰਡ ਪਾਠ ਨਾਲ ਜਪੁਜੀ ਰੱਖਣਾ ਜ਼ਰੂਰੀ (ਪਖੰਡ) 153
122. ਜਿੰਨੇ ਅਖੰਡ ਪਾਠ ਰੱਖੇ ਉਨੇ ਹੀ ਜਪੁਜੀ ਨਾਲ ਰੱਖੇ ? (ਪਖੰਡ) 153
123. ਅਖੰਡ ਪਾਠ ਅਤੇ ਹੋਰ ਸਾਰੇ ਪਾਠਾਂ ਨਾਲ ਨਿਤਨੇਮ ਤੇ ਕੀਰਤਨ ਜ਼ਰੂਰੀ ਹੋਵੇ ? (ਪਖੰਡ) 153
124. ਭੋਗ ਪਾ ਕੇ ਆਰਤੀ ਜ਼ਰੂਰ ਕਰਨੀ ? (ਪਖੰਡ) 153
125. ਮੱਧ ਦੀ ਅਰਦਾਸ ਜ਼ਰੂਰ ਕਰਨੀ ? (ਪਖੰਡ) 153
126. ਪਾਠ ਨਾਲ ਜੋਤ, ਧੂਫ, ਨਾਰੀਅਲ, ਫੁੱਲ ਜ਼ਰੂਰ ਰੱਖਣੇ ? (ਪਖੰਡ) 154
127. ਦੇਗ ਠੰਢੀ ਕਰ ਕੇ ਭੋਗ ਲਾਉਣਾ ਗਰਮ ਨੂੰ ਨਹੀਂ ? (ਪਖੰਡ) ਕਿਤੇ ਕਿਰਪਾਨ ਦਾ ਮੂੰਹ ਨਾ ਮੱਚ ਜਾਵੇ ? 154
128. ਗੁਰੂ ਅਰਜਨ ਜੀ ਨੇ ਗੋਇੰਦਵਾਲ ਤੋਂ ਪੋਥੀਆਂ ਲਿਆਉਣ ਵਕਤ ਜ਼ਮੀਨ ’ਤੇ ਬੈਠ ਕੇ ਕੀਰਤਨ ਕੀਤਾ ? (ਝੂਠ) 155
129. ਗੁਰੂ ਅਰਜਨ ਜੀ ਗੋਇੰਦਵਾਲ ਪੋਥੀਆਂ ਲੈਣ ਨੰਗੇ ਪੈਰੀਂ ਆਏ ਤੇ ਵਾਪਸ ਨੰਗੇ ਪੈਰੀਂ ਗਏ ? 155
130. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪਜਾਮਾ ਪਾ ਕੇ ਨਹੀਂ ਜਾਣਾ, (ਪਖੰਡ ਰੀਤੀ ਬਿਨਾਂ ਦਲੀਲ ਚਾਲੂ ਕੀਤੀ ਗਈ ਹੈ) ਕੀ ਔਰਤਾਂ ਵੀ ਅਪਣੇ ਪਰਮ ਪਿਤਾ ਜੀ ਦੀ ਹਜ਼ੂਰੀ ਵਿੱਚ ਉਪਰੋਕਤ ਅਨੁਸਾਰ ਹੀ ਜਾਣ ? 160
131. ਗੁਰੂ ਹਰਿ ਗੋਬਿੰਦ ਜੀ ਨੇ ਪੰਜੇ ਵਾਲਾ ਸੁੱਕਾ ਪਿੱਪਲ ਚੰਦਨ ਛਿੜਕ ਕੇ ਹਰਾ ਕਰ ਦਿੱਤਾ ? 161
132. ਕੜਾਹ ਪ੍ਰਸ਼ਾਦਿ ਦੀ ਰੀਤ ਤਦੋਂ ਚੱਲੀ, ਜਦੋਂ ਗੁਰੂ ਨਾਨਕ ਸਾਹਿਬ ਕੋਲ ਸਿੱਧ

ਜੋਗੀ ਬਿਰਧ ਰੂਪ ਧਾਰਨ ਕਰ ਕੇ ਆਏ, ਤੇ ਕੁੱਝ ਖਾਣ ਨੂੰ ਮੰਗਿਆ। ਸਤਿਗੁਰੂ ਜੀ ਨੇ ਤਦੋਂ ਕੜਾਹ ਬਣਾ ਕੇ ਛਕਾਇਆ ? (ਕੋਈ ਸਬੂਤ ਨਹੀਂ) 161

133. ਸਭ ਤੋਂ ਉੱਪਰ ਰੱਬ ਦਾ ਨਾਮ, ਦੂਜੇ ਥਾਂ ਗੁਰਬਾਣੀ, ਤੀਜੇ ਥਾਂ ਕੜਾਹ ਪ੍ਰਸ਼ਾਦਿ ਮੰਨਣਾ ? (ਮਨ ਘੜੰਤ ਗੱਲਾਂ) 161

134. ਇਨ੍ਹਾਂ ਵਿਸ਼ੇਸ਼ ਬਾਣੀਆਂ ਦਾ ਤਿੰਨ ਵਾਰੀ ਪਾਠ ਕਰਨ 'ਤੇ ਕਾਰਜ ਸਫਲ ਹੋਣਗੇ ? (ਵਹਿਮ) 163

135. ਕਾਬਲ ਦੇ ਇਲਾਕਿਆਂ ਵਿੱਚ ਕੜਾਹ ਪ੍ਰਸ਼ਾਦਿ ਨੂੰ ਪੰਜਾ ਲੱਗਦਾ ਹੈ, ਜੇ ਨਾ ਲੱਗੇ ਤਾਂ ਕਾਰਜ ਸਿੱਧ ਨਹੀਂ ਹੁੰਦੇ (ਮਨਮਤ) 164

136. ਇੱਕ ਸਿੱਖ ਕਾਬੁਲ ਤੋਂ ਦਰਬਾਰ ਸਾਹਿਬ ਅੰਮ੍ਰਿਤਸਰ ਆਇਆ ਦੇਗ ਅਰਪਣ ਕੀਤੀ, ਪੰਜਾ ਨਾ ਲੱਗਿਆ, ਇੱਥੇ ਕਿਰਪਾਨ ਭੇਟ ਕੀਤੀ ਗਈ। ਉਸ ਦੇ ਮਨ ਅੰਦਰ ਸੰਸਾ ਜਾਗੀ, ਤਾਂ ਹਰਿਮੰਦਰ ਵਿੱਚੋਂ ਗੁਪਤ ਆਵਾਜ਼ ਆਈ "ਸਿੱਖਾ ਸੰਸਾ ਨਾ ਕਰ, ਇੱਥੇ ਇਹੀ ਮਰਿਆਦਾ ਹੈ" ? (ਪੰਜਾ ਲੱਗਣਾ ਸੰਭਵ ਹੀ ਨਹੀਂ) 164

137. ਦੇਗ ਪ੍ਰਵਾਨ ਹੋਵੇ ਨਹੀਂ ਕਹਿਣਾ ਭੋਗ ਲੱਗੇ ਕਹਿਣਾ ਹੈ, ਲਾਵਹੁ ਭੋਗ ਹਰਿ ਰਾਇ..... (ਪਾਖੰਡ) 164

138. ਭੋਗ ਲੱਗੇ ਅਤੇ ਪ੍ਰਵਾਨ ਹੋਵੇ ਲਿਖ ਕੇ ਇੱਕ ਵਾਰੀ ਪਰਚੀਆਂ ਅੰਮ੍ਰਿਤ ਸਰੋਵਰ ਵਿੱਚ ਪਾਈਆ ਸਨ, ਭੋਗ ਵਾਲੀ ਪਰਚੀ ਤਰ ਗਈ, ਦੂਜੀ ਡੁੱਬ ਗਈ, ਤਦੋਂ ਤੋਂ ਭੋਗ ਬੋਲੀਦਾ ਹੈ ? 165

139. ਇੱਕ ਸਿੱਖ ਨੇ ਕੋਹੜ ਦੂਰ ਹੋਣ ਦੀ ਸੁੱਖ ਸੁੱਖੀ, ਭਾਈ ਜੀ ਨੇ ਲੋਭ ਕਰ ਕੇ ਕੜਾਹ ਬਹੁਤ ਖਾ ਲਿਆ ਇਸੇ ਭਾਈ ਜੀ ਨੂੰ ਹੀ ਕੋਹੜ ਹੋ ਗਿਆ। (ਅਨੇਕ ਤਰ੍ਹਾਂ ਦੀਆਂ ਅਰਦਾਸਾਂ ਦੀ ਭੇਟਾਂ ਗੁਰੂ ਘਰਾਂ ਵਿੱਚ ਆਉਂਦੀ ਹੈ, ਟਕਸਾਲੀਆਂ ਨੂੰ ਕੋਹੜ ਸਭ ਤੋਂ ਪਹਿਲਾਂ ਹੋਣਾ ਚਾਹੀਦਾ ਸੀ) 166

140. ਹੁਕਮਨਾਮਾ-ਸਵੇਰੇ ਖੱਬੇ ਪੰਨੇ ਤੋਂ, ਦੁਪਿਹਰ ਮੱਧ ਤੋਂ, ਸ਼ਾਮ ਨੂੰ ਹੇਠਾਂ ਤੋਂ ਲਵੋ ? (ਭਰਮ) 168

141. ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਸਤ ਸ੍ਰੀ ਅਕਾਲ ਦਾ ਜੈਕਾਰਾ ਪੰਜਵੇਂ ਸਤਿਗੁਰਾਂ ਚਾਲੂ ਕੀਤਾ ? (ਇਤਿਹਾਸ ਤੋਂ ਸੱਖਣੇ) 168

142. ਮਹਾਰਾਜ ਦੇ ਰੁਮਾਲੇ ਗਰਮੀ ਵਿੱਚ ਪਤਲੇ ਰੇਸ਼ਮੀ ਹੋਣ, ਸਰਦੀ ਵਿੱਚ ਗਰਮ ਰੁਮਾਲੇ ਹੋਣ ? (ਪਖੰਡ) 172

143. ਗਰਮੀਆਂ ਵਿੱਚ ਮਹਾਰਾਜ ਨੂੰ ਦਿਨ ਰਾਤ ਪੱਖਾ ਝੱਲਣਾ, ਜਗ੍ਹਾ ਠੰਢੀ ਰੱਖਣੀ ? (ਪਖੰਡ)

174
144. ਅਰਦਾਸ ਤੋਂ ਬਾਅਦ ਵਾਲੇ ਤਿੰਨ ਦੋਹਰੇ "ਆਗਿਆ ਭਈ......" ਗੁਰੂ ਗੋਬਿੰਦ ਸਿੰਘ ਦੇ ਲਿਖੇ ਹੋਏ ਹਨ ? (ਇਤਿਹਾਸ ਤੋਂ ਕੋਰੇ ਅਣਜਾਣ) ?
175
145. ਠੀਕ ਤਰ੍ਹਾਂ ਮੱਥਾ ਟੇਕਣ ਨਾਲ ਪੁੱਠੇ ਲੇਖ ਸਿੱਧੇ ਹੋ ਜਾਂਦੇ ਹਨ ? (ਪਖੰਡ) 176
146. ਸਹਿਜ ਪਾਠ ਮਗਰੋਂ ਜਪੁਜੀ ਪੰਜ ਪਉੜੀਆਂ, ਅਖੰਡ ਪਾਠ ਮਗਰੋਂ ਸਾਰਾ ਜਪੁਜੀ ਪੜ੍ਹੋ (ਪਖੰਡ)
177
147. ਸੁਖਮਨੀ ਪੜ੍ਹਨ ਨਾਲ ਜਹਾਂਗੀਰ ਦੀ ਜਲੋਧਰ ਦੀ ਬਿਮਾਰੀ ਹਟ ਗਈ ਸੀ ? (ਕਲਪਣਾ) 178
148. ਪੰਜਵੇਂ ਪਾਤਸ਼ਾਹ ਨੇ ਆਪਣੀ ਸ਼ਹੀਦੀ ਵਕਤ ਸਿੱਖਾਂ ਦੀਆਂ ਕੁਰਬਾਨੀਆਂ ਦੀ ਭਵਿੱਖਬਾਣੀ ਕੀਤੀ ਸੀ ? (ਕਲਪਣਾ) 178
149. ਈਸਾ ਤੋਂ ਬਿਨਾਂ ਈਸਾਈਆਂ ਵਿੱਚ ਹੋਰ ਕੋਈ ਕੁਰਬਾਨੀ ਵਾਲਾ ਨਹੀਂ ਹੋਇਆ ? (ਇਤਿਹਾਸ ਤੋਂ ਸਖਣੇ) 178
150. ਸ਼ਹੀਦੀ ਵਕਤ ਪੰਜਵੇਂ ਗੁਰੂ ਕੋਲ ਮਦਦ ਵਾਸਤੇ ਸਾਰੇ ਦੇਵਤੇ ਆਏ, ਚੌਰਾਸੀ ਸਿੱਧ ਜੋਗੀ ਜਤੀ ਆਏ, ਉਹਨਾਂ ਨੇ ਆ ਕੇ ਸਾਰੇ ਸਿਪਾਹੀ ਬੇਹੋਸ਼ ਕਰ ਦਿੱਤੇ।
179
151. ਬਚਨ ਸੁਣ ਕੇ ਸਾਈਂ ਮੀਆਂ ਮੀਰ ਬੇਹੋਸ਼ ਹੋ ਗਿਆ ? 179
152. ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਪਿਤਾ ਗੁਰੂ ਨਮਿਤ ਪਾਠ ਕਰਵਾ ਕੇ ਬਾਬਾ ਬੁੱਢਾ ਜੀ ਨੂੰ ਪਾਠ ਭੇਟਾ ਵਿੱਚ ਇੱਕ ਹਾਥੀ, ਪੰਜ ਘੋੜੇ, ਪੰਜ ਸੌ ਮੋਹਰ, ਬੇਅੰਤ ਪੁਸ਼ਾਕੇ ਆਦਿ ਦਿੱਤੇ (ਪਿਤਾ ਮਰਨ ਦੀ ਇੰਨੀ ਖੁਸ਼ੀ ਮਨਾਈ) ਇਹ ਆਪ ਲਾਲਚੀ ਚਾਹੁੰਦੇ ਹਨ ਸਾਨੂੰ ਏਨੀਆਂ ਭੇਟਾਵਾਂ ਮਿਲਣ। 180
153. ਗੁਰੂ ਅਰਜਨ ਦੇਵ ਨਮਿਤ ਯੱਗ ਕੀਤਾ ਗਿਆ, ਤੇਰਾਂ ਦਿਨ ਪਾਠ ਹੋਇਆ ? (ਗੁਰਮਤਿ ਵਿਰੋਧੀ) 180
154. ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਗੁਰੂ ਗ੍ਰੰਥ ਵਿੱਚ ਨੌ ਧੁਨੀਆਂ ਚੜ੍ਹਾਈਆਂ (ਇਹ ਧੁਨੀਆਂ ਖੁਦ ਪੰਚਮ ਗੁਰੂ ਨੇ ਚੜ੍ਹਾਈਆਂ ਸਨ।) 180
155. ਮਰੇ ਪ੍ਰਾਣੀ ਨਮਿਤ ਪਾਠ ਕੀਤਿਆਂ ਉਹ ਸੱਚ ਖੰਡ ਜਾਂਦਾ ਹੈ, ਉਸ ਨੂੰ ਸੁਖ ਮਿਲਦਾ ਹੈ ? (ਪਖੰਡ) 182
156. ਮਰੇ ਪ੍ਰਾਣੀ ਨਮਿਤ ਭੇਟਾ, ਕੱਪੜੇ, ਬਿਸਤਰਾ, ਬਰਤਨ ਜੋੜਾ ਆਦਿ ਦੇਵੇ, ਲੰਗਰ ਚਲਾਵੇ ? (ਗਰੁੜ ਪੁਰਾਣ ਵਿੱਚ ਲਿਖੀ ਬ੍ਰਾਹਮਣੀ ਲੁੱਟ ਦੀ ਹਮਾਇਤ,

ਗੁਰਬਾਣੀ ਤੋਂ ਉਲਟ) 183

157. ਗੁਰੂ ਤੇਗ ਬਹਾਦਰ ਸਾਹਿਬ ਨੇ ਪੁੱਤਰ ਪ੍ਰਾਪਤੀ ਲਈ ਤ੍ਰਿਬੇਣੀ ਪ੍ਰਯਾਗ ਵਿਖੇ ਅਖੰਡ ਪਾਠ ਕਰਵਾਇਆ ਤਾਂ ਪੁੱਤਰ ਜਨਮਿਆ (ਮਤਲਬ ਕਿ ਨੌਵੇਂ ਗੁਰੂ ਨੂੰ ਰੱਬ 'ਤੇ ਭਰੋਸਾ ਨਹੀਂ ਸੀ, ਉਨ੍ਹਾਂ ਕੋਲ ਖੁਦ ਕੋਈ ਸਮਰੱਥਾ ਨਹੀਂ ਸੀ, ਬ੍ਰਾਹਮਣਾਂ ਤੋਂ ਪੁੱਤਰ ਲਿਆ ?) 184

158. ਦੂਜੀ ਵਾਰੀ ਦਸਮ ਪਾਤਸ਼ਾਹ ਨੇ ਤਲਵੰਡੀ ਸਾਬੋ ਅਖੰਡ ਪਾਠ ਕਰਵਾਇਆ ? (ਕਲਪਣਾ) 185

159. ਗੁਰਬਾਣੀ ਦਾ ਅੱਖਰ ਲਗਾਂ, ਕੰਨਾ, ਬਿੰਦੀ, ਗੁਰੂ ਜੀ ਦੇ ਅੰਗ ਹਨ, ਜਦੋਂ ਕੋਈ ਅਸ਼ੁੱਧ ਪਾਠ ਕਰਦਾ ਹੈ ਤਾਂ ਸਤਿਗੁਰੂ ਜੀ ਨੂੰ ਤਕਲੀਫ ਹੁੰਦੀ ਹੈ (ਜਦੋਂ ਪੋਥੀਆਂ ਗੁਟਕੇ ਸਰੂਪ ਕਮਜ਼ੋਰ ਹੋ ਜਾਂਦੇ ਹਨ, ਅਗਨ ਭੇਟ ਹੁੰਦੇ ਹਨ ਤਦੋਂ ਕੀ ਆਖੀਏ ਕੀ ਹੁੰਦਾ ਹੈ ?) 185

160. ਆਪਣੇ ਅਸਲੀ ਗੁਰੂ ਹੋਣ ਦਾ ਸਬੂਤ ਦੇਣ ਵਾਸਤੇ ਦਸਮ ਪਾਤਸ਼ਾਹ ਨੇ ਕੰਠ ਤੋਂ ਬਾਣੀ ਉਚਾਰਨ ਕੀਤੀ। ਕਿਤੇ ਸਿੱਖ ਸ਼ੱਕ ਨਾ ਕਰ ਲੈਣ। (ਜੇ ਸ਼ੱਕ ਹੋ ਗਿਆ ਮੁਕਤ ਨਹੀਂ ਹੋ ਸਕਣਗੇ, ਸਤਿਗੁਰੂ ਜੀ ਦਾ ਅਪਮਾਨ) 186

161. ਇੱਕ ਦੋਹਿਰਾ ਗੁਰੂ ਗ੍ਰੰਥ ਸਾਹਿਬ ਵਿੱਚ ਦਸਵੇਂ ਪਾਤਸ਼ਾਹ ਦਾ ਹੈ ? "ਬਲ ਹੋਆ ਬੰਧਨ ਛੁਟੇ" 186

162. ਰਾਜਾ ਜੈ ਸਿੰਘ ਦੀ ਸੰਸਾ ਨਵਿਰਤੀ ਲਈ, ਦਮਦਮੇ ਵਿਖੇ ਦਸਮ ਪਾਤਸ਼ਾਹ ਨੇ ਅਖੰਡ ਪਾਠ ਕਰਵਾਇਆ, ਗੁਰੂ ਜੀ ਨੇ ਸਾਰਾ ਪਾਠ ਖੜ੍ਹੇ ਹੋ ਕੇ ਸੁਣਿਆ। (ਟਕਸਾਲੀਏ ਖੜ੍ਹੇ ਹੋ ਕੇ ਪਾਠ ਕਿਉਂ ਨਹੀਂ ਸੁਣਦੇ ?) 187

163. ਪਾਠ ਸੁਣਦੇ ਹੋਏ ਦਸਮ ਗੁਰੂ ਖਲੋ ਕੇ ਹੀ ਉਪਰ ਪਾਣੀ ਪੁਆ ਲੈਂਦੇ ਸਨ। (ਗੁਰੂ ਜੀ ਨੂੰ ਪਾਗਲ ਨਾ ਬਣਾਓ) 187

164. ਹਜ਼ੂਰ ਸਾਹਿਬ ਨਾਂਦੇੜ ਵਿਖੇ ਦਸਮ ਗੁਰੂ ਜੀ ਨੇ ਸਾਰਾ ਅਖੰਡ ਪਾਠ ਇੱਕੋ ਚੌਂਕੜੇ ਸੁਣਿਆ ? ਇਸ਼ਨਾਨ ਲਈ ਉਥੇ ਹੀ ਉਪਰ ਪਾਣੀ ਪਵਾ ਲਿਆ ਕਰਦੇ ਸਨ ? (ਗੁਰੂ ਜੀ ਦੀ ਤੌਹੀਨ) 189

165. ਅਖੰਡ ਪਾਠ ਦੇ ਭੋਗ ਮਗਰੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ ਆਸਣ ਕਰ ਦਿੱਤਾ ਜਾਵੇ ? (ਪਖੰਡ) 194

166. ਸੰਪਟ ਪਾਠ, ਸੰਪਟ ਹਰ ਸ਼ਬਦ 'ਤੇ ਲਾਵੋ, ਅਤੀ ਕਾਰਜ ਹੋਵੇ ਤਾਂ ਤੁਕ ਤੁਕ

’ਤੇ ਸੰਪਟ ਲਾਵੋ, ਜਿੱਥੇ ਡੰਡੀਆਂ ਆ ਜਾਣ ਉਥੇ ਹੀ ਸੰਪਟ ਲਾਵੋ, ਮੂਲ ਮੰਤਰ ਤੇ ਗੁਰ ਮੰਤਰ ਸਭ ’ਤੇ ਸੰਪਟ ਲਾਵੋ ? (ਪਖੰਡ) 194

167. ਸੰਪਟ ਵਾਲਾ ਸਹਿਜ ਪਾਠ ਚਾਲੀ ਦਿਨਾ ਵਿੱਚ ਪੂਰਾ ਕਰੋ, ਜੋ ਚਾਹੋ ਕਾਰਜ ਸਿੱਧ ਹੋਣਗੇ ? (ਪਖੰਡ) 195

168. ਸੰਪਟ ਅਖੰਡ ਪਾਠ ਮਗਰੋਂ ਅਖੰਡ ਪਾਠ ਕਰਨਾ, ਫਿਰ ਸਹਿਜ ਪਾਠ ਜ਼ਰੂਰ ਕਰਨਾ ? (ਪਖੰਡ ਤੇ ਲੁੱਟ) 196

169. ਸਪਤਾਹਕ ਪਾਠ ਵਿੱਚ ਪਾਠ ਇੱਕੋ ਬੈਠਕ ਵਿੱਚ 102 ਪਤਰੇ ਪੜ੍ਹੇ ਤਾਂ ਫਲ ਮਿਲੇਗਾ ? (ਪਖੰਡ) 197

170. ਪਾਠੀ ਸਿੰਘ ਕਿਸੇ ਨਾਲ ਗੱਲ ਨਾ ਕਰੇ ਮੌਨ ਰੱਖੇ, ਸਿੰਘਣੀ ਨਾਲ “ਸਾਂਝ” ਨਾ ਕਰੇ, ਜੇ ਸੁਪਨ ਦੋਸ਼ ਹੋ ਜਾਵੇ, ਜੰਗਲ ਪਾਣੀ ਜਾਵੇ ਤਾਂ ਕੇਸੀ ਇਸ਼ਨਾਨ ਕਰੇ ? (ਪਖੰਡ) 197

171. ਜਿਸ ਵਿਅਕਤੀ ਨਮਿਤ ਪਾਠ ਕਰਨਾ ਹੋਵੇ, ਉਹੀ ਅੰਦਰ ਜਾਵੇ, ਹੋਰ ਕੋਈ ਨਾ ਜਾਵੇ, ਬੱਚੇ ਬੀਬੀ ਬਿਲਕੁਲ ਨਾ ਆਉਣ ? (ਬੀਬੀਆਂ ਦਾ ਵਾਰ ਵਾਰ ਨਿਰਾਦਰ) 198

172. ਦਸਮ ਗ੍ਰੰਥ ਪਾਠ ਦੀ ਮਰਿਆਦਾ ਅਖੰਡ ਪਾਠ ਵਾਲੀ ਹੈ, ਜਪੁਜੀ ਦੀ ਥਾਂਵੇ ਜਾਪੁ ਸਾਹਿਬ ਨਾਲ ਰੱਖਿਆ ਜਾਵੇ ? ਧੂਫ ਸਮੱਗਰੀ ਸਭ ਉਹੀ ਹੈ ? (ਗੁਰੂ ਗ੍ਰੰਥ ਦੀ ਤੌਹੀਨ ਵੱਡਾ ਪਾਪ ਕੀਤਾ ਹੈ) 201

173. ਜਪੁਜੀ ਦਾ ਵੱਡਾ ਮਹਾਤਮ ਹੈ, ਇਹ ਵੇਈ ਪ੍ਰਵੇਸ਼ ਵਕਤ ਸਚਖੰਡ ਵਿਖੇ ਉਚਾਰਨ ਕੀਤਾ ਸੀ ? 201

174. ਜਪੁਜੀ ਦੇਵਤੇ ਵੀ ਪੜ੍ਹਦੇ ਹਨ, ਇਸ ਦੇ ਪੜ੍ਹਨ ਨਾਲ ਸਾਰੇ ਕੰਮ ਰਾਸ ਆ ਜਾਂਦੇ ਹਨ ? 202

175. ਇੱਕ ਜਪੁਜੀ ਪੜ੍ਹਨ ’ਤੇ ਗੁਪਾਲਾ ਜੀ ਨੂੰ ਸਵਾ ਲੱਖੀ ਘੋੜਾ ਕਾਠੀ ਸਮੇਤ ਮਿਲ ਗਿਆ ਸੀ, ਵੱਧ ਪੜ੍ਹਨ ਨਾਲ ਵੱਧ ਫਲ ਕਿਉਂ ਨਾ ਮਿਲੂ, ਇਸੇ ਲਈ ਅਖੰਡ ਪਾਠ ਦੇ ਨਾਲ ਰਖੀਦਾ ਹੈ, ਫਲ ਬਹੁਤ ਹੈ ? (ਪਖੰਡ) 202

176. ਕੁੰਭ ਰੱਖਣ ਦਾ ਮਹਾਤਮ ਜੇਕਰ ਜੋਤਾਂ ਤੋਂ ਅੱਗ ਲੱਗ ਜਾਵੇ, ਤਾਂ ਪਾਣੀ ਪਾ ਕੇ ਬੁਝਾ ਲੈਣੀ ? (ਪਖੰਡ) 203

177. ਕੁੰਭ ਵਾਲਾ ਜਲ ਛਕਣ ਨਾਲ ਰੋਗ ਦੂਰ ਹੁੰਦੇ ਹਨ ? (ਗਿ:) ਗੁਰਬਚਨ ਸਿੰਘ ਤੇ ਕਰਤਾਰ ਸਿੰਘ ਨੇ ਕਿਉਂ ਨਾਂ ਛਕਿਆ ? 203

178. ਅੰਮ੍ਰਿਤਸਰ ਵਿਖੇ ਸਰੋਵਰ ਦਾ ਜਲ ਅੰਮ੍ਰਿਤ ਬਣ ਗਿਆ ਹੈ, ਇਸੇ ਤਰ੍ਹਾਂ ਕੁੰਭ

ਦਾ ਜਲ ਅੰਮ੍ਰਿਤ ਬਣ ਜਾਂਦਾ ਹੈ।(ਸਿੱਖਾਂ ਨੂੰ ਗੁਮਰਾਹ ਕੀਤਾ ਗਿਆ ਹੈ, ਘੜਾ ਕੈਨੀ, ਸਰੋਵਰ ਵਾਲਾ ਪਾਣੀ ਅੰਮ੍ਰਿਤ ਨਹੀਂ ਬਣਦਾ। 203

179. ਨਾਰੀਅਲ ਸੀਸ ਭੇਟ ਕਰਨ ਬਰਾਬਰ ਹੈ ? ਫਿਰ ਲੋੜ ਪੈਣ ਤੇ ਨਾਰੀਅਲ ਹੀ ਭੇਟ ਕਰੀਏ ? 204
180. ਦੁਰਬਾਸਾ ਰਿਸ਼ੀ ਨੇ ਰੁੱਖਾਂ ਨੂੰ ਬੰਦੇ ਲਾ ਦਿੱਤੇ, ਨਾ ਖਾਣ ਨਾ ਪੀਣ ? ਰੱਬ ਨੇ ਰੋਕਿਆ।(ਜਰ੍ਹਾ ਸੋਚੋ ਕਦੀ ਰੁਖਾਂ ਨੂੰ ਬੰਦੇ ਲੱਗ ਸਕਦੇ ਹਨ ਫਲਾਂ ਵਾਂਗ ? ਇਹ ਮੂਰਖਤਾ ਦੀ ਇੰਤਹਾ ਨਹੀਂ ਤਾਂ ਹੋਰ ਕੀ ਹੈ ?) 204
181. ਜੇ ਪਾਠ ਵਿਧੀ ਪੂਰਵਕ ਹੋਇਆ ਹੋਵੇ ਤਾਂ ਨਾਰੀਅਲ ਦੀ ਗਿਰੀ ਸੜ ਕੇ ਸੁਆਹ ਹੋ ਜਾਂਦੀ ਹੈ ? 204
182. ਰਾਗ ਮਾਲਾ ਤੋਂ ਬਿਨਾਂ ਬੀੜ ਲਿਖਣ ਵਾਲੇ ਦੀ ਜੀਭ ਵਿੱਚ ਅੱਠ ਦਿਨਾ ਅੰਦਰ ਕੀੜੇ ਪੈ ਗਏ, ਫਿਰ ਰਾਗ ਮਾਲਾ ਲਿਖੀ ਤੁਰੰਤ ਰਾਜੀ ਹੋ ਗਿਆ (ਆਖੰਡ ਕੀਰਤਨੀ ਜੱਥੇ ਵਾਲਿਆਂ ਦਾ ਕਦੇ ਵਾਲ ਵਿੰਗਾ ਨਹੀਂ ਹੋਇਆ) 212
183. "ਥਿਰੁ ਘਰਿ ਬੈਸਹੁ" ਸ਼ਬਦ ਦਾ ਛਿਲਾ ਕੱਢਿਆਂ ਕਾਰਜ ਰਾਸ ਆ ਜਾਂਦੇ ਹਨ ? (ਪਖੰਡ) 214
184. ਰਾਗ ਮਾਲਾ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਨੇ ਗ਼ਲਤ ਲਿਖਿਆ ਹੈ ? 216
185. ਤੇਜਾ ਸਿੰਘ ਭਸੌੜ ਵਾਲਾ ਜਦੋਂ ਮਰਿਆ ਤਾਂ ਗੁਪਤ ਥਾਂ ਕੀੜੇ ਪੈ ਗਏ ਸਨ, ਅੱਖਾਂ ਵਿੱਚ ਸੁੰਡੀਆਂ ਪੈ ਗਈਆਂ, ਸਾਰੇ ਸਰੀਰ ਵਿੱਚੋਂ ਬਦਬੂ ਆਵੇ, ਕਿਉਂਕਿ ਰਾਗ ਮਾਲਾ ਦਾ ਵਿਰੋਧੀ ਸੀ ? (ਝੂਠ ਦੀ ਸਿਖਰ ਸੀਮਾ) ਤੇ ਗਿ: ਗੁਰਬਚਨ ਸਿੰਘ 13 ਸਾਲ ਬਿਮਾਰ ਰਹਿਕੇ ਕਿਉਂ ਮਰਿਆ ਸੀ ? 216
186. ਸੰਨਿਆਸੀ, ਨਿਰਮਲੇ ਸਾਧ, ਸੰਤ, ਮਹੰਤ, ਡੇਰੇਦਾਰ ਪਹਿਲਾਂ ਪੂਰੀ ਰਹਿਰਾਸ ਪੜ੍ਹਦੇ ਸਨ, ਇਹ ਗੜ੍ਹ ਗੱਜ ਅਕਾਲੀਆਂ ਨੇ ਘਟਾ ਦਿੱਤੀ ? (ਮਨਮਰਜ਼ੀ ਦੀ ਹੈਂਕੜਬਾਜ਼ੀ ਤੇ ਧੱਕਾ) 222
187. ਘੱਟ ਬਾਣੀ ਪੜ੍ਹਨ ਕਰ ਕੇ ਪੁੰਨ ਦੀ ਥਾਂਵੇ ਪਾਪ ਦੇ ਭਾਗੀਦਾਰ ਬਣਦੇ ਹਾਂ ? 222
188. ਸੋਹਿਲੇ ਤੋਂ ਪਹਿਲਾਂ ਚਾਰ ਸ਼ਬਦ ਪੜ੍ਹੋ, ਅਰਦਾਸ ਕਰੋ, ਚਾਰੇ ਪਾਸੇ ਲੋਹੇ ਦਾ ਕਿਲ੍ਹਾ ਬਣ ਜਾਂਦਾ ਹੈ, ਸਵੇਰੇ ਇਸ਼ਨਾਨ ਕਰ ਕੇ ਜਪੁਜੀ ਪੜ੍ਹਿਆਂ ਕਿਲ੍ਹਾ ਹਟ ਜਾਂਦਾ ਹੈ ? 226
189. ਜਪੁਜੀ ਸਾਹਿਬ ਸਿੱਖਾਂ ਦਾ ਮਾਲਾ ਮੰਤਰ ਹੈ (ਗੁਰਬਾਣੀ ਮਾਲਾ ਤੇ ਮੰਤਰਾਂ ਦਾ ਖੰਡਨ ਕਰਦੀ ਹੈ ਇਹ ਜੀਵਨ ਜਾਚ ਹੈ) 230
190. ਸਤਿਗੁਰੂ ਜੀ ਨੇ ਵੇਦਾਂ ਅਤੇ ਬ੍ਰਾਹਮਣਾਂ ਦੇ ਅਵਤਾਰ ਭੱਟਾਂ ਨੂੰ ਉਪਦੇਸ਼ ਕੀਤਾ, ਵਾਹਿਗੁਰੂ ਉਚਾਰਨ ਕੀਤਾ। (ਕਪੋਲ ਕਲਪਣਾ)

234

191. ਕਰਤਾ ਪੁਰਖ ਜੀ ਨੇ ਵ, ਹ, ਗ, ਰ ਦਾ ਨੌਂ-ਨੌਂ ਜੁੱਗ ਜਾਪ ਕੀਤਾ, ਤਾਂ ਵਾਹਿਗੁਰੂ ਮੰਤਰ ਤਿਆਰ ਹੋਇਆ। (ਤੌਬਾ ਤੌਬਾ)

235

192. ਕਾਮਰੂਪ ਦੀਆਂ ਇਸਤਰੀਆਂ ਨੇ ਮਰਦਾਨੇ ਨੂੰ ਭੇਡੂ ਬਣਾਇਆ ਸੀ? (ਮਰਦਾਨਾ ਜੀ ਦੀ ਤੌਹੀਨ) 238

193. ਮੂਲ ਮੰਤਰ ਘਟਾਉਣ ਕਰ ਕੇ ਸਿੱਖਾਂ ਦੀ ਤਾਕਤ ਘਟ ਗਈ ਹੈ (ਟਕਸਾਲੀਏ ਆਪਣੀ ਤਾਕਤ ਕਿਉਂ ਨਹੀਂ ਵਧਾ ਲੈਂਦੇ) 241

194. "ਗੁਰਬਾਣੀ ਪਾਠ ਦਰਸ਼ਨ" ਕਿਤਾਬ ਵਿੱਚ ਲਿਖਿਆ ਹੈ ਕਿ ਟਕਸਾਲ ਭਾਈ ਮਨੀ ਸਿੰਘ ਤੋਂ ਚੱਲੀ ਹੈ। (ਪੰਨਾ 253), ਪਰ ਹੁਣ ਬਾਬਾ ਦੀਪ ਸਿੰਘ ਤੋਂ ਟਕਸਾਲ ਚੱਲਣ ਦਾ ਪੈਂਤੜਾ ਬਦਲ ਲਿਆ ਹੈ। ਜਦੋਂ ਕਿ ਇਹ ਦੋਵੇਂ ਗੱਲਾਂ ਕੋਰਾ ਝੂਠ ਹਨ। ਕਿਸੇ ਇਤਿਹਾਸਕ ਗ੍ਰੰਥ ਤੋਂ ਇਸ ਦੀ ਪੁਸ਼ਟੀ ਨਹੀਂ ਹੁੰਦੀ ਕਿ ਟਕਸਾਲ ਦਮਦਮੇ ਤੋਂ ਗੁਰੂ ਗੋਬਿੰਦ ਸਿੰਘ ਨੇ ਚਲਾਈ। ਉਨ੍ਹਾਂ ਧੜੇਬੰਦੀਆਂ, ਸੰਪਰਦਾਵਾਂ ਖਤਮ ਕਰ ਕੇ ਖਾਲਸਾ ਬਣਾਇਆ ਸੀ। ਕਿਸੇ ਨੂੰ ਵੱਧ ਅਧਿਕਾਰ ਨਹੀਂ ਦਿੱਤੇ। ਇਹ ਸਿੱਖਾਂ ਨਾਲ ਸ਼ਰੇਆਮ ਧੋਖਾ ਹੈ।

195. ਕਰਤਾਰਪੁਰੀ ਹੱਥ ਲਿਖਤ ਬੀੜ 'ਤੇ ਭੀ ਗਿ: ਗੁਰਬਚਨ ਸਿੰਘ ਤੇ ਉਸ ਦੇ ਪੈਰੋਕਾਰ, ਮਾਰੂ ਵਾਰ ਕਰਨੋਂ ਬਾਜ਼ ਨਹੀਂ ਆਏ। ਇਹ ਸਭ ਨਿਵਾਣਾ ਪਾਰ ਕਰ ਕੇ ਇਸੇ ਕਿਤਾਬ ਦੇ ਪੰਨਾ 260 'ਤੇ ਲਿਖਦੇ ਹਨ- "ਕਰਤਾਰਪੁਰੀ ਬੀੜ ਵਿੱਚ ਤਕਰੀਬਨ 1500 ਤੋਂ ਵੱਧ ਗ਼ਲਤੀਆਂ ਹਨ, ਇੰਨਾ ਵੱਡਾ ਕੁਫਰ? ਪਾਪ ਕਰਮ?" ਗੁਰੂ ਗ੍ਰੰਥ ਸਾਹਿਬ ਜੀ ਸਿੱਖ ਧਰਮ ਦੀ ਆਧਾਰ ਸ਼ਿਲਾ ਹਨ। ਟਕਸਾਲ ਵਾਲਿਆਂ ਸਿੱਖੀ ਸਿਧਾਂਤਾਂ ਅਸੂਲਾਂ ਉੱਤੇ ਤਾਂ ਕੋਝੇ ਵਾਰ ਕੀਤੇ ਹੀ ਸਨ, ਇਨ੍ਹਾਂ ਦਸ ਗੁਰੂ ਸਾਹਿਬਾਨ ਨੂੰ ਭੀ ਅਪਮਾਨਿਤ ਕੀਤਾ ਹੈ। ਸਿੱਖਾਂ ਦੇ ਸਿਰਮੌਰ ਯੋਧੇ ਅਤੇ ਪਰਉਪਕਾਰੀਆਂ ਨੂੰ ਭੀ ਇਹਨਾਂ ਮਿੱਟੀ ਵਿੱਚ ਮਿਲਾ ਦਿੱਤਾ ਹੈ। ਪਾਖੰਡ ਤੇ ਕੋਰਾ ਝੂਠ ਲਿਖਣ ਲੱਗਿਆ ਇਨ੍ਹਾਂ ਕਦੀ ਸ਼ਰਮ ਨਾ ਕੀਤੀ। ਬਿਨਾ ਸਬੂਤ ਤੋਂ ਬੇਸਿਰ ਪੈਰ ਦੀਆਂ ਕਹਾਣੀਆ ਘੜਨੀਆਂ ਇਨ੍ਹਾਂ ਦਾ ਸ਼ੁਗਲ ਹੈ। ਪਾਪ ਕਰਮ ਦੀ ਸਿਖਰ ਤਦੇ ਸਾਕਾਰ ਸਾਹਮਣੇ ਮੂਰਤੀਮਾਨ ਹੁੰਦੀ ਹੈ, ਜਦੋਂ ਇਹ ਕਰਤਾਰਪੁਰੀ ਬੀੜ ਤੇ ਭੀ ਦੁਸ਼ਮਣਾ ਨਾਲੋਂ ਭਿਆਨਕ ਵਾਰ ਕਰਦੇ ਹਨ। ਜੇ ਕਰਤਾਰਪੁਰੀ ਬੀੜ ਵਿੱਚ, ਅਤੇ ਦਮਦਮੀ ਬੀੜ ਵਿੱਚ, ਛਾਪੇ ਦੀਆਂ ਗ਼ਲਤੀਆਂ ਕਾਰਨ ਪਾਠ ਭੇਦ ਹਨ, ਤਾਂ ਇਸ ਨੂੰ ਸਿੱਖ ਵਿਦਵਾਨਾ ਦੀਆਂ ਮੀਟਿੰਗਾਂ ਵਿੱਚ ਵਿਚਾਰਿਆ ਜਾਣਾ ਚਾਹੀਦਾ ਸੀ।

ਆਪਸੀ ਸਹਿਮਤੀ ਨਾਲ ਅਸ਼ੁੱਧ ਪਾਠ ਸ਼ੁੱਧ ਕੀਤੇ ਜਾ ਸਕਦੇ ਸਨ। ਪਰ ਇਹ ਲੋਕ ਸੁਧਾਰ ਨਹੀਂ ਚਾਹੁੰਦੇ ਸਿੱਖਾਂ ਦੀ ਨਿਉਂ (ਆਧਾਰ ਸ਼ਿਲਾ) ਗੁਰਬਾਣੀ ਨੂੰ ਹੀ ਕੱਖੋਂ ਹੌਲੀ ਕਰਨ ਲਈ ਤੱਤਪਰ ਨਜ਼ਰ ਆਉਂਦੇ ਹਨ। ਦਰਬਾਰ ਸਾਹਿਬ ਦੇ ਗ੍ਰੰਥੀ ਤੇ "ਜੱਥੇਦਾਰ" ਭੀ ਇਸੇ "ਵਿੱਦਿਆ ਦੀ ਯੂਨੀਵਰਸਿਟੀ" ਵਿੱਚੋਂ ਪੜ੍ਹ ਕੇ ਆਏ ਹਨ। ਵਾਹ ਮੇਰੀ ਸਿੱਖ ਕੌਮ! ਤੈਨੂੰ ਕੋਈ ਗੈਬੀ ਸ਼ਕਤੀ ਭਾਂਵੇ ਬਚਾ ਲਵੇ ਵਰਨਾ ਬਚਣ ਦਾ ਰਾਹ ਕੋਈ ਨਹੀਂ ਰਿਹਾ। "ਕਰਤਾਰਪੁਰੀ ਬੀੜ ਵਿੱਚ ਤਕਰੀਬਨ ਪੰਦਰਾਂ ਸੌ ਤੋਂ ਵੱਧ ਗ਼ਲਤੀਆਂ ਹਨ"। ਇੱਡਾ ਵੱਡਾ ਪਾਪ?

ਇਹ ਲੋਕ ਬਾਕੀ ਜੱਥੇਬੰਦੀਆਂ ਬਾਰੇ ਜ਼ਹਿਰੀਲਾ ਪਰਚਾਰ ਕਰਦਿਆ ਸੱਭ ਹੱਦਾਂ ਬੰਨੇ ਪਾਰ ਕਰ ਜਾਂਦੇ ਹਨ। ਜਦੋਂ ਗੁਰਬਾਣੀ ਉਚਾਰਣ ਦਾ ਮਸਲਾ ਆਉਂਦਾ ਹੈ ਤਾਂ ਇਹ ਸੰਘ ਪਾੜ ਪਾੜ ਕੇ ਆਖਣਗੇ ਬਈ ਗੁਰਬਾਣੀ ਵਿੱਚ ਬਿੰਦੀ, ਕੰਨਾ ਲਾਉਣਾ ਘੋਰ ਪਾਪ ਹੈ। ਦੂਜੇ ਬੰਨੇ ਸਿਤਮ ਜ਼ਰੀਫੀ ਵੇਖੋ ਇਸੇ ਕਿਤਾਬ ਦੇ 650 ਪੰਨਿਆਂ 'ਤੇ ਗੁਰਬਾਣੀ ਉਚਾਰਣ ਦੇ ਢੰਗ ਤਰੀਕੇ ਲਿਖੇ ਪਏ ਹਨ। ਗਿ: ਗੁਰਚਰਨ ਸਿੰਘ ਖੁਦ ਲਿਖ ਰਿਹਾ ਹੈ; ਇਥੇ ਬਿੰਦੀ ਲਾਓ ਇਥੇ ਅੱਧਕ ਲਾਓ, ਪੈਰ ਵਿੱਚ ਅੱਧਾ ਹਾਹਾ ਲਾਓ, ਵਿਸ਼ਰਾਮ ਲਾਓ...... ? ਹੈਨਾ ਦੋਗਲੀ ਨੀਤੀ?

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਹੋਰ ਇਹ ਕੀ ਕਰਨਗੇ ਮਹਿਤੇ ਚੌਂਕ ਵਿਖੇ ਇਨ੍ਹਾਂ ਦਸਮ ਗ੍ਰੰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਰਾਬਰ ਪ੍ਰਕਾਸ਼ ਕੀਤੇ ਹੋਏ ਹਨ। "ਬਾਬਾ ਜਰਨੈਲ ਸਿੰਘ ਜੀਵਤ ਹੈ" ਦਾ ਕੁਫਰ ਇਕੀ ਸਾਲ ਤੋਂ ਬੜੀ ਢੀਠਤਾਈ ਨਾਲ ਬੋਲਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ, ਹਜ਼ਾਰਾਂ ਦੇ ਇੱਕਠਾਂ ਸਾਹਮਣੇ, ਹੈ ਕੋਈ ਰੋਕਣ ਵਾਲਾ। ਬ੍ਰਾਹਮਣਵਾਦ ਨੂੰ ਬਾਹਰੋਂ ਕਿਤੋਂ ਆਉਣ ਦੀ ਲੋੜ ਨਹੀਂ ਘਰ ਦੇ ਅੰਦਰ, ਬਹੁਤੇ ਗੁਰਦਵਾਰਿਆਂ ਵਿੱਚ, ਅਜਿਹੇ ਬ੍ਰਾਹਮਣ (ਸਿੱਖੀ ਵੇਸ ਧਾਰਨ ਕਰ ਕੇ) ਹੀ ਤਾਂ ਕਾਬਜ਼ ਹਨ। ਸਿੱਖੀ ਦੀਆ ਜੜਾਂ ਵਿੱਚ ਤੇਲ ਦੇ ਰਹੇ ਹਨ। ਸਤਿਗੁਰੂ ਹੀ ਬਚਾ ਲੈਣ ਤਾਂ ਬਚਾ ਲੈਣ ਵਰਨਾਂ ਇਨ੍ਹਾਂ ਗੁਰਮਤਿ ਨੂੰ ਖਾਰੇ ਸਮੁੰਦਰ ਵਿੱਚ ਡੋਬਣ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਹੈ। ਉਪਰ ਵਰਣਿਤ 200 ਤੋਂ ਵੱਧ ਨੁਕਤੇ ਪੰਨਾਵਾਰ ਇਨ੍ਹਾਂ ਦੀ ਪੁਸਤਕ "ਗੁਰਬਾਣੀ ਪਾਠ ਦਰਸ਼ਨ" ਵਿੱਚੋਂ ਗਿ: ਗੁਰਬਚਨ ਸਿੰਘ ਦੇ ਲਿਖੇ ਪੇਸ਼ ਕੀਤੇ ਹਨ। ਟਕਸਾਲ ਵਾਲੇ ਇਨ੍ਹਾਂ ਕਿਤਾਬਾਂ ਨੂੰ ਛਾਪ ਕੇ ਵੇਚਦੇ ਆ ਰਹੇ ਹਨ। ਇਹ "ਪੂਰਨ ਬ੍ਰਹਮ ਗਿਆਨੀ, ਖਾਲਸਾ, ਸੰਤ, ਪੰਥ ਰਤਨ, ਵਿੱਦਿਆ ਮਾਰਤੰਡ ਦੇ "ਪਵਿੱਤਰ" ਵਿਚਾਰ ਹਨ।" ਵਾਹ ਮੇਰੀ ਕੌਮ ਦੇ ਮਲਾਹੋ ਇਨ੍ਹਾਂ ਦੀਆਂ ਮਨਮਾਨੀਆਂ ਨੂੰ ਕਦੀ ਰੋਕੋਗੇ? ਬ੍ਰਾਹਮਣੀ ਦਲ-ਦਲ ਵਿੱਚੋਂ ਕੌਮ ਨੂੰ ਕਦੀ ਕੱਢੋਗੇ?

ਭਿੰਡਰਾਂ ਟਕਸਾਲ ਵਾਲੇ ਵੀਹ ਸਾਲ ਤੋਂ ਕਾਰਜਕਾਰੀ ਜੱਥੇਦਾਰ ਬਾਬਾ ਠਾਕੁਰ

ਸਿੰਘ, ਕਿਵੇਂ ਗੁਰਬਾਣੀ ਦਾ ਅਪਮਾਨ ਕਰਦਾ ਰਿਹਾ ਹੈ, ਅੱਖੀਂ ਵੇਖਿਆ ਵਾਕਿਆ ਸੁਣੋ। ਭਾਈ ਠਾਕੁਰ ਸਿੰਘ ਜਦੋਂ ਕਿਤੇ ਜਾਂਦਾ ਹੈ ਤਾਂ ਇੱਕ "ਗੜਵਈਂ" ਲੋਟਾ ਪਾਣੀ ਤੇ ਤੌਲੀਆ ਲੈ ਕੇ ਨਾਲ ਚਲਦਾ ਹੈ। ਬਾਬੇ ਨੇ ਜੁੱਤੀ ਪਾਈ ਹੁੰਦੀ ਹੈ ਤੇ ਗੜਵਈ ਨੰਗੇ ਪੈਰੀ ਚੱਲਦਾ ਹੈ। ਇੱਕ ਨੌਜਵਾਨ ਹੱਥ ਵਿੱਚ ਗੁਟਕਾ ਲੈ ਕੇ ਨੰਗੇ ਪੈਰੀਂ ਚਲਦਾ ਹੋਇਆ, ਗੁਟਕੇ ਵਿੱਚੋਂ ਗੁਰਬਾਣੀ ਪੜ੍ਹਦਾ ਹੋਇਆ ਬਾਬੇ ਦੇ ਪਿੱਛੇ-ਪਿੱਛੇ ਟੁਰਿਆ ਫਿਰਦਾ ਹੈ। ਬਾਬਾ ਪਸ਼ੂਆਂ ਵਿੱਚ ਜਾਵੇ, ਖੇਤਾਂ ਵਿੱਚ ਜਾਵੇ, ਸੈਰ ਕਰਨ ਜਾਵੇ, ਇਹ ਗੁਟਕਾ ਪੜ੍ਹਦਾ ਨੌਜਵਾਨ ਨਾਲ ਨਾਲ ਰਹਿੰਦਾ ਹੈ। ਬਾਬਾ ਕਿਸੇ ਨਾਲ ਗੱਲਾਂ ਕਰੇ, ਕੋਈ ਕੰਮ ਕਰੇ, ਤਾਂ ਭੀ ਪਾਠੀ ਪਾਠ ਕਰਦਾ ਰਹਿੰਦਾ ਹੈ। ਹੁਣ ਜ਼ਰਾ ਸੋਚੋ ਇੱਕ ਬੰਦਾ ਬਾਣੀ ਸਤਿਕਾਰ ਸਹਿਤ ਸੁਣ ਹੀ ਨਹੀਂ ਰਿਹਾ, ਕਈ ਰੁਝੇਵਿਆਂ ਵਿੱਚ ਹੈ, ਉਸ ਦੇ ਪਿੱਛੇ ਪਿੱਛੇ ਗੁਟਕਾ ਲੈ ਕੇ ਪਾਠ ਕਰਦੇ ਰਹਿਣਾ ਕਿੱਥੋਂ ਦੀ ਗੁਰਮੁਖਤਾਈ ਹੈ ? ਸਗੋਂ ਪਾਵਨ ਗੁਰਬਾਣੀ ਦਾ ਇਸ ਤਰ੍ਹਾਂ ਵੱਡਾ ਅਪਮਾਨ ਹੈ। ਪਰ ਇਹ ਲੋਕ ਲੰਮੇ ਸਮੇਂ ਤੋਂ ਹੀ ਗੁਰਬਾਣੀ ਦਾ ਅਪਮਾਨ ਕਰਨ ਦੇ ਆਦੀ ਹੋ ਚੁੱਕੇ ਹਨ, ਸਿੱਖੋ ਜਾਗੋ ਤੇ ਸੋਚੋ।

1. ਇਥੇ ਸਤਿਗੁਰੂ ਜੀ ਦੇ ਬਚਨ ਲਿਖ ਦੇਣਾ ਹੀ ਬਿਹਤਰ ਹੋਵੇਗਾ, ਜੋ ਅਜਿਹੇ ਲੋਕਾਂ ਲਈ ਵੱਡੀ ਵੰਗਾਰ ਹਨ -

ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ ॥
ਹਲਤਿ ਪਲਤਿ ਦੁਖਦਾਈ ਹੋਵਹਿ, ਜਮਕਾਲ ਖੜਾ ਸਿਰਿ ਮਾਰੇ ॥.....
ਕਲਰੁ ਖੇਤੁ ਲੈ ਕੂੜੁ ਜਮਾਇਆ ਸਭ ਕੂੜੈ ਕੇ ਖਲਵਾਰੇ ॥
ਸਾਕਤ ਨਰ ਸਭਿ ਭੂਖ ਭੁਖਾਨੇ, ਦਰਿ ਠਾਢੇ ਜਮ ਜੰਦਾਰੇ ॥

(981)

2. ਇਹ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥
ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥
ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥
ਮਨਮੁਖ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥
ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥
ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥ (419)

ਆਖਰੀ ਵਿਚਾਰ :- ਟਕਸਾਲ ਦੇ ਮੁੱਖ ਬੁਲਾਰੇ "ਖੰਡੇਧਾਰ" ਮੈਗਜ਼ੀਨ ਦੇ ਸੰਪਾਦਕ ਗਿ: ਮੋਹਕਮ ਸਿੰਘ ਨੇ 3-12-03 ਨੂੰ ਮੋਹਾਲੀ ਦੇ ਫੇਜ਼ ਛੇ ਦੇ ਗੁਰਦਵਾਰੇ ਵਿੱਚ, ਪੰਤਾਲੀ ਕੁ ਸਿੰਘਾਂ ਦੀ ਹਾਜ਼ਰੀ ਵਿੱਚ ਵਿਸ਼ਵਾਸ ਦਿਵਾਇਆ ਕਿ ਟਕਸਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਨਹੀਂ ਕੀਤਾ ਜਾਂਦਾ। ਮਿਤੀ

3-3-04 ਨੂੰ ਸ. ਸੁਖਦੇਵ ਸਿੰਘ ਮੋਹਾਲੀ ਤੋਂ ਜੱਥੇ ਸਮੇਤ ਮਹਿਤੇ ਪੁੱਜਿਆ। ਉਥੇ ਦੋ ਸਰੂਪ ਵੇਖੇ, ਹੁਕਮਨਾਮਾ ਲੈਣ ਦੀ ਆਗਿਆ ਲਈ। ਜਦੋਂ ਵਾਕ ਲਈ ਰੁਮਾਲ ਚੁੱਕਿਆ ਤਾਂ ਸਿਰ ਚਕਰਾ ਗਿਆ, ਹੱਥਾਂ ਤੇ ਤੋਤੇ ਉੱਡ ਗਏ, ਹੈਂ ਐਡਾ ਵੱਡਾ ਅਨਰਥ ? ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਅਸ਼ਲੀਲ ਕਥਾਵਾਂ ਨਾਲ ਭਰਪੂਰ ਗ੍ਰੰਥ ? ਉੱਤੋਂ ਗਿਆਨੀ ਮੋਹਕਮ ਸਿੰਘ ਦਾ 45 ਸਿੰਘਾਂ ਸਾਹਮਣੇ ਪੂਰੇ ਵਿਸ਼ਵਾਸ ਨਾਲ ਬੋਲਿਆ ਗਿਆ ਕੋਰਾ ਝੂਠ ? ਅਜਿਹੇ ਲੋਕਾਂ ਤੋਂ ਕਦੀ ਚੰਗਿਆਈ ਦੀ ਤਵੱਜੋਂ ਕੀਤੀ ਜਾ ਸਕਦੀ ਹੈ ? ਵਾਹਿਗੁਰੂ ਕਿਰਪਾ ਕਰੋ ਪਖੰਡੀਆਂ ਨੂੰ ਸੁਮੱਤ ਬਖਸ਼ੋ।

ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥
ਅਪਨਾ ਕਹਿਆ ਆਪਿ ਨ ਕਮਾਵੈ ॥ (887)
ਹਰਿ ਜੀਉ, ਅੰਤਰਿਜਾਮੀ ਜਾਨ ॥
ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਭਵਾਨ ॥ (1202)

ਇਹ ਹੈ ਆਪੇ ਬਣੇ ਵੱਡੇ ਤੇ ਅਸਲੀ ਸਿੱਖਾਂ ਦਾ ਕੂੜ ਪ੍ਰਚਾਰ। ਬੇਖੌਫ ਹੋ ਕੇ ਕਿਤਾਬਾਂ ਛਾਪ ਕੇ ਨਿਰਮਲ ਬੁੱਧ ਸਿੱਖਾਂ ਨੂੰ ਭ੍ਰਿਸ਼ਟ ਕੀਤਾ ਜਾ ਰਿਹਾ ਹੈ। ਕੀ ਗੁਰਬਾਣੀ ਇਹੀ ਕੂੜ ਕੁਸੱਤ ਸਿਖਾਉਂਦੀ ਹੈ ?

- ਮਹਿਤਾ ਚੌਕ ਟਕਸਾਲ ਵਿਚ 40 ਦਿਨ ਹਵਨ ਹੋਇਆ। 23.8.05 ਦੀਆਂ ਅਖ਼ਬਾਰਾਂ ਵੇਖ ਸਕਦੇ ਹੋ।
- ਭਾਈ ਜਰਨੈਲ ਸਿੰਘ ਨੂੰ ਕਾਂਗਰਸੀ ਦੱਸਣ ਵਾਲੀ ਕਿਤਾਬ ਹਰਨਾਮ ਸਿੰਘ ਧੁੰਮਾ ਨੇ ਰਲੀਜ ਕੀਤੀ। ਲੇਖਕ ਸ. ਬੂਟਾ ਸਿੰਘ ਹੈ।
- 21 ਸਾਲ ਤੱਕ ਭਾਈ ਜਰਨੈਲ ਸਿੰਘ ਜੀਵਤ ਹੈ ਦਾ ਕੁਫਰ, ਠਾਕੁਰ ਸਿੰਘ ਅਤੇ ਬਾਕੀ ਟਕਸਾਲ ਵਾਲਿਆਂ ਨੇ ਬੋਲਿਆ। ਗੁਰੂ ਕੀ ਹਜ਼ੂਰੀ ਵਿੱਚ। ਇਸ ਬੋਲੇ ਗਏ ਝੂਠ ਲਈ ਰੱਬ ਕੋਲੋਂ, ਸਤਿਗੁਰੂ ਕੋਲੋਂ ਇਨ੍ਹਾਂ ਮੁਆਫ਼ੀ ਨਹੀਂ ਮੰਗੀ। ਪੰਥ ਕੋਲੋਂ ਮੁਆਫ਼ੀ ਨਹੀਂ ਮੰਗੀ। ਅਖੌਤੀ ਜਥੇਦਾਰ ਅਜਿਹੇ ਝੂਠੇ ਲੋਕਾਂ ਨੂੰ ਖੱਬੇ ਸੱਜੇ ਲਈ ਫਿਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਇਨ੍ਹਾਂ ਨੇ ਅਸ਼ਲੀਲ ਕਹਾਣੀਆਂ ਵਾਲਾ ਬਚਿੱਤਰ ਨਾਟਕ ਟਿਕਾਇਆ ਅਤੇ ਉਸ ਦਾ ਅਖੰਡ ਪਾਠ ਕੀਤਾ। ਇਹ ਲੋਕ ਨਿਰਮਲ ਪੰਥ ਨੂੰ ਮਿੱਟੀ ਵਿਚ ਮਿਲਾਉਣ ਲਈ ਪੂਰੀ ਵਾਹ ਲਾ ਰਹੇ ਹਨ। ਇਨ੍ਹਾਂ ਦੀਆਂ ਛਾਪੀਆਂ ਕਿਤਾਬਾਂ ਕੋਈ ਪੜ੍ਹ ਕੇ ਵੇਖੇ ਤਾਂ ਸਹੀ....।

000

# 16. ਪੂਰਾ ਨਿਆਉ ਕਰੇ ਕਰਤਾਰ

ਸਤੰਬਰ-ਅਕਤੂਬਰ 06 ਵਿੱਚ ਲੇਖਕ ਕੈਨੇਡਾ ਦੇ ਧਰਮ ਪ੍ਰਚਾਰ ਦੌਰੇ ’ਤੇ ਗਿਆ ਸੀ। ਜਿਨ੍ਹਾਂ ਡੇਰਾਵਾਦੀਆਂ ਨੇ ਸਿੱਖ ਸੰਗਤ ਦੀ ਅਗਿਆਨਤਾ ਦਾ ਫ਼ਾਇਦਾ ਉਠਾ ਕੇ ਉਨ੍ਹਾਂ ਨੂੰ ਦੋਵੇਂ ਹੱਥੀਂ ਲੰਮੇ ਸਮੇਂ ਤੋਂ ਲੁੱਟਿਆ ਸੀ। ਉਹ ਲੋਕ ਮੇਰੀਆਂ ‘ਖਰੀਆਂ ਖਰੀਆਂ’ ਤੋਂ ਬੜੇ ਤ੍ਰਬਕਦੇ ਸਨ। ਜਿਨ੍ਹਾਂ ਦੇ ਡੇਰੇਦਾਰ ਕਈ ਪੀੜ੍ਹੀਆਂ ਤੋਂ ਕੁਫਰ ਤੋਲਦੇ ਆ ਰਹੇ ਹਨ ਕਿ ਸਾਡਾ ਡੇਰਾ ਸਤਿਗੁਰੂ ਜੀ ਨੇ ਖ਼ੁਦ ਚਲਾਇਆ ਹੈ। ਜਾਂ ‘ਅਮਕੇ’ ਬਹਾਦਰ ਸਿੱਖ ਤੋਂ ਸਾਡੀ ਸ਼ਾਖ ਚਲੀ ਹੈ। ਇਹ ਕੂੜ ਦੀਆਂ ਦੁਕਾਨਾਂ ਆਪਣੇ ‘ਨੈਟ ਵਰਕ’ (ਏਜੰਟਾਂ ਰਾਹੀਂ ਫੈਲਾਇਆ ਜਾਲ) ਕਾਰਨ ਆਪਣੇ ਬਣੇ ਪੂਜਨੀਕ ਬ੍ਰਹਮ ਗਿਆਨੀ, ਦਸ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਵੀ ਆਪਣੇ ਆਪ ਨੂੰ ਉਚੇ ਵੱਡੇ ਸਿੱਧ ਕਰਦੇ ਰਹੇ ਹਨ। ਦਲੀਲ ਨਾਲ ਵਿਚਾਰ ਕਰਨ ਦੀ ਹਿੰਮਤ ਤੇ ਗਿਆਨ ਇਨ੍ਹਾਂ ਕੋਲ ਹੈ ਕੋਈ ਨਹੀਂ। ਸਿੰਘ ਸਭਾ ਇੰਟਰ ਨੈਸ਼ਨਲ ਕੈਨੇਡਾ ਦੇ ਸਿੰਘਾਂ ਦੇ ਭਰਪੂਰ ਸਹਿਯੋਗ ਮਿਲਣ ਕਰ ਕੇ ਜਦੋਂ ਡੇਰਾਵਾਦੀ ਸਾਡੀ ਕਿਸੇ ਗੱਲ ਦਾ ਜਵਾਬ ਨਾ ਦੇ ਸਕੇ। ਸਗੋਂ ਗੁਰਦਵਾਰਾ ਸਿੱਖ ਸੰਗਤ ਹੈਰੀਟੇਜ ਵਿਖੇ ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ, ਹੁੱਲੜਬਾਜ਼ੀ ਕੀਤੀ। ਮੈਨੂੰ ਕਥਾ ਕਰਨ ਤੋਂ ਰੋਕਣ ਦੀ ਮਨਸਾ ਨਾਲ ਦਸ ਕੁ ‘ਸਿਰ ਫਿਰੇ’ ਵਿਅਕਤੀਆਂ ਨੇ (ਜਿਨ੍ਹਾਂ ਵਿੱਚ ਦਸ ਕੁ ਸਾਲ ਦੇ ਚਾਰ ਬੱਚੇ ਵੀ ਸਨ) ਉਚੀ ਉਚੀ ਵਾਹਿਗੁਰੂ ਜਪਣਾ ਸ਼ੁਰੂ ਕਰ ਦਿੱਤਾ। ਮੈਂ ਇਸੇ ਸ਼ੋਰ ਵਿੱਚ ਪੰਝੀ ਮਿੰਟ ਗੁਰਮੁੱਖ ਤੇ ਮਨਮੁੱਖ, ਸੱਚ ਅਤੇ ਝੂਠ ਦੇ ਵਿਸ਼ੇ ’ਤੇ ਹੀ ਕਥਾ ਕੀਤੀ। ਇਸ ਨਵੇਕਲੀ ਕਥਾ ਦੀ ਸੀ.ਡੀ. ਮੌਜੂਦ ਹੈ।’ ਅਖ਼ੀਰਲੇ ਸਮੇਂ ਇਨ੍ਹਾਂ ਦੇ ਗੁੰਡਿਆਂ ਨੇ ਮੇਰੇ ’ਤੇ ਮਾਰੂ ਹਮਲਾ ਕੀਤਾ ਪਰ ਮੇਰੇ ਸਾਥੀ ਸਿੰਘਾਂ ਨੇ ਤੁਰੰਤ ਸਥਿਤੀ ’ਤੇ ਕਾਬੂ ਪਾਇਆ। ਇਨ੍ਹਾਂ ਬੁਰਛਾ ਗਰਦਾਂ ਨੂੰ ਚੰਗਾ ਸਬਕ ਸਿਖਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਗੁਰਦਵਾਰੇ ਦੇ ਅੰਦਰ ਇਨ੍ਹਾਂ ਮੱਠਾਧਾਰੀਆਂ (ਨਾਮ ਸਿਮਰਣ ਕਰਨ ਵਾਲਿਆਂ ?) ਦੀ ਗੰਦੀ ਭਾਸ਼ਾ ਤੇ ਹੁੱਲੜਬਾਜ਼ੀ ਚੰਗੀ ਤਰ੍ਹਾਂ ਵੇਖੀ ਜਾ ਸਕਦੀ ਹੈ।

‘ਨਾਲੇ ਚੋਰ ਨਾਲੇ ਚਤਰਾਈ’ ਵਰਤ ਕੇ ਇਨ੍ਹਾਂ ਆਪਣੇ ਖਾਸੋ ਖਾਸ ‘ਮਹਾਂ ਪੁਜਾਰੀ’ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਤੋਂ, ਮੇਰੇ ਵਿਰੁੱਧ ‘ਤਤਕਾਲ ਸੇਵਾ’ ਦੀ ਤਰਜ ’ਤੇ ‘ਸੰਦੇਸ਼’ ਜਾਰੀ ਕਰਵਾਇਆ। ਗਿਆਨੀ ਵੇਦਾਂਤੀ ਨੇ ਸਾਡਾ ਪੱਖ ਸੁਣਨ ਤੋਂ ਬਗ਼ੈਰ, ਸੱਤ ਸਿੰਘਾਂ ਵਿਰੁੱਧ ਇਹ ਫੁਰਮਾਨ ਭੇਜ ਦਿੱਤਾ-‘ਇਨ੍ਹਾਂ ਨੂੰ ਗੁਰਦਵਾਰਾ ਸਟੇਜ ’ਤੇ ਨਾ ਬੋਲਣ ਦਿੱਤਾ ਜਾਵੇ।’ ਕੈਨੇਡਾ ਦੇ ਰੇਡੀਓ ’ਤੇ ਪ੍ਰੋ. ਦਰਸ਼ਨ ਸਿੰਘ ਨੂੰ ਸੱਦਿਆ ਗਿਆ। ਉਨ੍ਹਾਂ ਤੋਂ ਪੁੱਛਿਆ ਗਿਆ ਕਿ ਇਸ ਸੰਦੇਸ਼ ਦੀ ਕੀ ਹੈਸੀਅਤ ਹੈ ?

ਉਨ੍ਹਾਂ ਦੱਸਿਆ, ‘ਇਹ ਕੇਵਲ ਇੱਕ ਚਿੱਠੀ ਹੈ, ਹੁਕਮਨਾਮਾ ਨਹੀਂ ਹੈ। ਮੰਨਣਾ ਜਾਂ

ਨਾ ਮੰਨਣਾ, ਸਬੰਧਤ ਵਿਅਕਤੀਆਂ ਦੀ ਮਰਜ਼ੀ, ਇਹ ਕੇਵਲ ਸੁਨੇਹਾ ਹੈ। ਬਿਨਾਂ ਸੁਣੇ ਕਸੂਰ ਜਾਣੇ ਬਗ਼ੈਰ ਤਾਂ ਸ਼ਾਇਦ ਜਕਰੀਆ ਖ਼ਾਨ ਤੇ ਮੀਰ ਮੰਨੂ ਵੀ ਅਜਿਹੇ ਫੁਰਮਾਨ ਜਾਰੀ ਨਹੀਂ ਕਰਦਾ ਹੋਵੇਗਾ। ਆਪਣੇ ਅਹੁਦੇ ਅਤੇ ਇੱਜ਼ਤ ਦਾ ਕੁੱਝ ਤਾਂ ਖਿਆਲ ਮਨੁੱਖ ਰਖਦਾ ਹੀ ਹੈ। ਪਰ ਇਥੇ ਤਾਂ 'ਧਰਮ ਮੁਖੀ, ਧਰਮ ਬਾਰੇ ਫ਼ੈਸਲਾ 'ਸੁਣਉਂਦੇ ਹਨ ਤਾਂ 'ਧਰਮ' ਵਿੱਚੋਂ ਉੱਕਾ ਹੀ ਗ਼ਾਇਬ ਹੁੰਦਾ ਹੈ। ਅਕਤੂਬਰ 20, 06 ਨੂੰ, ਉਨਟਾਰੀਓ ਸਟੇਟ ਦੀ ਗੁਰਦਵਾਰਾ ਕੌਂਸਲ ਨਾਲ ਮੇਰਾ ਲਿਖਤੀ ਸਮਝੌਤਾ ਹੋ ਗਿਆ ਸੀ। ਪ੍ਰੋ. ਦਰਸ਼ਨ ਸਿੰਘ ਵਿੱਚ ਹਾਜ਼ਰ ਸਨ। ਕਿ 'ਭਾਈ ਇੰਦਰ ਸਿੰਘ ਦਾ ਵਿਰੋਧ ਨਹੀਂ ਕੀਤਾ ਜਾਵੇਗਾ, ਸਗੋਂ ਵੱਧ ਤੋਂ ਵੱਧ ਗੁਰਦਵਾਰਿਆਂ ਵਿੱਚ ਇਨ੍ਹਾਂ ਨੂੰ ਬੋਲਣ ਦਾ ਮੌਕਾ ਦਿੱਤਾ ਜਾਵੇਗਾ।' ਕੌਂਸਲ ਦੇ ਪ੍ਰਧਾਨ ਸ. ਹਰਬੰਸ ਸਿੰਘ ਜੰਡਾਲੀ ਦੇ ਦਸਤਖ਼ਤ ਹੋਏ ਹਨ, ਰੇਡੀਓ ਤੋਂ ਸੱਭ ਨੂੰ ਖ਼ਤ ਪੜ੍ਹ ਕੇ ਸੁਣਾਇਆ ਗਿਆ। ਇਸ ਸੁਹਿਰਦ ਯਤਨ ਨੂੰ 'ਵੀਟੋ' ਕਰਨ ਲਈ, ਟਕਸਾਲੀਆਂ ਨੇ ਸਾਰੀ ਤਾਕਤ ਝੋਕ ਦਿੱਤੀ। ਅਕਤੂਬਰ 21-06 ਨੂੰ ਅਕਾਲ ਤਖ਼ਤ ਦੀ ਪਵਿੱਤਰਤਾ ਨੂੰ ਕਲੰਕਤ ਕੀਤਾ। ਜਥੇਦਾਰ ਵੇਦਾਂਤੀ ਨੇ ਇਸ ਵੱਡੇ ਅਹੁਦੇ ਦੀ ਮਾਨ ਮਰਿਆਦਾ ਨੂੰ ਘੱਟੇ 'ਚ ਰੋਲ ਦਿੱਤਾ। ਇਸ ਤੋਂ ਇੱਕ ਹਫ਼ਤੇ ਦੇ ਅੰਦਰ ਚਾਰੇ ਪਾਸਿਉਂ ਦਬਾਉ ਪੈਣ ਕਾਰਨ ਸਾਰਿਆਂ ਦਾ ਬਾਈਕਾਟ ਖ਼ਤਮ ਕਰਨ ਦੀ ਚਿੱਠੀ ਵੀ ਜਾਰੀ ਕਰ ਦਿੱਤੀ। ਵੇਦਾਂਤੀ ਜੀ ਦੇ ਪੀ.ਏ. ਜਗਬੀਰ ਸਿੰਘ ਨੇ ਫ਼ੋਨ 'ਤੇ ਇਹੀ ਚਿੱਠੀ ਪੜ੍ਹ ਕੇ ਸੁਣਾਈ, ਜੋ ਨਾਲੋ ਨਾਲ ਰੇਡੀਓ ਤੋਂ ਬ੍ਰਾਡਕਾਸਟ ਹੋਈ। ਇਸ ਚਿੱਠੀ ਦੀ ਸ਼ਬਦਾਵਲੀ ਦੇ ਅਰਥ ਕੋਈ ਮਾਈ ਦਾ ਲਾਲ ਨਹੀਂ ਕਰ ਸਕੇਗਾ। ਚਿੱਠੀ ਦੀ ਫ਼ੋਟੋ ਕਾਪੀ ਨਾਲ ਭੇਜ ਰਿਹਾ ਹਾਂ। ਬਿਨਾਂ ਸਿਰ ਪੈਰ ਤੋਂ ਚਿੱਠੀ ਅਕਾਲ ਤਖ਼ਤ ਹੀ ਲਿਖ ਸਕਦਾ ਹੈ। ਜਿਵੇਂ ਅਕਾਲ ਪੁਰਖ ਦਾ ਕੋਈ ਭੇਤ ਨਹੀਂ ਪਾ ਸਕਦਾ। ਉਸ ਦੇ ਤਖ਼ਤ 'ਤੇ ਬੈਠੇ ਮਹਾਂਪੁਰਖ ਦੀ ਚਿੱਠੀ ਦਾ ਭੇਤ ਕਿਵੇਂ ਪਾਇਆ ਜਾ ਸਕਦਾ ਹੈ?

ਖੈਰ ਮੈਂ ਦੋ ਮਹੀਨੇ ਲਾ ਕੇ ਕੈਨੇਡਾ ਤੋਂ ਵਾਪਸ ਆਇਆ ਤਾਂ ਤਰਨ ਤਾਰਨ ਦੇ ਨੇੜੇ ਜੌੜਾ ਪਿੰਡ ਵਿਖੇ 27-12-06 ਨੂੰ ਬਹੁਤ ਵੱਡਾ ਗੁਰਮਤਿ ਸਮਾਗਮ ਸੀ। ਸ. ਬਖ਼ਸ਼ੀਸ਼ ਸਿੰਘ ਤੇ ਸ. ਗੁਲਜਾਰ ਸਿੰਘ ਦੇ ਸਹਿਯੋਗ ਨਾਲ ਰਾਤੀਂ ਚਾਰ ਘੰਟੇ ਵਿਚਾਰਾਂ ਹੋਈਆਂ। ਸਵੇਰੇ ਫਿਰ ਭਰਵਾਂ ਦੀਵਾਨ ਸਜਿਆ। ਗਿਆਰਾਂ ਵਜੇ ਤੋਂ ਲੈ ਕੇ ਤਿੰਨ ਵਜੇ ਤੱਕ ਕਥਾ ਤੇ ਕੀਰਤਨ ਹੋਇਆ। ਲੇਖਕ ਨੇ ਸੰਗਤ ਨੂੰ ਗੁਰਮਤਿ ਬਾਰੇ ਵਖਿਆਨ ਦਿੱਤੇ। ਅੱਗੋਂ 28-12-06 ਨੂੰ ਮੋਹਾਲੀ ਦੇ ਫ਼ੇਜ਼ 3 ਬੀ, 1 ਸਾਚਾ ਧਨ ਗੁਰਦਵਾਰੇ ਇੱਕ ਘੰਟਾ ਸੰਗਤ ਨੂੰ ਗੁਰਮਤਿ ਬਾਰੇ ਕਥਾ ਸਰਵਣ ਕਰਵਾਈ। ਜਨਵਰੀ 3-07 ਨੂੰ ਸੰਗਤ ਪ੍ਰਬੰਧਕਾਂ ਦੀ ਪੁਰਜ਼ੋਰ ਮੰਗ 'ਤੇ , ਸੇਵਕ ਕਾਮਟੀ ਛੋਟੀ (ਨਾਗਪੁਰ-ਮਹਾਰਾਸ਼ਟਰ) ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਲਈ ਪਹੁੰਚਿਆ। ਜਨਵਰੀ 5 ਤੋਂ 8 ਤੱਕ ਇਥੇ ਹੀ ਲਗਾਤਾਰ ਸੰਗਤ ਨੂੰ ਸੰਬੋਧਨ ਕੀਤਾ। ਪ੍ਰਬੰਧਕਾਂ ਅਤੇ ਸੰਗਤ

ਵੱਲੋਂ ਭਰਪੂਰ ਹੁੰਗਾਰਾ ਮਿਲਿਆ।

ਇਹ ਸਾਰੀ ਖ਼ਬਰ ਨਾਗਪੁਰ ਸ਼ਹਿਰ ਵਾਸੀ ਸਿੱਖਾਂ ਅਤੇ ਗੁਰਦਵਾਰਾ ਪ੍ਰਬੰਧਕਾਂ ਨੂੰ ਮਿਲੀ, ਤਾਂ ਸ਼ਹਿਰ ਵਿੱਚ ਵੀ ਬਹੁਤ ਉਤਸ਼ਾਹ ਵੇਖਣ ਨੂੰ ਮਿਲਿਆ। ਬਾਬਾ ਬੁੱਢਾ ਜੀ ਨਗਰ ਦੇ ਮੁੱਖ ਪ੍ਰਬੰਧਕ ਸ. ਮਲਕੀਤ ਸਿੰਘ ਨੇ ਬਹੁਤ ਸਹਿਯੋਗ ਦਿੱਤਾ। ਗੁਰਦਵਾਰਾ ਗੁਰੂ ਤੇਗ਼ ਬਹਾਦਰ ਬੁੱਢਾ ਜੀ ਨਗਰ ਤਿੰਨ ਦਿਨ ਕਥਾ ਕੀਤੀ। ਇੱਕ ਦਿਨ ਗੁਰਦਵਾਰਾ ਸਿੰਘ ਸਭਾ, ਕਾਮਟੀ ਰੋਡ, ਇੱਕ ਦਿਨ ਗੁਰੂ ਨਾਨਕ ਦਰਬਾਰ, ਤੇ ਇਕ ਦਿਨ ਗੁਰੂ ਰਾਮਦਾਸ ਪੇਠ (ਕਾਲੋਨੀ) ਗੁਰਦਵਾਰੇ ਕਥਾ ਕੀਤੀ। ਟਕਸਾਲ ਅਤੇ ਡੇਰਾਵਾਦੀਆਂ ਨੇ ਪ੍ਰਬੰਧਕਾਂ ਨੂੰ ਗ਼ਲਤ ਬਿਆਨੀ ਕਰਦਿਆਂ ਕਿਹਾ ਗਿਆ ਸੀ ਕਿ 'ਭਾਈ ਇੰਦਰ ਸਿੰਘ ਘੱਗਾ ਜਥੇਦਾਰ ਵੱਲੋਂ ਪੰਥ ਵਿੱਚੋਂ ਛੇਕਿਆ ਹੋਇਆ ਹੈ, ਇਸ ਨੂੰ ਸਟੇਜ 'ਤੇ ਨਾ ਬੋਲਣ ਦਿਉ।' ਕਿਸੇ ਵੀ ਗੁਰਦਵਾਰਾ ਕਮੇਟੀ ਨੇ ਇਸ ਗ਼ਲਤ ਸੰਦੇਸ਼ ਦੀ ਪ੍ਰਵਾਹ ਕੀਤੇ ਬਗ਼ੈਰ, ਦਾਸ ਨੂੰ ਹਰ ਥਾਂ ਮਾਣ ਦਿੱਤਾ ਤੇ ਜਥੇਦਾਰ ਨੂੰ ਅਣਗੌਲਿਆਂ ਕਰ ਦਿੱਤਾ। ਸਗੋਂ ਆਉਣ ਵਾਲੇ ਸਮੇਂ ਦੇ ਗੁਰਪੁਰਬ ਵੀ ਉਨ੍ਹਾਂ ਬੁੱਕ ਕਰ ਲਏ ਹਨ।

ਇਸ ਮਹਾਨ ਤਖ਼ਤ ਦਾ ਜੋ ਮਾਣ ਸਨਮਾਨ ਸੀ, ਬੇਈਮਾਨ ਰਾਜਨੀਤੀਵਾਨਾਂ ਦੇ ਕੰਧਾੜੇ ਚੜ੍ਹ ਕੇ, ਜਥੇਦਾਰਾਂ ਨੇ ਉਸ ਨੂੰ ਕੱਖੋਂ ਹੌਲਾ ਕਰ ਦਿੱਤਾ ਹੈ। ਸਟੇਜਾਂ 'ਤੇ ਧੂੰਆਂਧਾਰ ਭਾਸ਼ਣ ਦਿੱਤੇ ਜਾਂਦੇ ਹਨ, "ਸੱਚ ਕੀ ਬਾਣੀ ਨਾਨਕ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥" (722) ਸਿੰਘ ਸਿੰਘਣੀਆਂ ਨੇ ਧਰਮ ਤੋਂ ਸੀਸ ਵਾਰ ਦਿੱਤੇ ਪਰ ਧਰਮ ਨਹੀਂ ਹਾਰਿਆ। ਅੱਜ ਟਕੇ ਟਕੇ ਬਦਲੇ ਧਰਮ ਹਾਰਿਆ ਜਾ ਰਿਹਾ ਹੈ। ਵੱਡੇ ਵੱਡੇ ਅਹੁਦਿਆਂ 'ਤੇ ਬੈਠੇ 'ਧਰਮੀ ਲੋਕ' ਸਿੱਖ ਕੌਮ ਨੂੰ ਇਉਂ ਬਰਬਾਦ ਕਰਨਗੇ, ਕਦੀ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ। ਗੁਰੂ ਨਾਨਕ ਬਾਬਰ ਨੂੰ ਜਾਬਰ ਕਹਿ ਸਕਦਾ ਹੈ। ਗੁਰੂ ਅਰਜਨ ਤੱਤੀ ਤਵੀ 'ਤੇ ਬੈਠ ਕੇ ਵੀ ਸੱਚ 'ਤੇ ਪਹਿਰਾ ਦੇ ਸਕਦਾ ਹੈ। ਗੁਰੂ ਤੇਗ਼ ਬਹਾਦਰ ਸੀਸ ਕਟਵਾ ਕੇ ਵੀ ਅਡੋਲਤਾ ਦਾ ਸਬੂਤ ਦਿੰਦੇ ਹਨ। ਦਸਮ ਪਾਤਸ਼ਾਹ ਚਾਰੇ ਜਿਗਰ ਦੇ ਟੁਕੜੇ ਲੇਖੇ ਲਾ ਕੇ ਵੀ, ਸਮਝੌਤਾ ਨਹੀਂ ਕਰਦੇ, ਜ਼ਫ਼ਰਨਾਮਾ ਲਿਖਦੇ ਹਨ। ਪਰ ਅੱਜ ਦੇ ਰਾਜਸੀ ਸਿੱਖ ਸ਼ਕਲਾਂ ਵਾਲੇ ਲੋਕ, ਕੁੱਝ ਛਿਲੜਾਂ ਵੱਟੇ ਸ਼ਰੇਆਮ ਵਿੱਕ ਰਹੇ ਹਨ। ਨਸ਼ੇ ਵੰਡ ਰਹੇ ਹਨ। ਹਵਨ ਕਰਵਾ ਰਹੇ ਹਨ। ਝੂਠ ਬੋਲਦੇ ਹਨ, ਰਿਸ਼ਵਤਾਂ ਲੈਂਦੇ ਹਨ। ਸਿੱਖਾਂ ਦੇ ਸਾਰੇ ਹੱਕ ਵਿਸਾਰ ਦਿੱਤੇ ਹਨ। ਸਿੱਖੀ ਕਿਰਦਾਰ ਨੂੰ ਕਦੋਂ ਦੇ ਤਿਲਾਂਜਲੀ ਦੇ ਚੁੱਕੇ ਹਨ। ਫਿਰ ਵੀ 'ਅਸਲੀ ਟਕਸਾਲੀ' ਸਿੱਖ ਹਨ। 'ਧਰਮੀ ਪੁਰਖ' ਜਥੇਦਾਰ ਇਨ੍ਹਾਂ ਲੋਕਾਂ ਨੂੰ ਪਾਪ ਕਰਮ ਕਰਨ ਤੋਂ ਰੋਕਣ ਦੀ ਹਿੰਮਤ ਗਵਾ ਚੁੱਕੇ ਹਨ। ਸਗੋਂ ਇਨ੍ਹਾਂ ਦੇ ਇਸ਼ਾਰਿਆਂ 'ਤੇ ਪਾਪ ਕਰਨ ਲਈ ਪੱਬਾਂ ਭਾਰ ਹੋਏ ਰਹਿੰਦੇ ਹਨ।

ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨਿ ਗਲਿ ਤਾਗ॥
ਤਿਨ ਘਰਿ ਬ੍ਰਾਹਮਣ ਪੂਰਹਿ ਨਾਦ॥ ਉਨਾ ਭਿ ਆਵਹਿ ਓਈ ਸਾਦ॥

ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥

ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ (470)

ਸਤਿਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਵਿੱਚੋ ਜੋਦੜੀ ਹੈ ਕਿ ਤੁਸੀਂ ਸਰਬ ਕਲਾ ਸਮਰਥ ਹੋ। ਸਾਖੀਕਾਰ ਲਿਖਦੇ ਹਨ ਕਿ ਤੁਸੀਂ ਪਹਾੜ ਥੰਮ ਲਏ, ਪਰ ਹੁਣ ਤੁਹਾਡੇ 'ਸਿੱਖ' ਤੁਹਾਥੋਂ ਥੰਮ੍ਹੇ ਨਹੀਂ ਜਾ ਸਕਦੇ। ਕਹਿੰਦੇ ਨੇ ਤੁਸੀਂ ਰੀਠੇ ਮਿੱਠੇ ਕਰ ਦਿੱਤੇ, ਪਰ ਤੁਹਾਡੇ ਸਿੱਖਾਂ ਵਿੱਚੋਂ ਤਾਂ ਮਿਠਾਸ ਕਦੇ ਦੀ ਉੱਡ ਚੁੱਕੀ ਹੈ। ਤੁਸੀਂ ਬਚਨ ਕੀਤਾ ਸੀ-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ (141)

ਕੀ ਤੇਰੇ ਲਾਡਲੇ ਸਿੱਖ ਲੀਡਰ ਅਤੇ ਧਰਮ ਦੇ ਚੋਲਿਆਂ ਵਾਲੇ, ਪਰਾਏ ਹੱਕ ਨੂੰ, ਬੜੀ ਢੀਠਤਾਈ ਨਾਲ ਹੜੱਪ ਨਹੀਂ ਕਰ ਰਹੇ ? ਕਦੋਂ ਰੋਕੋਗੇ ਇਨ੍ਹਾਂ ਨੂੰ ਜਦੋਂ ਤੁਹਾਡੀ ਸਿੱਖੀ ਦਾ ਭੋਗ ਪੈ ਗਿਆ ? ਸਿੱਖ ਸਰੀਰ ਕਰ ਕੇ ਤਾਂ ਮਰ ਜਾਂਦੇ ਸਨ, ਪਰ ਆਪਣੀ ਜ਼ਮੀਰ ਨੂੰ ਜੀਵਤ ਰੱਖਦੇ ਸਨ। ਪਰ ਅੱਜ ਮਰੀਆਂ ਜ਼ਮੀਰਾਂ ਵਾਲੇ ਚਲਦੀਆਂ ਫਿਰਦੀਆਂ ਲਾਸ਼ਾਂ ਵਰਗੇ 'ਸਿੱਖ', ਥੋਕ ਵਿੱਚ ਟੁਰੇ ਫਿਰਦੇ ਨੇ। ਡੇਰਾ ਵਾਦੀਆਂ ਅਤੇ ਵੇਦਾਂਤੀਆਂ, ਆਪਣੀ ਪੂਰੀ ਵਾਹ ਲਾ ਲਈ।' ਗੁਰੂ ਨਾਨਕ ਸਾਹਿਬ ਦੀ ਪਾਵਨ ਬਾਣੀ ਦਾ ਆਸਰਾ ਲੈ ਕੇ ਇਹ ਸੇਵਕ, ਇਸੇ ਤਰ੍ਹਾਂ ਕੁਫਰ ਗੜ ਦੀਆਂ ਜੜ੍ਹਾਂ ਖੋਖਲੀਆਂ ਕਰਦਾ ਰਹੇਗਾ। ਸਤਿਗੁਰੂ ਦੇ ਪਾਵਨ ਬਚਨ ਹਨ :

ਗਰੀਬਾਂ ਉਪਰਿ ਜਿ ਖਿੰਜੈ ਦਾੜੀ ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥

ਪੂਰਾ ਨਿਆਉ ਕਰੇ ਕਰਤਾਰੁ ॥ ਅਪਨੇ ਦਾਸ ਕਉ ਰਾਖਨ ਹਾਰੁ ॥ (199)

ਸਤਿਗੁਰੂ ਜੀ ਦੇ ਇਨਸਾਫ਼ 'ਤੇ ਪੂਰਨ ਭਰੋਸਾ ਹੈ, ਉਹ ਪਾਪੀਆਂ ਨੂੰ ਸਜ਼ਾ ਅਵੱਸ਼ ਦੇਵੇਗਾ। ਸੱਚਾਈ ਦੇ ਮਾਰਗ 'ਤੇ ਚੱਲਣ ਵਾਲਿਆਂ ਨੂੰ ਹੱਥ ਦੇ ਕੇ ਰੱਖੇਗਾ।

000

# 17. ਆਓ 'ਬ੍ਰਹਮ ਗਿਆਨੀ' ਬਣੀਏ!

(ਭਾਈ ਸੇਵਾ ਸਿੰਘ ਧਰਮਾਲੇ ਦਾ ਨਵਾਂ ਪਖੰਡ)

ਗੁਰੂ ਨਾਨਕ ਸਾਹਿਬ ਜੀ ਨੇ ਆਲਸੀ, ਵਿਹਲੜ ਤੇ 'ਨਾਮ ਸਿਮਰਨ' ਦੀਆਂ ਕਲਾਬਾਜ਼ੀਆਂ ਲਾਉਣ ਵਾਲੇ, ਪਖੰਡੀ ਲੋਕਾਂ ਨੂੰ ਅਪਣੇ ਉਪਦੇਸ਼ਾਂ ਰਾਹੀਂ, ਇੰਨੀ ਲਾਹਣਤ ਪਾਈ ਹੈ ਕਿ ਜਾਗਦੀ ਜਮੀਰ ਵਾਲਾ ਬੰਦਾ ਉਂਜ ਹੀ ਮਰਨ ਕਿਨਾਰੇ ਪਹੁੰਚ ਚਾਂਦਾ ਹੈ। ਹਾਂ ਜਿਨ੍ਹਾਂ ਲੋਕਾਂ ਦੀ ਜਮੀਰ ਮਰ ਚੁੱਕੀ ਹੈ, ਪੂਜਾ ਦਾ ਧਾਨ ਖਾ ਕੇ, ਆਪਣਾ ਪੇਟ ਵਧਾਉਣ ਦਾ ਹੀ ਜਿਨ੍ਹਾਂ ਨੂੰ ਫਿਕਰ ਹੈ। ਉਨ੍ਹਾਂ ਚਲਦੀਆਂ ਫਿਰਦੀਆਂ 'ਲਾਸ਼ਾਂ' ਨੂੰ ਕੋਈ ਸਿੱਖ ਆਖੀ ਜਾਵੇ, ਸੰਤ ਕਹੀ ਜਾਵੇ, ਭਾਈ ਕਹਿੰਦਾ ਰਹੇ, ਜਾਂ ਬ੍ਰਹਮ ਗਿਆਨੀ ਦਾ ਖਿਤਾਬ ਦੇ ਕੇ ਨਿਵਾਜਦਾ ਰਹੇ, ਉਸ ਦੀ ਅਕਲ ਤੇ ਅਫ਼ਸੋਸ ਦੇ ਦੋ ਹੰਝੂ ਹੀ ਬਹਾਏ ਜਾ ਸਕਦੇ ਹਨ। 'ਬ੍ਰਹਮ ਵਿਦਿਆ' ਦੀ ਪੰਡ ਸਿਰ 'ਤੇ ਰੱਖ ਕੇ, ਅਖ਼ਬਾਰਾਂ ਵਿੱਚ ਪੂਰੇ ਪੰਨੇ ਦੇ ਰੰਗੀਨ ਇਸ਼ਤਿਹਾਰ ਦੇ ਕੇ, ਗੁਰਬਾਣੀ ਦੀਆਂ ਤੁੱਕਾਂ ਦੀ ਦੁਰਵਰਤੋਂ ਕਰ ਕੇ, ਸਿੱਖ ਕੌਮ ਨੂੰ ਹੋਰ ਕੁਰਾਹੇ ਪਾਉਣ ਵਾਸਤੇ, ਇਕ ਹੋਰ 'ਬ੍ਰਹਮ ਗਿਆਨੀ' ਨੇ ਬ੍ਰਹਮ ਵਿਦਿਆ ਦੀ ਇੱਕ ਯੂਨੀਵਰਸਿਟੀ ਖੋਹਲਣ ਦਾ ਦਮਗਜਾ ਮਾਰਿਆ ਹੈ। ਇਹ ਨਵੇਂ 'ਪ੍ਰਗਟ' ਹੋਏ ਮਹਾਂਪੁਰਖ ਹਨ, ਸ੍ਰੀ ਸੇਵਾ ਸਿੰਘ ਜੀ ਤਰਮਾਲਾ।

ਇਸ਼ਤਿਹਾਰ ਪੜ੍ਹ ਕੇ ਪਹਿਲਾਂ ਤਾਂ ਕੁੱਝ ਮਨ ਬੇਚੈਨ ਜਿਹਾ ਹੋਇਆ। ਮਨਾਂ! ਪੰਜਾਬ ਨੂੰ ਕੁਰਾਹੇ ਪਾਉਣ ਵਾਲੇ ਅਤੇ ਲੁੱਟ ਕੇ ਖਾਣ ਵਾਲੇ ਤਾਂ ਅੱਗੇ ਹੀ ਬਹੁਤ ਸਨ। ਆਹ ਭਾਈ ਜੀ, ਵਿਦੇਸ਼ ਵਿੱਚ ਕਿੰਨੇ ਸਾਲਾਂ ਤੋਂ ਘੁੰਮਦਾ ਘੁਮਾਉਂਦਾ, ਪੰਜਾਬ ਵਿੱਚ ਵਾਪਸ ਆ ਗਿਆ ਹੈ, ਤੇ ਇਥੇ ਅਖ਼ਬਾਰਾਂ ਵਿੱਚ ਵੱਡੇ ਇਸ਼ਹਿਤਾਰ ਦੇ ਕੇ, ਮੋਟੀ ਰਕਮ ਖਰਚ ਕਰ ਕੇ ਕਮਾਈ ਦਾ ਵੱਡਾ ਕੇਂਦਰ ਸਥਾਪਤ ਕਰਨ ਲੱਗਾ ਹੈ। ਕੋਈ ਖੇਤੀ ਕਰਦਾ ਹੈ, ਕੋਈ ਨੌਕਰੀ ਕਰਦਾ ਹੈ। ਕੋਈ ਵਪਾਰ ਕਰ ਕੇ ਪਰਵਾਰ ਪਾਲਦਾ ਹੈ। ਅੱਜ ਕਲ ਪੁੱਤਰਾਂ ਪੋਤਰਿਆਂ ਦੀਆਂ ਰੋਟੀਆਂ ਖਰੀਆਂ ਕਰਨ ਦਾ ਸੱਭ ਤੋਂ ਸੌਖਾ ਤੇ ਸਸਤਾ ਰਾਹ, ਇੱਕ 'ਡੇਰਾ' ਜਾਂ 'ਗੁਰਦਵਾਰਾ' ਖੋਹਲ ਦਿਉ। ਨਾਲੇ ਧਰਮੀ ਹੋਣ ਦਾ ਨਾਟਕ ਕਰੋ, ਲੋਕਾਂ ਤੋਂ ਆਪਣੇ 'ਚਰਨ ਪੂਜਨ' ਕਰਵਾਉ। ਨਾਲੇ ਸੋਹਣੀਆਂ ਜਵਾਨ ਔਰਤਾਂ ਨਾਲ ਅਠਖੇਲੀਆਂ ਕਰੋ ਤੇ ਨਾਲੇ ਉਨ੍ਹਾਂ ਦੀ ਕਮਾਈ 'ਤੇ ਗੁਲਛਰਰੇ ਉਡਾਓ। ਜਦੋਂ ਅਖ਼ਬਾਰ ਵਿੱਚ ਇਸ਼ਤਿਹਾਰ ਛਪਿਆ, ਪੜ੍ਹ ਕੇ ਉਪਰ ਤਾਰੀਖ਼ ਵੇਖੀ ਤਾਂ ਮਨ ਨੂੰ ਕੁੱਝ ਧਰਵਾਸ ਮਿਲਿਆ। ਕਿਉਂਕਿ ਇਹ ਇਸ਼ਤਿਹਾਰ 'ਇੱਕ ਅਪ੍ਰੈਲ' ਨੂੰ ਛਪਿਆ ਸੀ। ਜਾਨੀ ਕਿ 'ਅਪ੍ਰੈਲ ਫੂਲ' ਸੀ ਉਸ ਦਿਨ। ਜਿਸ ਦਾ ਮਤਲਬ ਹੈ ਕਿ ਇਸ ਦਿਨ ਕਿਸੇ ਨਾਲ ਕੋਈ ਮਖੌਲ ਕਰ ਲਿਆ ਜਾਵੇ ਤਾਂ ਬੁਰਾ ਨਹੀਂ ਮਨਾਇਆ ਜਾਂਦਾ। ਹੁਣ ਸ੍ਰੀ ਸੇਵਾ ਸਿੰਘ ਤਰਮਾਲਾ ਨੇ, ਪੂਰੀ ਸਿੱਖ ਕੌਮ ਨੂੰ ਫੂਲ (ਮੂਰਖ) ਬਣਾਇਆ ਹੈ ਪਰ

ਅਖ਼ਬਾਰ ਦੇ ਮਾਲਕ ਨੇ, ਸਿੱਖ ਕੌਮ ਨੂੰ ਮੂਰਖ ਬਣਨ ਤੋਂ ਬਚਾ ਲਿਅ। ਇੱਕ ਅਪ੍ਰੈਲ ਨੂੰ ਇਸ਼ਤਿਹਾਰ ਛਾਪ ਕੇ। ਸ੍ਰੀ ਤਰਮਾਲਾ ਜੀ ਨੂੰ ਹੀ 'ਫੂਲ' ਬਣਾ ਧਰਿਆ।

ਸਿੱਖਾਂ ਨੂੰ ਕੁਰਾਹੇ ਪਾ ਕੇ ਲੁੱਟਣ ਵਾਲੇ 'ਡੇਰੇ ਗੁਰਦਵਾਰੇ' ਤਾਂ ਅੱਗੇ ਹੀ ਬਹੁਤ ਹਨ। ਨਾਮ ਜਪਾਉਣ ਵਾਲੇ, ਕਿਰਤ ਵੱਲੋਂ ਹਟਾ ਕੇ, ਹੱਥਾਂ ਵਿੱਚ ਮਾਲਾ ਫੜਾ ਕੇ, ਅਨਹਦ ਨਾਦ ਵਜਾਉਣ ਵਾਲੇ, ਚੌਂਕੜੇ ਮਾਰ ਕੇ ਨਾਮ ਅਭਿਆਸ ਕਰਾਉਣ ਵਾਲੇ, ਅੱਗੇ ਹੀ ਥੋਕ ਵਿੱਚ ਮੌਜੂਦ ਹਨ ਪਰ ਜਿਸ ਧੜੱਲੇ ਨਾਲ, ਸ੍ਰੀ ਤਰਮਾਲਾ ਜੀ ਨੇ ਆਪਣੇ 'ਮਾਲ ਨੂੰ ਲਾਂਚ' ਕੀਤਾ ਹੈ, ਉਹ ਵਾਕਿਆ ਹੀ ਲਾ ਜੁਆਬ ਹੈ। ਇੱਕ ਜਮਾਨਾ ਸੀ ਕਿ ਸੱਜਣ ਠੱਗ ਨੇ ਇੱਕ ਸ਼ਬਦ ਸੁਣਿਆ ਤੇ ਮਨ ਬਦਲ ਗਿਆ। ਕੌਡਾ ਜੀ, ਨੂਰਸ਼ਾਹ (ਜਾਦੂਗਰਨੀ ਆਸਾਮ) ਜੀ, ਭੂਮੀਆ ਜੀ, ਅਤੇ ਬਾਦਸ਼ਾਹ ਬਾਬਰ ਤੱਕ, ਬਦੀ ਤੋਂ ਰੁਕ ਗਏ। ਅੱਜ ਦੀ ਸਿਤਮ ਜਰੀਫ਼ੀ ਵੇਖੋ, ਕਿ ਬਾਣੀ ਪੜ੍ਹ ਕੇ ਸੁਣਾ ਕੇ, ਗਾ ਕੇ ਵੱਧ ਤੋਂ ਵੱਧ ਸਿੱਖਾਂ ਨੂੰ ਠਗਿਆ ਜਾ ਰਿਹਾ ਹੈ। ਹਰ ਧਰਮ ਅਸਥਾਨ 'ਤੇ, ਇੱਕ ਦੋ ਚਾਰ 'ਸੱਜਣ ਠੱਗ' ਜ਼ਰੂਰ ਮਿਲ ਜਾਂਦੇ ਹਨ। ਸਿੱਖ ਕੌਮ ਦਾ ਸਰਮਾਇਆ ਲੁੱਟਿਆ ਗਿਆ। ਹਿੰਮਤ ਲੁੱਟੀ ਗਈ, ਅਣਖ ਸਵੈਮਾਣ ਲੁੱਟਿਆ ਗਿਆ। ਇੱਜ਼ਤ ਲੁੱਟੀ ਗਈ, ਗੁਰਦਵਾਰੇ ਲੁੱਟੇ ਗਏ। ਖੋਖਲੀ ਹੋ ਚੁੱਕੀ ਸਿੱਖ ਕੌਮ ਨੂੰ ਨੇਸਤੋ ਨਾਬੂਦ ਕਰਨ ਲਈ, ਅਜੇ ਵੀ ਕਈ ਸਾਰੇ ਸ਼ਿਕਾਰੀ ਆਪਣਾ ਜਾਲ ਲਾ ਕੇ ਬੈਠੇ ਹੋਏ ਹਨ।

ਸ੍ਰੀ ਤਰਮਾਲਾ ਜੀ ਵੱਲੋਂ ਜੋ ਲੱਛੇਦਾਰ ਸ਼ਬਦਾਵਲੀ ਦੀ ਇਸ਼ਤਿਹਾਰ ਵਿੱਚ ਵਰਤੋਂ ਕੀਤੀ ਗਈ ਹੈ, ਉਸ ਦਾ 'ਪੋਸਟ ਮਾਰਟਮ' (ਚੀਰ ਫਾੜ) ਕਰ ਕੇ ਵੇਖੀਏ-

1. 'ਦੇਸ਼ ਵਿਦੇਸ਼ ਵਿੱਚ ਧਾਰਮਕ ਸੇਵਾ ਨੂੰ ਸਮਰਪਿਤ, ਉੱਘੀ ਧਾਰਮਕ ਸ਼ਖ਼ਸੀਅਤ, ਭਾਈ ਸੇਵਾ ਸਿੰਘ ਜੀ ਤਰਮਾਲਾ ਦੀ ਰਹਿਨੁਮਾਈ ਹੇਠ'.....।

   -ਦਾਸ ਪਿਛਲੇ ਲੰਮੇ ਸਮੇਂ ਤੋਂ ਦੇਸ਼ ਵਿਦੇਸ਼ ਵਿੱਚ ਧਰਮ ਪ੍ਰਚਾਰ ਲਈ ਯੋਗਦਾਨ ਪਾ ਰਿਹਾ ਹੈ। ਸਿਰਫ਼ ਇੰਗਲੈਂਡ ਦੇ ਕੁੱਝ ਗੁਰਦਵਾਰਿਆਂ ਵਿੱਚ (ਜਿਥੇ ਡੇਰੇਦਾਰ ਕਾਬਜ਼ ਹਨ) ਆਪਣੇ ਖਰਚੇ 'ਤੇ ਛਪਾਈਆਂ, ਆਪਣੀਆਂ ਲਿਖੀਆਂ ਬੇਸਿਰ ਪੈਰ ਦੀਆਂ, ਕਰਾਮਾਤੀ ਕਹਾਣੀਆਂ ਵਾਲੀਆਂ ਕਿਤਾਬਾਂ, ਇਹ ਭਾਈ ਜੀ ਮੁਫ਼ਤ ਵੰਡ ਰਿਹਾ ਹੁੰਦਾ ਸੀ। ਕਿਸੇ ਗੁਰਦਵਾਰਾ ਸਟੇਜ 'ਤੇ (ਡੇਰੇਦਾਰਾਂ ਤੋਂ ਛੁੱਟ) ਇਸ ਨੂੰ ਬੋਲਣ ਨਹੀਂ ਸੀ ਦਿੱਤਾ ਜਾਂਦਾ। ਗੁਰਬਾਣੀ ਅਤੇ ਇਤਿਹਾਸ ਬਾਰੇ, ਇਸ 'ਮਹਾਂਪੁਰਖ' ਦੀ ਜਾਣਕਾਰੀ ਬੱਚਿਆਂ ਦੇ ਪੱਧਰ ਦੀ ਵੀ ਨਹੀਂ ਹੈ। ਉਂਜ ਹੈ ਇਹ 'ਉੱਘੀ ਧਾਰਮਕ ਸ਼ਖ਼ਸੀਅਤ', ਇਸ਼ਤਿਹਾਰਾਂ 'ਤੇ ਲੱਖਾਂ ਰੁਪਏ ਖ਼ਰਚ ਕੇ, ਸ਼ਾਇਦ ਬਣ ਜਾਵੇ। ਕਿਉਂਕਿ ਜਲੰਧਰ ਦੂਰਦਰਸ਼ਨ ਤੋਂ ਵੀ ਇਸ ਨੇ ਬੇਅੰਤ ਪੈਸਾ ਰੋਹੜ ਕੇ, ਆਪਣੀ ਨਿੱਜ ਦੀ ਮਸ਼ਹੂਰੀ ਕਰਵਾਈ ਹੈ।

2. 'ਦੁਖਿਆਰੇ ਪ੍ਰਾਣੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੁਆਰਾ, ਮਨ ਨੂੰ

ਤ੍ਰੈਗੁਣਾਂ ਤੋਂ ਅਗੀਮ ਵਿੱਚ ਪ੍ਰਵੇਸ਼ ਕਰਨ ਦਾ, ਅਭਿਆਸ ਕਰਵਾਇਆ ਜਾਂਦਾ ਹੈ। ਇਸ ਨਾਲ ਮਨ ਦੇ ਵਿਕਾਰ ਅਤੇ ਫੁਰਨੇ ਰੁਕ ਜਾਂਦੇ ਹਨ'...।

-ਦੁਨੀਆਂ ਵਿੱਚ ਹਰ ਵਿਅਕਤੀ ਕਿਸੇ ਨਾ ਕਿਸੇ ਪ੍ਰੇਸ਼ਾਨੀ ਵਿੱਚ ਘਿਰਿਆ ਹੋਇਆ ਹੈ। ਜਦੋਂ ਕੋਈ ਵਿਅਕਤੀ ਧਾਰਮਕ ਲਿਬਾਸ ਪਹਿਨ ਕੇ, ਧਰਮ ਅਸਥਾਨ ਵਿੱਚ ਬੈਠ ਕੇ, ਗੁਰਬਾਣੀ ਦੀਆਂ ਤੁੱਕਾਂ ਦੀ (ਗ਼ਲਤ ਹੀ ਸਹੀ) ਵਰਤੋਂ ਕਰ ਕੇ, ਲੋਕਾਂ ਨੂੰ ਆਪਣੇ ਵੱਲ ਬੁਲਾਉਂਦਾ ਹੈ, ਤਾਂ ਕੁੱਝ ਕੁ ਲੋਕਾਂ, ਦਾ ਉਥੇ ਚਲੇ ਜਾਣਾ ਸੁਭਾਵਕ ਹੈ। ਜੇ ਇਨ੍ਹਾਂ ਡੇਰਿਆਂ ਅਤੇ ਬ੍ਰਹਮ ਗਿਆਨੀਆਂ ਕੋਲੋਂ, ਸਾਰੇ ਸੁੱਖ ਮਿਲਦੇ ਹੁੰਦੇ, ਤਾਂ ਦੁਖਿਆਰਾ ਕਿਧਰੇ ਕੋਈ ਨਜ਼ਰ ਹੀ ਨਹੀਂ ਆਉਣਾ ਸੀ। ਸਾਰੀ ਲੋਕਾਈ ਖ਼ੁਸ਼ ਹੁੰਦੀ। ਡਾਕਟਰ ਅਤੇ ਹਸਪਤਾਲ ਕਦੋਂ ਦੇ ਖ਼ਤਮ ਹੋ ਗਏ ਹੁੰਦੇ। ਸੱਚ ਇਹ ਹੈ ਕਿ ਜਦੋਂ 'ਬ੍ਰਹਮ ਗਿਆਨੀ ਜੀ', ਜਰਾ ਕੁ ਢਿੱਲੇ ਮੱਠੇ ਹੁੰਦੇ ਹਨ,
ਤ ਾਂ
ਕਿਸੇ ਵੱਡੇ ਹਸਪਤਾਲ ਦੇ, ਵੱਡੇ ਡਾਕਟਰ ਨੂੰ, ਵੱਡੀ ਫੀਸ ਦੇ ਕੇ, ਇਲਾਜ ਕਰਾਉਂਦੇ ਹਨ।

3. 'ਅਕੱਥ ਕਥਾ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ, ਸਿਮਰਨ ਅਭਿਆਸ ਕਰਾ ਕੇ, ਮਨ ਨੂੰ ਵਿਚਾਰਾਂ ਤੋਂ ਮੁਕਤ ਤੇ ਜਦੋਂ ਮਨ ਅਨਹਦ ਬਾਣੀ ਤੱਕ ਪਹੁੰਚਦਾ ਹੈ ਤੇ ਜਿਸ ਸਟੇਜ 'ਤੇ ਮਨ ਨੂੰ ਸੰਤ ਕਿਹਾ ਜਾਂਦਾ ਹੈ'....।

-ਜੋ ਵਿਚਾਰ ਹੈ ਹੀ ਅਕੱਥ, ਭਾਵ ਜਿਸ ਨੂੰ ਦੱਸਿਆ ਹੀ ਨਹੀਂ ਜਾ ਸਕਦਾ, ਉਸ ਨੂੰ ਕਥਨ (ਦੱਸਣ) ਕਰਨ ਦਾ ਇਹ ਭਾਈ ਜੀ ਦਾਅਵਾ ਕਰ ਰਿਹਾ ਹੈ। ਗੁਰੂ ਦੀ ਬਾਣੀ ਤਾਂ ਸੁਚੱਜੀ ਜੀਵਨ ਜਾਚ ਦਸਦੀ ਹੈ। ਐਹੋ ਜਿਹੀ ਅਕੱਥ ਕਥਾ ਤੇ ਅਨਹਦ ਸ਼ਬਦ ਵਰਗੇ ਜੋਗ ਮਤ ਵਾਲੇ, ਅਡੰਬਰਾਂ ਵਿੱਚੋਂ ਮੁਕਤ ਕਰਦੀ ਹੈ। ਹੱਕ ਸੱਚ ਦੇ ਰਾਹ 'ਤੇ ਚੱਲਣਾ। ਰਿਸ਼ਵਤ, ਝੂਠ, ਪਰਾਇਆ ਰੂਪ, ਨਸ਼ੇ ਆਦਿਕ ਵਰਗੇ ਵਿਕਾਰਾਂ ਤੋਂ ਬਚ ਕੇ ਪਰਉਪਕਾਰੀ ਜੀਵਨ ਬਣਾਉਣਾ ਸੀ। ਇਨ੍ਹਾਂ ਸਾਧ ਲਾਣੇ ਨੇ ਖ਼ੁਦ ਡੱਕਾ ਦੂਹਰਾ ਕਰਨਾ ਨਹੀਂ। ਦੂਜਿਆਂ ਆਪਣੇ ਸੇਵਕਾਂ ਨੂੰ 'ਨਾਮ ਅਭਿਆਸ' ਦੇ ਗੋਰਖ ਧੰਦੇ ਵਿੱਚ ਪਾ ਕੇ, ਭੁੱਖੇ ਜ਼ਰੂਰ ਮਾਰ ਦੇਣਾ ਹੈ। ਕਿਸੇ ਸਟੇਜ 'ਤੇ ਮਨ ਨੂੰ 'ਸੰਤ' ਕਿਹਾ ਜਾਂਦਾ ਹੈ ? ਮਨ ਨੂੰ ਸਿੱਖ ਕਿਉਂ ਨਹੀਂ ਬਣਾਇਆ ਜਾ ਰਿਹਾ ? ਕਿਉਂਕਿ ਇਨ੍ਹਾਂ ਲੋਕਾਂ ਨੇ ਵਲ ਫੇਰ ਪਾ ਕੇ, ਥੋੜਾ ਬਹੁਤਾ ਸਮਾਂ, ਲੰਘਾ ਕੇ, ਖ਼ੁਦ ਨੂੰ 'ਸੰਤ' ਡਕਲੇਅਰ ਕਰਨਾ ਹੁੰਦਾ ਹੈ। ਇਹ 'ਅਨਹਦ ਸ਼ਬਦ' ਆਦਿਕ ਕੇਵਲ ਸਮਝਾਉਣ ਲਈ ਢੰਗ ਹਨ। ਉਂਜ ਪੰਜ ਜਾਂ ਦਸ ਸ਼ਬਦ ਵੱਜਦੇ ਕਿਧਰੇ ਨਹੀਂ। ਕਿਉਂਕਿ ਵਾਹਿਗੁਰੂ ਜੀ ਨਾਲ ਮਿਲਾਪ ਨੂੰ ਬਿਆਨ ਕੀਤਾ ਹੀ ਨਹੀਂ ਜਾ ਸਕਦਾ।

4. 'ਪੰਜ ਪਿਆਰੇ 'ਗੁਰੂ ਰੂਪ' ਹੋ ਕੇ, ਜੋਤ ਸੱਚ ਅਤੇ ਜਿਸ ਨਾਦ ਸ਼ਬਦ ਨਾਮ ਨਾਲੋਂ ਲਿਵ ਟੁੱਟ ਚੁੱਕੀ ਹੈ, ਉਸ ਦੀ ਜਾਣਕਾਰੀ ਦੇਣਗੇ। ਅਤੇ ਸਤਿਗੁਰੂ ਦੇ ਸਨਮੁਖ ਕਰ ਕੇ, ਨਾਮ ਦਾ ਪਰਵਾਨਾ ਦਿਵਾਉਣਗੇ....'।

–ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀ ਉੱਚ ਸ਼ਖ਼ਸੀਅਤ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਉਨ੍ਹਾਂ ਦਾ ਜੀਵਨ ਅਤੇ ਉਪਦੇਸ਼ ਲਾਸਾਨੀ ਹਨ। ਪਰ ਇੱਧਰ ਵੇਖੋ ਭਾਈ ਤਰਮਾਲਾ ਜੀ ਕੀ ਕਹਿ ਰਹੇ ਹਨ। ਕੋਈ ਵੀ ਪੰਜ ਸਿੱਖ ਇਕੱਠੇ ਕਰ ਕੇ, ਧਾਰਮਕ ਚੋਲੇ ਪੁਆ ਕੇ, ਖੜੇ ਕਰ ਦਿਉ। ਆਖਣ ਲੱਗ ਪਉ ਕਿ ਇਹ ਵਿਅਕਤੀ, ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਹਨ। ਵੱਡੇ ਵਿਕਾਰੀ, ਵਿਭਚਾਰੀ, ਗੋਲਕਾਂ 'ਤੇ ਪਲਣ ਵਾਲੇ, ਠੱਗ ਬਿਰਤੀ ਵਾਲੇ ਲੋਕ, ਧਾਰਮਕ ਚੋਲਾ ਪਾ ਕੇ ਬਣ ਖਲੋਂਦੇ ਹਨ 'ਦਸਮ ਪਾਤਿਸ਼ਾਹ'? ਵਾਹ ਮੇਰੀ ਕੌਮ ਦੇ ਮਲਾਹੋ, ਵਾਹ। ਆਹ ਜੋ 'ਲਿਵ ਟੁੱਟੀ ਹੋਈ ਜੋੜਨ ਦਾ ਢਕਵੰਜ ਕੀਤਾ ਜਾ ਰਿਹਾ ਹੈ। ਕੀ ਪੁੱਛਿਆ ਜਾ ਸਕਦਾ ਹੈ ਕਿ ਇਹ ਰੱਸੀ ਤਾਂ ਨਹੀਂ ਕਿ ਗੰਢ ਦੇ ਲਈਏ? ਲੋਹੇ ਦੀ ਤਾਰ ਜਾਂ ਪਾਈਪ ਤਾਂ ਨਹੀਂ ਕਿ ਵੈਲਡ ਕਰਵਾ ਲਈਏ? ਜਾਂ ਲਕੜੀ ਤਾਂ ਨਹੀਂ ਕਿ ਫੈਵੀਕੋਲ ਨਾਲ ਚਿਪਕਾ ਲਈਏ? ਇਹ ਤਾਂ ਗੁਰਬਾਣੀ ਪੜ੍ਹ ਕੇ ਸਮਝ ਕੇ, ਮਨ ਨੂੰ ਨੇਕੀ ਵਾਲੇ ਰਾਹ 'ਤੇ ਟੋਰਨਾ ਹੈ। ਨਾਮ ਦਾ ਪਰਵਾਨਾ (ਸਿਫ਼ਰਸ਼ੀ ਚਿੱਠੀ) ਕਿਥੋਂ ਲਿਆ ਕੇ ਦਿੱਤਾ ਜਾਵੇਗਾ? ਕੀ ਰੱਬੀ ਦਰ 'ਤੇ ਸਿਫ਼ਾਰਸ਼ਾਂ ਚਲਦੀਆਂ ਹਨ, ਜਰਾ ਪੜ੍ਹੋ ਗੁਰ ਫੁਰਮਾਨ ਤਾਂ ਇਉਂ ਹੈ:

ਮੂਲ ਮਤਿ ਪਰਵਾਣਾ ਏਹੋ, ਨਾਨਕੁ ਆਖਿ ਸੁਣਾਏ॥
ਕਰਣੀ ਉਪਰਿ ਹੋਇ ਤਪਾਵਸੁ, ਜੇ ਕੋ ਕਹੈ ਕਹਾਏ॥ (1238)

5. 'ਗੁਰਮੰਤਰ ਦੇ ਕੇ ਵਿਧੀ, ਅਕਲਕਲਾ, ਜੁਗਤੀ ਸਿਖਾਉਣਗੇ... ਦਸਮ ਦੁਆਰਾ, ਨਿੱਜ ਮਹਲ ਗਗਨ, ਸਹਿਜ ਗੁਫਾ ਵਿੱਚ ਆਉਣ ਜਾਣ ਦਾ ਭੇਦ, ਅਕੱਥ ਕਥਾ ਰਾਹੀਂ ਸਮਝਾਉਣਗੇ...।'

–ਗੁਰਬਾਣੀ ਵਿੱਚ ਸੱਭ ਪਦਾਰਥ ਮੌਜੂਦ ਹਨ। ਪਰ ਆਹ ਭਾਈ ਤਰਮਾਲਾ ਜੀ ਨਵਾਂ ਗੁਰੂ ਡੰਮ ਚਲਾਉਣ ਲੱਗੇ ਹਨ। ਜੋ ਇਨ੍ਹਾ ਕੋਲੋਂ ਪਾਹੁਲ ਲਵੇਗਾ ਉਸ ਨੂੰ ਗੁਰ ਮੰਤਰ ਦੇ ਕੇ ਵਿਧੀ ਅਕਾਲ ਕਲਾ..? ਕਦੀ ਦਸਮ ਦੁਆਰ ਵਿੱਚ ਤੇ ਕਦੀ ਨਿਜ ਮਹਿਲ ਵਿੱਚ ਤੇ ਕਦੀ ਗਗਨ ਮੰਡਲ ਵਿੱਚ, ਫਿਰ ਸਹਿਜ ਗੁਫਾ ਵਿੱਚ ਭੇਜਣਗੇ? ਹੈ
ਨ ਾ
ਗੋਰਖ ਧੰਦਾ, ਜਾਂ ਭੰਬਲ ਭੂਸਾ? ਸਾਰੀਆਂ ਗੱਲਾਂ ਦੱਸੀਆਂ ਜਾਣਗੀਆਂ ਅਕੱਥ ਥਕਾ ਰਾਹੀਂ... ਵਾਹ?

ਗੁਰਬਾਣੀ ਵਿੱਚੋਂ ਪੜ੍ਹ ਵੇਖੀਏ ਕਿ ਗੁਰਮੰਤਰ ਕੀ ਹੈ:

ਗੁਰ ਕਾ ਬਚਨ ਜਪਿ 'ਮੰਤੁ'॥ ਏਹਾ ਭਗਤਿ ਸਾਰ ਤਤੁ॥ (896)

ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥ ਕਹੁ ਨਾਨਕ 'ਗੁਰਿ ਮੰਤੁ' ਦ੍ਰਿੜਾਇਆ॥ (1136)

'ਮੂਲ ਮੰਤ੍ਰ' ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥ (1040)

ਅਕਥ ਕਥਾ ਜਾਂ ਗੋਹਜ ਕਥਾ ਕਿਥੇ ਹੈ? ਭਾਵ ਹੈ ਕਿ ਐ ਸਿੱਖਾ, ਤੂੰ ਗੁਰੂ ਦੀ ਬਾਣੀ ਰਾਹੀਂ ਵੱਧ ਤੋਂ ਵੱਧ ਗਿਆਨ ਹਾਸਲ ਕਰ, ਤੈਨੂੰ ਕੋਈ ਲਟੇਰਾ ਫਿਰ ਧੋਖਾ ਨਹੀਂ ਦੇ ਸਕੇਗਾ। ਮਿਹਨਤੀ ਬਣਜਾ, ਫਿਰ ਤੂੰ ਸਵੈਮਾਣ ਨਾਲ ਪਰਵਾਰ ਦੀ ਪਾਲਣਾ ਕਰ ਸਕੇਗਾਂ। ਗਗਨ ਮੰਡਲ ਜਾਂ ਦਸਮਾ ਦੁਆਰ ਅਸਲ ਵਿੱਚ, ਦਿਮਾਗ ਨੂੰ, ਗਿਆਨ ਨੂੰ ਜਾਂ ਗੁਰੂ ਦੀ ਮੱਤ ਨੂੰ ਹੀ ਆਖਿਆ ਗਿਆ ਹੈ। ਸਿਰਫ਼ ਕਹਿਣ ਦਾ ਤਰੀਕਾ ਅੱਡੋ ਅੱਡ ਹੈ। ਪੜ੍ਹੋ ਸ਼ਬਦ :

'ਗੁਹਜ ਕਥਾ' ਇਹ ਗੁਰਤੇ ਜਾਣੀ॥ ਨਾਨਕ ਬੋਲੈ ਹਰਿ ਹਰਿ ਬਾਣੀ॥ (739)

ਜਿਸ ਬ੍ਰਹਮ ਵਿਦਿਆ ਦੀ ਯੂਨੀਵਰਸਿਟੀ ਖੋਹਲਣ ਦਾ, ਇਸ਼ਤਿਹਾਰ ਦਿੱਤਾ ਗਿਆ ਸੀ, ਉਸ ਬਾਰੇ ਇਨ੍ਹਾਂ ਸਵਾਲਾਂ ਤੇ ਪਾਠਕ ਕਦੇ ਭਾਈ ਤਰਮਾਲਾ ਜੀ ਨਾਲ ਵਿਚਾਰ ਕਰ ਕੇ ਵੇਖਣ :

1. ਇਸ 'ਯੂਨੀਵਰਸਿਟੀ' ਲਈ ਸਲੇਬਸ ਕੀ ਹੋਵੇਗਾ?
2. ਇਸ ਵਿੱਚ ਪੜ੍ਹਾਉਣ ਲਈ ਪੁਸਤਕਾਂ, ਲਿਖ ਲਈਆਂ ਹਨ ਕਿ ਅਜੇ ਲਿਖਣੀਆਂ ਹਨ?
3. ਗੁਰਬਾਣੀ ਦੇ ਅਰਥ ਡੇਰੇਦਾਰਾਂ ਦੇ ਵੱਖੋ ਵੱਖਰੇ ਹਨ, ਇਥੇ ਅਰਥ ਕਿਸ ਡੇਰੇ ਦੀ ਮਰਿਆਦਾ ਮੁਤਾਬਕ ਕਰਵਾਏ ਜਾਣਗੇ?
4. ਇਤਿਹਾਸ ਵਿੱਚ ਬਹੁਤ ਮਿਲਾਵਟ ਹੈ, ਕਿਸ ਤਰ੍ਹਾਂ ਪੜ੍ਹਾਉਣਗੇ?
5. ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਮੰਨੋਗੇ ਕਿ ਨਹੀਂ?
6. ਪੜ੍ਹਾਉਣ ਵਾਲੇ ਪ੍ਰੋਫ਼ੈਸਰ ਕਿਥੋਂ ਆਉਣਗੇ?
7. ਪ੍ਰੋਫ਼ੈਸਰਾਂ ਦੀ ਪੜ੍ਹਾਈ ਕਿਥੋਂ ਹੋਈ ਹੈ?
8. ਭਾਈ ਸੇਵਾ ਸਿੰਘ ਜੀ ਆਪਣੀ ਧਰਮ ਖੇਤਰ ਵਿਚਲੀ ਯੋਗਤਾ ਦਸਣਗੇ?
9. 'ਬ੍ਰਹਮ ਵਿਦਿਆ' ਜੀਵਨ ਜਾਚ ਹੈ, ਕਿ ਕੋਈ ਵੱਖਰੀ ਪੜ੍ਹਾਈ ਹੈ?
10. ਇਥੇ ਖਰਚਣ ਲਈ ਪੈਸਾ ਕਿਥੋਂ ਆਵੇਗਾ?
11. ਇਥੇ ਦਾਖ਼ਲ ਹੋਵੇ ਵੀਰਾਂ ਨੂੰ ਤੁਸੀਂ ਗੁਰੂ ਦੇ ਸਿੱਖ ਬਣਾਉਗੇ ਜਾਂ ਅਪਣੇ?
12. ਕਿਤੇ ਇਥੇ ਧਰਮ ਦੇ ਪੜਦੇ ਵਿੱਚ, ਵੱਡੇ ਪੱਧਰ 'ਤੇ ਕਬੂਤਰਬਾਜ਼ੀ ਤਾਂ ਨਹੀਂ ਕਰੋਗੇ?

ਕਿਰਪਾ ਕਰ ਕੇ ਅਖ਼ਬਾਰ ਰਾਹੀਂ, ਇਨ੍ਹਾਂ ਸਵਾਲਾਂ ਦੇ ਜਵਾਬ ਜ਼ਰੂਰ ਦੇਣਾ ਜੀ,

ਧੰਨਵਾਦੀ ਹੋਵਾਂਗਾ।

000

# 18. ਗੁਰਦਵਾਰਾ ਰਾੜਾ ਸਾਹਿਬ ਵਿੱਚ ਹੋਏ ਕਥਿਤ ਕਤਲ ਦੀ ਚਰਚਾ ਸਬੰਧੀ ਪੇਸ਼ ਹੈ ਜਮਹੂਰੀ ਅਧਿਕਾਰ ਸਭਾ (ਇਕਾਈ ਲੁਧਿਆਣਾ) ਵੱਲੋਂ ਇੱਕ ਜਾਂਚ ਰੀਪੋਰਟ

ਜਾਂਚ ਕਮੇਟੀ ਮੈਂਬਰ : ਡਾ. ਹਰਬੰਸ ਸਿੰਘ, ਮਾਸਟਰ ਭਜਨ ਸਿੰਘ, ਜਸਵੰਤ ਸਿੰਘ ਜੀਰਖ, ਮਨਜੀਤ ਕੌਰ, ਅਧਿਆਪਕਾ ਮਿਸਜ਼ ਸੁਰਿੰਦਰ ਕੌਰ ਅਤੇ ਨਿਰਮਲ ਸਿੰਘ ਜਾਂਚ ਕਮੇਟੀ ਜਿਨ੍ਹਾਂ ਨੂੰ ਮਿਲੀ : 1. ਸੰਤ ਤੇਜਾ ਸਿੰਘ ਭੋਰੇ ਵਾਲੇ, ਮੁਖੀ ਪ੍ਰਬੰਧਕੀ ਅਦਾਰਾ 2. ਸੰਤ ਗੁਰਿੰਦਰ ਸਿੰਘ ਇੰਚਾਰਜ ਖੇਤੀਬਾੜੀ 3. ਸੰਤ ਸ੍ਰੀ ਮਾਨ (ਬਲਵੰਤ ਸਿੰਘ) ਲੰਗਰ ਦੇ ਪ੍ਰਬੰਧਕ 4. ਸੰਤ ਹਜੂਰਾ ਸਿੰਘ ਬਿਲਡਿੰਗ ਉਸਾਰੀ ਪ੍ਰਬੰਧਕ 5. ਮੁੱਖ ਗ੍ਰੰਥੀ ਜਰਨੈਲ ਸਿੰਘ 6. ਕਰਤਾਰ ਸਿੰਘ ਮੁਕੰਦਪੁਰ ਪਹਿਰੇਦਾਰ 7. ਲੱਖਾ ਸਿੰਘ ਪਿੰਡ ਸੱਮਸਪੁਰ 8. ਪੁਲਿਸ ਮੁਖੀ ਥਾਣਾ ਪਾਇਲ 9. ਇਲਾਕੇ ਦੇ ਮੋਹਤਬਰ ਲੋਕ, ਪਿੰਡ ਦੀਆਂ ਪੰਚਾਇਤਾਂ ਅਤੇ ਰਾੜਾ ਸਾਹਿਬ ਮਾਰਕੀਟ ਦੇ ਦੁਕਾਨਦਾਰ ਆਦਿ।

ਘਟਨਾ : ਅਖ਼ਬਾਰਾਂ ਵਿੱਚ ਛਪੀਆਂ ਖਬਰਾਂ ਦੇ ਆਧਾਰ ’ਤੇ ਜਮਹੂਰੀ ਅਧਿਕਾਰ ਸਭਾ ਲੁਧਿਆਣਾ ਇਕਾਈ ਨੇ ਉਪਰੋਕਤ ਜਾਂਚ ਕਮੇਟੀ ਦਾ ਗਠਨ ਕਰ ਕੇ ਕਥਿਤ ਕਤਲ ਕੇਸ ਦੀ ਪੜਤਾਲ ਅਰੰਭੀ। ਜਾਂਚ ਕਮੇਟੀ ਨੂੰ ਨਿਰਮਲ ਚੰਦ (ਹਸਪਤਾਲ ਕੰਟੀਨ ਦੇ ਠੇਕੇਦਾਰ) ਗੁਰਦੀਪ ਸਿੰਘ, ਪਿੰਡ ਕਟਾਹਰੀ ਦੀ ਪੰਚਾਇਤ ਅਤੇ ਪਿੰਡ ਘਣਗਸ ਦੀ ਪੰਚਾਇਤ ਤੋਂ ਪੁੱਛਗਿਛ ਤੋਂ ਬਾਅਦ ਪਤਾ ਲੱਗਾ ਕਿ ਰਾੜਾ ਸਾਹਿਬ ਗੁਰਦਵਾਰਾ ਦੇ ਅੰਦਰ ਪਹਿਰੇਦਾਰਾਂ ਨੇ ਕਿਸੇ ਯਾਤਰੂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਅਤੇ ਉਸ ਦੀ ਲਾਸ਼ ਨੂੰ ਕਿਤੇ ਖਪਾ ਦਿੱਤਾ ਹੈ। ਨਿਰਮਲ ਚੰਦ ਨੇ ਜਾਂਚ ਕਮੇਟੀ ਨੂੰ ਦੱਸਿਆ ਕਿ ਇੱਕ ਬੱਚਾ ਜਿਸ ਦੀ ਉਮਰ 11-12 ਸਾਲ ਦੇ ਲੱਗਪੱਗ ਦੇ ਨਾਮ ਲੱਖਾ ਸਿੰਘ ਪੁੱਤਰ ਬੱਗਾ ਸਿੰਘ ਪਿੰਡ ਸਮਸਪੁਰ ਤੋਂ ਮੇਰੀ ਦੁਕਾਨ ’ਤੇ ਕੰਮ ਕਰਦਾ ਸੀ ਤੇ ਰਾਤ ਨੂੰ ਗੁਰਦਵਾਰੇ ਅੰਦਰ ਹੀ ਸੌਂ ਜਾਂਦਾ ਸੀ ਨੇ ਸਵੇਰੇ ਗੁਰਦਵਾਰੇ ਵਿੱਚੋਂ ਆ ਕੇ ਮੈਨੂੰ ਦੱਸਿਆ ਕਿ ਰਾਤ

ਗੁਰਦਵਾਰੇ ਵਿੱਚ ਪਹਿਰੇਦਾਰਾਂ ਨੇ ਇੱਕ ਬੰਦੇ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਹੈ। ਉਸ ਵਕਤ ਮੇਰੀ ਦੁਕਾਨ 'ਤੇ ਪੁਲਿਸ ਦਾ ਕਰਮਚਾਰੀ ਬੈਠਾ ਸੀ ਉਸ ਨੇ ਵੀ ਇਹ ਗੱਲ ਸੁਣੀ, ਉਹ ਏ.ਐਸ.ਆਈ. ਸਾਹਿਬ ਨੂੰ ਨਾਲ ਲੈ ਕੇ ਫਿਰ ਆ ਗਿਆ ਜਿਨ੍ਹਾਂ ਨੇ ਲੱਖਾ ਸਿੰਘ ਤੋਂ ਪੁੱਛਗਿੱਛ ਕਰ ਕੇ ਆਪ ਹੀ ਪੜਤਾਲ ਸ਼ੁਰੂ ਕੀਤੀ।

ਬਾਅਦ ਵਿੱਚ ਇਹ ਗੱਲ ਆਲੇ ਦੁਆਲੇ ਦੇ ਇਲਾਕੇ ਵਿੱਚ ਫੈਲ ਗਈ। ਪਿੰਡ ਘਣਕਸ ਅਤੇ ਕਟਾਹਰੀ ਦੀ ਪੰਚਾਇਤ ਤੇ ਹੋਰ ਮੋਹਤਬਰ ਬੰਦਿਆਂ ਨੇ ਰਲ ਕੇ ਇਹ ਗੱਲ ਥਾਣਾ ਪਾਇਲ ਅਤੇ ਥਾਣਾ ਜ਼ਿਲ੍ਹਾ ਖੰਨਾ ਦੇ ਉਚ ਪੁਲਿਸ ਅਫ਼ਸਰਾਂ ਨੇ ਧਿਆਨ ਵਿੱਚ ਲਿਆਂਦੀ। ਬੱਚਾ ਲੱਖਾ ਸਿੰਘ ਤੋਂ ਇਹ ਵੀ ਪਤਾ ਲੱਗਾ ਕਿ ਕਰਤਾਰ ਸਿੰਘ ਪਿੰਡ ਮੁਕੰਦਪੁਰ ਜੋ ਰਾਤ ਦਾ ਪਹਿਰੇਦਾਰ ਸੀ ਨੂੰ ਵੀ ਸਾਰੀ ਘਟਨਾ ਦਾ ਪਤਾ ਹੈ। ਪਿੰਡਾਂ ਦੀਆਂ ਪੰਚਾਇਤਾਂ ਤੇ ਮੋਹਤਬਰ ਬੰਦਿਆਂ ਨੇ ਕਰਤਾਰ ਸਿੰਘ ਤੋਂ ਪੁੱਛਗਿੱਛ ਕੀਤੀ ਜਿਸ ਦੌਰਾਨ ਉਹ ਮੰਨ ਗਿਆ ਕਿ ਬਹੁਤਾ ਕੁੱਟਣ ਕਰ ਕੇ ਕਿਸੇ ਬੰਦੇ ਦੀ ਮੌਤ ਹੋ ਗਈ ਜਿਸ 'ਤੇ ਕੁੱਟਣ ਵਾਲੇ ਵਿਅਕਤੀ ਚਰਨ ਅਤੇ ਭਾਊ ਉਸ ਨੂੰ ਚੁੱਕ ਕੇ ਗਰੁਦਵਾਰੇ ਦੇ ਪਿਛਲੇ ਪਾਸੇ ਲੈ ਗਏ, ਉਸ ਤੋਂ ਬਾਅਦ ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੇ ਉਸ ਦਾ ਕੀ ਕੀਤਾ। ਇਸੇ ਦੌਰਾਨ ਕਰਤਾਰ ਸਿੰਘ ਨਾਲ ਹੋਈ ਗੱਲਬਾਤ ਦੀ ਕੈਸਿਟ ਵੀ ਤਿਆਰ ਕੀਤੀ ਗਈ। ਉਸ ਤੋਂ ਬਾਅਦ ਉਸ ਨੂੰ ਗੁਰਦਵਾਰਾ ਸਾਹਿਬ ਦੇ ਪ੍ਰਬੰਧਕਾਂ ਨੇ ਗੁਰਦਵਾਰੇ ਦੇ ਭੋਰੇ ਵਿੱਚ ਬੰਦ ਕਰ ਲਿਆ। ਜਦੋਂ ਕਈ ਦਿਨ ਪੁਲਿਸ ਨੇ ਕੋਈ ਕਾਰਵਾਈ ਅੱਗੇ ਨਾ ਤੋਰੀ ਤਾਂ ਲੋਕਾਂ ਦਾ ਵਫ਼ਦ ਡੀ.ਆਈ.ਜੀ. ਪੁਲਿਸ ਦੇ ਪੇਸ਼ ਹੋਇਆ ਜਿਸ ਤੋਂ ਬਾਅਦ ਹੁਣ ਪੜਤਾਲ ਐਸ.ਐਸ.ਪੀ. ਸਾਹਿਬ ਖੰਨਾ ਕਰ ਰਹੇ ਹਨ। ਐਸ.ਐਸ.ਪੀ. ਸਾਹਿਬ ਖੰਨਾ ਨੇ ਪੰਚਾਇਤ ਮੈਂਬਰਾਂ ਅਤੇ ਮੋਹਤਬਰ ਵਿਅਕਤੀਆਂ ਨੂੰ ਮਿਤੀ 18.4.97. ਨੂੰ ਥਾਣਾ ਪਾਇਲ ਬੁਲਾਇਆ ਜਿਥੇ ਭਾਊ, ਚਰਨ ਅਤੇ ਕਰਤਾਰ ਸਿੰਘ ਪਹਿਰੇਦਾਰ ਵੀ ਹਾਜ਼ਰ ਸਨ। ਮੁੱਖ ਗ੍ਰੰਥੀ ਰਾੜਾ ਸਾਹਿਬ ਦੇ ਨਾਲ ਹੋਰ ਵੀ ਕੁੱਝ ਬੰਦੇ ਉਸ ਸਮੇਂ ਹਾਜ਼ਰ ਸਨ। ਐਸ.ਐਸ.ਪੀ. ਸਾਹਿਬ ਨੇ ਸਹੀ ਸਹੀ ਪੜਤਾਲ ਕਰਨ ਦਾ ਯਕੀਨ ਦਿਵਾਇਆ ਹੈ ਤੇ ਦੋਹਾਂ ਧਿਰਾਂ ਨੂੰ ਹਦਾਇਤ ਕੀਤੀ ਕਿ ਤੁਸੀਂ ਕਿਸੇ ਨੇ ਵੀ ਕਰਤਾਰ ਸਿੰਘ ਨੂੰ ਅੱਜ ਤੋਂ ਬਾਅਦ ਨਹੀਂ ਮਿਲਨਾ। ਕਰਤਾਰ ਸਿੰਘ ਨੇ ਐਸ.ਐਸ.ਪੀ. ਸਾਹਿਬ ਦੇ ਸਾਹਮਣੇ ਹੀ ਬਿਆਨ ਕੀਤਾ ਕਿ ਮੈਨੂੰ ਤਕਰੀਬਨ ਇੱਕ ਮਹੀਨੇ ਤੋਂ ਭੋਰੇ ਵਿੱਚ ਰੱਖਿਆ ਹੋਇਆ ਹੈ, ਹੁਣ ਮੈਂ ਉਥੇ ਨਹੀਂ ਜਾਣਾ ਚਾਹੁੰਦਾ। ਐਸ.ਐਸ.ਪੀ. ਸਾਹਿਬ ਨੇ ਜਦੋਂ ਪੁੱਛਿਆ ਕਿ ਤੂੰ ਆਪਣੇ ਆਪ ਕਿਥੇ ਰਹਿਣਾ ਠੀਕ ਸਮਝਦਾ ਏਂ। ਤਾਂ ਉਸ ਨੇ ਕਿਹਾ ਕਿ ਮੈਨੂੰ ਮੇਰੇ ਪਿੰਡ ਦੇ ਮੋਹਤਬਰ ਵਿਅਕਤੀ ਜੱਸੀ ਕੋਲ ਛੱਡ ਦਿੱਤਾ ਜਾਵੇ ਇਸ 'ਤੇ ਐਸ.ਐਸ.ਪੀ. ਸਾਹਿਬ ਨੇ ਤੁਰਤ ਪੁਲਿਸ ਫੋਰਸ ਭੇਜ ਕੇ ਪਿੰਡ ਮੁਕੰਦਪੁਰ ਤੋਂ ਜੱਸੀ ਨੂੰ ਬੁਲਾਇਆ ਅਤੇ ਕਰਤਾਰ ਸਿੰਘ ਨੂੰ ਉਸ ਦੇ ਹਵਾਲੇ

ਕਰ ਦਿੱਤਾ।

ਜਾਂਚ ਕਮੇਟੀ ਨੇ ਲੋਕਾਂ ਨੂੰ ਦੱਸਿਆ ਕਿ ਇਸ ਤੋਂ ਪਹਿਲਾਂ ਪੁਲਿਸ ਨੇ ਸੱਮਸਪੁਰ ਦੇ ਬੱਚੇ ਲੱਖਾ ਸਿੰਘ ਨੂੰ ਵੀ ਬੁਲਾ ਕੇ ਪੁੱਛਗਿੱਛ ਕੀਤੀ ਸੀ।

ਜਾਂਚ ਕਮੇਟੀ ਮੈਂਬਰ ਪਿੰਡ ਮੁਕੰਦਪੁਰ ਪਹੁੰਚੇ ਅਤੇ ਜੱਸੀ ਰਾਹੀਂ ਕਰਤਾਰ ਸਿੰਘ ਨਾਲ ਸੰਪਰਕ ਕੀਤਾ। ਕਮੇਟੀ ਨੇ ਹੋਏ ਕਤਲ ਬਾਰੇ ਜਦੋਂ ਕਰਤਾਰ ਸਿੰਘ ਤੋਂ ਜਾਨਣਾ ਚਾਹਿਆ ਤਾਂ ਪਹਿਲਾਂ ਤਾਂ ਉਹ ਗੱਲ ਟਾਲ ਮਟੋਲ ਕਰਦਾ ਰਿਹਾ। ਇਸ ’ਤੇ ਜਾਂਚ ਕਮੇਟੀ ਨੂੰ ਲੱਗਿਆ ਕਿ ਉਹ ਡਰਿਆ ਹੋਇਆ ਹੈ। ਜਾਂਚ ਕਮੇਟੀ ਦੇ ਯਕੀਨ ਦਿਵਾਉਣ ’ਤੇ ਕਿ ਅਸੀ ਕੋਈ ਪੁਲਿਸ ਵਾਲੇ ਨਹੀਂ ਅਸੀ ਤਾਂ ਤੈਥੋਂ ਕਤਲ ਬਾਰੇ ਸਹੀ ਸਹੀ ਜਾਣਕਾਰੀ ਲੈਣਾ ਚਾਹੁੰਦੇ ਹਾਂ। ਕਾਫ਼ੀ ਪੁੱਛਗਿੱਛ ਕਰਨ ਤੋਂ ਬਾਅਦ ਉਹ ਇਹ ਮੰਨਿਆ ਕਿ ਮੈਨੂੰ ਲੱਗਪੱਗ ਇੱਕ ਮਹੀਨਾ ਭੋਰੇ ਵਿੱਚ ਰੱਖਿਆ ਗਿਆ। ਉਸ ਨੇ ਇਹ ਵੀ ਕਿਹਾ ਕਿ ਮੈਨੂੰ ਉਹ ਲਾਲਚ ਵੀ ਦਿੰਦੇ ਸੀ ਤੇ ਕਹਿੰਦੇ ਸੀ ਕਿ ਹੁਣ ਤੇਰੇ ਹੀ ਰੱਖਣ ’ਤੇ ਹਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਨੂੰ ਤਾਂ ਮੇਰੀ ਤਨਖ਼ਾਹ ਦੇ ਦਿਉ, ਮੈਂ ਹੋਰ ਕੁੱਝ ਨਹੀਂ ਲੈਣਾ। ਹੋਰ ਲਾਲਚ ਵਿੱਚ ਪੈ ਕੇ ਗੁਰੂ ਘਰ ਦੀ ਮਾਇਆ ਨਾਲ ਤਾਂ ਮੇਰੇ ਸੁੰਡ ਪੈਣਗੇ। ਕਰਤਾਰ ਸਿੰਘ ਨੇ ਕਮੇਟੀ ਨੂੰ ਇਹ ਵੀ ਦਸਿਆ  ਕਿ ਪਿੰਗਲਵਾੜੇ ਵਿੱਚ ਇੱਕ ਬੰਦਾ ਮਰ ਗਿਆ ਸੀ ਮੈਂ ਇਸ ਬਾਰੇ ਹੈੱਡ ਗ੍ਰੰਥੀ ਨੂੰ ਇਤਲਾਹ ਦੇ ਦਿੱਤੀ ਸੀ ਕਹਿ ਕੇ ਉਸ ਨੇ ਇਸ ਗੱਲ ਦੀ ਪੁਸ਼ਟੀ ਵੀ ਕੀਤੀ ਕਿ ਐਸ.ਐਸ.ਪੀ. ਸਾਹਿਬ ਨੇ ਹੀ ਮੈਨੂੰ ਇੱਥੇ ਮੁਕੰਦਪੁਰ ਭੇਜਿਆ ਹੈ।

ਇਸ ਉਪਰੰਤ ਜਾਂਚ ਕਮੇਟੀ ਮੁੱਖ ਗ੍ਰੰਥੀ ਜਰਨੈਲ ਸਿੰਘ ਨੂੰ ਮਿਲੀ ਜਿਨ੍ਹਾਂ ਨੇ ਉਪਰੋਕਤ ਕਤਲ ਦੀ ਘਟਨਾ ਨੂੰ ਬੇ ਬੁਨਿਆਦ ਦੱਸਦਿਆਂ ਕੁੱਝ ਲੋਕਾਂ ਵੱਲੋਂ ਉਡਾਈ ਹੋਈ ਗੱਲ ਹੀ ਦੱਸੀ। ਇਨ੍ਹਾਂ ਨੇ ਦੱਸਿਆ ਕਿ ਮਿਤੀ 20 ਫਰਵਰੀ 1997 ਦੀ ਰਾਤ ਨੂੰ ਇੱਕ ਸਹਿਜਧਾਰੀ ਬੰਦਾ ਪਿੰਗਲਵਾੜੇ ਵਿੱਚ ਚੜ੍ਹਾਈ ਕਰ ਗਿਆ ਜਿਸ ਦਾ ਸੰਸਕਾਰ ਦੂਜੇ ਦਿਨ ਸਵੇਰੇ 11 ਵਜੇ ਕਰ ਦਿੱਤਾ ਗਿਆ। ਇਨ੍ਹਾਂ ਨੇ ਇਹ ਵੀ ਦੱਸਿਆ ਕਿ ਮਰਨ ਵਾਲਾ ਬੰਦਾ ਦੋ ਦਿਨ ਪਹਿਲਾਂ ਹੀ ਪਿੰਗਲਵਾੜੇ ਵਿੱਚ ਆਇਆ ਸੀ, ਉਸ ਦੀਆਂ ਮਰੇ ਦੀਆਂ ਫ਼ੋਟੋਆਂ ਵੀ ਲਈਆਂ ਗਈਆਂ ਸਨ ਜੋ ਕਿ ਪੁਲਿਸ ਨੂੰ ਵੀ ਦਿੱਤੀਆਂ ਹਨ। ਹੈੱਡ ਗ੍ਰੰਥੀ ਨੇ ਕਰਤਾਰ ਸਿੰਘ ਬਾਰੇ ਕਿਹਾ ਕਿ ਉਹ ਪਿੰਡ ਕਟਾਹਰੀ ਤੇ ਘਣਕਸ ਦੀ ਪੰਚਾਇਤ ਅਤੇ ਗੁਰਦਵਾਰਾ ਸਾਹਿਬ ਦੇ ਵਿਰੋਧੀ ਲੋਕਾਂ ਦੇ ਧੱਕੇ ਚੜ੍ਹ ਕੇ ਬਿਆਨ ਦਿੰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੰਤ ਗੁਰਿੰਦਰ ਸਿੰਘ ਜੋ ਕਿ ਪਿੰਡ ਕਟਾਹਰੀ ਦੇ ਹਨ ਦੇ ਬਜ਼ੁਰਗਾਂ ਨੇ ਕੁੱਝ ਜ਼ਮੀਨ ਵੱਡੇ ਸੰਤਾਂ ਵੇਲੇ ਗੁਰਦਵਾਰਾ ਰਾੜਾ ਸਾਹਿਬ ਨੂੰ ਦਾਨ ਦਿੱਤੀ ਸੀ। ਹੁਣ ਗੁਰਿੰਦਰ ਸਿੰਘ, ਜਗਜੀਤ ਸਿੰਘ ਜੱਗੀ, ਨਿਰਮਲ ਚੰਦ, ਕਟਾਹਰੀ ਦੇ ਅਮਰ ਸਿੰਘ ਸਰਪੰਚ ਅਤੇ ਉਨ੍ਹਾਂ ਦੇ ਸਮਰਥਕ ਗੁਰਦਵਾਰਾ

ਸਾਹਿਬ 'ਤੇ ਆਪਣਾ ਹੀ ਅਧਿਕਾਰ ਸਮਝਦੇ ਹੋਏ ਕਾਬਜ਼ ਹੋਣ ਲਈ ਭੋਰੇ ਵਾਲੇ ਸੰਤ ਤੇਜਾ ਸਿੰਘ ਨੂੰ ਬਦਨਾਮ ਕਰਨ ਹਿੱਤ ਉਪਰੋਕਤ ਘਟਨਾ ਨੂੰ ਝੂਠੀ ਹਵਾ ਦੇ ਰਹੇ ਹਨ। ਜਾਂਚ ਕਮੇਟੀ ਨੂੰ ਜਦੋਂ ਮਰੇ ਹੋਏ ਸਹਿਜਧਾਰੀ ਵਿਅਕਤੀ ਦੇ ਅਡਰੈਸ ਬਾਰੇ ਪੁੱਛਿਆ ਤਾਂ ਗ੍ਰੰਥੀ ਸਾਹਿਬ ਨੇ ਆਖਿਆ ਕਿ ਪਤਾ ਨਹੀਂ। ਉਨ੍ਹਾਂ ਨੇ ਇੱਕ ਰਜਿਸਟਰ ਵੀ ਵਿਖਾਇਆ ਜਿਸ ਵਿੱਚ ਮਰਨ ਵਾਲੇ ਵਿਅਕਤੀ ਦਾ ਕੋਈ ਅਡਰੈਸ ਨਹੀਂ ਸੀ। ਇਹ ਰਜਿਸਟਰ ਵੀ ਉਨ੍ਹਾਂ ਨੇ ਤਾਜ਼ਾ ਹੀ ਲਾਇਆ ਦੱਸਿਆ। ਪਿੰਗਲਵਾੜੇ ਵਿੱਚ ਹੋਰ ਰਹਿੰਦੇ ਵਿਅਕਤੀਆਂ ਦੇ ਅਡਰੈਸ ਪੁੱਛਣ 'ਤੇ ਵੀ ਉਨ੍ਹਾਂ ਕਿਹਾ ਕਿ ਪਹਿਲਾਂ ਨਹੀਂ ਲਿਖੇ ਜਾਂਦੇ ਸੀ, ਹੁਣ ਅੱਗੇ ਤੋਂ ਲਿਖਿਆ ਕਰਾਂਗੇ। ਇਸੇ ਤਰ੍ਹਾਂ ਬਾਹਰੋਂ ਆਏ ਰਾਤ ਰਹਿਣ ਵਾਲੇ ਯਾਤਰੂਆਂ ਦੇ ਅਡਰੈਸ ਵੀ ਹੁਣ ਤੋਂ ਹੀ ਲਿਖਣੇ ਸ਼ੁਰੂ ਕੀਤੇ ਸਨ। ਜਾਂਚ ਕਮੇਟੀ ਨੂੰ ਮੁੱਖ ਗ੍ਰੰਥੀ ਨੇ ਕਰਤਾਰ ਸਿੰਘ ਨੂੰ ਭੋਰੇ ਵਿੱਚ ਰੱਖਣ ਦਾ ਕਾਰਨ ਦੱਸਦਿਆਂ ਕਿਹਾ ਕਿ ਉਹ ਬਾਹਰ ਗ਼ਲਤ ਬਿਆਨੀ ਕਰਦਾ ਫਿਰਦਾ ਸੀ। ਇਸ ਕਰ ਕੇ ਉਸ ਨੂੰ ਭੋਰੇ ਵਿੱਚ ਰੱਖਿਆ ਗਿਆ।

ਸਮਸਪੁਰ ਵਾਲੇ ਬੱਚੇ ਲੱਖਾ ਸਿੰਘ ਬਾਰੇ ਵੀ ਮੁੱਖ ਗ੍ਰੰਥੀ ਨੇ ਆਖਿਆ ਕਿ ਲੱਖਾ ਸਿੰਘ ਨਿਰਮਲ ਚੰਦ ਦੀ ਕੰਟੀਨ 'ਤੇ ਕੰਮ ਕਰਦਾ ਹੈ। ਇਸ ਲਈ ਨਿਰਮਲ ਚੰਦ ਨੇ ਲਾਲਚ ਦੇ ਕੇ, ਉਸ ਤੋਂ ਝੂਠ ਬੁਲਾਇਆ ਹੈ। ਹੈੱਡ ਗ੍ਰੰਥੀ ਨੇ ਇਹ ਵੀ ਕਿਹਾ ਕਿ ਲੱਖਾ ਸਿੰਘ ਸੀ.ਆਈ.ਏ. ਸਟਾਫ਼ ਖੰਨਾ ਵਿੱਚ ਜਾ ਕੇ ਮੁੱਕਰ ਗਿਆ ਕਿ ਮੈਂ ਕੁੱਝ ਨਹੀਂ ਦੇਖਿਆ। ਜਾਂਚ ਕਮੇਟੀ ਨੇ ਮੁੱਖ ਗ੍ਰੰਥੀ ਨਾਲ ਗੁਰਦਵਾਰਾ ਸਾਹਿਬ ਦਾ ਚੱਕਰ ਲਾਇਆ ਜਿਸ ਦੌਰਾਨ ਪਤਾ ਲੱਗਿਆ ਕਿ ਇੱਕ ਹਾਲ ਕਮਰੇ ਵਿੱਚ ਤਕਰੀਬਨ 30-35 ਔਰਤਾਂ ਰਹਿੰਦੀਆਂ ਹਨ। ਗ੍ਰੰਥੀ ਜੀ ਨੇ ਦਸਿਆ ਕਿ ਇਹ ਵੱਖ ਵੱਖ ਪਿੰਡਾਂ ਤੋਂ ਹਨ। ਕਈਆਂ ਨੂੰ ਘਰ ਦੇ ਨਾ ਸੰਭਾਲਦੇ ਹੋਣ ਕਰ ਕੇ ਅਤੇ ਕਈ ਆਪਣੀ ਮਰਜ਼ੀ ਨਾਲ ਹੀ ਸੇਵਾ ਕਰਨ ਹਿੱਤ ਇਥੇ ਰਹਿੰਦੀਆਂ ਹਨ। ਜਾਂਚ ਕਮੇਟੀ ਦੇ ਇਨ੍ਹਾਂ ਬਾਰੇ ਦਰਜ ਰੀਕਾਰਡ ਮੰਗਣ ਬਾਰੇ ਦੱਸਿਆ ਕਿ ਇਨ੍ਹਾਂ ਦਾ ਲਿਖਤੀ ਕੋਈ ਰੀਕਾਰਡ ਨਹੀਂ ਹੁਣ ਅੱਗੇ ਤੋਂ ਦਰਜ ਕਰਿਆ ਕਰਾਂਗੇ। ਜਾਂਚ ਕਮੇਟੀ ਨੂੰ ਗ੍ਰੰਥੀ ਸਾਹਿਬ ਨੇ ਦਸਿਆ ਕਿ ਸਾਨੂੰ ਐਸ.ਐਸ.ਪੀ. ਸਾਹਿਬ ਨੇ ਵੀ ਆਖ ਦਿੱਤਾ ਸੀ ਕਿ ਕਰਤਾਰ ਸਿੰਘ ਨੂੰ ਗੁਰਦਵਾਰੇ ਵਿੱਚ ਨਾ ਰੱਖੋ। ਸੰਤ ਗੁਰਿੰਦਰ ਸਿੰਘ ਦੇ ਬੰਦਿਆਂ ਨੇ ਆ ਕੇ ਕਰਤਾਰ ਸਿੰਘ ਨੂੰ ਧਮਕਾਇਆ ਸੀ ਕਿ ਤੂੰ ਸਾਡੇ ਵੱਲ ਆ ਜਾ। ਬਾਹਰ ਲੋਕਾਂ ਵਿੱਚ ਫੈਲਾਈ ਇਹ ਗੱਲ ਬਿਲਕੁੱਲ ਝੂਠੀ ਹੈ ਕਿ ਬੰਦਾ ਤਾਂ ਮਾਰਿਆ ਹੈ ਕਿਉਂਕਿ ਉਸ ਕੋਲ 11 ਲੱਖ ਰੁਪਿਆ ਸੀ। ਇਹ ਵੀ ਗੱਲ ਝੂਠੀ ਹੈ ਕਿ ਜੋ ਸਹਿਜਧਾਰੀ ਵਿਅਕਤੀ ਮਰਿਆ ਉਸ ਨੂੰ ਅਸਲ ਕਤਲ ਛਪਾਉਣ ਦੀ ਖਾਤਰ ਪੁਲਿਸ ਦੇ ਅੱਖੀਂ ਘੱਟਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਮੁੱਖ ਗ੍ਰੰਥੀ ਨੇ ਜਾਂਚ ਕਮੇਟੀ ਨੂੰ ਇੱਕ ਟੇਪ ਰੀਕਾਰਡ ਕੈਸਿਟ ਵੀ

ਦਿੱਤੀ ਜੋ ਕਰਤਾਰ ਸਿੰਘ ਦੇ ਬਿਆਨ ਦੀ ਹੈ ਜਿਸ ਵਿੱਚ ਉਸ ਨੇ ਕਿਹਾ ਕਿ ਕਰਤਾਰ ਸਿੰਘ ਨੇ ਆਖਿਆ ਹੈ ਮੇਰਾ ਪਹਿਲਾ ਬਿਆਨ ਜੋ ਮੈਂ ਖੂਹ 'ਤੇ ਲੋਕਾਂ ਸਾਹਮਣੇ ਦਿੱਤਾ ਹੈ ਉਹ ਧੱਕੇ ਨਾਲ ਲਿਆ ਗਿਆ ਸੀ। ਹੈੱਡ ਗ੍ਰੰਥੀ ਨੇ ਇਹ ਵੀ ਦੱਸਿਆ ਕਿ ਕਰਤਾਰ ਸਿੰਘ ਨੇ ਆਪਣੇ ਬਿਆਨ ਦਾ ਇੱਕ ਹਲਫ਼ੀਆ ਬਿਆਨ ਦੀ ਤਸਦੀਕ ਕਰਵਾ ਕੇ ਸਾਨੂੰ ਦਿੱਤਾ ਹੈ। ਗ੍ਰੰਥੀ ਜੀ ਨੇ ਇਹ ਹਲਫ਼ੀਆ ਬਿਆਨ ਅਤੇ ਸਹਿਜਧਾਰੀ ਮ੍ਰਿਤਕ ਦੀਆਂ ਫ਼ੋਟੋਆਂ ਪਹੁੰਚਾਉਣ ਦਾ ਵਾਅਦਾ ਵੀ ਕੀਤਾ ਪਰ ਦੋ ਵਾਰ ਜਾਂਚ ਕਮੇਟੀ ਦੇ ਸੰਪਰਕ ਕਰਨ ਤੋਂ ਬਾਅਦ ਵੀ ਇਹ ਡਾਕੂਮੈਂਟ ਦਿੱਤੇ ਨਹੀਂ ਗਏ।

ਸੰਤ ਤੇਜਾ ਸਿੰਘ ਭੋਰੇ ਵਾਲੇ ਜਿਨ੍ਹਾਂ ਬਾਰੇ ਮਸ਼ਹੂਰ ਹੈ ਕਿ ਉਹ ਪਿਛਲੇ 22 ਸਾਲਾਂ ਤੋਂ ਭੋਰੇ ਦੇ ਕੰਪਲੈਕਸ ਵਿੱਚ ਹੀ ਮਿਲੇ। ਸੰਤ ਭੋਰੇ ਦੇ ਦਰਸ਼ਨਾਂ ਲਈ ਆਉਣ ਵਾਲੇ ਲੋਕਾਂ ਨੂੰ ਸੇਬਾਂ ਤੇ ਅੰਬਾਂ ਦਾ ਪ੍ਰਸ਼ਾਦ ਵੰਡ ਰਹੇ ਸੀ। ਜਦੋਂ ਜਾਂਚ ਕਮੇਟੀ ਮੈਂਬਰ ਭੋਰੇ ਅੰਦਰ ਦਾਖ਼ਲ ਹੋਏ ਤਾਂ ਮੁੱਖ ਗ੍ਰੰਥੀ ਜਰਨੈਲ ਸਿੰਘ ਨੇ ਬੜੀ ਫੁਰਤੀ ਨਾਲ ਦਰਸ਼ਨ ਕਰਨ ਆਏ ਲੋਕਾਂ ਨੂੰ ਭੋਰੇ ਵਿੱਚੋਂ ਬਾਹਰ ਕਰ ਕੇ ਹੋਰ ਆਉਣ ਵਾਲਿਆਂ 'ਤੇ ਪਾਬੰਦੀ ਲਾ ਦਿੱਤੀ। ਜਾਂਚ ਕਮੇਟੀ ਨੇ ਸੰਤ ਤੇਜਾ ਸਿੰਘ ਹੋਰਾਂ ਤੋਂ ਕਤਲ ਸਬੰਧੀ ਵੇਰਵਿਆਂ ਬਾਰੇ ਪੁੱਛਿਆ ਤਾਂ ਉਨ੍ਹਾਂ ਆਖਿਆ ਕਿ ਇੱਥੇ ਕੁੱਝ ਵੀ ਨਹੀਂ ਹੋਇਆ, ਮਨ ਮੈਲਿਆਂ ਕਾਰਨ ਹੀ ਇਹ ਸੱਭ ਗੱਲਾਂ ਹੁੰਦੀਆਂ ਹਨ। ਟਰੱਸਟ ਵੱਲੋਂ ਅਖ਼ਬਾਰਾਂ ਵਿੱਚ ਕਤਲ ਨਾ ਹੋਣ ਸਬੰਧੀ ਦਿੱਤੇ ਸਪੱਸ਼ਟੀਕਰਨ ਦੀ ਖ਼ਬਰ ਬਾਰੇ ਵੀ ਜ਼ਿਕਰ ਕੀਤਾ। ਜਾਂਚ ਕਮੇਟੀ ਨੇ ਸਵਾਲ ਕੀਤਾ ਕਿ ਸੰਤ ਜੀ ਤੁਸੀਂ ਭੋਰੇ 'ਚੋਂ ਬਾਹਰ ਨਹੀਂ ਜਾਂਦੇ ਜਦੋਂ ਕਿ ਮੁੱਖ ਪ੍ਰਬੰਧਕ ਤੁਸੀਂ ਹੋ ਤੁਹਾਡੀ ਗ਼ੈਰ-ਹਾਜ਼ਰੀ ਵਿੱਚ ਜੇ ਸੇਵਾਦਾਰ ਜਾਂ ਪਹਿਰੇਦਾਰ ਕੋਈ ਕੁੱਟ-ਮਾਰ ਜਾਂ ਕਿਸੇ ਕਿਸਮ ਦੀ ਕੋਈ ਗ਼ਲਤੀ ਕਰਦੇ ਹਨ, ਹੋ ਸਕਦਾ ਹੈ ਕਿ ਤੁਹਾਡੇ ਤੱਕ ਉਸ ਦੀ ਜਾਣਕਾਰੀ ਨਾ ਪਹੁੰਚਦੀ ਹੋਵੇ। ਉਨ੍ਹਾਂ ਕਿਹਾ, ਅਜਿਹਾ ਹੋ ਸਕਦਾ ਹੈ, ਪਰ ਸੱਭ ਠੀਕ ਚੱਲ ਰਿਹਾ ਹੈ।

ਜਾਂਚ ਕਮੇਟੀ ਨੇ ਪੁੱਛਿਆ ਕਿ ਸੇਵਾਦਾਰ ਜਾਂ ਪਹਿਰੇਦਾਰਾਂ ਬਾਹਰੋਂ ਆਏ ਕਿਸੇ ਵੀ ਯਾਤਰੂ ਔਰਤਾਂ ਜਾਂ ਮਰਦ ਜੋ ਨਸ਼ੇ ਆਦਿ ਜਾਂ ਕਿਸੇ ਹੋਰ ਕਾਰਨ ਕਰ ਕੇ ਗ਼ਲਤ ਹੁੰਦੇ ਹਨ ਨੂੰ ਕੁੱਟਣ ਮਾਰਨ ਦਾ ਪਤਾ ਲੱਗਾ ਹੈ, ਇਸ ਬਾਰੇ ਤੁਸੀਂ ਕੀ ਆਖਦੇ ਹੋ ? ਉਨ੍ਹਾਂ ਕਿਹਾ ਕਿ ਕਈ ਘਟਨਾਵਾਂ ਲੜਕੀਆਂ ਬਾਰੇ ਜਾਂ ਹੋਰ ਵੀ ਸਾਡੇ ਕੋਲ ਪਹੁੰਚਦੀਆਂ ਰਹਿੰਦੀਆਂ ਹਨ। ਪੁਲਿਸ ਵਾਲਿਆਂ ਨੇ ਵੀ ਇਸ ਬਾਰੇ ਕਿਹਾ ਹੈ ਕਿ ਜੇ ਕੋਈ ਗ਼ਲਤ ਕੰਮ ਹੁੰਦਾ ਹੈ ਤਾਂ ਉਨ੍ਹਾਂ ਨੂੰ ਸਾਡੇ ਹਵਾਲੇ ਕਰਿਆ ਕਰੋ ਤੁਸੀਂ ਕੁੱਝ ਨਾ ਕਰਿਆ ਕਰੋ। ਸੰਤ ਤੇਜਾ ਸਿੰਘ ਨੇ ਆਖਿਆ ਕਿ ਪੁਲਿਸ ਕਹਿੰਦੀ ਹੈ ਕਰਤਾਰ ਸਿੰਘ ਬਿਰਧ ਵਿਅਕਤੀ ਹੈ ਅਤੇ ਲੱਖਾ ਸਿੰਘ ਨਾਬਾਲਗ ਹੈ। ਇਸ ਕਰ ਕੇ ਇਹ ਵਾਜਵ ਗਵਾਹ ਨਹੀਂ ਬਣਦੇ। ਜਾਂਚ ਕਮੇਟੀ ਮੈਂਬਰਾਂ ਨੂੰ ਚੱਲਣ ਵੇਲੇ ਦੋ-ਦੋ ਕਿਤਾਬਾਂ ਰਾੜਾ ਸਾਹਿਬ

ਦੇ ਇਤਿਹਾਸ ਬਾਰੇ ਲਿਖੀਆਂ ਹੋਈਆਂ ਦਿੱਤੀਆਂ ਗਈਆਂ।

ਜਾਂਚ ਕਮੇਟੀ ਮੈਂਬਰ ਸੰਤ ਗੁਰਿੰਦਰ ਸਿੰਘ ਹੋਰਾਂ ਨੂੰ ਮਿਲੇ, ਉਨ੍ਹਾਂ ਇਸ ਕਥਿਤ ਕਤਲ ਬਾਰੇ ਕਿਹਾ ਕਿ ਮੈਂ ਕੋਈ ਗੱਲ ਅੱਖੀਂ ਨਹੀਂ ਦੇਖੀ, ਸੁਣੀ ਸੁਣਾਈ ਹੈ। ਉਨ੍ਹਾਂ ਇਹ ਮੰਨਿਆ ਕਿ ਸਾਡੇ ਵਡੇਰਿਆਂ ਨੇ ਕੁੱਝ ਜ਼ਮੀਨ ਵੱਡੇ ਸੰਤਾਂ ਨੂੰ ਗੁਰਦਵਾਰਾ ਸਾਹਿਬ ਲਈ ਦਾਨ ਦਿੱਤੀ ਸੀ ਤੇ ਉਨ੍ਹਾਂ ਨੇ ਇਸ ਗੱਲ ਦਾ ਖੰਡਨ ਕੀਤਾ ਕਿ ਮੈਂ ਸਾਰੇ ਗੁਰਦਵਾਰੇ 'ਤੇ ਕਬਜ਼ਾ ਕਰਨਾ ਚਾਹੁੰਦਾ ਹਾਂ ਜਾਂ ਇਸ ਹੋਏ ਕਥਿਤ ਕਤਲ ਵਿੱਚ ਕਿਸੇ ਨੂੰ ਉਕਸਾ ਜਾਂ ਭੜਕਾ ਰਿਹਾ ਹਾਂ ਮੈਂ ਸਮਝਦਾ ਹਾਂ ਕਿ ਕੁੱਝ ਵਾਪਰਦਾ ਹੈ ਤਾਂ ਹੀ ਬਾਹਰ ਗੱਲਾਂ ਹੁੰਦੀਆਂ ਹਨ।

ਜਾਂਚ ਕਮੇਟੀ ਮੈਂਬਰ ਸੰਤ ਸ੍ਰੀ ਮਾਨ ਜੀ (ਬਲਵੰਤ ਸਿੰਘ) ਲੰਗਰ ਵਾਲਿਆਂ ਨੂੰ ਵੀ ਮਿਲੇ। ਉਨ੍ਹਾਂ ਨੇ ਜਾਂਚ ਕਮੇਟੀ ਨੂੰ ਦੱਸਿਆ ਕਿ ਇਥੇ ਕਿਸੇ ਕਿਸਮ ਦਾ ਕੋਈ ਕਤਲ ਨਹੀਂ ਹੋਇਆ।

ਸੰਤ ਹਜ਼ੂਰਾ ਸਿੰਘ ਨੇ ਵੀ ਜਾਂਚ ਕਮੇਟੀ ਨੂੰ ਕਤਲ ਬਾਰੇ ਕੋਈ ਵਿਆਖਿਆ ਦੇਣ ਦੀ ਬਜਾਏ ਸਾਰੀ ਦੀ ਸਾਰੀ ਗੱਲ ਦੂਜੇ ਟਰੱਸਟੀਆਂ ਵੱਲ ਤਿਲਕਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਕਿਹਾ ਕਿ ਮੈਂ ਬਿਲਡਿੰਗਾਂ ਦਾ ਪ੍ਰਬੰਧਕ ਹਾਂ ਤੇ ਹੁਣ ਤੱਕ ਮੇਰੇ ਹੱਥੀਂ ਇਮਾਰਤਾਂ ਬਣਾਉਣ 'ਤੇ 20 ਕਰੋੜ ਰੁਪਏ ਦੇ ਲੱਗਪੱਗ ਖਰਚ ਹੋ ਚੁੱਕੇ ਹਨ।

ਜਾਂਚ ਕਮੇਟੀ ਮੈਂਬਰ ਲੱਖਾ ਸਿੰਘ ਨੂੰ ਉਸ ਦੇ ਪਿੰਡ ਸਮਸਪੁਰ 'ਚ ਪਿੰਡ ਦੇ ਸਰਪੰਚ ਦੀ ਹਾਜ਼ਰੀ ਵਿੱਚ ਇੱਕ ਰੋਡਵੇਜ਼ ਕਰਮਚਾਰੀ ਦੇ ਘਰ ਮਿਲੇ। ਲੱਖਾ ਸਿੰਘ ਨੇ ਜਾਂਚ ਕਮੇਟੀ ਨੂੰ ਦੱਸਿਆ ਕਿ ਮੈਂ ਰੋਟੀ ਖਾਣ ਤੋਂ ਬਾਅਦ ਲੰਗਰ ਵਾਲੇ ਪਾਸੇ ਦੂਰ ਖੜ੍ਹਾ ਵੇਖ ਰਿਹਾ ਸੀ ਕਿ ਇੱਕ ਬੰਦੇ ਨੂੰ ਜਿਸ ਦੀ ਦਾੜ੍ਹੀ ਕਾਲੀ ਸੀ ਤੇ ਪੈਂਟ ਬੁਰਸਟ ਪਾਈ ਹੋਈ ਸੀ, ਨੂੰ ਚਰਨ, ਭਾਊ ਅਤੇ ਮੁਕੰਦਪਰੀਆ ਕੁੱਟ ਰਹੇ ਸਨ। ਉਸ ਨੂੰ ਥਮਲੇ ਨਾਲ ਬੰਨ੍ਹਿਆ ਹੋਇਆ ਸੀ ਜੋ ਕਹਿ ਰਿਹਾ ਸੀ ਕਿ ਮੈਂ ਹੁਣ ਨਹੀਂ ਆਉਂਦਾ। ਜ਼ਿਆਦਾ ਕੁੱਟਣ 'ਤੇ ਉਹ ਬੰਦਾ ਮਰ ਗਿਆ। ਜਾਂਚ ਕਮੇਟੀ ਨੇ ਪੁੱਛਿਆ ਕਿ ਤੈਨੂੰ ਕਿਵੇਂ ਪਤਾ ਲੱਗਾ ਕਿ ਉਹ ਮਰ ਗਿਆ ਹੈ? ਤਾਂ ਉਸ ਨੇ ਦੱਸਿਆ ਕਿ ਜਦੋਂ ਉਸ ਨੂੰ ਥਮਲੇ ਨਾਲੋਂ ਰੱਸੇ ਨਾਲ ਬੰਨ੍ਹੇ ਹੋਏ ਨੂੰ ਖੋਹਲਿਆ ਤਾਂ ਉਹ ਧਰਤੀ 'ਤੇ ਗਿਰ ਗਿਆ। ਫਿਰ ਉਸ ਨੂੰ ਕਮਰੇ ਵੱਲ ਨੂੰ ਚੁੱਕ ਕੇ ਲੈ ਗਏ। ਮੈਂ ਦੂਜੇ ਦਿਨ ਇਹ ਸਾਰੀ ਗੱਲ ਬਾਰੇ ਨਿਰਮਲ ਚੰਦ ਕੰਟੀਨ ਵਾਲੇ ਨੂੰ ਦੱਸਿਆ। ਜਾਂਚ ਕਮੇਟੀ ਨੇ ਪੁੱਛਿਆ ਕਿ ਤੈਨੂੰ ਕਿਸੇ ਨੇ ਡਰਾਇਆ ਧਮਕਾਇਆ ਤਾਂ ਨਹੀਂ? ਤਾਂ ਉਸ ਨੇ ਮੈਨੂੰ ਕਿਹਾ ਕਿ ਚਰਨ ਹੋਰੀਂ ਮੈਨੂੰ ਕਹਿੰਦੇ ਸੀ ਕਿ ਜੇ ਸਾਡਾ ਨਾਂ ਲਿਆ ਤਾਂ ਤੈਨੂੰ ਪਿੰਡੋਂ ਹੀ ਚੁੱਕ ਲਿਆਵਾਂਗੇ। ਉਸ ਨੇ ਇਹ ਦੱਸਿਆ ਕਿ ਪੁਲਿਸ ਵਾਲਿਆਂ ਨੂੰ ਵੀ ਮੈਂ ਇਸੇ ਤਰ੍ਹਾਂ ਕਿਹਾ ਹੈ। ਪਿੰਡ ਦੇ ਬੰਦਿਆਂ ਨੇ ਜਾਂਚ ਕਮੇਟੀ ਨੂੰ ਦੱਸਿਆ ਕਿ ਇਸ ਘਟਨਾ ਤੋਂ ਬਾਅਦ ਲੱਖਾ ਸਿੰਘ ਦੇ ਪਿਓ ਨੇ ਇਸ

ਨੂੰ ਘਰੋਂ ਬੇ-ਦਖ਼ਲ ਕਰ ਦਿੱਤਾ ਹੈ।

ਜਾਂਚ ਕਮੇਟੀ ਨੂੰ ਕਰਤਾਰ ਸਿੰਘ ਵੱਲੋਂ ਮੈਜਿਸਟਰੇਟ ਤੋਂ ਤਸਦੀਕ ਸ਼ੁਦਾ ਹਲਫੀਆ ਬਿਆਨ ਦੀ ਫ਼ੋਟੋ ਪ੍ਰਾਪਤ ਹੋਈ ਅਤੇ ਕਰਤਾਰ ਸਿੰਘ ਜਦੋਂ ਦੁਬਾਰਾ ਜਾਂਚ ਕਮੇਟੀ ਨੂੰ ਗੁਰਦਵਾਰਾ ਸਾਹਿਬ ਵਿੱਚ ਹੀ ਮਿਲਿਆ ਤਾਂ ਉਸ ਨੂੰ ਉਹ ਪੂਰੀ ਕਾਪੀ ਪੜ੍ਹ ਕੇ ਸੁਣਾਈ ਜਿਸ 'ਤੇ ਉਸ ਨੇ ਮੰਨਿਆ ਕਿ ਇਹ ਮੇਰੀ ਹੀ ਹੈ ਜਿਸ ਵਿੱਚ ਕਥਿਤ ਕਤਲ ਕੇਸ ਸਬੰਧੀ ਘਟਨਾ ਦਾ ਅੱਖੀਂ ਡਿੱਠਾ ਹਾਲ ਦਰਜ ਹੈ ਆਦਿ। ਪਰ ਇਸ ਬਿਆਨ ਵਿੱਚ ਮਰਨ ਵਾਲੇ ਵਿਅਕਤੀ ਦਾ ਕੋਈ ਵੀ ਨਾ ਪਤਾ ਦਰਜ ਨਹੀਂ ਹੈ।

ਜਾਂਚ ਕਮੇਟੀ ਮੈਂਬਰ ਥਾਣਾ ਪਾਇਲ ਦੇ ਪੁਲਿਸ ਮੁਖੀ ਨੂੰ ਮਿਲੇ ਜਿਨ੍ਹਾਂ ਨੇ ਘਟਨਾ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਰਾੜਾ ਸਾਹਿਬ ਗੁਰਦਵਾਰੇ ਵਿੱਚ ਆਪਸੀ ਜ਼ਿੱਦਬਾਜ਼ੀ ਬਹੁਤ ਜ਼ਿਆਦਾ ਹੈ ਅਤੇ ਅਸੀਂ ਇਨਕੁਆਰੀ ਕੀਤੀ ਹੈ।

ਗਵਾਹ ਦੋਨੋਂ ਧਿਰਾਂ ਵੱਲ ਬਿਆਨਬਾਜ਼ੀ ਕਰ ਰਹੇ ਹਨ। ਹੁਣ ਇਹ ਇਨਕੁਆਰੀ ਉੱਚ ਪੁਲਿਸ ਅਧਿਕਾਰੀਆਂ ਪਾਸ ਹੈ ਜਿਸ ਬਾਰੇ ਅਸੀਂ ਅਜੇ ਕੁੱਝ ਦੱਸਣ ਦੀ ਹਾਲਤ ਵਿੱਚ ਨਹੀਂ ਹਾਂ। ਨਿਰਮਲ ਚੰਦ ਦੇ ਖਿਲਾਫ਼ ਜੋ ਹੈੱਡ ਗ੍ਰੰਥੀ ਨੇ ਇੱਕ ਚਿੱਠੀ ਜਾਂਚ ਕਮੇਟੀ ਨੂੰ ਦਿੱਤੀ ਸੀ, ਜਿਸ ਵਿੱਚ ਨਿਰਮਲ ਚੰਦ 'ਤੇ ਇਹ ਇਲਜ਼ਾਮ ਲਾਇਆ ਹੋਇਆ ਹੈ ਕਿ ਉਸ ਨੇ ਇੱਕ ਔਰਤ ਤੇ ਉਸ ਦੇ ਪਤੀ ਨੂੰ ਕਥਿਤ ਕਤਲ ਕੇਸ ਦੇ ਸਬੰਧ ਵਿੱਚ ਗਵਾਹੀ ਦੇਣ ਲਈ ਉਕਸਾਇਆ ਪਰ ਜਦੋਂ ਉਹ ਨਾ ਮੰਨੇ ਤਾਂ ਪੁਲਿਸ ਨੂੰ ਫੜਾ ਕੇ ਮਾਰ ਕੁਟਾਈ ਕਰਵਾਈ। ਇਸ ਸਬੰਧ ਵਿੱਚ ਥਾਣਾ ਮੁਖੀ ਨੇ ਕਿਹਾ ਕਿ ਉਸ ਦੀ ਜਾਣਕਾਰੀ ਵਿੱਚ ਅਜਿਹਾ ਕੋਈ ਕੇਸ ਨਹੀਂ ਹੈ। ਇਸ ਚਿੱਠੀ ਬਾਰੇ ਨਿਰਮਲ ਚੰਦ ਨੇ ਜਾਂਚ ਕਮੇਟੀ ਨੂੰ ਦੱਸਿਆ ਸੀ ਕਿ ਇਹ ਬੇ-ਬੁਨਿਆਦ ਅਤੇ ਮਨਘੜਤ ਹੈ। ਉਸ ਨੇ ਇਹ ਵੀ ਕਿਹਾ ਕਿ ਮੈਨੂੰ ਤਾਂ ਗੁਰਦਵਾਰੇ ਵਾਲਿਆਂ ਤੋਂ ਖ਼ਤਰਾ ਹੀ ਬਣਿਆ ਹੋਇਆ ਕਿ ਕਿਤੇ ਇਹ ਮੇਰੇ 'ਤੇ ਕੋਈ ਝੂਠਾ ਕੇਸ ਹੀ ਨਾ ਪਵਾ ਦੇਣ।

ਜਾਂਚ ਕਮੇਟੀ ਪੱਤਰਕਾਰ ਜੋਗਿੰਦਰ ਸਿੰਘ ਓਬਰਾਏ ਨੂੰ ਮਿਲੀ ਜਿਨ੍ਹਾਂ ਤੋਂ ਉਨ੍ਹਾਂ ਰਾਹੀਂ ਅਖ਼ਬਾਰਾਂ ਵਿੱਚ ਲੱਗੀਆਂ ਖਬਰਾਂ ਦੇ ਆਧਾਰ ਦੀ ਜਾਣਕਾਰੀ ਲੈਣੀ ਚਾਹੀ ਜਿਸ ਦੇ ਜਵਾਬ ਵਿੱਚ ਉਨ੍ਹਾਂ ਸਪੱਸ਼ਟ ਕੀਤਾ ਕਿ ਮੈਂ ਲੋਕਾਂ ਦੀ ਜਾਣਕਾਰੀ ਦੇ ਆਧਾਰ 'ਤੇ ਇਹ ਖਬਰ ਦਿੱਤੀ ਹੈ ਜਦੋਂ ਉਸਨੂੰ ਇਹ ਪੁੱਛਿਆ ਕਿ ਕੀ ਤੁਸੀ ਲੱਖਾ ਸਿੰਘ ਅਤੇ ਕਰਤਾਰ ਸਿੰਘ ਨੂੰ ਮਿਲੇ ਹੋ ? ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਉਨ੍ਹਾਂ ਨੂੰ ਨਹੀਂ ਮਿਲਿਆ।

ਜਾਂਚ ਕਮੇਟੀ ਸਾਬਕਾ ਐਮ.ਐਲ.ਏ. ਤਰਸੇਮ ਜੋਧਾਂ ਨੂੰ ਵੀ ਮਿਲੀ ਕਿਉਂਕਿ ਅਖ਼ਬਾਰਾਂ ਵਿੱਚ ਕਥਿਤ ਕਤਲ ਦੇ ਸਬੰਧ ਵਿੱਚ ਉਨ੍ਹਾਂ ਦੇ ਨਾ ਥੱਲੇ ਖਬਰ ਲੱਗੀ ਸੀ। ਇਸ ਬਾਰੇ ਉਨ੍ਹਾਂ ਕਿਹਾ ਕਿ ਮੈਂ ਇਸ ਸਬੰਧੀ ਕਿਸੇ ਕਿਸਮ ਦਾ ਕੋਈ ਬਿਆਨ ਹੀ ਨਹੀਂ ਦਿੱਤਾ।

ਜਾਂਚ ਕਮੇਟੀ ਮੈਂਬਰ ਸੀ.ਪੀ.ਆਈ. ਆਗੂ ਕਾਮਰੇਡ ਕਰਤਾਰ ਬੁਆਣੀ ਨੂੰ ਵੀ ਮਿਲੇ। ਉਨ੍ਹਾਂ ਨੇ ਕਿਹਾ ਕਿ ਇਹ ਕੇਸ ਪੁਲਿਸ ਦਾ ਹੈ ਜੇ ਕੋਈ ਕਤਲ ਹੋਇਆ ਹੈ ਤਾਂ ਪੁਲਿਸ ਨੂੰ ਤਹਿ ਤੱਕ ਜਾ ਕੇ ਇਸ ਦੀ ਜਾਂਚ ਕਰਨੀ ਚਾਹੀਦੀ ਹੈ।

ਇਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਜਾਂਚ ਕਮੇਟੀ ਵੱਲੋਂ ਕਥਿਤ ਕਤਲ ਸਬੰਧੀ ਜਾਂਚ ਕਰਦਿਆਂ ਕੁੱਝ ਹੋਰ ਅਤਿ ਗੰਭੀਰ ਗੱਲਾਂ ਵੀ ਸਾਹਮਣੇ ਆਈਆਂ। ਜਿਨ੍ਹਾਂ ਦਾ ਜ਼ਿਕਰ ਕਰਨਾ ਵੀ ਇਸ ਲਈ ਜ਼ਰੂਰੀ ਬਣਦਾ ਹੈ ਕਿਉਂਕਿ ਉਹ ਵੀ ਉਨ੍ਹਾਂ ਨਾਲ ਜੁੜੇ ਹੋਏ ਹਨ। ਜਿਵੇਂ ਸੰਤ ਸ੍ਰੀ ਮਾਨ ਦੇ ਐਕਸੀਡੈਂਟ ਤੋਂ ਬਾਅਦ ਪ੍ਰਬੰਧਕਾ ਵੱਲੋਂ ਪੰਜ ਪਿਆਰੇ ਬਣਾ ਕੇ ਜਿੰਦਰੇ ਤੋੜ ਕੇ ਨਗਦੀ ਅਤੇ ਗਹਿਣੇ ਆਦਿ ਕੱਢ ਲੈਣ ਦੀ ਘਟਨਾ ਅਤੇ ਕੁੱਝ ਸੰਗਤ ਵੱਲੋਂ ਇਸ ਦਾ ਵਿਰੋਧ ਕਰਨਾ ਅਤੇ ਧੱਕਾ ਮੁੱਕੀ ਹੋਣਾ। ਗੁਰਦਵਾਰਾ ਸਾਹਿਬ ਦੀ ਹੱਦ ਅੰਦਰ ਪੁਲਿਸ ਚੌਕੀ ਸਥਾਪਤ ਕਰਵਾਉਣੀ ਅਤੇ ਉਸ ਤੋਂ ਬਾਅਦ ਉਸ ਦਾ ਢਾਹੇ ਜਾਣਾ ਅਤੇ ਸੰਤਾਂ ਦਰਮਿਆਨ ਤਰ੍ਹਾਂ ਤਰ੍ਹਾਂ ਦਾ ਵਿਵਾਦ ਖੜ੍ਹਾ ਹੋਣਾ, ਪੁਲਿਸ ਵਿੱਚ ਕੇਸ ਦਾ ਚੱਲਣਾ, ਸੰਤ ਸ੍ਰੀ ਮਾਨ ਨੂੰ ਚਾਰ ਦਿਨ ਭੋਰੇ ਅੰਦਰ ਰੱਖਣਾ ਤੇ ਸੰਤ ਗੁਰਿੰਦਰ ਸਿੰਘ ਦਾ ਗਿਰਫ਼ਤਾਰ ਹੋਣਾ ਆਦਿ ਘਟਨਾਵਾਂ ਲੋਕਾਂ ਦੀ ਅਪਾਰ ਸ਼ਰਧਾਂ ਦੀ ਖਾਤਰ ਬਣੀਆਂ ਇਨ੍ਹਾਂ ਸੰਸਥਾਵਾਂ ਦੀ ਅੰਦਰਲੀ ਅਸਲ ਹਾਲਤ ਦੀ ਝਲਕ ਪੇਸ਼ ਕਰਦੀਆਂ ਹਨ। ਜਾਂਚ ਕਮੇਟੀ ਨੂੰ ਗੁਰਦਵਾਰਾ ਸਾਹਿਬ ਦੇ ਇੱਕ ਟਰੱਸਟੀ ਹਰਬੰਸ ਸਿੰਘ ਵਿਰੁਧ ਸ਼ਰਾਬ ਦੇ ਇਕ ਕੇਸ ਦੀ ਐਫ਼.ਆਈ.ਆਰ. ਦੀ ਇੱਕ ਨਕਲ ਵੀ ਜਾਂਚ ਦੌਰਾਨ ਪ੍ਰਾਪਤ ਹੋਈ ਜੋ ਟਰੱਸਟੀਆਂ ਪ੍ਰਤੀ ਲੋਕਾਂ ਦੇ ਧਿਆਨ ਦਾ ਵਿਸ਼ਾ ਬਣਦਾ ਹੈ।

ਸੰਤ ਹਜ਼ੂਰਾ ਸਿੰਘ ਨੇ ਟਰੱਸਟ ਦੀ ਕਾਰਜ ਕੁਸ਼ਲਤਾ ਬਾਰੇ ਇਹ ਜਾਣਕਾਰੀ ਦਿੱਤੀ ਕਿ ਸੰਤ ਸ੍ਰੀ ਮਾਨ ਦੇ ਜਿਉਂਦਿਆਂ ਹੀ ਉਨ੍ਹਾਂ ਦੀ ਥਾਂ ਹੋਰ ਵਿਅਕਤੀ ਨੂੰ ਨਿਯੁਕਤ ਕਰਨ ਦੀ ਕੋਸ਼ਿਸ਼ ਕੀਤੀ ਗਈ ਜਿਸ ਦਾ ਕਿ ਮੈਂ ਟਰੱਸਟ ਦੀ ਮੀਟਿੰਗ ਵਿੱਚ ਵਿਰੋਧ ਕੀਤਾ ਤੇ ਉਠ ਕੇ ਬਾਹਰ ਆ ਗਿਆ। ਉਨ੍ਹਾਂ ਨੇ ਟਰੱਸਟੀ ਤੋਂ ਅਸਤੀਫ਼ਾ ਦੇਣ ਦਾ ਜਿਕਰ ਵੀ ਕੀਤਾ।

ਸਿੱਟੇ ਅਤੇ ਮੰਗਾਂ :

1. ਲੋਕਾਂ ਦੀ ਸ਼ਰਧਾ ਦਾ ਚਿੰਨ੍ਹ ਬਣੇ ਅਜਿਹੇ ਧਾਰਮਿਕ ਅਦਾਰੇ ਅੰਦਰ ਕਤਲ ਵਰਗੇ ਸੁਆਲ ਦਾ ਉਠਣਾ ਬਹੁਤ ਹੀ ਗੰਭੀਰ ਚਿੰਤਾ ਦਾ ਵਿਸ਼ਾ ਬਣਦਾ ਹੈ।
2. ਇਨ੍ਹਾਂ ਸੰਤਾਂ/ਪ੍ਰਬੰਧਕਾਂ ਦੀ ਆਪਸੀ ਖਹਿ ਭੇੜ ਦਾ ਖਮਿਆਜਾ ਆਮ ਸ਼ਰਧਾਲੂਆਂ, ਲੋਕਾਂ ਨੂੰ ਆਪਸੀ ਜਾਨ ਮਾਲ ਦੀ ਕੀਮਤ ਤੱਕ ਦੇਣ 'ਚ ਭੁਗਤਣਾ ਪੈਂਦਾ ਹੈ। ਸੋ ਲੋਕਾਂ ਨੂੰ ਇਨ੍ਹਾਂ ਅਦਾਰਿਆਂ ਅੰਦਰ ਵਾਪਰੇ ਅਜਿਹੇ ਵਰਤਾਰਿਆਂ ਤੋਂ ਚੌਕਸ ਰਹਿਣ ਦੀ ਲੋੜ ਹੈ।

3. ਲੱਖਾ ਸਿੰਘ ਦਾ ਜਾਂਚ ਕਮੇਟੀ ਨੂੰ ਕਹਿਣਾ ਕਿ ਕੁੱਟ ਤੋਂ ਬਾਅਦ ਮਰਨ ਵਾਲਾ ਵਿਅਕਤੀ ਸਰਦਾਰ ਸੀ, ਪਰ ਪ੍ਰਬੰਧਕਾਂ ਵੱਲੋਂ ਪਿੰਗਲਵਾੜੇ ਵਿੱਚ ਸਹਿਜਧਾਰੀ ਵਿਅਕਤੀ ਦਾ ਜ਼ਿਕਰ ਕੀਤਾ ਗਿਆ। ਕਰਤਾਰ ਸਿੰਘ ਦੇ ਦੋਵੇਂ ਪਾਸਿਆਂ ਵੱਲ ਬਿਆਨ ਅਤੇ ਅੰਤ ਮੈਜਿਸਟ੍ਰੇਟ ਦੁਆਰਾ ਤਸਦੀਕ ਹਲਫੀਆਂ ਬਿਆਨ ਨੂੰ ਸਹੀ ਦੱਸਣਾ ਹੋਰ ਵੀ ਗੰਭੀਰ ਸੁਆਲ ਖੜੇ ਕਰਦਾ ਹੈ। ਸਭਾ ਮੰਗ ਕਰਦੀ ਹੈ ਕਿ ਇਸ ਦੀ ਤਹਿ ਤੱਕ ਜਾ ਕੇ ਕੇਸ ਦੀ ਅਸਲੀਅਤ ਲੋਕਾਂ ਸਹਮਣੇ ਲਿਆਂਦੀ ਜਾਵੇ। ਦੋਸ਼ੀ ਪਾਏ ਜਾਣ ਵਾਲੇ ਵਿਅਕਤੀ/ਵਿਅਕਤੀਆਂ ਨੂੰ ਕਟਹਿਰੇ ਅੰਦਰ ਖੜਾ ਕੀਤਾ ਜਾਵੇ।
4. ਗੁਰਦਵਾਰੇ ਅੰਦਰ ਠਹਿਰਦੇ ਯਾਤਰੀਆਂ ਅਤੇ ਪਿੰਗਲਵਾੜੇ ਵਿੱਚ ਰਹਿੰਦੇ ਵਿਅਕਤੀਆਂ ਆਦਿ ਦਾ ਕੋਈ ਲਿਖਤੀ ਰੀਕਾਰਡ ਮੌਜੂਦ ਨਹੀਂ ਜੋ ਕਿ ਢੁਕਵੇਂ ਤੌਰ 'ਤੇ ਰੱਖਿਆ ਜਾਣਾ ਚਾਹੀਦਾ ਹੈ।
5. ਅਜਿਹੀਆਂ ਸੰਸਥਾਵਾਂ ਲੋਕਾਂ ਨਾਲ ਸੰਬੰਧਤ ਹੁੰਦੀਆਂ ਹਨ ਤੇ ਲੋਕਾਂ ਦੇ ਦਿੱਤੇ ਦਾਨ/ਚੜ੍ਹਾਵੇ ਆਦਿ ਦੇ ਸਿਰ 'ਤੇ ਚਲਦੀਆਂ ਹਨ। ਲੋਕਾਂ ਦਾ ਇਹ ਹੱਕ ਬਣਦਾ ਹੈ ਕਿ ਇਨ੍ਹਾਂ ਸੰਸਥਾਵਾਂ ਦੇ ਬਜਟ 'ਤੇ ਨਜਰਸਾਨੀ ਅਤੇ ਕੰਟਰੋਲ ਲਈ ਦਖ਼ਲ ਦੇਣ ਅਤੇ ਇਨ੍ਹਾਂ ਧਾਰਮਿਕ ਅਦਾਰਿਆਂ ਦਾ ਵੀ ਫ਼ਰਜ਼ ਬਣਦਾ ਹੈ ਕਿ ਇਸ ਸਬੰਧੀ ਪੂਰੀ ਜਾਣਕਾਰੀ ਲੋਕਾਂ ਅੱਗੇ ਪੇਸ਼ ਕਰਨ।

000

# 19. ਮੂਰਖ ਕੇ ਕਿਆ ਲਖਣ ਹੈ....?
## (ਗੰਨਿਆਂ ਨੂੰ ਕੀਰਤਨ ਸੁਣਾਉਣਾ)

ਕਸਬਾ ਮਲੌਂਦ ਨੇੜੇ ਪਿੰਡ ਬਾਲੇਵਾਲ ਵਿਖੇ, 'ਗੁਰਦਵਾਰਾ ਤਪ ਅਸਥਾਨ ਕੋਠੀ ਸਾਹਿਬ' ਦੇ ਅਖੌਤੀ ਸੰਤ, ਗੁਰਜੰਟ ਸਿੰਘ ਨੇ ਸਮੁੱਚੀ ਸਿੱਖ ਕੌਮ ਨੂੰ ਮੂਰਖ ਬਣਾਉਣ ਦਾ ਇਕ ਨਵਾਂ 'ਮਾਅਰਕਾ' ਮਾਰਿਆ ਹੈ। ਸੈਂਤੀ ਵਿਘੇ (ਕਰੀਬ ਅੱਠ ਕਿਲੇ) ਜ਼ਮੀਨ ਵਿੱਚ ਕਮਾਦ ਬੀਜਿਆ ਹੈ। ਇਸ ਕਮਾਦ ਦੀ ਚਾਰੇ ਬੰਨੇ ਅਖਬਾਰਾਂ ਵਿੱਚ ਖ਼ੂਬ ਚਰਚਾ ਹੋ ਰਹੀ ਹੈ। ਇਸ ਦੀ ਵਿਸ਼ੇਸ਼ ਮਹਾਨਤਾ ਇਹ ਬਿਆਨੀ ਗਈ ਹੈ :

1. ਖੇਤ ਵਿੱਚ ਕੰਮ ਕਰਨ ਵਾਲੇ ਸਾਰੇ ਸਿੰਘ ਅੰਮ੍ਰਿਤਧਾਰੀ ਹੋਣਗੇ।
2. 202 ਅਖੰਡ ਪਾਠ ਗੰਨਿਆਂ ਨੂੰ ਸੁਣਾ ਕੇ ਖੇਤ ਵਿੱਚ ਕੀਤੇ ਜਾਣਗੇ।
3. ਖੇਤਾਂ ਵਿੱਚ ਚੌਵੀ ਘੰਟੇ ਕੀਰਤਨ ਹੁੰਦਾ ਰਹੇਗਾ।
4. ਕਮਾਦ ਵੱਢ ਕੇ ਪਤਾਸੇ ਤਿਆਰ ਕਰਨ ਦੀ ਸੇਵਾ ਅੰਮ੍ਰਿਤਧਾਰੀ ਸਿੰਘ ਕਰਨਗੇ।
5. ਇਨ੍ਹਾਂ ਪਵਿੱਤਰ ਪਤਾਸਿਆਂ ਤੋਂ ਫਿਰ 'ਅਸਲੀ ਅੰਮ੍ਰਿਤ' ਤਿਆਰ ਕੀਤਾ ਜਾਵੇਗਾ।
6. ਇਸ ਤਰ੍ਹਾਂ 'ਅਸਲੀ ਅੰਮ੍ਰਿਤ' ਨਾਲ ਸਿੱਖੀ ਦੀ ਚੜ੍ਹਦੀ ਕਲਾ ਹੋਵੇਗੀ।
7. ਅਖੌਤੀ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ, ਇਸ ਨੂੰ 'ਮਹਾਨ ਸੇਵਾ' ਗਰਦਾਨਿਆ ਹੈ।
8. ਇਹ ਸ਼ੁੱਧ ਪਤਾਸੇ ਅੰਮ੍ਰਿਤ ਤਿਆਰ ਕਰਨ ਲਈ ਪੰਜਾਂ ਤਖ਼ਤਾਂ ਰਾਹੀਂ ਵਧੀਆ ਤਰੀਕੇ ਵਿਦੇਸ਼ਾਂ ਨੂੰ ਭੇਜੇ ਜਾਣਗੇ।

ਅਗਸਤ 18, 06 ਦੇ ਅਖ਼ਬਾਰਾਂ ਵਿੱਚ ਇਹ ਸਾਰੀ ਰੀਪੋਰਟ ਛਪ ਚੁੱਕੀ ਹੈ। ਵੇਦਾਂਤੀ ਖੁਦ ਸਾਧ ਗੁਰਜੰਟ ਸਿੰਘ ਦੇ ਉਸ ਪਿੰਡ ਵਿੱਚ ਜਾ ਕੇ, ਪਰਸੰਸਾ ਕਰ ਕੇ ਆਇਆ ਹੈ। ਆਉ ਹੁਣ ਇੱਕ ਇੱਕ ਨੁਕਤੇ ਦੀ, ਵਾਰੋ ਵਾਰੀ ਚੀਰ ਫਾੜ ਕਰੀਏ-

1. 'ਖੇਤ ਵਿੱਚ ਅੰਮ੍ਰਿਤਧਾਰੀ ਸਿੰਘ ਹੀ ਕੰਮ ਕਰਨਗੇ' - ਪਰ ਜਰਾ ਗਹਿਰਾਈ ਨਾਲ ਸੋਚੋ। ਇਨ੍ਹਾਂ ਸਾਰੇ ਸਿੰਘ ਨੇ ਤਾਂ 'ਪਵਿੱਤਰ ਪਤਾਸਿਆਂ' ਵਾਲਾ ਅੰਮ੍ਰਿਤ ਨਹੀਂ ਛਕਿਆ। ਫਿਰ ਇਹ ਤਾਂ ਚੰਗੇ ਗੁਰਸਿੱਖ ਹੀ ਨਹੀਂ ਹਨ ? ਜਿਨ੍ਹਾਂ ਨੇ ਪਹਿਲਾਂ ਅੰਮ੍ਰਿਤ ਹੀ ਪੂਰੀ 'ਪਵਿੱਤਰਤਾ' ਵਾਲਾ ਨਹੀਂ ਛਕਿਆ, ਫਿਰ ਉਹ ਗੰਨਿਆਂ ਦੇ ਖੇਤ ਵਿੱਚ ਜਦੋਂ ਕੰਮ ਕਰਨਗੇ ਤਾਂ ਗੰਨੇ ਭਿਟੇ ਨਹੀਂ ਜਾਣੇ, ਅਪਵਿੱਤਰ ਹੋ ਜਾਣਗੇ। ਜਿਸ ਧਰਤੀ ਵਿੱਚੋਂ ਗੰਨੇ ਖੁਰਾਕ ਪ੍ਰਾਪਤ ਕਰਨਗੇ, ਉਹ ਸਾਰੀ ਧਰਤੀ ਆਪਸ ਵਿੱਚ ਜੁੜੀ ਹੋਈ ਹੈ। ਤਰ੍ਹਾਂ ਤਰ੍ਹਾਂ ਦੀਆਂ ਚੰਗੀਆਂ ਮੰਦੀਆਂ ਚੀਜ਼ਾਂ ਧਰਤੀ 'ਤੇ ਫੈਲੀਆਂ ਪਈਆਂ ਹਨ। ਖਾਦ ਤੋਂ ਬਿਨਾਂ ਫਸਲ ਹੋ ਨਹੀਂ ਸਕਦੀ। ਗਲੀ ਸੜੀ ਰੂੜੀ ਦੀ ਖਾਦ, ਮਲ ਮੂਤਰ ਤੋਂ ਬਣਦੀ ਹੈ। ਫਿਰ ਇਹ ਗੰਦਗੀ ਵਾਲੀ ਖਾਦ ਨੂੰ 'ਪਵਿੱਤਰ' ਕਿਵੇਂ ਕੀਤਾ ਜਾਵੇਗਾ ? ਜੇ ਝਿੰਜਣ ਆਦਿ ਦੀ ਹਰੀ ਖਾਦ ਵੀ ਖੇਤ ਵਿੱਚ ਪਾਉਣੀ ਹੋਵੇ, ਤਾਂ ਉਸ ਦੀ ਤਿਆਰੀ ਵਾਸਤੇ ਛੇ ਮਹੀਨੇ ਦਾ ਵਕਤ ਚਾਹੀਦਾ ਹੁੰਦਾ ਹੈ। ਵੈਸੇ ਹਰੀ ਖਾਦ ਵੀ ਗਲ ਸੜ ਕੇ ਮਲ ਮੂਤਰ ਵਰਗੀ ਬਦਬੂਦਾਰ ਹੀ ਬਣ ਜਾਂਦੀ ਹੈ। ਪਾਣੀ ਭਾਵੇਂ ਧਰਤੀ ਵਿੱਚੋਂ ਕੱਢੋ, ਤੇ ਭਾਵੇਂ ਨਹਿਰ ਵਾਲਾ ਵਰਤੋ, ਉਸ ਦੀ ਤਾਸੀਰ ਇੱਕੋ ਜਿਹੀ ਹੈ। ਹੇਠਲੇ ਤਲ 'ਤੇ ਸਾਰਾ ਪਾਣੀ ਆਪਸ ਵਿੱਚ ਰਲਿਆ ਹੋਇਆ ਹੈ। ਨਹਿਰ ਵਾਲਾ ਪਾਣੀ ਕਿਨ੍ਹਾਂ ਕਿਨ੍ਹਾਂ ਹਾਲਤਾਂ ਵਿੱਚੋਂ ਦੀ ਲੰਘ ਕੇ, ਖੇਤਾਂ ਤੱਕ ਪਹੁੰਚਦਾ ਹੈ, ਸ਼ਾਇਦ ਸਾਰੇ ਹੀ ਚੰਗੀ ਤਰ੍ਹਾਂ ਜਾਣਦੇ ਹਨ। ਮਨੁੱਖਾਂ ਦਾ, ਪਸ਼ੂਆਂ ਦਾ, ਮਲ ਮੂਤਰ ਨਹਿਰੀ ਪਾਣੀ ਵਿੱਚ ਆਮ ਹੀ ਮਿਲਦਾ ਰਹਿੰਦਾ ਹੈ। ਜੇ ਡਾਈਮੋਨੀਆ ਜਾਂ ਖਾਦ ਆਦਿ ਪਾਇਆ ਜਾਵੇ ਤਾਂ ਉਸ ਦੀ ਬਣਤਰ ਵੀ 'ਪਵਿੱਤਰ' ਨਹੀਂ ਹੈ। ਹਵਾ ਉਡਦੀ ਹੋਈ ਹਜ਼ਾਰਾਂ ਮੀਲਾਂ ਤੋਂ ਚਲ ਕੇ, ਗੰਨਿਆਂ ਵਾਲੇ ਖੇਤ ਵਿੱਚੋਂ ਦੀ ਵੀ ਜ਼ਰੂਰ ਲੰਘੇਗੀ। ਇਸ ਹਵਾ ਵਿੱਚ ਬਹੁਤ ਪ੍ਰਦੂਸ਼ਣ ਤੇ ਗੰਦ ਰਲਿਆ ਹੋਇਆ ਹੁੰਦਾ ਹੈ। ਸਾਰੇ ਗੰਨੇ ਇਸ ਨਾਲ 'ਅਪਵਿੱਤਰ' ਹੋ ਜਾਣਗੇ। ਵੈਸੇ ਤਾਂ "ਮਹਾਂ ਸੰਤ" ਗੁਰਜੰਟ ਸਿੰਘ ਵਰਗਿਆਂ ਨੂੰ ਇਸ ਹਵਾ ਵਿੱਚੋਂ ਸਾਹ ਵੀ ਨਹੀਂ ਲੈਣਾ ਚਾਹੀਦਾ ਕਿਉਂਕਿ ਪਸ਼ੂ ਪੰਛੀ, ਜੀਵ-ਜੰਤੂ, ਤਰ੍ਹਾਂ ਤਰ੍ਹਾਂ ਦੇ ਮਨੁੱਖ ਇਸੇ ਹਵਾ ਵਿੱਚੋਂ ਸਾਹ ਲੈਂਦੇ ਹਨ। ਆਪਣੇ ਅੰਦਰਲੀ ਗੰਦੀ ਹਵਾ ਬਾਹਰ ਕਢਦੇ ਹਨ। ਮਲ ਮੂਤਰ ਦੀ ਹਵਾੜ, ਮੁਰਦੇ ਪਸ਼ੂਆਂ ਦੀ ਸੜਹਾਂਦ ਵੀ ਹਵਾ ਵਿੱਚ ਰਲੀ ਹੋਈ ਹੈ। ਇਸ ਤਰ੍ਹਾਂ ਜਦੋਂ ਮਨੁੱਖ ਹੀ 'ਪਵਿੱਤਰ' ਨਹੀਂ ਰਹੇ, ਤਾਂ ਗੰਨੇ ਕਿਵੇਂ ਪਵਿੱਤਰ ਰਹਿ ਜਾਣਗੇ ? ਉਂਝ ਯਾਦ ਰਹੇ, ਹਰ ਇਨਸਾਨ ਜੋ ਖਾਣਾ ਖਾਂਦਾ ਹੈ, ਪੇਟ ਵਿੱਚ ਜਾ ਕੇ ਉਸ ਦਾ ਮਲ ਮੂਤਰ ਬਣ ਜਾਂਦਾ ਹੈ। ਉਸ ਗਲੇ ਸੜੇ, ਪੇਟ ਅੰਦਰਲੇ ਮਲ ਮੂਤਰ ਵਿੱਚੋਂ, ਸਰੀਰ ਲਈ ਤਾਕਤ ਮਿਲਦੀ ਹੈ। ਲਹੂ, ਮਾਸ ਹੱਡੀਆਂ ਚਰਬੀ ਵਾਲ ਆਦਿ, ਸੱਭ ਉਸੇ 'ਗੰਦਗੀ' ਵਿੱਚੋਂ ਸ਼ਕਤੀ ਪ੍ਰਾਪਤ ਕਰਦੇ ਹਨ।

ਸੋਇਨੇ ਕਾ ਚਉਕਾ ਕੰਚਨ ਕੁਆਰ॥ ਰੁਪੇ ਕੀਆ ਕਾਰਾ ਬਹੁ ਬਿਸਥਾਰ॥

ਗੰਗਾ ਕਾ ਉਦਕ ਕਰੰਤੇ ਕੀ ਆਗਿ॥ ਗਰੁੜਾ ਖਾਣਾ ਦਧਿ ਸਿਉ ਗਾਡ॥
ਰੇ ਮਨ, ਲੇਖੈ ਕਬਹੂ ਨ ਪਾਇ॥ ਜਾਮਿ ਨ ਭੀਜੈ ਸਾਚ ਨਾਇ॥ (1168)

ਹੇ ਭਾਈ! ਭਾਵੇਂ ਤੂੰ ਸੋਨੇ ਦੀ ਰਸੋਈ ਬਣਾ ਲੈ, ਕੰਵਾਰੀ (ਪਵਿੱਤਰ) ਕੰਨਿਆ ਖਾਣਾ ਤਿਆਰ ਕਰੇ। ਚਾਂਦੀ ਦੀਆਂ ਦੁਆਲੇ ਕਾਰਾਂ (ਲਕੀਰਾਂ) ਕੱਢ ਲੈ, (ਕਈ ਤਰ੍ਹਾਂ ਦੀ ਪਵਿੱਤਰਤਾ)। ਗੰਗਾ ਦਾ ਪਵਿੱਤਰ ਪਾਣੀ ਭਾਵੇਂ ਵਰਤ। ਪੱਥਰ 'ਤੇ ਪੱਥਰ ਮਾਰ ਕੇ ਪੈਦਾ ਕੀਤੀ ਪਵਿੱਤਰ ਅੱਗ ਬਾਲ ਲੈ। ਸਵਾਦਲਾ ਪਵਿੱਤਰ ਖਾਣਾ ਦਹੀਂ ਨਾਲ, ਹੋਰ ਸੁਆਦਲਾ ਬਣਾ ਲੈ। ਪਰ ਹੇ ਮਨੁੱਖ! ਰੱਬੀ ਰਾਹ ਵਿੱਚ, ਇਹ ਵਿਖਾਵੇ ਦੀ, ਬਾਹਰਲੀ ਪਵਿੱਤਰਤਾ, ਕਿਸੇ ਲੇਖੇ ਵਿੱਚ ਨਹੀਂ ਹੈ। ਸੱਚਾਈ ਦੇ ਮਾਰਗ 'ਤੇ ਗਲਣਾ ਹੀ ਅਸਲੀ ਜ਼ਿੰਦਗੀ ਹੈ। ਬਾਕੀ ਸੱਭ ਫੋਕਟ ਕੂੜ ਕਿਰਿਆਵਾਂ ਹਨ।

2. 'ਖੇਤ ਵਿੱਚ ਦੋ ਸੌ ਦੋ ਅਖੰਡ ਪਾਠ' - ਸਾਰੇ ਗੁਰਦਵਾਰਿਆਂ ਵਿੱਚ, ਘਰਾਂ ਵਿੱਚ, ਮੜੀਆਂ ਤੇ ਕਬਰਾਂ ਵਿੱਚ, ਹਰ ਥਾਂ ਹਜ਼ਾਰਾਂ ਪਾਠ ਰੋਜ਼ਾਨਾ ਹੋ ਰਹੇ ਹਨ। ਵੱਡੇ ਵੱਡੇ ਸਪੀਕਰਾਂ ਰਾਹੀਂ, ਉਨ੍ਹਾਂ ਦੀ ਆਵਾਜ਼ ਮੀਲਾਂ ਤੱਕ ਸੁਣੀ ਜਾ ਸਕਦੀ ਹੈ। ਪਹਿਲਾਂ ਬੀਜੇ ਗੰਨਿਆਂ ਨੂੰ ਵੀ ਉਹ ਪਾਠ ਲੰਮੇ ਸਮੇਂ ਤੋਂ ਸੁਣਾਏ ਜਾ ਰਹੇ ਹਨ। ਅੱਜ ਤੱਕ ਉਹ ਸਾਰੇ ਖੇਤਾਂ ਵਿਚਲੇ ਗੰਨੇ ਤੇ ਅਨਾਜ, ਕਿਉਂ ਪਵਿੱਤਰ ਨਹੀਂ ਹੋਏ? ਕੀ ਗੁਰੂ ਜੀ ਨੇ ਇਹ ਬਾਣੀ ਮਨੁੱਖਾਂ ਦੇ ਜੀਵਨ ਸੁਧਾਰ ਵਾਸਤੇ ਉਚਾਰਣ ਕੀਤੀ ਹੈ, ਜਾਂ ਫਸਲਾਂ ਨੂੰ ਸੁਣਾਉਣ ਲਈ? ਇਸ ਬਾਣੀ ਨੂੰ ਪੜ੍ਹ ਕੇ ਪ੍ਰਬੰਧਕਾਂ, ਪ੍ਰਚਾਰਕਾਂ, ਪਾਠੀਆਂ ਕੀਰਤਨੀਆਂ ਅਤੇ ਸਿੱਖਾਂ ਦੇ ਮੁਖੀਆਂ ਵਿੱਚ ਤਾਂ ਕੋਈ ਸੁਧਾਰ ਆਇਆ ਪ੍ਰਤੀਤ ਨਹੀਂ ਹੁੰਦਾ। ਕੀ ਗੰਨਿਆਂ 'ਤੇ ਇਸ ਦਾ ਅਸਰ ਹੋ ਜਾਵੇਗਾ? ਗੁਰਬਾਣੀ ਦਾ ਫੁਰਮਾਨ ਤਾਂ ਇਉਂ ਹੈ:

ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ, ਤੂ ਬਨਿ ਚਾਤੁਰ ਰੇ॥
ਅਪੁਨਾ ਆਪੁ ਤੂ ਕਬਹੁ ਨ ਛੋਡਸਿ, ਪਿਸਨ ਪ੍ਰੀਤਿ ਜਿਉ ਰੇ॥ (990)

ਹੇ ਮੂਰਖ ਇਨਸਾਨ! ਤੂੰ ਬਹੁਤ ਚਤੁਰ ਬਣਿਆ ਫਿਰਦਾ ਹੈਂ, ਪਰ ਤੇਰੇ ਅੰਦਰ ਖੋਟ ਹੈ। ਉਹ ਅੰਦਰ ਦਾ ਖੋਟ ਖ਼ਤਮ ਨਹੀਂ ਹੁੰਦਾ, ਭਾਵੇਂ ਤੂੰ ਅੰਮ੍ਰਿਤ ਪੀ ਲਵੇਂ, ਭਾਵੇਂ ਖੰਡ ਘੋਲ ਕੇ ਪੀਂਦਾ ਰਵੇਂ। ਭਾਵੇਂ ਨਿੱਤ ਦਿਨ ਦੁੱਧ ਪੀਂਦਾ ਰਵੇਂ ਤੇ ਭਾਵੇਂ ਸ਼ਹਿਦ ਪੀ ਲਵੇਂ, ਤਾਂ ਵੀ ਤੇਰੇ ਗੰਦੇ ਵਿਚਾਰ (ਖੋਟੀ ਮਤ) ਬਦਲਦੇ ਨਹੀਂ ਹਨ। ਤੇਰੀ ਹਾਲਤ ਤਾਂ ਐਸੀ ਹੈ ਜਿਵੇਂ ਗਊ ਮੱਝ ਦੇ ਥਣਾਂ ਨਾਲ, ਚਿੱਚੜ ਲੱਗੇ ਹੁੰਦੇ ਹਨ। ਉਹ ਚਿੱਚੜ ਦੁੱਧ ਦੇ ਸੋਮੇ ਕੋਲ ਰਹਿ ਕੇ ਵੀ ਦੁੱਧ ਨਹੀਂ ਪੀਂਦੇ, ਗਊ ਮੱਝ ਦਾ ਖ਼ੂਨ ਪੀਂਦੇ ਹਨ। ਤੇਰੀ ਹਾਲਤ ਚਿੱਚੜਾਂ ਵਰਗੀ ਹੀ ਹੋ ਗਈ ਹੈ।

3. 'ਖੇਤਾਂ ਵਿੱਚ ਚੌਵੀ ਘੰਟੇ ਕੀਰਤਨ ਹੁੰਦਾ ਰਹੇਗਾ' -ਅੱਖਾਂ ਖੋਹਲ ਕੇ ਕਦੀ ਵੇਖਿਆ ਹੁੰਦਾ। ਹੁਣ ਤਾਂ ਸੈਟੇਲਾਈਟ ਚੈਨਲਾਂ ਰਾਹੀਂ, ਸਾਰੀ ਹਵਾ ਵਿੱਚ, ਸਾਰੀ

ਧਰਤੀ 'ਤੇ, ਸਾਰੀ ਦੁਨੀਆਂ ਵਿੱਚ, ਕੀਰਤਨ ਪਹਿਲਾਂ ਹੀ ਫੈਲਿਆ ਪਸਰਿਆ ਹੋਇਆ ਹੈ। ਜਲੰਧਰ ਰੇਡੀਓ, ਦਰਬਾਰ ਸਾਹਿਬ ਤੋਂ ਸਿੱਧਾ ਪ੍ਰਸਾਰਣ, ਤੇ ਹੋਰ ਬਹੁਤ ਸਾਰੇ ਚੈਨਲ ਪਹਿਲਾਂ ਹੀ ਇਹ 'ਸੇਵਾ' ਕਰ ਰਹੇ ਹਨ। ਜੇ ਉਨ੍ਹਾਂ ਦੇ ਕੀਰਤਨ ਨਾਲ ਸ਼ੁੱਧਤਾ ਨਹੀਂ ਆਈ, ਤਾਂ ਤੁਹਾਡੇ ਵਾਲੇ ਕੀਰਤਨ ਨਾਲ ਕਿਵੇਂ ਸ਼ੁੱਧਤਾ ਆ ਜਾਵੇਗੀ ? ਗੁਰੂ ਸਾਹਿਬ ਜੀ ਤਾਂ ਇਉਂ ਸਮਝਾ ਰਹੇ ਹਨ :

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ, ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ, ਤਿਨਾ ਰੋਇ ਕਿਆ ਕੀਜੈ ॥ (450)

ਹੇ ਭਾਈ ! ਬਹੁਤ ਸਾਰੇ ਲੋਕ ਰਾਗਾਂ ਦੀਆਂ ਬੰਦਸਾਂ ਵਿੱਚ, ਗਲੇ ਨੂੰ ਸਾਧ ਕੇ ਗਾਉਂਦੇ ਹਨ ਪਰ ਕੇਵਲ ਗਾਉਣ ਮਾਤਰ ਨਾਲ, ਵਾਹਿਗੁਰੂ ਨੂੰ ਪ੍ਰਸੰਨ ਨਹੀਂ ਕੀਤਾ ਜਾ ਸਕਦਾ। ਜਿਨ੍ਹਾਂ ਗਵੱਈਆਂ ਦੇ ਅੰਦਰ ਕਪਟ ਜਾਂ ਖੋਟ ਹੈ, ਮਾਨੋ ਉਹ ਤਾਂ ਗਾ ਨਹੀਂ ਰਹੇ, ਸਗੋਂ ਰੋਂਦੇ ਹੋਏ ਚੀਕਾਂ ਮਾਰ ਰਹੇ ਹਨ। ਅਸਲ ਗੱਲ ਸੀ ਉਨ੍ਹਾਂ ਦਾ ਆਪਣਾ ਜ ੀ ਵ ਨ ਸੰਵਰ ਜਾਂਦਾ।

4. 'ਖੇਤਾਂ ਵਿੱਚ ਕੰਮ ਕਰਨ ਵਾਲੇ ਅੰਮ੍ਰਿਤਧਾਰੀ ਸਿੰਘ ਹੋਣਗੇ'-ਇਨ੍ਹਾਂ 'ਅੰਮ੍ਰਿਤਧਾਰੀ ਸਿੰਘਾਂ' ਨੇ ਤਾਂ 'ਅਸਲੀ ਪਤਾਸਿਆਂ' ਵਾਲਾ ਅੰਮ੍ਰਿਤ ਛਕਿਆ ਹੀ ਨਹੀਂ। ਫਿਰ ਇਨ੍ਹਾਂ ਨੂੰ ਸੇਵਾ ਕਰਨ ਦਾ ਅਧਿਕਾਰ ਕਿਵੇਂ ਮਿਲ ਗਿਆ ? ਅਸਲੀ ਅੰਮ੍ਰਿਤ ਤਾਂ ਹਾਲੀ ਤਿਆਰ ਕੀਤਾ ਜਾਣਾ ਹੈ। ਹੁਣ ਤੋਂ ਪਹਿਲਾਂ ਵਾਲਾ ਤਾਂ ਇਸ ਹਿਸਾਬ ਨਾਲ ਸਾਰਾ ਹੀ 'ਨਕਲੀ ਅੰਮ੍ਰਿਤ' ਹੈ। ਅਜਿਹੇ ਪਖੰਡੀ ਸਾਧ, ਜਿਨ੍ਹਾਂ ਮੱਝਾਂ ਗਾਵਾਂ ਦਾ ਦੁੱਧ ਪੀਂਦੇ ਹਨ, ਲਗਦੈ ਉਨ੍ਹਾਂ ਨੂੰ ਵੀ ਅੰਮ੍ਰਿਤ ਛਕਾਉਣਗੇ। ਭਲਾ ਕਿਹੋ ਜਿਹੀਆਂ ਦਿਸਣਗੀਆਂ ਗਾਵਾਂ ਮੱਝਾਂ ? ਜੇ ਗਾਤਰੇ ਕਿਰਪਾਨਾਂ ਪਾਈਆਂ ਹੋਣ, ਕਛਹਿਰੇ ਸਜਾਏ ਹੋਣ ? ਸਿਰ 'ਤੇ ਕੇਸ ਨਹੀਂ ਹਨ ਗੁੱਤ ਜੂੜਾ ਕਿਵੇਂ ਕਰਨਗੀਆਂ, ਕੰਘਾਂ ਕਿੱਥੇ ਅਟਕੇਗਾ ? ਗੁਰ ਫੁਰਮਾਨ ਤਾਂ ਇਉਂ ਹਨ :

ਜਿਸੁ ਜਲਨਿਧਿ ਕਾਰਣਿ ਤੁਮ ਜਗਿ ਆਇ, ਸੋ ਅੰਮ੍ਰਿਤ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥ (598)

ਹੇ ਮਨੁੱਖ ! ਜਿਸ ਅੰਮ੍ਰਿਤ (ਨੇਕ ਜੀਵਨ) ਦੀ ਪ੍ਰਾਪਤੀ ਵਾਸਤੇ ਤੂੰ ਸੰਸਾਰ ਵਿੱਚ ਆਇਆ ਹੈਂ, ਉਹ ਅਮੁੱਲਾ ਅੰਮ੍ਰਿਤ (ਗੁਰੂ ਦਾ ਉਪਦੇਸ਼) ਗੁਰੂ ਤੋਂ ਮਿਲਦਾ ਹੈ। ਤੂੰ ਧਾਰਮਕ ਪਖੰਡ ਕਰਨੇ ਤਿਆਗ ਦੇਹ। ਚਤੁਰਾਈਆਂ ਕਰਨੀਆਂ ਛੱਡ ਦੇ। ਆਪਣੇ ਮੂਰਖ ਮਨ ਦੇ ਪਿਛੇ ਲੱਗ ਕੇ, ਦੁਚਿਤੇਪਨ ਵਿੱਚ ਤੂੰ ਕੁੱਝ ਵੀ ਪ੍ਰਾਪਤ ਨਹੀਂ ਕਰ ਸਕੇਂਗਾ।

5. 'ਇਨ੍ਹਾਂ' ਅਸਲੀ ਪਤਾਸਿਆਂ ਤੋਂ ਅੰਮ੍ਰਿਤ ਤਿਆਰ ਕੀਤਾ ਜਾਵੇਗਾ' – ਵੈਸੇ

ਸਿੱਖੀ ਦੀ ਨੀਂਹ ਟਿਕੀ ਨੂੰ ਪੰਜ ਸੌ ਸਾਲ ਹੋ ਗਏ, ਅਜਿਹੀ 'ਲਾ ਜੁਆਬ ਸੋਚ' ਅੱਜ ਤੱਕ ਕਿਸੇ ਨੂੰ ਨਾ ਫੁਰੀ। ਪੰਥ ਵਿੱਚ ਮੂਰਖ ਬੜੇ ਹਨ, ਕਮੀਣੇ ਬਹੁਤ ਹਨ, ਪਰ ਆਹ ਭਾਈ ਗੁਰਜੰਟ ਸਿੰਘ ਤਾਂ ਸੱਭ ਨੂੰ ਪਿਛਾਂਹ ਛੱਡ ਗਿਆ। ਅਜਿਹਾ ਵਜਨੀ ਪਖੰਡ ਤਾਂ ਸ਼ਾਇਦ ਕੋਈ ਬਿਪਰ ਪੁਜਾਰੀ ਵੀ ਨਾ ਕਰ ਸਕੇ। ਗੁਰੂ ਸਾਹਿਬਾਨ ਦੀ ਸੋਚ ਇੱਥੋਂ ਤੱਕ ਨਾ ਅਪੜੀ। ਗੁਰੂ ਗੋਬਿੰਦ ਸਿੰਘ ਜੀ ਨੇ ਗੁੜ ਜਾਂ ਸ਼ਕਰ ਹੀ ਪਾਣੀ ਵਿੱਚ ਘੋਲ ਲਈ! ਵੈਸੇ ਇਸ ਨੂੰ ਮਿਠਾ ਕਰਨਾ ਕੋਈ ਜ਼ਰੂਰੀ ਨਹੀਂ ਹੈ। ਪੁਰਾਤਨ ਕਿਸੇ ਸਰੋਤ ਵਿੱਚ ਪਤਾਸਿਆਂ ਦਾ ਜ਼ਿਕਰ ਨਹੀਂ ਮਿਲਦਾ। ਫਿਰ ਵੀ ਆਹ ਭਾਊ ਗੁਰੂ ਜੀ ਨਾਲੋਂ ਵੀ, ਸ਼ੁੱਧ ਤੇ ਪਵਿੱਤਰ ਅੰਮ੍ਰਿਤ ਤਿਆਰ ਕਰੇਗਾ। ਉਦੋਂ ਤਾਂ ਪਾਣੀ ਵੀ ਸਤਲੁਜ ਦਰਿਆਂ ਵਿੱਚੋਂ ਹੀ ਵਰਤ ਲਿਆ ਸੀ। ਖੰਡਾ ਤੇ ਬਾਟਾ ਜਿਸ ਲੋਹੇ ਦਾ ਬਣਦਾ ਹੈ, ਉਹ ਬਿਹਾਰ ਦੀਆਂ ਖਾਣਾ ਵਿੱਚੋਂ ਨਿਕਲਦਾ ਹੈ। ਬੀੜੀਆਂ ਸ਼ਰਾਬਾਂ ਪੀਣ ਵਾਲੇ ਲੋਕ ਉਥੇ ਕੰਮ ਕਰਦੇ ਹਨ। ਜਿਥੇ ਲੋਹਾ 'ਸ਼ੁੱਧ' ਕੀਤਾ ਜਾਂਦਾ ਹੈ, ਉਥੇ ਵੀ ਗ਼ੈਰ ਸਿੱਖ ਕੰਮ ਕਰਦੇ ਹਨ। ਅੱਜ ਤੱਕ ਸਾਰਾ ਸਿੱਖ ਪੰਥ ਕਮਲਾ ਹੋਇਆ, ਵਕਤ ਕਟੀ ਕਰਦਾ ਆ ਰਿਹਾ ਸੀ। 'ਗ਼ਲਤ ਤਰੀਕੇ ਦਾ ਅੰਮ੍ਰਿਤ ਛਕ ਕੇ', ਗ਼ਲਤੀਆਂ ਕਰਦਾ ਆ ਰਿਹਾ ਸੀ। ਲਉ ਜੀ ਅੱਗੇ ਨੂੰ 'ਸ਼ੁੱਧ ਅੰਮ੍ਰਿਤ' ਛਕਣ ਵਾਲੇ ਕਦੀ ਗ਼ਲਤੀ ਨਹੀਂ ਕਰਨਗੇ। ਦਸਮ ਪਾਤਿਸ਼ਾਹ ਨਾਲੋਂ ਵੀ 'ਸਿਆਣੇ' ਹੋ ਜਾਣਗੇ। ਗੁਰਬਾਣੀ ਤਾਂ ਕੁੱਝ ਹੋਰ ਸਮਝਾਉਂਦੀ ਹੈ–

ਗੁਰ ਕੀ ਬਾਨੀ ਮੀਠੀ ਅੰਮ੍ਰਿਤਧਾਰ॥ ਜਿਨਿ ਪੀਤੀ ਤਿਸੁ ਮੋਖ ਦੁਆਰ॥ (1275)

ਹੇ ਭਾਈ! ਗੁਰੂ ਦੀ ਬਾਣੀ (ਉਪਦੇਸ਼) ਅਤਿ ਮਿੱਠੀ ਹੈ। ਜਿਨ੍ਹਾਂ ਨੇ ਜੀਵਨ ਵਿੱਚ ਬਸਾਈ ਉਹ ਬੰਧਨਾਂ ਤੋਂ ਮੁਕਤ ਹੋ ਗਏ।

6. 'ਅਸਲੀ ਅੰਮ੍ਰਿਤ' ਨਾਲ ਸਿੱਖਾਂ ਦੀ ਚੜ੍ਹਦੀ ਕਲਾ ਹੋਵੇਗੀ – ਇੱਕ ਥਾਵੇਂ ਪੰਥ ਦੇ ਮੁਖੀ ਡੂੰਘੀ ਸੋਚ ਵਿਚਾਰ ਕਰਦਿਆਂ ਸਲਾਹ ਦੇ ਰਹੇ ਸਨ, ਕਿ ਪੰਥ ਦੀ ਚੜ੍ਹਦੀ ਕਲਾ ਵਾਸਤੇ ਸਕੂਲ ਖੋਹਲੇ ਜਾਣ। ਦੂਜਾ ਆਖੇ ਕਾਲਜ ਸ਼ੁਰੂ ਕੀਤੇ ਜਾਣ। ਤੀਜਾ ਆਖੇ ਹਸਪਤਾਲ ਬਣਾਓ। ਚੌਥਾ ਆਖੇ, ਗੁਰਦਵਾਰੇ, ਧਰਮਸ਼ਾਲਾ ਬਹੁਤੀਆਂ ਬਣਾਓ। ਕੋਈ ਸਲਾਹ ਦੇਵੇ, ਕਿਤਾਬਾਂ ਆਦਿ ਛਾਪ ਕੇ ਪ੍ਰਚਾਰ ਕਰੋ। ਸਾਰਾ ਦਿਨ ਬੀਤ ਗਿਆ, ਗੱਲ ਸਿਰੇ ਨਾ ਲੱਗੇ। ਹਰ ਕੰਮ 'ਤੇ ਖ਼ਰਚਾ ਬਹੁਤਾ ਆਵੇ, ਕੀ ਕਰੀਏ ? ਪਿੱਛੇ ਬੈਠਾ ਦੇਰ ਤੋਂ ਚੁੱਪ ਇੱਕ 'ਟਕਸਾਲੀ ਅਕਾਲੀ' ਆਪਣੀ ਗੰਭੀਰ ਚੁੱਪ ਨੂੰ ਤੋੜਦਿਆਂ ਬੋਲਿਆ–'ਕਿਉਂ ਸਾਰੇ ਮੂਰਖਾਂ ਵਾਲੀਆਂ ਗੱਲਾਂ ਕਰੀ ਜਾ ਰਹੇ ਹੋ ? ਮੇਰੀ ਗੱਲ ਧਿਆਨ ਨਾਲ ਸੁਣੋ। ਖਰਚਾ ਘੱਟ ਆਵੇਗਾ ਤੇ ਪੰਥ ਦੀ ਚੜ੍ਹਦੀ ਕਲਾ ਬਹੁਤੀ ਹੋ ਜਾਵੇਗੀ। ਸਾਰੇ ਗੁਰਦਵਾਰਿਆਂ ਵਿੱਚ ਲੱਗੇ ਨਿਸ਼ਾਨ ਸਾਹਿਬ, ਵੀਹ ਵੀਹ ਫੁੱਟ ਉਚੇ ਕਰਵਾ

ਦਿਓ। ਆਪੇ ਸਿੱਖੀ ਉਚੀ ਹੋ ਗਈ। ਕਿਸੇ ਨੇ ਪ੍ਰਵਾਨਗੀ ਦੀ ਮੋਹਰ ਲਾਉਂਦਿਆਂ, ਜੈਕਾਰਾ ਗਜਾ ਦਿੱਤਾ-'ਬੋਲੇ ਸੋ ਨਿਹਾਲ... ਸਤਿ ਸ੍ਰੀ ਅਕਾਲ।' ਉਦੋਂ ਤੋਂ ਲੈ ਕੇ ਨਿਸ਼ਾਨ ਸਾਹਿਬ ਹੋਰ ਉਚੇ ਕੀਤੇ ਜਾ ਰਹੇ ਹਨ। ਇਸੇ ਤਰ੍ਹਾਂ ਆਹ ਨਵੇਂ ਉਠੇ ਸਾਧ ਗੁਰਜੰਟ ਸਿੰਘ ਨੇ ਸਿੱਖੀ ਨੂੰ 'ਉਚੀ' ਕਰਨ ਦਾ ਨਵਾਂ ਫਾਰਮੂਲਾ ਪੰਥ ਦੀ ਝੋਲੀ ਪਾ ਦਿੱਤਾ ਹੈ। ਜਿਸ 'ਤੇ ਪੰਥ ਦੇ ਸੱਭ ਤੋਂ ਨਖਿਧ ਜਥੇਦਾਰ ਨੇ ਉਸ ਦੀ ਪ੍ਰਸੰਸਾ ਕਰ ਕੇ, 'ਸਹੀ ਗੁਰਮਤਿ' ਹੋਣ ਦਾ ਸਰਟੀਫ਼ਿਕੇਟ ਜਾਰੀ ਕਰ ਦਿੱਤਾ। ਇਸ ਕੁਰਾਹੇ ਪਏ ਵਿਅਕਤੀ ਗੁਰਜੰਟ ਸਿੰਘ ਦੀ, ਵੇਦਾਂਤੀ ਨੇ ਇਉਂ ਪ੍ਰਸੰਸਾ ਕੀਤੀ - 'ਇਹ ਬੜਾ ਨੇਕ ਕੰਮ ਹੈ, ਇਸ ਭਾਈ ਨੇ ਇਤਿਹਾਸਕ ਕਾਰਜ ਅਰੰਭ ਕੀਤਾ ਹੈ। ਜਦੋਂ ਪੂਰੀ 'ਪਵਿੱਤਰਤਾ' ਨਾਲ ਪਤਾਸੇ ਤਿਆਰ ਹੋ ਜਾਣ ਤਾਂ ਸਾਨੂੰ ਦੱਸਿਆ ਜਾਵੇ। ਅਸੀਂ ਪੰਜੇ 'ਜਥੇਦਾਰ' ਪੂਰੀ 'ਮਰਿਆਦਾ ਅਨੁਸਾਰ' ਚੰਗੀ ਤਰ੍ਹਾਂ ਪੈਕ ਕਰ ਕੇ, ਦੇਸ਼ ਵਿਦੇਸ਼ਾਂ ਵਿੱਚ ਭੇਜਣ ਦੀ ਸੇਵਾ ਕਰਾਂਗੇ।'

ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ॥
ਮੂਰਖ ਹੋਵੈ ਸੁ ਉਨ ਕੀ ਰੀਸ ਕਰੇ, ਤਿਸੁ ਹਲਤਿ ਪਲਤਿ ਮੁਹੁ ਕਾਰਾ॥ (ਮ.੪ - 733)

ਗੁਰੂ ਚਰਨਾਂ ਨਾਲ ਜੁੜੇ ਸੇਵਕ ਸਿੱਖਾਂ ਭਗਤਾਂ ਨੂੰ ਵਾਹਿਗੁਰੂ ਜੀ ਨੇ ਅੰਮ੍ਰਿਤ ਦੇ ਭੰਡਾਰੇ ਧੁਰੋਂ ਹੀ ਬਖ਼ਸ਼ੇ ਹੋਏ ਹਨ। ਉਹ ਮਨੁੱਖ ਵੱਡਾ ਮੂਰਖ ਹੈ, ਜੋ ਗੁਰੂ ਦੀ ਉਚੀ ਸਿਖਿਆ ਛੱਡ ਕੇ ਹੋਰ ਪਖੰਡਾਂ ਵਿੱਚ ਪੈਂਦਾ ਹੈ। ਮਾਨੋ ਉਸ ਨੇ ਆਪਣੇ ਦੋਵੇਂ ਜਹਾਨ ਗਵਾ ਲਏ। ਰੱਬ ਦੇ ਸੱਚੇ ਇਨਸਾਫ਼ ਰਾਹੀਂ ਉਸ ਦਾ ਮੂੰਹ ਕਾਲਾ ਕੀਤਾ ਜਾਵੇਗਾ।

7. 'ਜਥੇਦਾਰ' ਵੇਦਾਂਤੀ ਵੱਲੋਂ ਪ੍ਰਸੰਸਾ - ਸਿੱਖ ਪੰਥ ਵਿੱਚ ਇਸ 'ਜਥੇਦਾਰ' ਨੇ ਜਿੰਨੀ ਖੁਨਾਮੀ ਆਪਣੇ ਪੱਲੇ ਪੁਆਈ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਈ। ਹਰ ਰੋਜ਼ ਸੈਂਕੜੇ ਵਿਅਕਤੀ ਅਕਾਲ ਤਖ਼ਤ 'ਤੇ ਜਾ ਕੇ, ਅਰਦਾਸ ਕਰ ਕੇ ਫਿਟਕਾਰਾਂ ਪਾਉਂਦੇ ਹੋਏ ਕਹਿੰਦੇ ਹਨ - 'ਅਸੀਂ ਸਾਰੇ ਤੈਨੂੰ ਅਕਾਲ ਤਖ਼ਤ ਦਾ 'ਜਥੇਦਾਰ' ਮੰਨਣ ਤੋਂ ਇਨਕਾਰ ਕਰਦੇ ਹਾਂ।' ਗਬਨ ਦੇ ਕੇਸ, ਦੋਸ਼ੀ ਵਿਅਕਤੀਆਂ ਤੋਂ ਰਿਸ਼ਵਤ ਲੈਣ ਦੇ ਦੋਸ਼, ਆਰ.ਐਸ.ਐਸ. ਤੋਂ ਰਿਸ਼ਵਤ ਲੈ ਕੇ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਰਗੀ ਘਟੀਆ ਕਿਤਾਬ ਛਾਪਣ ਦੇ ਇਲਜ਼ਾਮ...। ਹੁਣ ਤਾਂ ਇਸ ਮਨੁੱਖ ਵਾਸਤੇ ਸਾਰੇ ਘਟੀਆ ਸ਼ਬਦ ਵੀ ਬੌਣੇ ਜਾਪਦੇ ਹਨ। ਇੰਨੇ ਪਾਪ ਕਰਮ ਇਹ ਵਿਅਕਤੀ ਕਰ ਚੁੱਕਿਆ ਹੈ ਕਿ ਗਿਣਤੀ ਕਰਨੀ ਮੁਸ਼ਕਿਲ ਹੈ। ਹੁਣ ਤਾਂ ਇਸ ਨੇ ਆਪਣੇ ਉਪਰ ਨਿੱਤ ਲੱਗ ਰਹੇ ਸੰਗੀਨ ਇਲਜ਼ਾਮਾਂ ਦੇ ਜਵਾਬ ਦੇਣ ਤੋਂ ਵੀ ਚੁੱਪ ਵੱਟ ਲਈ ਹੈ। ਅਖੇ ਕਰ ਲਓ ਮੇਰਾ ਕੀ ਕਰੋਗੇ ? ਮੁਹੰਮਦ ਇਕਬਾਲ ਤੋਂ ਮੁਆਫ਼ੀ ਮੰਗਦਿਆਂ, ਉਸ ਦੇ ਇੱਕ ਸ਼ਿਆਰ ਵਿੱਚ ਜਰਾ ਕੁ ਤਬਦੀਲੀ ਕਰ ਕੇ, ਲਿਖ ਰਿਹਾ ਹਾਂ :

ਮੁੱਦਤੋਂ ਗੁਜਰੀ ਇਤਨੀ, ਰੰਜ਼ੋ ਗ਼ਮ ਸਹਿਤੇ ਹੁਏ।
ਅਬ ਤੋਂ ਸ਼ਰਮ ਸੀ ਆਤੀ ਹੈ, 'ਜਥੇਦਾਰ ਕੋ ਜਥੇਦਾਰ' ਕਹਿਤੇ ਹੁਏ।

8. 'ਸ਼ੁੱਧ ਪਤਾਸੇ ਵਿਦੇਸ਼ਾਂ ਨੂੰ ਭੇਜਾਂਗੇ' – ਵਿਦੇਸ਼ਾਂ ਦੇ ਸ਼ਰਧਾਵਾਨ ਸਿੱਖਾਂ ਨੂੰ ਸਾਡੇ ਅਖੌਤੀ ਸੰਤਾਂ ਅਤੇ ਜਥੇਦਾਰਾਂ ਨੇ ਅਣਗਿਣਤ ਤਰੀਕਿਆਂ ਨਾਲ ਲੰਮੇ ਸਮੇਂ ਤੋਂ ਦੋਹੀਂ ਹੱਥੀ ਲੁੱਟਿਆ ਹੈ। ਕਦੀ ਧਰਮੀ ਫ਼ੌਜੀਆਂ ਦੇ ਨਾਮ 'ਤੇ, ਕਦੀ ਗੁਰਦਵਾਰਿਆਂ ਦੀ ਉਸਾਰੀ, ਕਦੀ ਸਕੂਲ, ਕਦੀ ਕਾਲਜ, ਕਦੀ ਖਾੜਕੂਆਂ ਦੀ ਸਹਾਇਤਾ, ਕਦੀ ਸਿਕਲੀਗਿਰਾਂ ਦੀ ਸੰਭਾਲ, ਕਦੀ ਯਤੀਮਾਂ ਦੀ ਪੜ੍ਹਾਈ, ਕਦੀ ਬੇ ਸਹਾਰਾ ਬੀਬੀਆਂ ਦੇ ਵਿਆਹ, ਕਦੀ ਨੇਤਰਹੀਣਾਂ ਦੀ ਸੇਵਾ, ਕਦੀ ਬਿਰਧ ਆਸ਼ਰਮ ਤੇ ਹਸਪਤਾਲ...। ਉਹ ਕਿਹੜਾ ਪਾਪ ਹੈ ਜੋ ਇਨ੍ਹਾਂ ਲੋਕਾਂ ਨੇ ਨਹੀਂ ਕੀਤਾ। ਪੈਸੇ ਬਹੁਤਿਆਂ ਨੇ ਡਕਾਰ ਲਏ, ਅਸਲ ਥਾਂ 'ਤੇ ਨਹੀਂ ਪਹੁੰਚੇ। ਹੁਣ ਨਵਾਂ ਹੋਰ ਸਿਰੇ ਦਾ ਕੁਫ਼ਰ ਸ਼ੁਰੂ ਕਰਵਾ ਦਿੱਤਾ। ਅਖੇ ਇਨ੍ਹਾਂ 'ਸ਼ੁੱਧ ਪਤਾਸਿਆਂ' ਨਾਲ, ਅਸਲੀ 'ਅੰਮ੍ਰਿਤ' ਤਿਆਰ ਹੋਵੇਗਾ। ਭਾਰਤ ਪੰਜਾਬ ਵਿੱਚੋਂ 5⊘✥✿☛☨ ਕੀਤਾ ਜਾਵੇਗਾ। ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵੇਚ ਕੇ ਵੀ ਲੋਕਾਂ ਨੇ ਵਿਦੇਸ਼ਾਂ ਵਿੱਚੋਂ ਡਾਲਰਾਂ ਦੀਆਂ ਪੰਡਾਂ ਇਕੱਠੀਆਂ ਕਰ ਲਈਆਂ। ਹੁਣ ਅੰਮ੍ਰਿਤ ਵੇਚ ਕੇ ਹੋਰ ਪੌਂਡ ਇਕੱਤਰ ਕੀਤੇ ਜਾਣਗੇ। ਬਜਾਏ ਇਸ ਘੋਰ ਪਾਪ ਕਰਮ ਨੂੰ ਰੋਕਣ ਦੇ ਸਾਧ ਗੁਰਜੰਟ ਸਿੰਘ ਨਾਲ, ਵੇਦਾਂਤੀ ਨੇ ਯਾਰੀ ਗੰਢ ਕੇ, ਹਿੱਸੇ ਪੱਤੀ ਕਰ ਲਈ ਲਗਦੀ ਹੈ। ਅਜਿਹੇ ਲੋਕਾਂ ਬਾਰੇ ਗੁਰਬਾਣੀ ਦਾ ਆਖ਼ਰੀ ਫ਼ੈਸਲਾ ਇਉਂ ਹੈ –

ਮੂਰਖੁ ਹੋਵੈ ਸੋ ਸੁਣੈ, ਮੂਰਖ ਕਾ ਕਹਣਾ॥ ਮੂਰਖ ਕੇ ਕਿਆ ਲਖਣ ਹੈ, ਕਿਆ ਮੂਰਖ ਕਾ ਕਰਣਾ॥
ਮੂਰਖੁ ਓਹੁ ਜਿ ਮੁਗਧੁ ਹੈ, ਅਹੰਕਾਰੇ ਮਰਣਾ॥ ਏਤੁ ਕਮਾਣੈ ਸਦਾ ਦੁਖੁ, ਦੁਖ ਹੀ ਮਹਿ ਮਰਣਾ॥
ਅਤਿ ਪਿਆਰਾ ਪਵੈ ਖੂਹਿ, ਕਿਹੁ ਸੰਜਮੁ ਕਰਣਾ॥ (953)

ਹੇ ਭਾਈ! ਮੂਰਖ ਬੰਦਾ ਹੀ ਮੂਰਖਾਂ ਦੀ ਮੂਰਖਤਾਈ ਨੂੰ ਸਹੀ ਕਰਾਰ ਦੇ ਦਿੰਦਾ ਹੈ। ਹੋਰ ਮੂਰਖ ਦੇ ਕੀ ਲੱਖਣ ਹੁੰਦੇ ਹਨ, ਮੂਰਖ ਕੀ ਕਰਦਾ ਹੈ? ਸਿਆਣੇ ਲੋਕ ਝੱਟ ਪਛਾਣ ਲੈਂਦੇ ਹਨ। ਮੂਰਖ, ਸਗੋਂ ਮਹਾਂ ਮੂਰਖ, ਆਪਣੇ ਆਪ ਨੂੰ ਸੱਭ ਤੋਂ ਸਿਆਣਾ ਵੀ ਮੰਨੀ ਬੈਠਾ ਹੈ। ਇਸੇ ਲਈ ਹੋਰ ਕਿਸੇ ਦੀ ਸਿਆਣੀ ਗੱਲ ਵੀ ਸੁਣਨ, ਮੰਨਣ ਲਈ ਤਿਆਰ ਨਹੀਂ। ਅਜਿਹਾ ਵਿਅਕਤੀ ਸਦਾ ਦੁੱਖ ਭੋਗਦਾ ਹੈ ਤੇ ਸਮੁੱਚੇ ਸਾਥੀਆਂ ਨੂੰ ਦੁਖੀ ਅਤੇ ਸ਼ਰਮਸਾਰ ਕਰਦਾ ਹੈ। ਇਸ ਤਰ੍ਹਾਂ ਕਰਦਾ ਆਤਮਕ ਮੌਤੇ ਮਰ ਜਾਂਦਾ ਹੈ। ਜਦੋਂ ਸਾਰੇ ਹੀਲੇ ਵਸੀਲੇ ਵਰਤਣ 'ਤੇ ਵੀ ਉਹ ਮੂਰਖ ਨਾ ਸਮਝੇ ਤਾਂ ਸਿਆਣੇ ਬੰਦੇ ਉਸ ਦਾ ਸਾਥ ਛੱਡ ਕੇ, ਵੱਖਰੇ ਹੋ ਜਾਂਦੇ ਹਨ। ਪਈ ਇਸ ਨੇ ਤਾਂ ਖੂਹ ਵਿੱਚ ਡਿੱਗਣਾ ਹੀ ਹੈ, ਅਸੀਂ ਤਾਂ ਨਾ ਡਿਗੀਏ। ਜੇ ਉਹ ਸਿਆਣਾ ਹੋਵੇ ਤਾਂ ਭੁੱਲ ਮੰਨ ਕੇ ਆਪਣੇ ਸਾਥੀਆਂ ਵਿੱਚ ਆ ਰਲੇ। ਬੋਲੋ ਜੀ ਪਤਾਸਿਆਂ ਵਾਲੇ ਸਾਧ ਦੀ ਜੈ।

000

# 20. ਭਾਈ, ਸਿਰਦਾਰ, ਕਿ ਸੰਤ........?

ਅਸੂਲਣ ਤੌਰ 'ਤੇ ਇਸ ਵਿੱਚ ਦੋ ਰਾਵਾਂ ਨਹੀਂ ਹਨ ਕਿ "ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (ਪੰਨਾ 982) ਹਰ ਇੱਕ ਸੁਚੇਤ ਸੇਵਕ ਵਿਚਾਰ ਸਹਿਤ ਗੁਰਬਾਣੀ ਪੜ੍ਹੇ, ਉਸ ਨੂੰ ਸਮਝੇ ਤੇ ਉਸ ਅਨੁਸਾਰ ਆਪਣਾ ਜੀਵਨ ਢਾਲਣ ਦੀ ਕੋਸ਼ਿਸ਼ ਕਰੇ। ਜਿਵੇਂ ਆਮ ਸਮਾਜ ਵਿੱਚ ਕੁੱਝ ਬਿਮਾਰੀਆਂ ਫੈਲ ਜਾਂਦੀਆਂ ਹਨ। ਉਨ੍ਹਾਂ ਦੇ ਇਲਾਜ ਲਈ ਦਵਾਈਆਂ ਅਤੇ ਡਾਕਟਰ (ਚੰਗੇ ਜਾਂ ਬੁਰੇ) ਭੀ ਆਣ ਪੁੱਜਦੇ ਹਨ। ਬਹੁਤੀ ਵਾਰੀ ਅਜਿਹਾ ਭੀ ਵੇਖਣ ਵਿੱਚ ਆਇਆ ਹੈ, ਬਿਮਾਰੀ ਹੁੰਦੀ ਨਹੀਂ, ਪੈਦਾ ਕਰ ਦਿੱਤੀ ਜਾਂਦੀ ਹੈ। ਜਾਂ ਇਉਂ ਕਹਿ ਲਈਏ, ਬਿਮਾਰੀ ਦਾ ਭਰਮ ਪੈਦਾ ਕਰ ਕੇ, ਭੈ ਭੀਤ ਕੀਤਾ ਜਾਂਦਾ ਹੈ। ਡਰਿਆ ਮਨੁੱਖ ਹੀ ਡਾਕਟਰ ਤੋਂ ਛਿੱਲ ਲੁਹਾਏਗਾ। ਸਿੱਖਾਂ ਵਿੱਚ ਗੁਰਬਾਣੀ ਪੜ੍ਹਨ ਵਿਚਾਰਨ ਤੋਂ ਅਵੇਸਲਾਪਣ ਹੈ। ਇਹ ਨਿਰਾਸਤਾ ਆਈ ਕਿਉਂ? ਇਸ ਦੇ ਜ਼ਿੰਮੇਵਾਰ ਸਿੱਖਾਂ ਦੇ ਧਰਮ ਮੁਖੀ ਹਨ। ਜਿਨ੍ਹਾਂ ਨੇ ਪੰਥ ਦੀ ਨਿੱਘਰ ਰਹੀ ਹਾਲਤ ਵੱਲ ਕਦੀ ਅੱਖ ਪੁੱਟ ਕੇ ਨਹੀਂ ਵੇਖਿਆ। ਇਸੇ ਗਫਲਤ ਕਾਰਨ ਹੋਰ ਕਈ ਬਿਮਾਰੀਆਂ ਪੈਦਾ ਹੋ ਗਈਆਂ ਇਨ੍ਹਾਂ ਵਿੱਚੋਂ ਇੱਕ ਬਿਮਾਰੀ ਹੈ "ਸਾਧ, ਸੰਤ, ਬ੍ਰਹਮਗਿਆਨੀ" ਅਖਵਾਉਣ ਵਾਲੇ ਲੁਟੇਰੇ ਟੋਲੇ। ਇਹ ਲੋਕ ਧੋਖੇਬਾਜ਼ੀਆਂ,

ਬੇਈਮਾਨੀਆਂ ਤਾਂ ਖ਼ੂਬ ਕਰਦੇ ਹਨ, ਪਰ ਉਂਝ ਹੁੰਦੇ ਨੇ ਕਾਇਰ ਬਿਰਤੀ ਵਾਲੇ ਤੇ ਪੂਰੇ ਹੱਡ ਹਰਾਮ, ਵਿਹਲੜ।

ਗੁਰੂ ਨਾਨਕ ਸਾਹਿਬ ਜੀ ਨੇ ਸਮਾਜੀ ਵਖਰੇਵਾਂ ਖਤਮ ਕਰਨ ਲਈ ਅਨੇਕਾਂ ਹੋਰ ਢੰਗ ਤਰੀਕੇ ਵਰਤੇ, ਉਥੇ ਇੱਕ ਅਤੀ ਮਹੱਤਵਪੂਰਨ ਸ਼ਬਦ ਪ੍ਰਚਲਤ ਕੀਤਾ ਸੀ "ਭਾਈ"। ਉਮਰ ਭਰ ਸਾਥ ਮਾਨਣ ਵਾਲੇ ਗੁਰੂ ਨਾਨਕ ਸਾਹਿਬ ਜੀ ਦੇ ਨਜ਼ਰੇ ਕਰਮ, ਮਰਦਾਨਾਂ ਜੀ ਸਨ "ਭਾਈ"। ਜਾਤੀ ਜਾਂ ਸਮਾਜੀ ਬੰਧਨ ਤੋੜ ਕੇ, ਧਾਰਮਕ ਰੋਕਾਂ ਉਲੰਘ ਕੇ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਦੇ "ਭਰਾ" ਸਨ। ਭਾਈ ਦਾ ਏਹੋ ਮਤਲਬ ਹੈ। ਉਸ ਸਮੇਂ ਦੇ ਹੋਰ ਬਹੁਤ ਸਾਰੇ ਸੇਵਕ ਸਿੱਖਾਂ ਦਾ ਨਾਮ, ਇਤਿਹਾਸ ਵਿੱਚੋਂ ਮਿਲ ਜਾਂਦਾ ਹੈ। ਜੋ ਸਾਰੇ ਹੀ ਭਾਈ ਲਕਬ ਨਾਲ ਸਤਿਕਾਰੇ ਜਾਂਦੇ ਸਨ। ਭਾਈ ਲਾਲੋ, ਭਾਈ ਸਨਮੁੱਖ, ਭਾਈ ਜੈ ਰਾਮ ਤੇ ਭਾਈ ਲਹਿਣਾ ਜੀ, ਜੋ ਬਾਅਦ ਵਿੱਚ ਗੁਰੂ ਪਦਵੀ ਨੂੰ ਪੁੱਜੇ। ਗੁਰੂ ਅਮਰਦਾਸ ਜੀ ਵਡੇਰੀ ਉਮਰ ਵਿੱਚ ਗੁਰੂ ਦੀ ਸੇਵਾ ਲਈ ਹਾਜ਼ਰ ਹੋਏ ਸਨ। ਇਸ ਲਈ ਸਾਰੇ ਉਨ੍ਹਾਂ ਨੂੰ "ਬਾਬਾ ਜੀ" ਜਾਂ ਬਾਬਾ ਅਮਰਦਾਸ ਜੀ ਆਖਣ ਲੱਗ ਪਏ। ਚੌਥੇ ਗੁਰੂ ਰਾਮਦਾਸ ਜੀ ਪਹਿਲਾਂ "ਭਾਈ" ਜੇਠਾ ਜੀ ਸਨ। ਇਹ ਉੱਤਮ ਰਵਾਇਤ ਇਸੇ ਤਰ੍ਹਾਂ ਅੱਗੇ ਪ੍ਰਵਾਹਿਤ ਹੁੰਦੀ ਰਹੀ। ਗੁਰਦਾਸ ਜੀ ਭਾਈ, ਬਿਧੀ ਚੰਦ ਭਾਈ, ਪਿਰਾਣਾ ਤੇ ਪਿਰਾਗਾ ਭਾਈ। ਮਤੀ ਦਾਸ, ਸਤੀ ਦਾਸ ਭਾਈ, ਮਨੀ ਸਿੰਘ ਭਾਈ। ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਤੇ ਸਾਹਿਬ ਸਿੰਘ ਜੀ, ਪੰਜੇ ਪਿਆਰੇ "ਭਾਈ" ਲਕਬ ਨਾਲ ਯਾਦ ਕੀਤੇ ਜਾਂਦੇ ਹਨ।

ਭਾਈ ਆਖਣ ਨਾਲ ਮਾਂ ਜਾਏ ਭਰਾ ਵਰਗਾ ਨਿੱਘਾ ਅਹਿਸਾਸ ਹੁੰਦਾ ਹੈ। ਵਿੱਥਾਂ ਦੂਰੀਆਂ ਖਤਮ ਹੁੰਦੀਆਂ ਨੇ, ਬਰਾਬਰਤਾ ਵਾਲਾ ਪਿਆਰ ਡਲਕਾਂ ਮਾਰਦਾ ਹੈ। ਗੁਰੂ ਕਾਲ ਵਿੱਚ ਸਾਰੇ ਸਿੱਖ "ਭਾਈ, ਭਾਈ" ਬਣੇ ਰਹੇ। ਔਰਤਾਂ ਨੂੰ ਮਾਈਆਂ ਆਖ ਕੇ ਸਤਿਕਾਰ ਦਿੱਤਾ ਜਾਂਦਾ ਸੀ। ਦੋਵਾਂ ਧਿਰਾਂ ਲਈ ਸਾਂਝਾ ਉਚਾਰਣ ਅੱਜ ਭੀ ਪ੍ਰਚਲਤ ਹੈ, "ਮਾਈ, ਭਾਈ"। ਮਿਸਲਾਂ ਦੇ ਸਮੇਂ ਵਿੱਚ ਭੀ ਕੋਈ ਸਿੱਖ ਵਖਰੇਵੇਂ ਵਾਲਾ ਲਕਬ ਆਪਣੇ ਨਾਮ ਨਾਲ ਨਹੀਂ ਜੋੜ ਸਕਿਆ। ਸਿੱਖ ਪੰਥ ਦੇ ਅਤੀ ਸਤਿਕਾਰੇ ਸੂਰਮੇ, ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ, ਕਪੂਰ ਸਿੰਘ ਆਦਿ ਦੇ ਨਾਵਾਂ ਨਾਲ ਭੀ ਪੁਰਾਤਨ ਲਿਖਤਾਂ ਵਿੱਚ ਭਾਈ ਸ਼ਬਦ ਹੀ ਵਤਿਆ ਗਿਆ ਹੈ। ਨਵਾਬ ਜਾਂ ਸਰਦਾਰ ਤਾਂ ਬਹੁਤ ਬਾਅਦ ਦੇ ਸ਼ਬਦ ਹਨ। ਰਣਜੀਤ ਸਿੰਘ ਨੇ ਸਾਰੀ ਉਮਰ ਤਾਜ ਜਾਂ ਕਲਗੀ ਨਹੀਂ ਲਾਈ। ਤਖ਼ਤ ਲਾ ਕੇ ਨਹੀਂ ਬੈਠਿਆ। ਉਪਰ ਲਈ ਨਜਾਮ ਹੈਦਰਾਬਾਦ ਨੇ ਬਹੁਤ ਕੀਮਤੀ ਚਾਨਣੀ ਭੇਜੀ ਸੀ। ਵੇਖਦਿਆਂ ਹੀ ਰਣਜੀਤ ਸਿੰਘ ਨੇ ਉਹ ਚਾਨਣੀ, ਦਰਬਾਰ ਸਾਹਬਿ ਅੰਮ੍ਰਿਤਸਰ ਅਰਪਣ ਕਰ ਦਿੱਤੀ। ਖ਼ੁਦ ਤਾਣ ਕੇ ਹੇਠਾਂ ਨਾ ਬੈਠਾ। ਇਹ ਮਹਾਰਾਜਾ ਵਾਲੀ ਲਿਖਤ ਤਾਂ ਅੰਗਰੇਜ਼ਾਂ ਦੀਆਂ ਲਿਖਤਾਂ ਵਿੱਚੋਂ ਆਈ ਹੈ।

ਕਿਉਂਕਿ ਅੰਗਰੇਜ਼ ਲੋਕ, ਜੇ ਰਣਜੀਤ ਸਿੰਘ ਨੂੰ ਇੱਕ ਸਿੱਖ ਰੂਪ ਵਿੱਚ ਪੇਸ਼ ਕਰਦੇ, ਤਦੋਂ ਇੱਕ ਤਾਂ ਆਮ ਸਿੱਖ ਦੀ ਉਸ ਨਾਲ ਦਿਲੀ ਹਮਦਰਦੀ ਵਧ ਜਾਣੀ ਸੀ। ਦੂਜਾ ਗੋਰਿਆਂ ਨੇ ਇੱਕ ਸ਼ਕਤੀਸ਼ਾਲੀ ਮਹਾਰਾਜੇ ਤੋਂ ਬੇਅੰਤ ਤਾਕਤ ਵਰਤ ਕੇ ਖ਼ੂਨ ਡੋਲ੍ਹਵੀਂ ਜੰਗ ਤੋਂ ਬਾਅਦ ਰਾਜ ਖੋਹਿਆ ਸੀ। ਇਸ ਤਰ੍ਹਾਂ ਲਿਖਣ ਨਾਲ ਅੰਗਰੇਜ਼ਾਂ ਦੀ ਆਪਣੀ ਤਾਕਤ ਵਧਵੀਂ ਪ੍ਰਗਟ ਹੁੰਦੀ ਸੀ। ਇੱਕ ਸਿੱਖ ਤੋਂ ਰਾਜ ਖੋਹਿਆ ਤਾਂ ਕਾਹਦਾ ਖੋਹਿਆ? ਇੱਕ ਬਾਦਸ਼ਾਹ ਦਾ ਰਾਜ ਖੋਹੇ ਜਾਣ ਨਾਲ ਹੀ ਉਨ੍ਹਾਂ ਦੀ ਸ਼ਾਨ ਬਣਦੀ ਸੀ।

ਆਧੁਨਿਕ ਜ਼ਮਾਨੇ ਵਿਚਲੇ ਸਿਰ ਕੱਢਵੇਂ ਗੁਰਸਿੱਖਾਂ ਦੇ ਨਾਮ ਨਾਲ, ਭਾਈ ਸ਼ਬਦ ਹੀ ਲਿਖਿਆ ਬੋਲਿਆ ਜਾਂਦਾ ਸੀ। ਮਿਸਾਲ ਲਈ ਭਾਈ ਵੀਰ ਸਿੰਘ, ਭਾਈ ਕਾਹਨ ਸਿੰਘ, ਭਾਈ ਜੋਧ ਸਿੰਘ ਭਾਈ ਹੀਰਾ ਸਿੰਘ ਰਾਗੀ ਆਦਿ। ਸ਼੍ਰੋਮਣੀ ਕਮੇਟੀ ਨੇ ਕੁੱਝ ਗੁਰਸਿੱਖਾਂ ਨੂੰ ਉਨ੍ਹਾਂ ਦੀ ਪੰਥਕ ਸੇਵਾ ਦੀ ਕਦਰ ਕਰਦਿਆਂ ਜੋ ਖਿਤਾਬ ਅਕਾਲ ਤਖ਼ਤ ਸਾਹਿਬ ਤੋਂ ਦਿੱਤੇ ਸਨ, ਉਹਨਾਂ ਵਿੱਚ "ਭਾਈ" ਦਾ ਹੀ ਖਿਤਾਬ ਸੀ। ਜਿਵੇਂ ਸ. ਕਪੂਰ ਸਿੰਘ ਨੂੰ "ਭਾਈ" ਦਾ ਖਿਤਾਬ (13.10.73) ਦੇ ਕੇ ਮਾਣ ਦਿੱਤਾ ਗਿਆ ਸੀ। ਪ੍ਰਿੰਸੀਪਲ ਹਰਭਜਨ ਸਿੰਘ ਚੰਡੀਗੜ੍ਹ ਵਾਲਿਆਂ ਨੂੰ ਭੀ "ਭਾਈ" ਦੀ ਉਪਾਧੀ ਅਕਾਲ ਤਖ਼ਤ ਵੱਲੋਂ ਦਿੱਤੀ ਗਈ ਸੀ। ਗ੍ਰੰਥੀ ਸਿੰਘ ਕਥਾਵਾਚਕ ਰਾਗੀ ਤੇ ਢਾਡੀਆਂ ਦੇ ਨਾਂਵਾਂ ਨਾਲ ਅੱਜ ਤਾਈਂ "ਭਾਈ" ਸ਼ਬਦ ਲਿਖਿਆ ਬੋਲਿਆ ਜਾਂਦਾ ਹੈ। ਹਾਂ ਪ੍ਰਬੰਧਕ "ਭਾਈ" ਅਖਵਾਉਣਾ ਕਦੀ ਪਸੰਦ ਨਹੀਂ ਕਰਦੇ। ਉਹ ਮਾਲਕ ਹਨ, ਰਾਗੀ ਗ੍ਰੰਥੀ ਨੌਕਰ ਹਨ। ਮਾਲਕ ਆਪਣੇ "ਨੌਕਰਾਂ" ਦੇ ਬਰਾਬਰ ਕਿਵੇਂ ਹੋ ਸਕਦਾ ਹੈ? ਜਿਵੇਂ ਕਬੀਲਿਆਂ ਦੇ ਸਰਦਾਰ, ਇਲਾਕਿਆਂ ਦੇ ਸਰਦਾਰ ਹੋਇਆ ਕਰਦੇ ਸਨ। ਅੱਜ ਇਹ ਪ੍ਰਧਾਨ ਸਕੱਤਰ ਆਦਿਕ ਗੁਰਦਵਾਰੇ ਦੇ "ਸਰਦਾਰ" ਤਾਂ ਹੈਗੇ ਈ। ਜਦੋਂ ਮਿਸਲਾਂ ਦੇ ਅਖੀਰ ਜਿਹੇ ਸਮੇਂ ਸਿੱਖਾਂ ਨੇ ਇਲਾਕੇ ਮੱਲ ਕੇ, ਆਪਣੀਆਂ ਛੋਟੀਆਂ ਛੋਟੀਆਂ ਰਿਆਸਤਾਂ ਕਾਇਮ ਕਰ ਲਈਆਂ, ਉਸ ਵਕਤ ਮੋਹਰੀ ਸਿੱਖਾਂ ਨੇ ਬਾਕੀਆਂ ਨਾਲੋਂ ਵੱਡਾ ਰੁਤਬਾ ਧਾਰਨ ਕਰਨ ਦਾ ਵੱਖਰਾ ਰਾਹ ਅਖਤਿਆਰ ਕਰਦਿਆਂ, "ਸਰਦਾਰ" ਅਖਵਾਉਣਾ ਸ਼ੁਰੂ ਕਰ ਦਿੱਤਾ। ਸਿੱਖਾਂ ਵਿੱਚੋਂ ਬਰਾਬਰਤਾ ਵਾਲੀ ਭਾਵਨਾ ਖਤਮ ਹੋਣੀ ਸ਼ੁਰੂ ਹੋ ਗਈ। ਮਾਲਕ ਤੇ ਨੌਕਰ ਵਾਲਾ ਵੱਡਾ ਛੋਟਾ, ਉਚ ਨੀਚ ਵਾਲਾ ਘਿਨਾਉਣਾ ਰੂਪ ਆ ਪ੍ਰਗਟ ਹੋਇਆ।

ਇਸ ਤੋਂ ਅਗਲਾ ਬਰਬਾਦੀ ਵਾਲੇ ਰਾਹ ਤੋਰਨ ਵਾਲਾ ਕਦਮ ਸੀ ਆਪਣੇ ਨਾਮ ਨਾਲ ਅੱਗੇ ਜਾਂ ਪਿੱਛੇ, "ਸੰਤ, ਬ੍ਰਹਮ ਗਿਆਨੀ" ਆਦਿ ਦੀ ਉਪਾਧੀ ਲਾਉਣੀ। ਭਾਈ ਵਰਗੇ ਪਵਿੱਤਰ ਭਾਵਨਾਵਾਂ ਪੈਦਾ ਕਰਨ ਵਾਲੇ ਸ਼ਬਦਾ ਦਾ ਤਿਆਗ ਕਰਨਾ। ਜਦੋਂ ਇਹ ਮਨਮੁੱਖ, ਸਿੱਖ ਅਤੇ ਭਾਈ ਲਕਬ ਤੋਂ ਮੂੰਹ ਮੋੜ ਗਿਆ, ਫਿਰ ਸਿੱਖੀ ਦੀਆਂ

ਬਾਕੀ ਪ੍ਰੰਪਰਾਵਾਂ ਕਿਉਂ ਨਿਭਾਏਗਾ? ਇਸ ਕੁਰਾਹੇ ਪਏ ਵਿਅਕਤੀ ਨੇ ਗੁਰਸਿੱਖਾਂ ਨਾਲ "ਫਤਿਹ" ਦੀ ਸਾਂਝ ਖਤਮ ਕਰ ਦਿੱਤੀ। ਕਿਉਂਕਿ ਇਹ ਹੁਣ "ਆਮ" ਸਿੱਖ ਨਹੀਂ ਰਿਹਾ ਸੀ, ਸਿੱਖਾਂ ਨਾਲੋਂ ਕਈ ਦਰਜੇ ਉਚਾ "ਸੰਤ ਮਹਾਂਪੁਰਖ" ਬਣ ਗਿਆ ਸੀ। ਅਜਿਹੀ ਅਵਸਥਾ ਧਾਰਨ ਦਾ ਸਿੱਧਾ ਅਰਥ ਸੀ ਆਪਣੀ ਨਿੱਜੀ ਪੂਜਾ। ਸੇਵਕਾਂ ਤੋਂ ਸੇਵਾ ਕਰਾਉਣੀ "ਚਰਨ" ਪੁਜਾਉਣੇ। "ਭਗਤੀ ਤਪੱਸਿਆ ਚਲੀਹੇ" ਕੱਟਣੇ, ਤੇ "ਨਾਮ ਸਿਮਰਨ" ਵਰਗੀਆਂ ਗੁਰਮਤਿ ਵਿਰੋਧੀ ਕਾਰਵਾਈਆਂ ਦਾ ਅਲੰਬਰਦਾਰ ਹੋਣ ਦਾ ਚੇਲਿਆਂ ਵੱਲੋਂ ਪ੍ਰਚਾਰ ਕਰਾਉਣਾ। ਖੁਦ ਉਚੇ ਥਾਂ ਆਸਣ ਜਮਾਉਣਾ, "ਸਿੱਖਾਂ ਸੇਵਕਾਂ" ਨੂੰ ਨੀਵੇਂ ਥਾਂ ਬਿਠਾਉਣਾ। ਇਸ ਮੁਫਤਖੋਰੇ ਮੱਠਾਧੀਸ ਤੇ ਆਪੂੰ ਬਣੇ ਸੰਤ ਨੇ, ਅਸਿੱਧੇ ਰੂਪ ਵਿੱਚ ਗੁਰੂ ਹੋਣ ਦਾ ਐਲਾਨ ਕਰ ਦਿੱਤਾ। ਜੇ ਤਾਂ ਇਹ ਮਨੁੱਖ ਸਿੱਖ ਹੈ ਤਾਂ "ਸੰਤ" ਨਹੀਂ ਹੋ ਸਕਦਾ। ਜੇ ਸੰਤ ਹੈ ਤਾਂ ਸਿੱਖੀ ਤੋਂ ਗਿਆ। ਇਸ ਨੂੰ ਦੋ ਦੋ ਰੁਤਬਿਆਂ 'ਤੇ ਭੀ ਸਬਰ ਨਾ ਆਇਆ, ਸਗੋਂ ਸ੍ਰੀ ਮਾਨ, ਸੰਤ, ਬ੍ਰਹਮਗਿਆਨੀ 108, ਵਿਦਿਆ ਮਾਰਤੰਡ (ਸੂਰਜ) ਆਦਿ ਤੱਕ, ਅਣਗਿਣਤ ਡਿਗਰੀਆਂ ਆਪਣੇ ਨਾਵਾਂ ਦੇ ਅੱਗੇ ਪਿੱਛੇ ਲਾ ਲਈਆਂ। ਭਿੰਡਰਾਂ ਵਾਲੇ ਗਿਆਨੀ ਗੁਰਬਚਨ ਸਿੰਘ ਨੇ ਆਪਣੇ ਨਾਮ ਨਾਲ ਤਾਂ ਜੋ ਵਿਸ਼ੇਸ਼ਣ ਲਾਏ ਹੀ ਸਨ। ਆਪਣੇ ਤੋਂ ਪਹਿਲੇ ਡੇਰਾ ਮੁਖੀ ਗਿਆਨੀ ਸੁੰਦਰ ਸਿੰਘ ਦੀ ਤਾਰੀਫ ਕਰਨ ਦੇ ਸਾਰੇ ਰਿਕਾਰਡ ਹੀ ਤੋੜ ਦਿੱਤੇ ਹਨ। ਇਤਨੇ ਵਿਸ਼ੇਸ਼ਣ ਤਾਂ ਅੱਜ ਤੱਕ ਕਿਸੇ ਗੁਰੂ ਵਿਅਕਤੀ ਦੇ ਨਾਮ ਨਾਲ ਭੀ ਨਹੀਂ ਲਾਏ ਗਏ। ਇਹ ਲੋਕ ਹੁਣ ਸਿੱਖ ਨਹੀਂ ਰਹੇ, ਮਹਾਨ ਪਰਉਪਕਾਰੀ ਗੁਰੂ ਭੀ ਇਨ੍ਹਾਂ ਨੇ ਮਾਮੂਲੀ (ਸਤਿਗੁਰੂ ਜੀ ਮੁਆਫ਼ ਕਰਨਾ, ਤੁਹਾਡੇ ਸੇਵਕਾਂ ਦੀਆਂ ਲਿਖਤਾਂ ਦਾ ਜ਼ਿਕਰ ਕਰ ਰਿਹਾ ਹਾਂ) ਜਿਹਾ ਸੇਵਕ ਬਣਾ ਧਰਿਆ ਹੈ। ਲਓ ਜੀ – ਗਿਆਨੀ ਸੁੰਦਰ ਸਿੰਘ ਦੇ ਖਾਸ ਨਾਮ ਪੜ੍ਹੋ : ਮੁਰਾਰੇ, ਸ੍ਰੀ ਸੰਤ, ਦੀਨ ਦਿਆਲ, ਗੋਸਾਈਂ, ਸੁਆਮੀ, ਅੰਤਰਜਾਮੀ, ਹਰਿਸੰਤ, ਸੰਤ ਅਗਾਧ ਅਪਾਰ, ਸੰਤ ਸਿਰਤਾਜ, ਅਕਾਲ ਰੂਪ, ਪ੍ਰਭੂ, ਨਾਥ, ਸਾਈਂ, ਹਰਿ ਜੀ, ਮਰਿਆਦਾ ਪ੍ਰਸ਼ੋਤਮ, ਆਦਿ। ਪੁਸਤਕ ਗੁਰਮੁਖ ਪ੍ਰਕਾਸ਼ ਦੇ ਪੰਨੇ – 346, 355, 378, 398, 435, 436, 442, 411, 433, 453, 459, 496, 501, 519, 520, 540, 583, 593, । ਛਾਪਕ– ਮਹਿਤੇ ਚੌਕ ਵਾਲੀ ਟਕਸਾਲ।

ਹੁਣ ਅੱਗੇ ਇਹ ਸਮਝ ਲਈਏ ਕਿ ਸੰਤ ਸ਼ਬਦ ਕਿਨ੍ਹਾਂ ਅਰਥਾਂ ਵਿੱਚ ਆਇਆ ਹੈ? ਆਹ ਜੋ ਕਾਮੀ, ਕ੍ਰੋਧੀ, ਲਾਲਚੀ, ਮਾਇਆ ਵੇਹੜੇ ਕਰੋੜਾਂ ਦੇ ਮਾਲਕ, ਨੰਗੀਆਂ ਲੱਤਾਂ, ਲੰਮੇ ਝੁੱਗੇ ਕੁਇੰਟਲ ਤੋਂ ਵੱਧ ਦੀਆਂ ਥੁੱਲ ਥੁੱਲ ਕਰਦੀਆਂ ਗੋਗੜਾਂ ਵਾਲੇ ਲੋਕਾਂ ਦੀਆਂ ਧਾੜਾਂ ਸਿੱਖੀ ਦਾ ਜਲੂਸ ਕੱਢਦੀਆਂ ਘੁੰਮ ਰਹੀਆਂ ਹਨ। ਕੀ ਇਨ੍ਹਾਂ ਨੂੰ ਸਤਿਗੁਰੂ ਜੀ ਨੇ ਸੰਤ ਆਖ ਕੇ ਸਨਮਾਨ ਦਿੱਤਾ ਹੈ? ਹਿੰਦੂ ਸਮਾਜ ਵਿੱਚ ਅਜਿਹੇ

ਵਿਹਲੜ ਸਾਧ ਪਹਿਲੇ ਸਮੇਂ ਵਿੱਚ ਭੀ ਅਣਗਿਣਤ ਸਨ। ਅੱਜ ਭੀ ਕੋਈ ਕਮੀ ਨਹੀਂ ਆਈ। ਸਿੱਖਾਂ ਵਿੱਚ ਅਜਿਹੇ ਲੁਟੇਰੇ ਤੇ ਮੁਫਤਖੋਰਿਆਂ ਦੀ ਸਤਿਗੁਰੂ ਜੀ ਨੇ ਕਿਧਰੇ ਵਡਿਆਈ ਨਹੀਂ ਕੀਤੀ। ਇੱਥੇ ਤਾਂ ਕੇਵਲ ਸਿੱਖ, ਸਿੰਘ ਜਾਂ ਖਾਲਸੇ ਬਣਾਇਆ ਹੈ, ਸਾਧ ਨਹੀਂ। ਜਿਨ੍ਹਾਂ ਸ਼ਬਦਾਂ ਦੀ ਕੁਵਰਤੋਂ ਕਰਦਿਆਂ ਇਹ ਲੋਕ ਆਪਣੇ ਨਾਮ ਨਾਲ ਜੋੜਦੇ ਹਨ, ਜ਼ਰਾ ਸਮਝ ਲਈਏ।

ਸੰਤ ਕੀ ਨਿੰਦਾ ਨਾਨਕਾ, ਬਹੁਰਿ ਬਹੁਰਿ ਅਵਤਾਰ॥ (ਸੁਖਮਨੀ)

ਹੇ ਭਾਈ! ਜੋ ਵਿਅਕਤੀ ਸੰਤ (ਗੁਰੂ) ਦੀ ਸ਼ਰਣ ਆਵੇਗਾ, ਉਸ ਦਾ ਵਿਕਾਰਾਂ ਵੱਲੋਂ ਨਿਸਤਾਰਾ ਹੋ ਜਾਵੇਗਾ। ਜੋ ਗੁਰੂ ਦੀ ਨਿੰਦਾ ਕਰੇਗਾ ਉਹ ਵਿਕਾਰਾਂ ਵਿੱਚ ਗਰਕ ਹੋਣ ਤੋਂ ਬਚ ਨਹੀਂ ਸਕੇਗਾ। ਅੱਗੋਂ ਸੱਤ ਪਉੜੀਆਂ ਇਸੇ ਭਾਵ ਨੂੰ ਸਪੱਸ਼ਟ ਕਰਦੀਆਂ ਲਿਖੀਆਂ ਹੋਈਆਂ ਹਨ। ਜਿਵੇਂ :

ਸੰਤ (ਗੁਰੂ) ਕੈ ਦੂਖਨਿ ਆਰਜਾ ਘਟੈ॥ ਸੰਤ (ਗੁਰੂ) ਕੈ ਦੂਖਨਿ ਜਮ ਤੇ ਨਹੀ ਛੁਟੈ॥

ਅਜਿਹਾ ਕੋਈ ਸੰਤ ਨਹੀਂ ਜੋ ਇੰਨੇ ਗੁਣਾਂ ਦਾ ਖਜ਼ਾਨਾ ਹੋਵੇ, ਇਹ ਗੁਣ ਕੇਵਲ ਸਤਿਗੁਰੂ ਵਿੱਚ ਜਾਂ ਅਕਾਲ ਪੁਰਖ ਵਿੱਚ ਹਨ।

ਸੰਤ ਕਾ ਨਿੰਦਕ ਮਹਾ ਹਤਿਆਰਾ॥ ਸੰਤ ਕਾ ਨਿੰਦਕ ਪਰਮੇਸੁਰਿ ਮਾਰਾ॥
ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ॥ ਨਾਨਕ ਸੰਤ ਭਾਵੈ ਤਾ ਲਏ ਉਬਾਰਿ॥ (ਸੁਖਮਨੀ)

ਅਜਿਹਾ ਕੋਈ ਸੰਤ ਨਹੀਂ ਜੋ ਮਨੁੱਖ ਨੂੰ ਔਗੁਣਾਂ ਵੱਲੋਂ ਮੋੜ ਕੇ ਗੁਣਵਾਨ ਬਣਾ ਦੇਵੇ। ਇਹ ਸਾਰੇ ਉੱਤਮ ਗੁਣ ਤਾਂ ਕੇਵਲ ਤੇ ਕੇਵਲ ਗੁਰੂ ਵਿੱਚ ਹਨ। ਪ੍ਰਤੱਖ ਨੂੰ ਪਰਮਾਣ ਦੀ ਲੋੜ ਨਹੀਂ, "ਸੰਤਾਂ ਦੇ ਸੇਵਕ" ਅਣਪੜ੍ਹ ਲਾਈਲੱਗ, ਭਰਮ ਗ੍ਰਸੇ, ਅਕਲੋਂ ਸੱਖਣੇ, ਗੁਰਬਾਣੀ ਦੀ ਸਮਝ ਤੋਂ ਕੋਰੇ, ਸੰਸਾਰੀ ਗਿਆਨ ਵੱਲੋਂ ਖਾਲੀ, ਬਹਾਦਰੀ ਵੱਲੋਂ ਬੁਜ਼ਦਿਲ ਹੋਇਆ ਕਰਦੇ ਹਨ। ਕੇਵਲ "ਕਾਰ ਸੇਵਕ"। ਗੁਰੂ ਦੇ ਸਿੱਖ ਗੁਣਾਂ ਨਾਲ ਭਰਪੂਰ, ਪਰਉਪਕਾਰੀ, ਯੋਧੇ ਹੋਇਆ ਕਰਦੇ ਹਨ। ਪਿਛਲੇ ਲੰਮੇ ਸਮੇਂ ਤੱਕ ਜੰਗ ਹੁੰਦੇ ਰਹੇ। ਸਿੱਖ ਸੂਰਮੇ ਤੇਗਾਂ ਵਾਹੁੰਦੇ ਰਹੇ, ਦੁਸ਼ਮਣਾਂ ਦੇ ਆਹੂ ਲਾਹੁੰਦੇ ਰਹੇ। ਚਰਖੜੀਆਂ ਤੇ ਚੜ੍ਹਦੇ ਰਹੇ। ਫਾਂਸੀ ਦੇ ਰੱਸੇ ਚੁੰਮਦੇ ਰਹੇ, ਜੇਲ੍ਹਾਂ ਵਿੱਚ ਤਸੀਹੇ ਝੱਲਦੇ ਰਹੇ। ਪਰ ਸਾਰੇ ਸਾਧ ਸੰਤ ਦੁੱਧ ਪੀਣੇ ਮਜਨੂੰ ਬਣੇ, ਭੌਰਿਆਂ ਵਿੱਚ ਬੈਠ ਕੇ "ਭਗਤੀ" ਕਰਦੇ ਰਹੇ, ਮੰਤਰ ਪੜ੍ਹਦੇ ਰਹੇ। ਪਿਸਤੇ ਬਦਾਮਾਂ ਵਾਲਾ ਦੁੱਧ ਛਕਦੇ ਰਹੇ। ਬੀਬੀਆਂ ਤੋਂ ਮਾਲਸ਼ਾਂ ਕਰਾਉਂਦੇ ਰਹੇ। ਰੇਸ਼ਮੀ ਗੱਦਿਆਂ 'ਤੇ ਲੰਮੇ ਪੈ ਕੇ, ਘੁਰਾੜੇ ਮਾਰਦੇ ਰਹੇ। ਸਾਧਾਂ ਦੇ ਸੇਵਕਾਂ ਨੇ ਹੋਰ ਬੜੇ ਚੰਦ ਚਾੜ੍ਹੇ ਹਨ, ਪਰ ਬਹਾਦਰੀ ਵਾਲਾ ਕਾਰਜ ਕਦੇ ਭੁੱਲ ਕੇ ਭੀ ਨਹੀਂ ਕੀਤਾ। ਡੇਰਿਆਂ ਦੇ ਕਾਰ ਸੇਵਕਾਂ ਨੇ ਤਾਂ ਕਾਇਰਾਂ ਵਾਲੀ ਜ਼ਿੰਦਗੀ ਗੁਜ਼ਾਰਨੀ ਹੀ ਸੀ, ਇਨ੍ਹਾਂ ਦੇ ਸਾਰੇ "ਮਹਾਪੁਰਖਾਂ" ਵਿੱਚੋਂ ਕੋਈ ਇੱਕ

ਭੀ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਨਹੀਂ ਕਰ ਸਕਿਆ। ਹਿੱਕ ਤਾਣ ਕੇ ਨਹੀਂ ਖਲੋ ਸਕਿਆ। ਉਂਝ ਇਹ ਸਾਰੇ ਆਪਣੇ ਆਪ ਨੂੰ ਗੁਰੂ ਨਾਲੋਂ ਭੀ ਉਚਾ ਅਖਵਾਣ ਦਾ ਲੁਕਵਾਂ ਪਾਪ ਕਮਾ ਰਹੇ ਹਨ। ਅਣਜਾਣ ਸਿੱਖ ਇਨ੍ਹਾਂ "ਸੱਜਣ ਠੱਗਾਂ" ਨੂੰ ਨਮਸ਼ਕਾਰਾਂ ਕਰ ਰਹੇ ਹਨ।

ਗੁਰਬਾਣੀ ਵਿੱਚ ਸੰਤ ਸ਼ਬਦ ਬਹੁਤ ਸਾਰੇ ਅਰਥਾਂ ਵਿੱਚ ਆਇਆ ਹੈ। ਆਓ ਕੁੱਝ ਵੰਨਗੀਆਂ ਵੇਖੀਏ :

1. ਸੰਤ+ਰੱਬ : ਭਾਗੁ ਹੋਆ ਗੁਰਿ "ਸੰਤੁ" ਮਿਲਾਇਆ॥
ਪ੍ਰਭ ਅਬਨਾਸੀ ਘਰ ਮਹਿ ਪਾਇਆ॥ (97)

ਅਸੀਂ ਵੱਡੇ ਭਾਗਾਂ ਵਾਲੇ ਹੋ ਗਏ, ਕਿਉਂਕਿ ਗੁਰੂ ਨੇ ਪਰਮੇਸ਼ਰ ਨੂੰ ਮਿਲਾ ਦਿੱਤਾ। ਇਹ ਗਿਆਨ ਬਖਸ਼ ਦਿੱਤਾ ਕਿ ਬਾਹਰ ਭਟਕਣ ਦੀ ਜ਼ਰੂਰਤ ਨਹੀਂ, ਰੱਬ ਅੰਦਰ ਹੀ ਮੌਜੂਦ ਹੈ।

ਸਤਿਗੁਰਿ "ਸੰਤੁ" ਮਿਲਾਇਆ, ਮਸਤਕਿ ਧਰ ਕੈ ਹਥੁ॥
ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ॥(958)

ਗੁਰੂ ਨੇ ਕਿਰਪਾ ਕਰ ਕੇ ਅਜਿਹਾ ਗਿਆਨ ਬਖਸ਼ ਦਿੱਤਾ ਕਿ ਰੱਬ ਬਾਰੇ ਸੋਝੀ ਹੋ ਗਈ। ਸਾਰਿਆਂ ਤੋਂ ਮਹਾਨ ਪਰਮੇਸ਼ਰ ਗੁਰੂ ਨੇ ਮਿਲਾ ਦਿੱਤਾ। ਉਹ ਵਾਹਿਗੁਰੂ ਜਿਸ ਨੇ ਸਾਰਾ ਸੰਸਾਰ ਤਾਰਿਆ ਹੈ।

2. ਸੰਤ+ਗੁਰੂ : ਚਰਨ ਭਏ "ਸੰਤ" ਬੋਹਿਥਾ ਤਰੇ ਸਾਗਰ ਜੇਤ॥
ਮਾਰਗ ਪਾਏ ਉਦਿਆਨ ਮਹਿ "ਗੁਰਿ" ਦਸੇ ਭੇਤ॥ (910)

ਗੁਰੂ ਦੇ ਗਿਆਨ ਰੂਪੀ ਚਰਨਾਂ ਰਾਹੀਂ ਸੰਸਾਰ ਸਾਗਰ ਤੋਂ ਪਾਰ ਹੋ ਜਾਈਦਾ ਹੈ। ਜੀਵਨ ਸਫਰ ਦੀ ਭਟਕਣਾ ਮੁਕਾ ਕੇ, ਗੁਰੂ ਨੇ ਜ਼ਿੰਦਗੀ ਜਿਊਣ ਦਾ ਸੁਖਾਲਾ ਰਾਹ ਸਮਝਾ ਦਿੱਤਾ ਹੈ।

– ਕਰਿ ਕਿਰਪਾ "ਸੰਤ" ਮਿਲੇ ਮੋਹਿ, ਤਿਨ ਤੇ ਧੀਰਜੁ ਪਾਇਆ॥
"ਸੰਤੀ ਮੰਤੁ" ਦੀਓ ਮੋਹਿ ਨਿਰਭਉ, "ਗੁਰ" ਦਾ ਸਬਦ ਕਮਾਇਆ॥
(205)

ਰੱਬ ਨੇ ਕਿਰਪਾ ਕੀਤੀ ਤੇ ਮੈਨੂੰ ਗੁਰੂ ਮਿਲ ਗਿਆ, ਜਿਸ ਦੇ ਗਿਆਨ ਸਦਕਾ ਮਨ ਟਿਕਾਉ ਵਿਚ ਆ ਗਿਆ। ਗੁਰੂ ਸੰਤ ਨੇ ਨਿਰਭਉ ਹੋਣ ਦਾ ਤਰੀਕਾ ਸਮਝਾ ਦਿੱਤਾ। ਤਰੀਕਾ ਕੀ ਹੈ ਗੁਰੂ ਦੀ ਸਿੱਖਿਆ ਮੁਤਾਬਿਕ ਜੀਵਨ ਬਤੀਤ ਕਰਨਾ।

3. ਸੰਤ+ਭਗਤ : ਭਲੋ ਕਬੀਰ ਦਾਸ ਦਾਸਨ ਕੋ, ਉਤਮ ਸੈਨ ਜਨ ਨਾਈ॥
ਊਚ ਤੇ ਊਚ ਨਾਮ ਦੇਉ ਸਮਦਰਸੀ, ਰਵਿਦਾਸ ਠਾਕੁਰ ਬਣਿ ਆਈ॥
ਜੀਉ ਪਿੰਡ ਤਨੁ ਧਨੁ ਸਾਧਨ ਕਾ ਇਹੁ ਮਨੁ "ਸੰਤ" ਰੇਨਾਈ॥

"ਸੰਤ" ਪ੍ਰਤਾਪਿ ਭਰਮ ਸਭਿ ਨਾਸੇ, ਨਾਨਕ ਮਿਲੇ ਗੁਸਾਈ॥
(1208)

ਹੇ ਭਾਈ! ਕਬੀਰ ਭਲਾ ਇਨਸਾਨ, ਨਿਮਰਤਾ ਵਿੱਚ ਰਹਿੰਦਾ ਹੈ। ਸੈਨ ਨਾਈ ਬਹੁਤ ਉੱਤਮ ਜੀਵਨ ਵਾਲਾ ਹੈ। ਉਚਿਆਂ ਤੋਂ ਉਚੇ ਜੀਵਨ ਵਾਲਾ ਨਾਮਦੇਵ ਹੈ, ਜਿਸ ਦੀ ਪਰਮੇਸ਼ਰ ਨਾਲ ਇਕਸੁਰਤਾ ਬਣੀ ਹੋਈ ਹੈ। ਮੇਰੀ ਜਾਨ, ਮੇਰਾ ਸਰੀਰ ਅਜਿਹੇ ਸੰਤਾਂ ਦੀ ਸੇਵਾ ਵਿੱਚ ਹਾਜ਼ਰ ਹੈ। ਅਜਿਹੇ ਸੰਤ ਪੁਰਖਾਂ ਦੀ ਮੈਂ ਆਪਣੇ ਆਪ ਨੂੰ ਚਰਨ ਧੂੜੀ ਜਾਣਦਾ ਹਾਂ। ਅਜਿਹੇ ਸੰਤਾਂ ਦੀ ਕਿਰਪਾ ਸਦਕਾ ਸਾਡੇ ਸਾਰੇ ਭਰਮ ਨਾਸ ਹੋ ਗਏ। ਇਨ੍ਹਾਂ ਦੀ ਬਦੌਲਤ ਪਰਮੇਸ਼ਰ ਨਾਲ ਮਿਲਾਪ ਹੋ ਗਿਆ।

4. ਸੰਤ+ਸਿੱਖ : "ਸੰਤ" ਜਨਹੁ ਮਿਲਿ ਭਾਈਹੋ, ਸਚਾ ਨਾਮ ਸਮਾਲਿ॥
ਤੋਸਾ ਬੰਧਹੁ ਜੀਅ ਕਾ ਐਥੈ ਉਥੈ ਨਾਲਿ॥
"ਗੁਰ" ਪੂਰੇ ਤੇ ਪਾਈਐ ਅਪਣੀ ਨਦਰਿ ਨਿਹਾਲ॥ (39)

ਹੇ ਭਾਈ ਗੁਰਸਿੱਖੋ! ਮਿਲ ਕੇ ਚਲੋ, ਗੁਰੂ ਦੇ ਹੁਕਮ ਦੀ ਪਾਲਣਾ ਕਰੋ। ਇਸ ਗੁਰੂ ਦੇ ਗਿਆਨ ਨੂੰ ਜੀਵਨ ਸਫਰ ਲਈ ਪਦਾਰਥ ਜਾਣਕੇ, ਨਾਲ ਬੰਨ੍ਹ ਲਉ। ਅਜਿਹਾ ਜੀਵਨ ਦਾਨ ਦੇਣ ਵਾਲਾ ਖਜ਼ਾਨਾ ਪੂਰੇ ਗੁਰੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ।

5. ਸੰਤ+ਠੱਗ : ਹਿਰਦੈ ਜਿਨ ਕੈ ਕਪਟ ਹੈ ਬਾਹਰੋ "ਸੰਤ" ਕਹਾਹਿ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥
(391)

ਹੇ ਭਾਈ! ਜਿਨ੍ਹਾਂ ਦੇ ਹਿਰਦੇ ਅੰਦਰ ਖੋਟ ਹੈ, ਧੋਖਾ ਫਰੇਬ ਹੈ। ਬਾਹਰੋਂ ਸੰਤਗਿਰੀ ਵਾਲਾ ਭੇਖੀ ਬਾਣਾ ਪਾਇਆ ਹੋਇਆ ਹੈ। ਅਜਿਹੇ ਲੋਕ ਲਾਲਚ ਵਿੱਚ ਗ੍ਰਸੇ ਹੋਏ ਮਾਇਆ ਕਾਰਨ ਧਾਰਮਕ ਪਹਿਰਾਵੇ ਨਾਲ ਲੋਕਾਂ ਨੂੰ ਲੁੱਟਦੇ ਹਨ। ਪਤਾ ਲੱਗਣ 'ਤੇ ਮੂੰਹ ਵਿਖਾਣ ਜੋਗੇ ਨਹੀਂ ਰਹਿੰਦੇ। ਫਿਰ ਪਛਤਾਵੇ ਦੇ ਹੰਝੂ ਬਹਾਉਂਦੇ ਹਨ।

ਗਜ ਸਾਢੇ ਤੈ ਤੈ ਧੋਤੀਆਂ, ਤਿਹਰੇ ਪਾਇਨਿ ਤਗ॥
ਗਲੀ ਜਿਨਾ ਜਪਮਾਲੀਆਂ ਲੋਟੇ ਹਥਿ ਨਿਬਗ॥
ਉਇ ਹਰਿ ਕੇ "ਸੰਤ" ਨ ਆਖੀਅਹਿ ਬਾਨਾਰਸ ਕੇ ਠਗ॥ (476)

ਹੇ ਭਾਈ! ਸੋਹਣੀਆਂ ਸਫੈਦ ਧੋਤੀਆਂ (ਜਾਂ ਸੁੰਦਰ ਚੋਲੇ) ਪਾਈਆਂ ਹੋਣ। ਤਿੰਨ ਲੜੀਏ ਸੁੰਦਰ ਜਨੇਊ (ਭਾਵੇਂ ਕਿਰਪਾਨਾਂ) ਪਹਿਨੇ ਹੋਣ। ਹੱਥਾਂ ਵਿੱਚ ਲਿਕਦੇ ਲੋਟੇ ਗੜਵੇ ਫੜੇ ਹੋਣ। ਵੇਖਣਾ ਕਿਤੇ ਗ਼ਲਤੀ ਨਾਲ ਇਨ੍ਹਾਂ ਨੂੰ ਸੰਤ ਪੁਰਖ ਨਾ ਸਮਝ ਲੈਣਾ। ਇਹ ਤਾਂ ਬਨਾਰਸੀ ਠੱਗ ਹਨ। ਹੁਣ ਤਾਂ ਅੱਗੋਂ ਇਹ ਵਿਅੰਗ ਭੀ ਪ੍ਰਚਲਤ ਹੋ ਗਏ ਹਨ :

"ਇਹ ਗੁਰ ਕੇ ਸਿੱਖ ਨਾ ਆਖੀਐ, ਹਰਿਮੰਦਰ ਕੇ ਠੱਗ"। (ਲੋਕੋਕਤੀ)

ਭਾਈ ਗੁਰਦਾਸ ਜੀ ਤੋਂ ਪੁੱਛੀਏ ਕਿ ਗੁਰਮਤਿ ਵਿੱਚ ਸਾਧ ਸੰਤ ਦੀ ਕੀ ਹੈਸੀਅਤ

ਹੈ ਜੀ?

1. ਥੰਮੇ ਕੋਇ ਨ ਸਾਧ ਬਿਨੁ ਸਾਧ ਨ ਦਿਸੈ ਜਗਿ ਵਿਚ ਕੋਆ॥
ਧਰਮ ਧਉਲੁ ਪੁਕਾਰੈ ਤਲੈ ਖੜੋਆ॥ (ਵਾਰ 1 ਪਉੜੀ 22)

2. ਪੰਚ ਬਾਰ ਗੰਗ ਜਾਏ, ਬਾਰ ਪੰਚ ਪ੍ਰਾਗ ਨਾਏ,
ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ॥
ਸਿੱਖ ਕਉ ਪਿਲਾਏ ਪਾਨੀ, ਭਾਉ ਕਰਿ ਕੁਰਖੇਤ,
ਅਸਮੇਧ ਜਗ ਫਲ, ਸਿਖ ਕਉ ਜਿਵਾਏ ਕਾ॥
ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,
ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥
ਜੈਸੇ ਬੀਸ ਬਾਰ ਦਰਨ ਕੀਆ ਸਾਧ ਕਾਹੂ,
ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ॥ (673)

ਉੱਚ ਕੋਟੀ ਦੇ ਵਿਦਵਾਨ ਭਾਈ ਗੁਰਦਾਸ ਜੀ ਸਮਝਾ ਰਹੇ ਹਨ। ਹੇ ਭਾਈ! ਪੰਜ ਸਤ ਵਾਰੀ ਜੇ ਗੰਗਾ ਦਾ ਇਸ਼ਨਾਨ ਕਰਨਾ ਹੋਵੇ। ਕਈ ਵਾਰੀ ਪਰਾਗ ਤੀਰਥ ਦਾ ਇਸ਼ਨਾਨ ਕਰਨ ਦਾ ਮਨ ਹੋਵੇ। ਇਨ੍ਹਾਂ ਨਾਲੋਂ ਵੱਧ ਕੇ ਇੱਕ ਪਰਉਪਕਾਰੀ ਗੁਰਸਿੱਖ ਦਾ ਇਸ਼ਨਾਨ ਕਰਵਾ ਦੇਵੀਂ, ਵਧ ਮਹਾਤਮ ਮਿਲੇਗਾ। ਕੁਰੂਕਸ਼ੇਤਰ ਵਿੱਚ ਸੂਰਜ ਗ੍ਰਿਹਣ ਸਮੇਂ ਲੋਕੀਂ ਜੋ ਦਾਨ ਆਦਿ ਕਰਦੇ ਹਨ। ਉਸ ਤੋਂ ਵੱਧ ਫਲ ਸਿੱਖ ਨੂੰ ਜਲ ਛਕਾਏ ਦਾ ਮਿਲਦਾ ਹੈ। ਲੋਕੀਂ ਅਤੀ ਖਰਚੀਲਾ ਕੰਮ ਅਵਮੇਧ ਜੱਗ ਕਰਦੇ ਹਨ ਉਸ ਦੇ ਮਹਾਤਮ ਤੋਂ ਵੱਧ ਫਲ ਸਿੱਖ ਨੂੰ ਪਰਸ਼ਾਦਾ ਛਕਾਉਣ 'ਤੇ ਮਿਲੇਗਾ। ਜੇ ਕਰ ਤੂੰ ਸੋਨੇ ਦੀ ਕਈ ਮਹਿਲ ਉਸਾਰ ਦੇ ਦਾਨ ਕਰ ਦੇਵੇਂ ਇਸ ਤੋਂ ਭੀ ਵੱਡਾ ਮਹਾਤਮ ਗੁਰਸਿੱਖ ਨੂੰ ਗੁਬਰਾਣੀ ਸਿਖਾ ਦੇਣ ਵਿੱਚ ਹੈ। ਅਣਗਿਣਤ ਵਾਰੀ ਕੋਈ ਮਨੁੱਖ, ਸਾਧਾਂ ਸੰਤਾਂ ਦੇ ਦਰਸ਼ਨ ਕਰੇ, ਸੇਵਾ ਕਰਦਾ ਰਹੇ ਇਸ ਨਾਲੋਂ ਕਿਤੇ ਜ਼ਿਆਦਾ ਮਹਾਤਮ, ਗੁਰਸਿਖ ਨੂੰ ਵਿਸ਼ਰਾਮ ਕਰਾਉਣਾ, ਮੁੱਠੀ ਚਾਪੀ ਕਰਨੀ ਕਿਤੇ ਵੱਧ ਕੇ ਹੈ। ਇਥੇ ਇਹ ਧਿਆਨ ਰਹੇ ਕਿ ਪਰਉਪਕਾਰੀ ਗੁਰਸਿੱਖਾਂ ਦੀ ਸੇਵਾ ਵੱਲ ਪ੍ਰੇਰਨਾ ਹੈ। ਬਾਹਰੀ ਪਹਿਰਾਵੇ ਕਰ ਕੇ ਵਿਹਲੜ ਸਿੱਖਾਂ ਦੀ ਸੇਵਾ ਦੀ ਗੱਲ ਨਹੀਂ ਹੈ। ਗੁਰਮੁਖ ਜਾਂ ਗੁਰਸਿੱਖ ਦਾ ਮਤਲਬ ਹੀ ਏਹ ਹੈ ਕਿ ਅਜਿਹੇ ਨਾਮ ਵਾਲਾ ਵਿਅਕਤੀ ਨਿੱਜ ਤੋਂ ਉੱਪਰ ਉੱਠ ਚੁੱਕਿਆ ਹੈ। ਸਾਰੇ ਲੋਕ ਉਸ ਦੇ ਆਪਣੇ ਹਨ।

"ਗੁਰੂ" ਲਈ ਹੋਰ ਬਹੁਤ ਸਾਰੇ ਸ਼ਬਦ ਵਰਤੇ ਗਏ ਹਨ, ਆਉ ਉਨ੍ਹਾਂ ਵੱਲ ਭੀ ਸਰਸਰੀ ਜਿਹੀ ਨਜ਼ਰ ਮਾਰੀਏ।

ਅਪਨੇ "ਜਨ" ਕਾ ਪਰਦਾ ਢਾਕੈ॥ ਅਪਨੇ "ਸੇਵਕ" ਦੀ ਸਰਪਰ ਰਾਖੈ॥
ਅਪਨੇ "ਦਾਸ" ਕਉ ਦੇਇ ਵਡਿਆਈ॥ ਅਪਨੇ "ਸੇਵਕ" ਕਉ ਨਾਮੁ ਜਪਾਈ॥

(285)

ਉਪਰਲੀਆਂ ਪੰਕਤੀਆਂ ਵਿੱਚ "ਜਨ, ਸੇਵਕ ਤੇ ਦਾਸ", ਗੁਰੂ ਵਾਸਤੇ ਆਇਆ ਹੈ। ਪਰ ਤਰੀਕਾ ਵੱਖੋ ਵੱਖਰਾ ਹੈ। ਹੋਰ ਵੇਖੋ :

ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ "ਓਇ" ਰਾਮ ਨਾਮ ਰੰਗਿ ਰਾਤੇ॥
"ਤਿਨ" ਕੀ ਸੋਭਾ ਸਭਨੀ ਥਾਈ "ਜਿਨ੍" ਪ੍ਰਭ ਕੇ ਚਰਣ ਪਰਾਤੇ
ਮੇਰੇ ਰਾਮ ਹਰਿ "ਸੰਤਾ" ਜੇਵਡ ਨ ਕੋਈ॥
"ਭਗਤਾ" ਬਨਿ ਆਈ ਪ੍ਰਭ ਅਪਨੇ ਸਿਉ, ਜਲਿ ਥਲਿ ਮਹੀਅਲਿ ਸੋਈ॥ (748)

ਇਨ੍ਹਾਂ ਪੰਕਤੀਆਂ ਵਿੱਚ ਭੀ ਨਾਂਵ ਅਤੇ ਪੜਨਾਂਵ ਦੀ ਵਰਤੋਂ ਕਰਦਿਆਂ ਸਤਿਗੁਰੂ ਜੀ ਨੇ "ਓਇ, ਤਿਨ, ਜਿਨ੍, ਸੰਤ ਤੇ ਭਗਤ" ਸ਼ਬਦ ਗੁਰੂ ਵਾਸਤੇ ਵਰਤਿਆ ਹੈ। ਇੰਨੀਆਂ ਖੂਬੀਆਂ ਕੇਵਲ ਗੁਰੂ ਵਿੱਚ ਹੀ ਹੋ ਸਕਦੀਆਂ ਹਨ। ਇਨ੍ਹਾਂ ਸਾਰੀਆਂ ਪੰਕਤੀਆਂ ਵਿੱਚੋਂ ਡੇਰੇਦਾਰ ਲੋਕਾਂ ਨੇ ਗੁਰੂ ਦੀ ਬਰਾਬਰੀ ਕਰਨ ਲਈ, "ਸੰਤ" ਸ਼ਬਦ ਆਪਣੇ ਨਾਮ ਨਾਲ ਫਿੱਟ ਕਰ ਲਿਆ। ਜਨ ਦਾਸ ਸੇਵਕ ਭਗਤ ਚੰਗੇ ਨਹੀਂ ਲੱਗੇ, ਭਲਾ ਕਿਉਂ ? ਹਿੰਦੂ ਸਮਾਜ ਵਿੱਚ ਸਾਧ ਸੰਤ ਸ਼ਬਦ ਸਦੀਆਂ ਤੋਂ ਪੂਜਾ ਦੀ ਹੱਦ ਤੱਕ ਮੰਨਣਯੋਗ ਚਲਿਆ ਆ ਰਿਹਾ ਹੈ। ਇਨ੍ਹਾਂ ਲੋਕਾਂ ਨੇ ਸਿੱਖ ਸਮਾਜ ਨੂੰ ਲੁੱਟ ਕੇ ਭੀ ਖਾਣਾ ਹੈ ਤੇ ਬ੍ਰਾਹਮਣੀ ਦਲ-ਦਲ ਵਿੱਚ ਪੀ ਗਰਕ ਕਰਨਾ ਹੈ। ਇਸੇ ਲਈ ਆਪਣੇ ਨਾਵਾਂ ਨਾਲੋਂ ਸਿੱਖ ਸ਼ਬਦ ਤਿਆਗ ਕੇ ਸੰਤਪੁਣੇ ਦਾ ਲੇਬਲ ਲਾਉਂਦੇ ਹਨ। ਗੁਰੂ ਸਾਹਿਬਾਨ ਅਤੇ ਬਾਣੀ ਰਚੇਤਾ ਭਗਤਾਂ ਨੇ ਨਿਮਰਤਾ ਵਿੱਚ ਆਪਣੇ ਆਪ ਨੂੰ "ਨੀਚ, ਕੀਟ, ਮੂਰਖ, ਗਵਾਰ, ਕੂਕਰ" ਆਦਿ ਭੀ ਲਿਖਿਆ ਹੈ। ਫਿਰ ਉਹ ਪਰਮਾਣ ਅਖੌਤੀ ਸੰਤ ਕਿਉਂ ਨਹੀਂ ਆਪਣੇ ਨਾਮ ਨਾਲ ਲਿਖਦੇ ? ਆਓ ਇਸ ਤਰ੍ਹਾਂ ਦੇ ਪਰਮਾਣ ਪੜ੍ਹੀਏ :

ਨਾਨਕ "ਨੀਚੁ" ਕਹੈ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ (ਜਪੁ-4)

ਨੀਚ ਨਾਨਕ ਇਉਂ ਵਿਚਾਰ ਕੇ ਦਸ ਰਿਹਾ ਹੈ। ਪਰਮਾਤਮਾ ਦੀਆਂ ਦਾਤਾਂ ਲਈ ਵਾਰਨੇ ਨਹੀਂ ਜਾਇਆ ਜਾ ਸਕਦਾ।

ਕਬੀਰ ਕੂਕਰ ਰਾਮ ਕੋ ਮੁਤੀਆ ਮੇਰੋ ਨਾਉ॥
ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ॥ (1368)

ਇਸ ਸਲੋਕ ਵਿੱਚ ਕਬੀਰ ਜੀ ਖੁਦ ਲਈ ਕੂਕਰ (ਕੁੱਤਾ) ਸ਼ਬਦ ਦੀ ਵਰਤੋਂ ਕਰਦੇ ਹਨ। ਆਪਣੇ ਗਲ ਵਿੱਚ ਰੱਸੀ ਪਈ ਹੋਈ ਲਿਖਦੇ ਹਨ। ਕੀ ਅੱਜ ਵਾਲੇ ਡੇਰੇਦਾਰ "ਸੰਤ" ਸ਼ਬਦ ਨੂੰ ਤਿਆਗ ਕੇ ਆਪਣੇ ਨਾਮ ਨਾਲ ਕੂਕਰ ਸ਼ਬਦ ਲਿਖਣਾ ਪ੍ਰਵਾਨ ਕਰਨਗੇ ?

ਕਬੀਰ ਕੂਕਰ ਭਉਕਨਾ, ਕਰੰਗ ਪਿਛੈ ਉਠਿ ਧਾਇ॥
ਕਰਮੀ ਸਤਿਗੁਰੁ ਪਾਇਆ, ਜਿਨਿ ਹਉ ਲੀਆ ਛਡਾਇ॥
(1375)

ਇਸ ਸਲੋਕ ਵਿੱਚ ਕਬੀਰ ਜੀ ਸਮਝਾਉਂਦੇ ਹਨ ਕਿ ਮੈਂ ਮਨ ਕਰ ਕੇ ਕੂਕਰ (ਕੁੱਤਾ) ਵਾਂਗ ਹਾਂ। ਪਰ ਸਤਿਗੁਰੂ ਨੇ ਕਿਰਪਾ ਕਰ ਕੇ ਉਸ ਬੁਰੀ ਬਿਰਤੀ ਤੋਂ ਬਚਾ ਲਿਆ।

ਮੈ ਮੂਰਖ ਕੀ ਕੇਤਕ ਬਾਤ ਹੈ, ਕੋਟਿ ਪਰਾਧੀ ਤਰਿਆ ਰੇ॥
ਗੁਰੁ ਨਾਨਕ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥
(612)

ਸਤਿਗੁਰੂ ਜੀ ਆਪਣੇ ਆਪ ਨੂੰ ਇਥੇ ਮੂਰਖ ਕਹਿ ਰਹੇ ਹਨ। ਸਿੱਖਾਂ ਨੂੰ ਪਤਾ ਹੈ ਕਿ ਸਾਹਿਬ ਜੀ ਬਹੁਤ ਮਹਾਨ ਸਨ, ਇਹ ਨਿਮਰਤਾ ਦਾ ਢੰਗ ਹੈ। ਪਰ ਕੀ ਸਾਧ ਲਾਣਾ ਇਸ ਮੂਰਖ ਸ਼ਬਦ ਦੀ ਵਰਤੋਂ, ਲਿਖਤ ਰੂਪ ਵਿੱਚ ਆਪਣੇ ਨਾਵਾਂ ਨਾਲ ਕਰ ਸਕੇਗਾ?

ਇੱਕ ਹੋਰ ਸ਼ਬਦ ਜੋ ਅਤੀ ਤਾੜਨਾ ਭਰਿਆ ਹੈ, ਸਤਿਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਉਪਰ ਢੁਕਾ ਕੇ ਲਿਖਿਆ ਹੈ। ਪੜ੍ਹੋ :

ਏਕੁ ਸੁਆਨੁ, ਦੁਇ ਸੁਆਨੀ ਨਾਲਿ॥ ਭਲਕੇ ਭਉਕਹਿ, ਸਦਾ ਬਇਆਲਿ॥
ਕੂੜੁ ਛੁਰਾ, ਮੁਠਾ ਮੁਰਦਾਰੁ॥ ਧਾਣਕ ਰੂਪਿ ਰਹਾ, ਕਰਤਾਰ॥
ਮੈ ਪਤਿ ਕੀ ਪੰਦਿ, ਨ ਕਰਣੀ ਕੀ ਕਾਰ॥ ਹਉ ਬਿਗੜੈ ਰੂਪਿ ਰਹਾ, ਬਿਕਰਾਲ॥
ਤੇਰਾ ਏਕੁ ਨਾਮੁ, ਤਾਰੇ ਸੰਸਾਰ॥ ਮੈ ਏਹਾ ਆਸ, ਏਹੋ ਆਧਾਰੁ॥ ਰਹਾਉ॥
ਮੁਖਿ ਨਿੰਦਾ, ਆਖਾ ਦਿਨੁ ਰਾਤਿ॥ ਪਰ ਘਰੁ ਜੋਹੀ, ਨੀਚ ਸਨਾਤਿ॥
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ॥ ਧਾਣਕ ਰੂਪਿ ਰਹਾ, ਕਰਤਾਰ॥
ਫਾਹੀ ਸੁਰਤਿ, ਮਲੂਕੀ ਵੇਸੁ॥ ਹਉ ਠਗਵਾੜਾ, ਠਗੀ ਦੇਸੁ॥
ਖਰਾ ਸਿਆਣਾ, ਬਹੁਤਾ ਭਾਰੁ॥ ਧਾਣਕ ਰੂਪਿ ਰਹਾ, ਕਰਤਾਰ॥
ਮੈ ਕੀਤਾ ਨ ਜਾਤਾ, ਹਰਾਮ ਖੋਰੁ॥ ਹਉ ਕਿਆ ਮੁਹੁ ਦੇਸਾ, ਦੁਸਟੁ ਚੋਰੁ॥
ਨਾਨਕੁ ਨੀਚੁ, ਕਹੈ ਬੀਚਾਰੁ॥ ਧਾਣਕ ਰੂਪਿ ਰਹਾ, ਕਰਤਾਰ॥ (24)

ਅਤੀ ਨਿਮਰਤਾ ਵਿੱਚ ਆ ਕੇ ਸਾਰੇ ਕੁਲੱਤਣ ਵਾਲੇ ਸ਼ਬਦ ਸਤਿਗੁਰੂ ਜੀ ਨੇ ਆਪਣੇ ਆਪ 'ਤੇ ਢੁਕਾਏ ਹਨ। ਸੰਖੇਪ ਸਾਰ ਇਉਂ ਹੈ- ਮੇਰੇ ਅੰਦਰ ਲੋਭ ਰੂਪੀ ਕੁੱਤਾ ਹੈ। ਆਸਾ ਤ੍ਰਿਸ਼ਨਾ ਰੂਪੀ ਅੰਦਰ ਦੋ ਕੁੱਤੀਆਂ ਹਨ। ਸਵੇਰੇ ਸ਼ਾਮ ਮੈਨੂੰ ਭਉਂਕ ਭਉਂਕ ਕੇ ਕੁਰਾਹੇ ਪਾ ਦਿੰਦੀਆਂ ਹਨ। ਮਾਨੋ ਮੈਂ ਝੂਠ ਰੂਪੀ ਛੁਰਾ ਪਕੜਿਆ ਹੈ, ਤੇ ਪਰਾਏ ਹੱਕ ਨੂੰ ਡਕਾਰ ਰਿਹਾ ਹਾਂ। ਮੇਰੀ ਜਾਤ (ਨੀਵੇਂ ਕੰਮਾਂ ਤੇ ਨੀਵੀਂ ਸੋਚ ਕਾਰਨ) ਅਤੀ ਘਟੀਆ ਹੈ। ਮੇਰੀ ਸਮਾਜ ਵਿੱਚ ਕੋਈ ਇੱਜ਼ਤ ਨਹੀਂ ਹੈ, ਨਾ ਉਚੀ ਕਰਣੀ ਹੈ। ਇਸ

ਤਰ੍ਹਾਂ ਮੇਰੀ ਸ਼ਕਲ ਸੂਰਤ ਬਿਕਰਾਲ ਰੂਪ ਧਾਰਨ ਕਰ ਗਈ ਹੈ। ਤੇਰੇ ਨਾਮ ਦਾ ਆਸਰਾ ਹੈ, ਜੋ ਸਾਰੇ ਸੰਸਾਰ ਨੂੰ ਤਾਰਨ ਦੇ ਸਮਰੱਥ ਹੈ। ਵਾਹਿਗੁਰੂ ਜੀ! ਮੈਂ ਤੇਰੀ ਹੀ ਓਟ ਤਕਾਈ ਹੈ। ਵੈਸੇ ਮੈਂ ਨਿੰਦਾ ਭੀ ਦਿਨ ਰਾਤ ਕਰਦਾ ਹਾਂ। ਪਰਾਏ ਮਾਲ ਤੇ ਪਰਾਏ ਰੂਪ ’ਤੇ ਮੈਂ ਸਦਾ ਬਦ ਨਜ਼ਰ ਟਿਕਾਈ ਰੱਖਦਾ ਹਾਂ। ਕਾਮ ਤੇ ਕ੍ਰੋਧ ਮੈਨੂੰ ਚੰਡਾਲ ਵਰਗਾ ਬਣਾ ਰਹੇ ਹਨ। ਇਸੇ ਲਈ ਮੈਂ ਬਹੁਤ ਬੁਰਾ ਹਾਂ। ਮੇਰੀ ਸੁਰਤੀ ਦੂਜਿਆਂ ਨੂੰ ਫਾਹ ਲੈਣ ਲਈ ਤਿਆਰ ਹੈ। ਪਰ ਪਹਿਰਾਵਾ ਮੇਰਾ ਅਤੀ ਸੋਹਣਾ ਅਤੇ ਧਾਰਮਕ ਦਿੱਖ ਵਾਲਾ ਹੈ। ਮੈਂ ਠੱਗੀਆਂ ਮਾਰ ਕੇ ਸਭ ਨੂੰ ਲੁੱਟਣ ਦੀ ਇੱਛਾ ਰੱਖਦਾ ਹਾਂ। ਬਹੁਤ ਸਿਆਣਾ ਅਖਵਾਉਂਦਾ ਹਾਂ, ਪਰ ਪਾਪਾਂ ਦਾ ਭਾਰ ਆਪਣੇ ਉੱਤੇ ਲੱਦੀ ਜਾ ਰਿਹਾ ਹਾਂ। ਹੇ ਪਰਮੇਰ ਜੀ! ਮੈਂ ਬਹੁਤ ਬੁਰਾ ਹਾਂ। ਮੈਂ ਕੋਈ ਚੰਗਾ ਕੰਮ ਨਹੀਂ ਕੀਤਾ। ਨਾ ਚੰਗਿਆਈ ਨੂੰ ਸਮਝਿਆ। ਨਿਰੇ ਹਰਾਮ ਖੋਰਾਂ ਵਾਲੇ ਮੇਰੇ ਕੰਮ ਹਨ। ਚੋਰਾਂ ਦੁਸ਼ਟਾਂ ਵਾਲੇ ਕੰਮ ਕਰ ਕੇ, ਮੈਂ ਤਾਂ ਮੂੰਹ ਦਿਖਾਉਣ ਜੋਗਾ ਭੀ ਨਹੀਂ ਰਿਹਾ। ਨੀਚ ਨਾਨਕ ਇਹ ਵਿਚਾਰ ਪੇਸ਼ ਕਰਦਾ ਹੈ। ਹੇ ਰੱਬ ਜੀ! ਇਨ੍ਹਾਂ ਕਾਰਨਾਂ ਕਰ ਕੇ ਮੈਂ ਅਤੀ ਘਟੀਆ ਜਿਹਾ ਹਾਂ।

ਮਹਾਨ ਪਰਉਪਕਾਰੀ ਗੁਣਾਂ ਨਾਲ ਭਰਪੂਰ, ਰੱਬੀ ਨੂਰ ਆਦਿ ਗੁਰੂ ਨਾਨਕ ਸਾਹਿਬ ਜੀ ਆਪਣੇ ਆਪ ਨੂੰ ਕੂਕਰ (ਕੁੱਤਾ) ਝੂਠਾ, ਕਾਤਿਲ, ਪਰਾਇਆ ਹੱਕ ਖਾਣ ਵਾਲਾ, ਨੀਵੀਂ ਜਾਤ ਵਾਲਾ ਆਖ ਰਹੇ ਹਨ। ਇੱਜ਼ਤ ਤੋਂ ਸੱਖਣਾ, ਬਿਗੜੇ ਰੂਪ ਵਾਲਾ, ਨਿੰਦਕ, ਚੋਰ, ਕਾਮੀ, ਕ੍ਰੋਧੀ, ਸਭ ਨੂੰ ਫਾਹ ਲੈਣ ਵਾਲਾ, ਦੇਸ਼ ਦੇਸ਼ਾਂਤਰਾਂ ਨੂੰ ਠੱਗ ਲੈਣ ਵਾਲਾ, ਪਾਪੀ, ਹਰਾਮਖੋਰੀਆਂ ਕਰਨ ਵਾਲਾ, ਦੁਸ਼ਟ ਭੀ ਆਪਣੇ ਆਪ ਨੂੰ ਆਖਿਆ ਹੈ। ਗੁਰਬਾਣੀ ਵਿੱਚੋਂ ਮਨਮਰਜ਼ੀ ਦੀਆਂ “ਸੰਤ ਤੇ ਬ੍ਰਹਮ ਗਿਆਨੀ” ਵਰਗੀਆਂ ਪੰਕਤੀਆਂ ਚੁੱਕ ਕੇ ਹਰ “ਐਰਾ ਗੈਰਾ ਨੱਥੂ ਖੈਰਾ” ਅਪਣੇ ਨਾਮ ਦੇ ਅੱਗੇ ਪਿੱਛੇ ਚਿਪਕਾਈ ਫਿਰਦਾ ਹੈ। ਅਖੇ ਜੀ ਗੁਰਬਾਣੀ ਵਿੱਚ ਇਹ ਸੰਤ ਆਦਿ ਪੰਕਤੀਆਂ ਸਾਡੇ ਲਈ ਹੀ ਲਿਖੀਆਂ ਹੋਈਆਂ ਹਨ। ਆਹ ਜੋ ਪੰਕਤੀਆਂ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਆਪ ’ਤੇ ਢੁਕਾ ਕੇ ਲਿਖੀਆਂ ਹਨ, ਇਨ੍ਹਾਂ ਵਿੱਚੋਂ ਕੋਈ ਇੱਕ ਪੰਕਤੀ ਭੀ ਕਿਸੇ ਅਖੌਤੀ ਸੰਤ ਨੇ ਆਪਣੇ ਨਾਮ ਨਾਲ ਕਿਉਂ ਨਹੀਂ ਲਿਖੀ? ਇਹ ਭੀ ਤਾਂ ਗੁਰਬਾਣੀ ਹੈ। ਗੁਰੂ ਜੀ ਨੂੰ ਤਾਂ ਇਸ ਤਰ੍ਹਾਂ ਲਿਖਣਾ ਬੁਰਾ ਨਹੀਂ ਲੱਗਾ। ਭਲਾ ਅੱਜ ਦੇ “ਸੱਜਣ ਠੱਗਾਂ” ਨੂੰ ਆਪਣੇ ਨਾਮ ਨਾਲ ਅਜਿਹੀਆਂ ਪੰਕਤੀਆਂ ਲਿਖਣ ਤੋਂ ਕਿਉਂ ਸ਼ਰਮ ਆਉਂਦੀ ਹੈ? ਸੰਤ ਗਿਰੀ ਦੇ ਪਹਿਰਾਵੇ ਵਿੱਚ ਅੱਜ ਅਨੰਤ ਠੱਗ, ਚੋਰ ਪਾਪੀ, ਦੁਰਾਚਾਰੀ, ਪੰਥ ਨੂੰ ਲੁੱਟ ਕੇ ਖਾ ਰਹੇ ਹਨ। ਮਲੂਕੀ ਵੇਸ ਪਹਿਨ ਕੇ ਧਰਮ ਅਸਥਾਨਾਂ ਵਿੱਚ ਕੁਕਰਮ ਕਰ ਰਹੇ ਹਨ। ਨਿੱਤ ਝੂਠ ਬੋਲਦੇ ਹਨ, ਭੋਲੇ ਸ਼ਰਧਾਲੂਆਂ ਨੂੰ ਕੁਰਾਹੇ ਭੀ ਪਾਉਂਦੇ ਹਨ, ਦੋਹੀਂ ਹੱਥੀਂ ਲੁੱਟ ਭੀ ਕਰਦੇ ਹਨ।

ਸਿੱਖ ਪੰਥ ਵਿੱਚ ਭਾਈ ਸ਼ਬਦ ਬਹੁਤ ਸਤਿਕਾਰ ਵਾਲਾ ਸੀ, ਉਹ ਤਿਆਗ ਦਿੱਤਾ।

ਸਰਦਾਰ ਸ਼ਬਦ ਭੀ ਮਕਬੂਲ ਹੋਇਆ ਸੀ, ਉਹ ਭੀ ਪਸੰਦ ਨਹੀਂ। ਵੱਖਰਾ ਬਾਣਾ ਪਹਿਨ ਕੇ ਡੇਰਾ, ਠਾਠ, ਟਕਸਾਲ ਬਣਾ ਕੇ "ਸੰਤ" ਬਣ ਕੇ ਆਪਣੀ ਪੂਜਾ ਕਰਵਾਈ ਜਾ ਰਹੀ ਹੈ। ਪੰਥ ਨੂੰ ਖੇਰੂੰ ਖੇਰੂੰ ਕੀਤਾ ਜਾ ਰਿਹਾ ਹੈ। ਅੱਜ ਹਾਲਤ ਇਹ ਬਣ ਗਈ ਹੈ ਕਿ "ਸੰਤ" ਹੋਣਾ ਇੱਕ ਚੰਗਾ ਤਕੜਾ ਵਿਉਪਾਰ ਬਣ ਚੁੱਕਿਆ ਹੈ। ਇਸ ਵਿਉਪਾਰ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਗੁਰਦਵਾਰੇ ਰਾਹੀਂ ਵਧਾਇਆ ਜਾਂਦਾ ਹੈ। ਇੱਕ ਖਾਸ ਕਿਸਮ ਦੇ ਪਹਿਰਾਵੇ ਦੁਆਰਾ "ਧਰਮੀ" ਹੋਣ ਦਾ ਨਾਟਕ ਕੀਤਾ ਜਾਂਦਾ ਹੈ। ਫਿਰ ਆਮ ਨਿਮਾਣੇ ਸਿੱਖਾਂ ਦੀ ਲੁੱਟ ਕੀਤੀ ਜਾਂਦੀ ਹੈ। ਤਾਕਤਵਰ ਰਾਜਸੀ ਲੋਕਾਂ ਤੋਂ ਵੋਟਾਂ ਦੇ ਕੇ ਨੋਟ ਕਮਾਏ ਜਾਂਦੇ ਹਨ। ਸਾਂਝੀਆਂ ਜ਼ਮੀਨਾਂ 'ਤੇ ਕਬਜ਼ੇ ਕਰ ਕੇ ਗੁਰਦਵਾਰੇ ਦਾ ਬਹਾਨਾ ਲਾ ਕੇ ਆਪਣੀ ਕੋਠੀ ਤੇ ਕਈ ਸਾਰੀਆਂ ਦੁਕਾਨਾਂ ਬਣਾ ਕੇ ਕਿਰਾਏ ਤੇ ਚੜ੍ਹਾ ਦਿੱਤੀਆਂ ਜਾਂਦੀਆਂ ਹਨ। ਪੁੱਤਰ ਪੋਤਰਿਆਂ, ਸਕੇ ਸਬੰਧੀਆਂ ਦੀਆਂ ਪੁਸਤਾਂ ਦੀਆਂ ਰੋਟੀਆਂ ਖਰੀਆਂ ਕਰ ਲਈਆਂ ਜਾਂਦੀਆਂ ਹਨ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ :

ਸਾਧਨ ਦੁਰਾਇ ਕੈ, ਅਸਾਧ ਅਪਰਾਧ ਕਰੈ, ਉਲਟੀਐ ਚਾਲ ਕਲੀਕਾਲ ਭ੍ਰਮ ਭਾਖੀਐ॥ (532)

ਸਾਧੂਆਂ ਵਰਗੇ ਭੇਖ ਅਤੇ ਤਰੀਕੇ ਅਪਣਾ ਕੇ ਅਣਗਿਣਤ ਠੱਗ ਲੋਕ ਭੋਲੇ ਸੇਵਕਾਂ ਨੂੰ ਲੁੱਟ ਕੇ ਖਾ ਰਹੇ ਹਨ। ਜ਼ਮਾਨੇ ਦੀ ਚਾਲ ਹੀ ਉਲਟੀ ਹੋ ਗਈ ਹੈ। ਅਸਾਧ (ਪਾਪੀ) ਬੰਦੇ, ਅਖੌਤੀ ਸੰਤਤਾਈ ਰਾਹੀਂ ਵੱਡੇ ਵੱਡੇ ਅਪਰਾਧ ਕਰ ਰਹੇ ਹਨ। ਸਤਿਗੁਰੂ ਜੀ! ਗਿਆਨ ਦੀ ਹਨੇਰੀ ਵਗਾ ਦਿਓ। ਤਾਂ ਕਿ ਤੁਹਾਡਾ ਸਾਜਿਆ ਦੂਲਾ ਪੰਥ ਸ਼ਬਦ ਰਾਹੀਂ ਜੀਵਨ ਸੇਧ ਲੈਣ ਲੱਗ ਪਵੇ।

000

# 21. 'ਪੱਚੀ ਕਾਰਨਾਮੇ ਅਖੌਤੀ ਸੰਤਾਂ ਦੇ'

1. ਗਿਆਨੀ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਦੀ ਪੱਗ ਦਾ ਝਗੜਾ ਪੈ ਗਿਆ ਮਾਲਵੇ ਵਾਲਿਆਂ ਨੇ ਵੱਡੇ ਸੰਤ ਦੇ ਹੁਕਮ ਦੇ ਉਲਟ ਗਿਆਨੀ ਮੋਹਨ ਸਿੰਘ ਨੂੰ ਪੱਗ ਬੰਨ੍ਹਣ ਸਮੇਂ ਗਿਆਨੀ ਕਰਤਾਰ ਸਿੰਘ ਨੂੰ ਇੱਕ ਕਮਰੇ ਵਿੱਚ ਬੰਦ ਕਰ ਕੇ ਜ਼ਿੰਦਰਾ ਮਾਰ ਦਿੱਤਾ ਤੇ ਕਿਹਾ ਪਿੰਡ ਭੂਰੇ ਜਾ ਕੇ ਮੱਕੀ ਗੋਡ ਸੰਤ ਬਣਨ ਦੇ ਸੁਪਨੇ ਨਾ ਲੈ।
2. ਮੈਗਜ਼ੀਨ, ਅਖ਼ਬਾਰਾਂ ਦੀਆਂ ਸੁਰਖੀਆਂ ਮੁਤਾਬਿਕ ਸ਼੍ਰੋਮਣੀ ਬ੍ਰਹਮ ਗਿਆਨੀ 108 ਕਹਾਉਣ ਵਾਲਾ ਮਾਨ ਸਿੰਘ ਪਿਹੋਵੇ ਵਾਲਾ ਆਪਣੀਆਂ ਸ਼ਰਧਾਲੂ ਔਰਤਾਂ ਨੂੰ ਇੱਕ ਕਮਰੇ ਵਿੱਚ ਆਪਣੇ ਗੁਪਤ ਅੰਗ ਦੇ ਦਰਸ਼ਨ ਕਰਵਾਉਂਦਾ ਰਿਹਾ ਹੈ।
3. ਸੰਤ ਬ੍ਰਹਮ ਗਿਆਨੀ ਕਹਾਉਣ ਵਾਲਾ ਸੰਤ ਧੰਨਵੰਤ ਸਿੰਘ ਗੁਰਦਾਸਪੁਰੀਆ ਆਪਣੇ ਹੀ ਸੇਵਕ ਦੀ ਬੱਚੀ ਨਾਲ ਬਲਾਤਕਾਰ ਦੇ ਕੇਸ ਵਿੱਚ ਜੇਲ ਵਿੱਚ ਦਸ ਸਾਲ ਬੰਦ ਰਿਹਾ ਹੈ।
4. ਸੰਤ ਮਹਾਰਾਜ ਕਹਾਉਣ ਵਾਲਾ ਰਣਜੀਤ ਸਿੰਘ ਢੱਡਰੀਆਂ ਵਾਲਾ ਪਟਿਆਲੇ ਨੇੜੇ ਆਪਣੇ ਡੇਰੇ ਅੰਦਰ ਆਪਣਾ ਜਨਮ ਦਿਨ ਮਨਾਉਂਦਾ ਸੂਰਜਵੰਸ਼ੀ ਗੱਦੀ ਲਾ ਕੇ, ਕਲਗੀ ਲਾ ਕੇ, ਬਹੁਤ ਵੱਡੀ ਉਮਰ ਦੇ ਅੰਮ੍ਰਿਤਧਾਰੀ ਬਜ਼ੁਰਗ ਮਾਤਾਵਾਂ ਪਾਸੋਂ ਮੱਥਾ ਟਿਕਵਾ ਕੇ ਥਾਪੜੇ ਦਿੰਦਾ ਰਿਹਾ। ਗ਼ਰੀਬ ਭੋਲੇ ਭਾਲੇ ਲੋਕਾਂ ਕੋਲੋਂ ਕੀਮਤੀ ਤੋਹਫ਼ੇ, ਸੋਨੇ ਦੀਆਂ ਚੇਨਾਂ ਆਦਿ ਲੈਂਦਾ ਰਿਹਾ।
5. ਸ਼੍ਰੋਮਣੀ ਸੰਤ ਸਮਾਜ ਦਾ ਸਾਬਕਾ ਪ੍ਰਧਾਨ ਸੰਤ ਸ਼ਮਸ਼ੇਰ ਸਿੰਘ ਜੁਗੇੜਾ ਵੀ (ਅਖ਼ਬਾਰਾਂ ਦੇ ਮੁਤਾਬਿਕ) ਬਲਾਤਕਾਰ ਦੇ ਕੇਸ ਵਿੱਚ ਜੇਲ ਅੰਦਰ ਰਿਹਾ।
6. ਬਾਬਾ ਨੰਦ ਸਿੰਘ ਨਾਨਕਸਰੀਏ ਦੀ ਬਰਸੀ ਮੌਕੇ ਅਰਦਾਸ ਕਰਨ ਤੋਂ ਨਾਨਕਸਰੀਏ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਲੜੇ ਇੱਕ ਦੂਜੇ ਉਤੇ ਗੋਲੀਆਂ ਚਲਾਈਆਂ।
7. ਨਾਨਕਸਰੀਆਂ ਨੇ ਬ੍ਰਾਹਮਣਵਾਦੀ ਤਰਜ ਉੱਤੇ ਪੱਥਰ ਦੇ ਬੁੱਤ ਬਣਾਏ।
8. ਮਸਤੂਆਣੀਏ ਸੰਤ ਅਤਰ ਸਿੰਘ ਨੂੰ ਜਦੋਂ 1911 ਵਿੱਚ ਜਾਰਜ ਪੰਚਮ ਅੰਗਰੇਜ਼ ਜਦੋਂ ਦਿੱਲੀ ਆਇਆ ਤਾਂ ਅਤਰ ਸਿੰਘ ਨੂੰ ਕੋਲ ਬੁਲਾ ਕੇ ਆਖਿਆ ਤੁਸੀਂ ਅਰਦਾਸ ਕਰੋ ਅੰਗਰੇਜ਼ ਦਾ ਰਾਜ ਭਾਗ ਅਟੱਲ ਰਹੇ ਜਦੋਂ ਇਹ ਅਰਦਾਸ ਕੀਤੀ ਤਾਂ ਅੰਗਰੇਜ਼ ਨੇ ਸੰਤ ਦੀ ਪਦਵੀ ਦੇ ਦਿੱਤੀ।
9. ਸੰਤ ਅਤਰ ਸਿੰਘ ਦੀ ਬਰਸੀ ਮੌਕੇ ਛਪੇ ਇਸ਼ਤਿਹਾਰ ਉਪਰ ਸਤਿਗੁਰੂ ਅਤਰ ਸਿੰਘ ਲਿਖ ਕੇ ਮਸਤੂਆਣੀਆਂ ਨੇ ਸਿੱਖਾਂ ਦੇ ਹਿਰਦੇ ਵਲੂੰਧਰੇ।

10. ਮਸਤੂਆਣੀਆਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁਕਾਬਲੇ ਉਥੇ ਹੀ ਸਰੋਵਰ ਅਤੇ ਦਰਬਾਰ ਸਾਹਿਬ ਬਣਾਉਣਾ ਸ਼ੁਰੂ ਕਰ ਦਿੱਤਾ। ਖਾੜਕੂਆਂ ਨੇ ਰੋਕਿਆ।
11. ਬਾਬਾ ਦਇਆ ਸਿੰਘ ਸੁਰ ਸਿੰਘ ਨੇ ਪਿੰਡ ਧੁੰਨ ਜੀ ਜ਼ਮੀਨ ਸਾਂਭਣ ਵਾਸਤੇ ਦਰਗਾਹੀ ਸ਼ਾਹ ਦੀ ਕਬਰ ਉੱਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਪ੍ਰਕਾਸ਼ ਕਰ ਕੇ 40 ਸਾਲ ਤੋਂ ਉਥੇ ਗ੍ਰੰਥੀ ਬਿਠਾ ਛੱਡਿਆ ਜਿਸ ਨੂੰ ੳ, ਅ ਵੀ ਨਹੀਂ ਆਉਂਦਾ।
12. ਅੰਮ੍ਰਿਤਧਾਰੀ ਮਜ਼ਬੀ ਸਿੰਘ ਨੂੰ ਬਾਬਾ ਦਇਆ ਸਿੰਘ ਸੁਰ ਸਿੰਘ ਦੇ ਸਿੰਘਾਂ ਨੇ ਨੀਵੀਂ ਜਾਤ ਦਾ ਮਜ਼ਬੀ ਸਿੰਘ ਹੋਣ ਕਰ ਕੇ ਆਪਣੀ ਬੱਸ ਵਿੱਚੋਂ ਉਤਾਰ ਦਿੱਤਾ।
13. ਸੰਤ ਈਸ਼ਰ ਸਿੰਘ ਰਾੜੇ ਵਾਲੇ ਵੀ ਗੁਰਬਾਣੀ ਸਿਧਾਂਤਾਂ ਦੇ ਉਲਟ ਭੂਤਾਂ ਪ੍ਰੇਤਾਂ ਦੇ ਉਧਾਰ ਕਰਦੇ ਰਹੇ ਅਤੇ ਦਿਨ ਵਿੱਚ ਦੋ ਵਾਰੀ ਕੁਰਸੀ ਲਾਉਂਦੇ ਰਹੇ।
14. ਸੰਤ ਵਰਿਆਮ ਸਿੰਘ ਰਤਵਾੜੇ ਵਾਲੇ ਦੇ ਮਰਨ ਤੋਂ ਬਾਅਦ ਉਸ ਦੀ ਘਰਵਾਲੀ, ਲੜਕੇ ਅਤੇ ਬਾਬਾ ਲਖਬੀਰ ਸਿੰਘ, ਵਿਚਾਲੇ ਝਗੜਾ ਅਦਾਲਤਾਂ ਤੱਕ ਪਹੁੰਚਿਆ।
15. ਸੰਤ ਤਾਰਾ ਸਿੰਘ ਸਰਹਾਲੀ ਵਾਲੇ ਵੀ ਜਾਤ ਪਾਤ ਦੇ ਬੰਧਨਾਂ ਵਿੱਚ ਬੱਧੇ ਹੋਏ ਡੇਰ਼ ਇਚ (ਛਿੰਝ ਤਵੀਤ) ਕਿਰਪਾਨ ਨਾਲ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਂਦੇ ਰਹੇ।
16. ਬਾਬਾ ਹਾਕਮ ਸਿੰਘ ਸਰਹਾਲੀ ਵਾਲਾ ਆਪਣੇ ਨਾਲ ਪੰਡਤ ਰੱਖਦਾ ਰਿਹਾ, ਪੁੱਛਾਂ ਪਵਾਉਣ ਵਾਸਤੇ।
17. ਟਕਸਾਲੀ ਹਰਨਾਮ ਸਿੰਘ ਧੁੰਮਾ ਅਤੇ ਬਾਬਾ ਰਾਮ ਸਿੰਘ ਵਿਚਕਾਰ ਪੱਗ ਦਾ ਝਗੜਾ ਚੱਲਿਆ। ਇਹ ਵੀ ਇੱਕ ਦੂਜੇ ਨੂੰ ਆਰ.ਐਸ.ਐਸ. ਦੇ ਏਜੰਟ ਕਹਿੰਦੇ ਹਨ। ਇਹ ਧੁੰਮਾ ਦਮਦਮੀ ਟਕਸਾਲ ਦੇ ਹੈਡਕੁਆਰਟਰ ਮਹਿਤੇ ਚੌਕ ਵਿਖੇ ਹਵਨ ਕਰਦਾ ਰਿਹਾ। ਚਾਲੀਸੇ ਕੱਟਦਾ ਰਿਹਾ। ਇਸ ਨੇ ਹਰਦੁਆਰ ਜਾ ਕੇ ਭਗਵੇਂ ਕਪੜੇ ਪਾ ਕੇ ਕਰੜ ਝੋਟ ਸਾਧਾਂ ਦੇ ਪੈਰੀਂ ਹੱਥ ਵੀ ਲਾਏ। ਟਕਸਾਲੀ ਅਕਸਰ ਕਹਿੰਦੇ ਹਨ ਚਾਲੀਸੇ ਕੱਟਣ ਨਾਲ ਸੰਤ ਬਣੀਦਾ ਹੈ।
18. ਸੰਤ ਠਾਕੁਰ ਸਿੰਘ ਟਕਸਾਲੀ ਨੇ 21 ਸਾਲ ਕੋਰਾ ਝੂਠ ਬੋਲਿਆ ਕਿ ਸੰਤ ਜਰਨੈਲ ਸਿੰਘ ਜੀਵਤ ਹਨ।
19. ਇਨ੍ਹਾਂ ਸੰਪਰਦਾਈ ਸਾਧਾਂ ਨੇ ਅਖੌਤੀ ਦਸਮ ਗ੍ਰੰਥ (ਜਿਸ ਦਾ ਕਾਫ਼ੀ ਹਿੱਸਾ ਕਵੀਆਂ ਦੀਆਂ ਅਸ਼ਲੀਲ ਲਿਖਤਾਂ ਨਾਲ ਭਰਿਆ ਪਿਆ ਹੈ) ਦਾ ਫ਼ਤਹਿ ਦਿਵਸ ਮਨਾਇਆ।
20. ਸਾਰੇ ਅਖੌਤੀ ਸੰਤ ਕਰੋੜਾਂ ਦੀਆਂ ਜਾਇਦਾਦਾਂ ਬਣਾਈ ਬੈਠੇ ਹਨ, ਜੋ ਨਿੱਜੀ ਹਨ।
21. ਕਿਸੇ ਇੱਕ ਵੀ ਸੰਤ ਨੇ ਅਕਾਲ ਤਖ਼ਤ ਵੱਲੋਂ ਪ੍ਰਵਾਨਤ ਸਿੱਖ ਰਹਿਤ ਮਰਿਆਦਾ

ਨਹੀਂ ਮੰਨੀ।

22. ਕਿਸੇ ਵੀ ਸੰਤ ਨੂੰ ਗੁਰਬਾਣੀ ਦੇ ਅਰਥ ਨਹੀਂ ਆਉਂਦੇ।
23. ਕਿਸੇ ਸੰਤ ਨੂੰ ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਨਾ ਨਹੀਂ ਆਉਂਦਾ।
24. ਕਿਸੇ ਸੰਤ ਨੂੰ ਇਤਿਹਾਸ ਦੀ ਸਹੀ ਸਮਝ ਨਹੀਂ ਹੈ।
25. ਸਾਰੇ ਸੰਤਾਂ ਦਾ ਪਿਛੋਕੜ ਕਾਂਸ਼ੀ ਨਾਲ ਜੁੜਿਆ ਹੋਇਆ ਹੈ।

ਨੋਟ :- ਇਹ ਸੰਪਰਦਾਈ ਹੱਠ ਹੀ ਇਨ੍ਹਾਂ ਸਾਧਾਂ ਸੰਤਾਂ ਦੇ ਕਫਨ ਵਿੱਚ ਕਿੱਲ ਸਾਬਤ ਹੋਵੇਗਾ।

000

# 22. ਗਿਆਨੀ ਗੁਰਬਚਨ ਸਿੰਘ ਭਿੰਡਰਾਂ ਵਾਲੇ ਦੀਆਂ ਕੂੜ ਕਹਾਣੀਆਂ (ਅਖ਼ਬਾਰੀ ਰਪੋਰਟ)

ਗੁਰਮਤਿ ਵਿਹੂਣੇ ਗ੍ਰੰਥੀਆਂ ਵੱਲੋਂ ਇੱਕ ਵਾਰ ਫਿਰ ਸਿੱਖ ਵਿਦਵਾਨਾਂ ਉਪਰ ਆਪਣੇ ਕਹਿਰ ਢਾਹੁਣ ਦਾ ਸਿਲਸਿਲਾ ਜਾਰੀ ਰਖਦਿਆਂ ਸ. ਇੰਦਰ ਸਿੰਘ ਘੱਗਾ ਮਿਸ਼ਨਰੀ ਵਿਦਵਾਨ ਵਾਲੇ ਸਿੱਖ ਸੰਗਤ ਨੂੰ ਆਦੇਸ਼ ਜਾਰੀ ਕੀਤਾ ਗਿਆ ਕਿ ਉਹ ਇਸ ਸਿੱਖ ਵਿਦਵਾਨ ਨੂੰ ਪੰਥਕ ਸਟੇਜਾਂ 'ਤੇ ਨਾ ਬੋਲਣ ਦੇਣ, ਜਦ ਤੱਕ ਕਿ ਉਹ ਆਪਣੇ ਲਿਖੇ ਕਥਿਤ ਗੁਰਮਤਿ ਵਿਰੋਧੀ ਲੇਖ ਬਾਰੇ ਪਛਤਾਵਾ ਨਹੀਂ ਕਰਦੇ। ਸ. ਇੰਦਰ ਸਿੰਘ ਘੱਗਾ ਦਾ ਨਾਂ ਪੰਥਕ ਸਫ਼ਾ ਵਿੱਚ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ। ਲੰਮੇ ਸਮੇਂ ਤੋਂ ਵਿਦਵਤਾ ਪੂਰਵਕ ਸਿੱਖ ਸੰਗਤ ਨੂੰ ਦੇਸ਼ ਵਿਦੇਸ਼ ਵਿੱਚ ਗੁਰੂ ਆਸੇ ਨਾਲ ਜੋੜਨ ਦਾ ਉਪਰਾਲਾ ਕਰਨ ਵਾਲੇ ਸ. ਇੰਦਰ ਸਿੰਘ ਘੱਗਾ ਨੇ ਆਪਣੀ ਪੁਸਤਕ 'ਸਾਡਾ ਬੇੜਾ ਇਉਂ ਗਰਕਿਆ' ਵਿੱਚ ਕੀ ਅਜਿਹਾ ਲਿਖ ਦਿੱਤਾ ਹੈ ਕਿ ਅਕਾਲ ਤਖ਼ਤ ਦੇ ਮੁੱਖ ਪੁਜਾਰੀ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਉਨ੍ਹਾਂ ਵਿਰੁੱਧ ਆਦੇਸ਼ ਜਾਰੀ ਕਰਨਾ ਪੈ ਗਿਆ। ਪਾਠਕ ਇਹ ਜਾਣਨ ਲਈ ਉਤਾਵਲੇ ਹੋਣਗੇ ਕਿ ਉਹ ਕਿਹੜੀ ਕਥਿਤ ਗੁਰਮਤਿ ਵਿਰੋਧੀ ਲਿਖਤ ਹੈ ਜਿਸ ਨੇ ਡੇਰਾਵਾਦੀਆਂ ਵਿਚ ਤਰਥੱਲੀ ਮਚਾ ਦਿੱਤੀ ਹੈ।

ਦਰਅਸਲ ਸ. ਇੰਦਰ ਸਿੰਘ ਘੱਗਾ ਦੀ ਇਹ ਕਿਤਾਬ ਕਰੀਬ ਡੇਢ ਸਾਲ 2005 ਤੋਂ ਗੁਰਮਤਿ ਸਟਾਲਾਂ ਉਪਰ ਉਪਲੱਬਧ ਹੈ। ਰੋਜ਼ਾਨਾ ਸਪੋਕਸਮੈਨ ਵੱਲੋਂ ਸ. ਘੱਗਾ ਦੇ ਮੋਬਾਈਲ ਫ਼ੋਨ 'ਤੇ ਸੰਪਰਕ ਕਰਨ ਉਪਰੰਤ ਉਨ੍ਹਾਂ ਦੇ ਲੜਕੇ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਸਾਰਾ ਵਿਵਾਦ ਇਸ ਪੁਸਤਕ ਦੇ ਇੱਕ ਲੇਖ 'ਕਲਰੁ ਖੇਤੁ ਲੈ ਕੂੜ ਜਮਾਇਆ' ਕਰ ਕੇ ਹੀ ਹੈ। ਸ. ਘੱਗਾ ਦਾ ਇਹ ਲੇਖ ਭਿੰਡਰਾਂ ਵਾਲਾ ਟਕਸਾਲ ਦੇ ਰਹਿ ਚੁੱਕੇ ਮੁਖੀ ਬਾਬਾ ਗੁਰਬਚਨ ਸਿੰਘ ਦੀ ਲਿਖੀ ਪੁਸਤਕ 'ਗੁਰਬਾਣੀ ਪਾਠ ਦਰਸ਼ਨ' (ਐਡੀਸ਼ਨ 1969) ਵਿੱਚ ਸ਼ਾਮਲ ਗੁਰਮਤਿ ਵਿਰੋਧੀ ਅਤੇ ਅਡੰਬਰੀ ਮਰਿਆਦਾਵਾਂ ਨੂੰ ਟਿੱਪਣੀਆਂ ਸਹਿਤ ਉਜਾਗਰ ਕਰਦਾ ਹੈ। ਪਾਠਕਾਂ ਨੂੰ ਯਾਦ ਹੋਵੇਗਾ ਕਿ ਟਕਸਾਲ ਦੀ ਇਸੇ ਹੀ ਪੁਸਤਕ 'ਗੁਰਬਾਣੀ ਪਾਠ ਦਰਸ਼ਨ' ਬਾਰੇ ਉੱਘੇ ਵਿਦਵਾਨ ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੇ ਵੀ ਆਪਣੀ ਸ਼ੁਰੂਆਤ ਕਿਤਾਬ 'ਮਾਸ ਮਾਸ ਕਰ ਮੂਰਖ ਝਗੜੇ' ਵਿੱਚ ਜ਼ਿਕਰ ਕੀਤਾ ਸੀ ਅਤੇ ਭਿੰਡਰਾਂਵਾਲੀ ਟਕਸਾਲ ਦੇ ਮੋਗੇ ਵਾਲੇ ਅਤੇ ਮਹਿਤੇ ਵਾਲੇ ਮੁਖੀਆਂ ਨੂੰ ਖੁੱਲ੍ਹੀ ਚਿੱਠੀ ਜਾਰੀ ਕੀਤੀ ਸੀ, ਜਿਸ ਦਾ ਉਹ ਅਜੇ ਤੱਕ ਕੋਈ ਜਵਾਬ ਨਹੀਂ ਦੇ ਸਕੇ।

ਸ. ਘੱਗਾ ਨੇ ਇਸ ਹੀ 'ਗੁਰਬਾਣੀ ਪਾਠ ਦਰਸ਼ਨ' ਪੁਸਤਕ ਵਿਚਲੀਆਂ ਖ਼ਤਰਨਾਕ ਪੰਥ ਵਿਰੋਧੀ ਲਿਖਤਾਂ ਨੂੰ ਆਧਾਰ ਬਣਾ ਕੇ ਉਪਰੋਕਤ ਲੇਖ ਵਿੱਚ ਟਿੱਪਣੀਆਂ ਕਰ ਕੇ ਸਿੱਖ ਸੰਗਤ ਅੱਗੇ ਇਹ ਸੁਝਾਅ ਰੱਖਿਆ ਸੀ ਕਿ ਇੱਕ ਮਾਹਿਰ ਵਿਦਵਾਨਾਂ ਦਾ ਪੈਨਲ ਹੀ ਇਹੋ ਜਿਹੀਆਂ ਪੁਸਤਕਾਂ ਬਾਰੇ ਨਿਰਪੱਖ ਨਿਰਣਾ ਕਰੇ ਤਾਂ ਜੋ ਸੰਗਤ ਤੱਕ ਕੇਵਲ ਪ੍ਰਮਾਣਿਤ ਪੁਸਤਕਾਂ ਹੀ ਪਹੁੰਚ ਸਕਣ।

ਅਸਲ ਦੋਸ਼ੀ ਕੌਣ ਹੈ, ਬਾਬਾ ਗੁਰਬਚਨ ਸਿੰਘ ਜਾਂ ਸ. ਇੰਦਰ ਸਿੰਘ ਘੱਗਾ, ਇਹ ਨਿਰਣਾ ਤਾਂ ਬਾਬਾ ਗੁਰਬਚਨ ਸਿੰਘ ਦੀ ਲਿਖੀ ਪੁਸਤਕ ਵਿੱਚੋਂ ਕੁੱਝ ਕੁ ਹੇਠਾਂ ਲਿਖੀਆਂ ਤੁਕਾਂ ਪੜ੍ਹ ਕੇ ਪਾਠਕ ਸਹਿਜੇ ਹੀ ਅੰਦਾਜ਼ਾ ਲਗਾ ਲੈਣਗੇ। ਬਾਬਾ ਗੁਰਬਚਨ ਸਿੰਘ ਆਪਣੀ ਪੁਸਤਕ ਵਿੱਚ ਲਿਖਦੇ ਹਨ :

- ਸਿੱਖ ਗੁਰੂ ਸਾਹਿਬਾਨ ਲਵ-ਕੁਸ਼ ਦੇ ਵੰਸ਼ ਵਿੱਚੋਂ ਸਨ।
- ਪੰਜ ਪਿਆਰੇ ਵੀ ਵੱਖ-ਵੱਖ ਭਗਤਾਂ ਦੇ ਅਵਤਾਰ ਸਨ।
- ਗੁਰੂ ਹਰਿ ਗੋਬਿੰਦ ਜੀ ਦੇ 8 ਵਿਆਹ ਹੋਏ ਸਨ।
- ਖਾਲਸਾ ਪੰਥ ਗੁਰੂ ਨਾਨਕ ਸਾਹਿਬ ਨੇ ਨਹੀਂ ਸਗੋਂ ਗੁਰੂ ਗੋਬਿੰਦ ਸਿੰਘ ਜੀ ਨੇ ਚਲਾਇਆ ਸੀ।
- ਸੱਤਾ ਬਲਵੰਡ ਅਤੇ ਭੱਟਾਂ ਨੂੰ ਕਾਸ਼ੀ ਦੇ ਬ੍ਰਾਹਮਣਾਂ ਤੋਂ ਸ਼ਰਾਪ ਮਿਲਿਆ ਹੋਇਆ ਸੀ।
- ਬਾਬਾ ਫਰੀਦ ਜੀ 12 ਸਾਲ ਤੱਕ ਜੰਗਲ ਵਿੱਚ ਤਪ ਕਰਦੇ ਰਹੇ। ਜੂਆਂ ਪੈ ਗਈਆਂ ਮਾਤਾ ਨੇ ਕੱਢੀਆਂ ਅਤੇ ਪੱਤੇ ਖਾਣ ਤੋਂ ਰੋਕਿਆ। ਉਨ੍ਹਾਂ ਨੇ 12 ਸਾਲ ਖੂਹ 'ਚ ਪੁੱਠੇ ਲਟਕ ਕੇ ਤਪੱਸਿਆ ਕੀਤੀ।
- ਖਾਲਸਾ ਦੀ ਸਾਜਨਾ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ 13 ਮਹੀਨੇ ਤੱਕ ਇਕਾਂਤ ਵਾਸ ਕੀਤਾ ਸੀ। ਕਿਸੇ ਵੀ ਸਰੀਰ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਸੀ।
- ਪੰਜ ਪਿਆਰਿਆਂ ਨੂੰ ਸ਼ਰਾਪ ਮਿਲਿਆ ਹੋਇਆ ਸੀ। ਰੱਬ ਨੇ ਕਿਹਾ ਕਿ ਤੁਹਾਨੂੰ ਦਸਵੇਂ ਜਾਮੇ ਵਿੱਚ ਆ ਕੇ ਸਿਰ ਲੈ ਕੇ ਮੁਆਫ਼ ਕਰਾਂਗੇ।
- ਗੁਰੂ ਜੀ ਨੇ ਚਿੜੀ-ਚਿੜੇ ਨੂੰ ਅੰਮ੍ਰਿਤ ਪਾ ਕੇ ਦਿੱਤਾ। ਉਹ ਆਪਸ ਵਿੱਚ ਹੀ ਲੜ ਕੇ ਮਰ ਗਏ। ਜਿਸ ਕਰ ਕੇ ਮਾਤਾ ਜੀ ਨੇ ਬਾਅਦ ਵਿੱਚ ਆ ਕੇ ਅੰਮ੍ਰਿਤ ਵਿੱਚ ਪਤਾਸੇ ਪਾ ਕੇ ਅੰਮ੍ਰਿਤ ਨੂੰ ਸ਼ਾਂਤੀਦਾਇਕ ਬਣਾਇਆ।
- ਅੰਮ੍ਰਿਤ ਤਿਆਰ ਕਰਨ ਵੇਲੇ 5 ਪਿਆਰੇ ਬਾਣੀ ਦਾ ਪਾਠ ਕਰਨ। ਇਸ ਦੌਰਾਨ ਅਭਿਲਾਖੀ ਸੱਜਣ ਵਾਹਿਗੁਰੂ ਦਾ ਜਾਪ ਕਰਦੇ ਰਹਿਣ। (ਕਿਉਂ, ਅਭਿਲਾਖੀ ਸੱਜਣ ਗੁਰਬਾਣੀ ਦਾ ਪਾਠ ਕਿਉਂ ਨਹੀਂ ਸੁਣ ਸਕਦੇ ?)

- ਸ੍ਰੀ ਰਾਮ ਚੰਦਰ ਜੀ ਨੇ ਖ਼ੁਸ਼ ਹੋ ਕੇ ਹਨੂੰਮਾਨ ਨੂੰ ਕਛਹਿਰਾ ਭੇਟ ਕੀਤਾ, ਜੋ ਬਾਅਦ ਵਿੱਚ ਸਿੱਖਾਂ ਨੂੰ ਮਿਲਿਆ।
- ਗੁਰੂ ਅੰਗਦ ਦੇਵ ਜੀ ਯਮ ਪੁਰੀ ਗਏ, ਉਥੇ ਉਨ੍ਹਾਂ ਨੂੰ ਕਾਲੇ ਮੂੰਹ ਵਾਲੇ ਲੋਕ ਮਿਲੇ। ਗਰਦਨਾਂ ਵਿੱਚ ਕਿੱਲ ਠੁਕੇ ਹੋਏ ਲੋਕ। ਸੂਰਾਂ ਦੇ ਮੂੰਹ ਵਾਲੇ ਲੋਕ ਮਿਲੇ। ਪਿਛਾਂਹ ਨੂੰ ਮੂੰਹ ਵਾਲੇ ਲੋਕ ਦੇਖੇ। ਲੜਕੀਆਂ ਆਦਮੀਆਂ ਦਾ ਮਾਸ ਵੱਢ ਵੱਢ ਖਾਂਦੀਆਂ ਤੱਕੀਆਂ।
- ਨੀਲਾ, ਪੀਲਾ, ਕਾਲਾ ਅਤੇ ਚਿੱਟਾ ਰੰਗ ਹੀ ਖਾਲਸੇ ਦੇ ਰੰਗ ਹਨ। ਹੋਰ ਰੰਗ ਨਹੀਂ ਪਹਿਨਣੇ।
- ਦਸਮ ਪਾਤਸ਼ਾਹ ਨੇ ਦਸਿਆ ਕਿ ਕੇਸ ਇਸ ਵਾਸਤੇ ਰੱਖੀਦੇ ਹਨ ਕਿ ਕੇਸਾਂ ਤੋਂ ਫੜ ਕੇ ਨਰਕਾਂ ਵਿੱਚ ਪਏ ਸਿੱਖਾਂ ਨੂੰ ਬਾਹਰ ਕੱਢ ਸਕੀਏ।
- ਜਿਸ ਨੇ ਇੱਕ ਵਾਰੀ ਅੰਮ੍ਰਿਤ ਛਕ ਲਿਆ, ਭਾਵੇਂ ਜਿੰਨੀਆਂ ਮਰਜ਼ੀ ਗ਼ਲਤੀਆਂ ਕਰੀ ਜਾਵੇ, ਉਹ 10 ਹਜ਼ਾਰ ਸਾਲ ਤੱਕ ਨਰਕਾਂ ਵਿੱਚ ਨਹੀਂ ਜਾਵੇਗਾ।
- ਬੀਬੀਆਂ ਨੂੰ ਅੰਮ੍ਰਿਤ ਤਿਆਰ ਕਰਨ ਵਾਲਿਆਂ ਵਿੱਚ ਸ਼ਾਮਲ ਨਹੀਂ ਕਰਨਾ।
- ਦਸਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਭੂਤਾਂ ਦੇ ਝੁੰਡ ਦਿਖਾਏ। ਭੂਤਾਂ ਨੇ ਦਸਿਆ ਕਿ ਹੁਣ ਸਾਡੀ ਗਿਣਤੀ ਘੱਟ ਗਈ ਹੈ। ਜਦੋਂ ਦੇ ਚੌਥੇ ਪਾਤਸ਼ਾਹ ਨੇ ਲਾਵਾਂ ਉਚਾਰਣ ਕੀਤੀਆਂ ਹਨ ਜੋ ਪੜ੍ਹਦਾ ਹੈ, ਮੁਕਤ ਹੋ ਜਾਂਦਾ ਹੈ।
- ਵਿਸ਼ੇਸ਼ ਬਾਣੀਆਂ ਦੇ ਤਿੰਨ-ਤਿੰਨ ਵਾਰੀ ਪਾਠ ਕਰਨ ਨਾਲ ਵਿਗੜੇ ਕਾਰਜ ਸਫ਼ਲ ਹੋਣਗੇ।
- ਹੁਕਮਨਾਮਾ ਸਵੇਰ ਵੇਲੇ ਖੱਬੇ ਬੰਨੇ ਤੋਂ, ਦੁਪਹਿਰ ਵੇਲੇ ਮੱਧ ਤੋਂ ਅਤੇ ਸ਼ਾਮ ਵੇਲੇ ਨੂੰ ਹੇਠਾਂ ਤੋਂ ਲਵੋ।
- ਗੁਰੂ ਤੇਗ਼ ਬਹਾਦਰ ਸਾਹਿਬ ਨੇ ਤ੍ਰਿਬੇਣੀ ਵਿਖੇ ਅਖੰਡ ਪਾਠ ਕਰਵਾਇਆ ਤਾਂ ਪੁੱਤਰ ਦੀ ਦਾਤ ਪ੍ਰਾਪਤ ਹੋਈ।
- ਰਾਗਮਾਲਾ ਤੋਂ ਬਿਨਾਂ ਪਾਠ ਕਰਨ ਵਾਲੇ ਦੀ ਜੀਭ ਵਿੱਚ ਕੀੜੇ ਪੈ ਜਾਂਦੇ ਹਨ।
- ਸੋਹਿਲੇ ਦੇ ਪਾਠ ਤੋਂ ਪਹਿਲਾਂ ਚਾਰ ਸ਼ਬਦ ਪੜ੍ਹੋ। ਅਰਦਾਸ ਕਰੋ। ਚਾਰੇ ਪਾਸੇ ਲੋਹੇ ਦਾ ਕਿਲ੍ਹਾ ਬਣ ਜਾਂਦਾ ਹੈ। ਸਵੇਰੇ ਇਸ਼ਨਾਨ ਕਰ ਕੇ ਜਪੁ ਜੀ ਸਾਹਿਬ ਦਾ ਪਾਠ ਕਰਨ ਨਾਲ ਕਿਲ੍ਹਾ ਹੱਟ ਜਾਂਦਾ ਹੈ।

ਇਸ ਤੋਂ ਇਲਾਵਾ ਕਈ ਜਗ੍ਹਾ ਤੇ ਮਨਘੜਤ ਸਾਖੀਆਂ ਵਿੱਚ ਸੂਰਜ ਨੂੰ ਛਿਪਾਉਣ ਅਤੇ ਗਰਭਵਤੀ ਔਰਤ ਵਲੋਂ ਸ਼ੇਰ ਦਾ ਅਕਸ ਵੇਖਣ 'ਤੇ ਬਹਾਦਰ ਪੁੱਤਰ ਜੰਮਣ ਆਦਿਕ ਕਈ ਮਨੋਕਲਪਿਤ ਘਟਨਾਵਾਂ ਵੀ ਇਸ 'ਗੁਰਬਾਣੀ ਪਾਠ ਦਰਸ਼ਨ' ਪੁਸਤਕ ਵਿੱਚ ਦਰਜ ਹਨ। 'ਬ੍ਰਹਮ ਗਿਆਨੀ ਭਿੰਡਰਾਂ ਵਾਲੇ ਉਸ ਵੇਲੇ ਤਾਂ ਇੰਤਹਾ ਹੀ ਕਰ

ਜਾਂਦੇ ਹਨ, ਜਦੋਂ ਉਹ ਪੰਨਾ 260 'ਤੇ ਲਿਖਦੇ ਹਨ ਕਿ ਕਰਤਾਰਪੁਰੀ ਬੀੜ ਵਿੱਚ 1500 ਤੋਂ ਵੱਧ ਗ਼ਲਤੀਆਂ ਹਨ।

ਹੁਣ ਪਾਠਕ ਆਪ ਹੀ ਅੰਦਾਜ਼ਾ ਲਗਾਉਣ ਕਿ ਉਪਰੋਕਤ ਮਨ-ਘੜਤ ਗੁਰਮਤਿ ਵਿਰੋਧੀ ਲਿਖਤ ਲਿਖਣ ਵਾਲੇ ਦੋਖੀ ਬਾਬਾ ਗੁਰਬਚਨ ਸਿੰਘ ਹਨ ਜਾਂ ਉਨ੍ਹਾਂ ਦੀਆਂ ਲਿਖਤਾਂ ਨੂੰ ਸੰਗਤ ਵਿੱਚ ਉਜਾਗਰ ਕਰ ਕੇ ਸੱਚਾਈ ਪ੍ਰਗਟਾਉਣ ਵਾਲੇ ਸ. ਇੰਦਰ ਸਿੰਘ ਘੱਗਾ?

ਵੈਸੇ ਇਸ ਪੂਰੇ ਘਟਨਾਕ੍ਰਮ 'ਤੇ ਨਜ਼ਰ ਮਾਰੀ ਜਾਵੇ ਤਾਂ ਸਪੱਸ਼ਟ ਹੁੰਦਾ ਹੈ ਕਿ ਸਾਡੇ ਪੁਜਾਰੀਆਂ ਦਾ ਉਦੇਸ਼ ਹੱਕ, ਸੱਚ ਨੂੰ ਲਿਆਉਣਾ, ਬਿਲਕੁਲ ਵੀ ਨਹੀਂ, ਸਗੋਂ ਇਹ ਘਟਨਾ ਤਾਂ ਮਿਸ਼ਨਰੀ ਗ੍ਰੰਥੀਆਂ ਦੀ ਰੱਦ ਹੋਈ ਨਿਯੁਕਤੀ ਨਾਲ ਹੀ ਜੋੜ ਕੇ ਵੇਖੀ ਜਾਣੀ ਚਾਹੀਦੀ ਹੈ। ਟਕਸਾਲ ਦੀ ਪੈਦਾਇਸ਼ ਜਿਹੜੇ ਪੁਜਾਰੀ, ਸੂਝਵਾਨ ਮਿਸ਼ਨਰੀ ਗ੍ਰੰਥੀਆਂ ਨੂੰ ਹੀ ਸਹਿਣ ਨਹੀਂ ਕਰ ਸਕੇ। ਉਹ ਕਿਸ ਤਰ੍ਹਾਂ ਸਹਾਰ ਸਕਦੇ ਹਨ ਕਿ ਕੋਈ ਉਨ੍ਹਾਂ ਦੇ ਅਖੌਤੀ ਰਹਿਨੁਮਾ ਬਾਰੇ ਸੱਚਾਈ ਸੰਗਤ ਸਾਹਮਣੇ ਲਿਆਵੇ?

000

# 23. ਸ਼ੈਤਾਨ ਦਾ ਇਨਸਾਫ਼

ਜਿਸ ਰਾਹ 'ਤੇ ਮਨੁੱਖ ਟੁਰ ਰਿਹਾ ਹੋਵੇ ਉਸ ਨੂੰ ਉਤਨੀ ਦੇਰ ਕੋਈ ਪਛਤਾਵਾ ਨਹੀਂ ਹੁੰਦਾ, ਜਦੋਂ ਤੱਕ ਇਹ ਪਤਾ ਨਾ ਲੱਗ ਜਾਵੇ ਕਿ ਮੈਂ ਕੁਰਾਹੇ ਪੈ ਚੁੱਕਿਆ ਹਾਂ। ਜਦੋਂ ਕੋਈ ਅਗਿਆਨਤਾ ਦੀ ਪੱਟੀ ਬੰਨ੍ਹ ਕੇ, ਲੰਮੇ ਸਮੇਂ ਤੱਕ ਇੱਕੋ ਰਾਹੇ ਕੋਹਲੂ ਦੇ ਬਲਦ ਵਾਂਗ ਟੁਰਦਾ ਰਹੇ ਤਾਂ ਉਸ ਨੂੰ ਉਹੀ ਰਾਹ ਸਹੀ ਪ੍ਰਤੀਤ ਹੋਣ ਲੱਗ ਪੈਂਦਾ ਹੈ ਪਰ ਜਦੋਂ ਅਜਿਹੇ ਅਕਲ ਦੇ ਅੰਨ੍ਹੇ ਆਗੂ ਦੇ ਪਿੱਛੇ ਇੱਕ ਵੱਡਾ ਕਾਫ਼ਲਾ ਵੀ ਨਾਅਰੇ ਮਾਰਦਾ, ਪੁਲਾਂਘਾਂ ਭਰਦਾ ਆ ਰਿਹਾ ਹੋਵੇ ਤਾਂ ਉੱਲੂ ਵਰਗੇ ਆਗੂ ਨੂੰ ਆਪਣਾ ਫ਼ੈਸਲਾ ਤੇ ਆਪਣਾ ਰਾਹ ਸਤ ਪ੍ਰਤੀਸ਼ਤ ਸਤ ਸਹੀ ਪ੍ਰਤੀਤ ਹੁੰਦਾ ਹੈ। ਜਿਹੜੇ ਲੋਕ ਅਗਿਆਨਤਾ ਵਿੱਚ ਗਰਕ ਹੋਏ ਆਦਮੀ ਨੂੰ ਅੱਗੇ ਲਾ ਕੇ ਖ਼ੁਦ ਪਿੱਛੇ ਟੁਰਦੇ ਹਨ, ਉਨ੍ਹਾਂ ਨੂੰ ਸੁਜਾਖੇ ਕਹਿਣਾ ਵਾਜ਼ਬ ਨਹੀਂ ਹੈ। ਇਨ੍ਹਾਂ ਅਗਿਆਨਤਾਂ ਵਿੱਚ ਡੁੱਬੀਆਂ ਭੀੜਾਂ ਨੂੰ ਜੇ ਵੇਖਣਾ ਹੋਵੇ ਤਾਂ ਭੀੜ ਵਿਚੋਂ ਅਲੱਗ ਹੋ ਕੇ ਵੇਖਿਆ ਜਾ ਸਕੇਗਾ, ਭੀੜ ਦੇ ਅੰਦਰੋਂ ਨਹੀਂ।

ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੇ ਭੀੜ ਵਿੱਚੋਂ ਅਲੱਗ ਹੋ ਕੇ, ਇਸ ਭੀੜ ਦੇ ਕੰਮਾਂ ਨੂੰ ਵੇਖਿਆ ਪਰਖਿਆ। ਜਦੋਂ ਇਹ ਚੰਗੀ ਤਰ੍ਹਾਂ ਜਾਣ ਲਿਆ ਕਿ ਅੱਗੇ ਰਾਹ ਕੋਈ ਨਹੀਂ, ਖਤਰੇ ਬੜੇ ਨੇ, ਤਬਾਹੀ ਸਾਹਮਣੇ ਪਰਤੱਖ ਨਜ਼ਰ ਆਉਂਦੀ ਹੈ। ਤਾਂ ਉਸ ਨੇ ਵਫ਼ਾਦਾਰ ਪਹਿਰੇਦਾਰ ਵਾਂਗ, ਹਾਲ ਦੁਹਾਈ ਮਚਾਈ, ਜਿਥੇ ਕਿਤੇ ਕੋਈ "ਸਿਆਣਾ" ਨਜ਼ਰ ਆਇਆ, ਉਨ੍ਹਾਂ ਨੂੰ ਝੰਜੋੜਿਆ, ਖਤ ਲਿਖੇ, ਕਿਤਾਬਾਂ ਲਿਖ ਲਿਖ ਕੇ ਆਪਣੀ ਵੇਦਨਾ ਪ੍ਰਗਟ ਕੀਤੀ....। ਪਹਿਲਾਂ ਤਾਂ ਕਿਸੇ ਨੇ ਉਸ ਦੀ ਚੀਕ ਪੁਕਾਰ ਸੁਣਨ ਦੀ ਵਿਹਲ ਹੀ ਨਾ ਕੱਢੀ। ਜਦੋਂ ਉਸ ਨੇ ਕੌਮੀ ਦਰਦ ਵਿੱਚ ਅਸਮਾਨ ਸਿਰ 'ਤੇ ਚੁੱਕ ਲਿਆ, ਬੱਦਲਾਂ ਦੀ ਗਰਜ ਨਾਲੋਂ ਉਸ ਦੀ ਸਿੰਘ ਗਰਜ ਬਹੁਤ ਉੱਚੀ ਪੁੱਜ ਗਈ ਤੇ ਸਾਰਿਆਂ ਦਾ "ਚੈਨ" ਹਰਾਮ ਕਰ ਦਿੱਤਾ ਤਾਂ ਸਾਰਿਆਂ ਮਤਾ ਪਕਾ ਕੇ, ਉਸ ਦੀ ਸੰਘੀ ਨੱਪਣ ਦੀ ਨਾਪਾਕ, ਬੇਰਹਿਮ ਕੋਸ਼ਿਸ਼ ਕੀਤੀ। ਅਕਾਲ ਦੇ ਤਖ਼ਤ 'ਤੇ ਜਾ ਕੇ ਅਕਾਲ ਪੁਰਖ ਹੋਇਆ ਕਰਦਾ ਹੈ, ਜਾਂ ਅਕਾਲ ਦਾ ਰੂਪ ਸਤਿਗੁਰੂ ਬਿਰਾਜਮਾਨ ਹੁੰਦਾ ਹੈ। ਪਰ ਅੱਜ ਕੱਲ੍ਹ ਬੇਈਮਾਨੀ ਰਾਜਸੀ ਲੀਡਰਾਂ ਦੇ ਪਾਲਤੂ ਚਾਕਰ, ਧਰਮ ਵਿਦਿਆ ਤੋਂ ਹੀਣੇ, ਤਨਖ਼ਾਹਦਾਰ ਮੁਲਾਜ਼ਮ, ਤਖ਼ਤਾਂ 'ਤੇ ਬਿਠਾ ਦਿੱਤੇ ਗਏ ਹਨ। ਉਨ੍ਹਾਂ ਨੇ ਉਹੀ ਕਰਨਾ ਹੈ ਜੋ ਉਨ੍ਹਾਂ ਦੇ ਮਾਲਕ, ਰਾਜਸੀ ਲੋਕ ਆਖਣਗੇ। ਪਿਛਲੇ ਦਸ ਸਾਲਾਂ ਤੋਂ ਸਰਦਾਰ ਜੀ ਦੀਆਂ ਪੁਸਤਕਾਂ ਛਪਦੀਆਂ ਆ ਰਹੀਆਂ ਹਨ। ਬ੍ਰਾਹਮਣੀ ਰੀਤਾਂ ਨੂੰ ਧਰਮ ਦਾ ਅੰਗ ਮੰਨਣ ਵਾਲੇ, ਕਿਸੇ ਹਿੰਦੂ ਜਥੇਬੰਦੀ ਜਾਂ ਬ੍ਰਹਮਣ ਨੇ ਉਨ੍ਹਾਂ

ਲਿਖਤਾਂ ਦਾ ਕੋਈ ਵਿਰੋਧ ਨਹੀਂ ਕੀਤਾ। ਆਪਣੇ ਵਰੋਸਾਏ ਜਥੇਦਾਰ ਜੁ ਅੱਗੇ ਕਰ ਦਿੱਤੇ ਹਨ। ਡੇਰਿਆਂ ਟਕਸਾਲਾਂ ਵਾਲੇ ਵੀ ਤਾਂ ਉਨ੍ਹਾਂ ਦੇ ਆਪਣੇ ਹੀ ਹਨ। ਇਸ ਲਈ ਸ. ਗੁਰਬਖ਼ਸ਼ ਸਿੰਘ ਦੀਆਂ ਪੁਸਤਕਾਂ ਦਾ ਇਹੀ ਲੋਕ ਵਿਰੋਧ ਕਰ ਰਹੇ ਹਨ। ਪਰ ਇਸ ਗਿਆਨ ਦੀ ਹਨੇਰੀ ਅੱਗੇ ਇਹ ਲੋਕ ਟਿਕ ਨਹੀਂ ਸਕਣਗੇ, ਸੱਚ ਦਾ ਸੂਰਜ ਡਲ੍ਹਕਾਂ ਮਾਰਦਾ ਚੜ੍ਹ ਚੁੱਕਿਆ ਹੈ। ਉਨ੍ਹਾਂ ਦੀਆਂ ਲਿਖਤਾਂ ਘਰ ਘਰ ਪੁੱਜ ਰਹੀਆਂ ਹਨ।

ਜਦੋਂ ਸ਼ੈਤਾਨ, "ਇਨਸਾਫ਼" ਕਰਨ ਬੈਠਦਾ ਹੈ ਤਾਂ ਅਦਾਲਤੀ ਕਾਰਵਾਈ ਤਾਂ ਉਸ ਨੇ ਪੂਰੀ (ਖਾਨਾ ਪੂਰਤੀ) ਕਰਨੀ ਹੀ ਹੁੰਦੀ ਹੈ। ਫਿਰ ਉਸ ਸ਼ੈਤਾਨੀ ਕਾਰਵਾਈ ਨੂੰ ਠੀਕ ਸਿੱਧ ਕਰਨ ਵਾਲੇ ਝੂਠੇ ਗਵਾਹ ਵੀ ਭੁਗਤਾਉਣੇ ਪੈਂਦੇ ਹਨ। ਉਸ ਪਾਪ "ਕਰਮ ਨੂੰ" "ਸੱਚਾ ਇਨਸਾਫ਼" ਸਿੱਧ ਕਰਨ ਵਾਲੇ ਟੁੱਕੜਬੋਚਾਂ ਦੀ ਵੀ ਡਾਹਢੀ ਲੋੜ ਪੈਂਦੀ ਹੈ। ਅਗਸਤ ਮਹੀਨੇ ਕੇ ਰਸਾਲੇ "ਖੰਡੇਧਾਰ' ਵਿੱਚ ਸਰਦਾਰ ਜੀ ਵਿਰੁੱਧ, ਰੱਜ ਕੇ ਕੁਫ਼ਰ ਤੋਲਿਆ ਗਿਆ ਹੈ। ਇਸ ਕੂੜ ਨੂੰ ਚਾਸਨੀ ਚਾੜ੍ਹਨ ਵਾਲੇ ਦੋ "ਪੰਥਕ ਲਿਖਾਰੀ" ਇੰਦਰਜੀਤ ਸਿੰਘ ਗੋਗੋਆਣੀ ਤੇ ਸੁਖਪ੍ਰੀਤ ਸਿੰਘ ਉਦੋਕੇ ਹਨ। ਦਾਸ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਇਹ ਦੋਵੇਂ "ਕੂੜਿਆਰ ਕੂੜਿਆਰੀ ਜਾਇ ਰਲੇ" ਵਾਲੀ ਪੰਕਤੀ 'ਤੇ ਖਰੇ ਉਤਰੇ। ਜੋ ਟਕਸਾਲ ਵਾਲੇ ਪਿਛਲੇ ਵੀਹ ਸਾਲ ਤੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ, ਹਜ਼ਾਰਾਂ ਸਿੱਖਾਂ ਦੇ ਇਕੱਠਾਂ ਸਨਮੁੱਖ, ਦੇਸ਼ਾਂ-ਵਿਦੇਸ਼ਾਂ ਵਿੱਚ ਬੜੀ ਬੇਸ਼ਰਮੀ ਨਾਲ ਆਖ ਰਹੇ ਹੁੰਦੇ ਹਨ, "ਭਾਈ ਜਰਨੈਲ ਸਿੰਘ ਸਹੀ ਸਲਾਮਤ ਹਨ, "ਚੜ੍ਹਦੀ ਕਲਾ ਵਿੱਚ ਹਨ, ਠੀਕ ਵਕਤ ਸਿਰ ਪ੍ਰਗਟ ਹੋ ਜਾਣਗੇ"। ਛੇ ਜੂਨ 03 ਨੂੰ ਉਨ੍ਹਾਂ ਦੇ ਪੁੱਤਰਾਂ ਨੇ ਦਸਤਾਰ ਪ੍ਰਾਪਤ ਕਰ ਲਈ ਹੈ। ਅਕਾਲ ਤਖ਼ਤ ਸਾਹਿਬ 'ਤੇ ਹਜ਼ਾਰਾਂ ਦੇ ਇਕੱਠ ਵਿੱਚ ਭਾਈ ਜਰਨੈਲ ਸਿੰਘ ਨੂੰ ਸ਼ਹੀਦ ਮੰਨ ਕੇ ਅਰਦਾਸ ਕਰ ਦਿੱਤੀ ਹੈ। ਉਨ੍ਹਾਂ ਦੇ ਜੀਵਤ ਹੋਣ ਦਾ ਇੱਕ ਵੀ ਸਬੂਤ ਨਹੀਂ ਹੈ, ਤੇ ਸ਼ਹੀਦੀ ਦੇ ਅਣਗਿਣਤ ਸਬੂਤ ਹਨ। "ਫਿਰ ਵੀ ਮੈਂ ਨਾ ਮਾਨੂੰ" ਆਖ ਰਹੇ ਹਨ ਟਕਸਾਲੀਏ। ਤੇ ਉਨ੍ਹਾਂ ਦੇ ਬੁਲਾਰੇ ਬਣ ਰਹੇ ਹਨ ਇਹ ਦੋਵੇਂ ਵੀਰ। ਫਿਰ ਝੂਠਿਆਂ ਦੇ ਨਾਲ ਰਲ ਕੇ ਇਹ ਕਿਉਂ ਨਾ ਕੁਫ਼ਰ ਦੀ ਗੱਡੀ ਵਿੱਚ ਸਵਾਰ ਹੋਣ ?

ਝੂਠੇ ਕਉ ਨਾਹੀ ਪਤਿ ਨਾਉ ॥ ਕਬਹੂ ਨ ਸੂਚਾ ਕਾਲਾ ਕਾਉ ॥ (839)

"ਗੋਗੋਆਣੀ" ਜੀ ਦੀ ਲਿਖਤ ਤਾਂ ਕੇਵਲ ਬਚਗਾਨੀਆਂ ਨਾਲ ਹੀ ਭਰਪੂਰ ਹੈ। ਇਸ ਲਈ ਉਸ ਦੀਆਂ ਬੇਥਵੀਆਂ ਦਾ ਜਵਾਬ ਦੇਣਾ ਮੁਨਾਸਬ ਨਹੀਂ ਸਮਝਿਆ। ਪਰ ਸੁਖਪ੍ਰੀਤ ਸਿੰਘ ਨੇ ਜੋ ਨੀਚਤਾ ਦੀਆਂ ਹੱਦਾਂ ਲੰਘ ਕੇ ਸ. ਜੀ. (ਅੱਗੇ ਜਿਥੇ "ਸ." ਜੀ ਲਫ਼ਜ਼ ਆਵੇ ਤਾਂ ਸਮਝ ਲੈਣਾ ਕਿ ਇਹ ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਜੀ ਵਾਸਤੇ ਹੈ।) 'ਤੇ ਜੋ ਚਿੱਕੜ ਸੁੱਟਿਆ ਹੈ, ਉਸ ਦਾ ਜਵਾਬ ਨਾ ਦੇਣਾ ਕਾਇਰਤਾ ਹੀ ਹੋਵੇਗੀ। ਪਹਿਲੀ ਗੱਲ ਤਾਂ ਇਹ ਕਿ ਇਨ੍ਹਾਂ ਦੋਵਾਂ ਲੇਖਕਾਂ (ਗੋਗੋਆਣੀ ਤੇ ਉਦੋਕੇ) ਨੇ ਸ. ਜੀ. ਦੀਆਂ ਲਿਖਤਾਂ ਪੜ੍ਹੀਆਂ ਵਿਚਾਰੀਆਂ ਹੀ ਨਹੀਂ। ਲੋਕਾਂ ਵੱਲੋਂ ਦਿੱਤੇ

ਕਮੈਂਟਸ ਅਖ਼ਬਾਰਾਂ ਰਸਾਲਿਆਂ ਵਿੱਚੋਂ ਪੜ੍ਹ ਕੇ ਪੇਤਲੀ ਜਿਹੀ ਜਾਣਕਾਰੀ ਦੇ ਆਧਾਰ ’ਤੇ ਪੱਤਰੇ ਕਾਲੇ ਕਰ ਛੱਡੇ। ਹੁਣ ਆਉ ਉਦੋਕੇ ਵੱਲੋਂ ਆਪਣੀ ਲਿਖਤ ਰਾਹੀਂ ਜੋ ਘੋਰ ਅਪਮਾਨ ਤੇ ਅਨਰਥ ਇਸ ਲਿਖਤ ਵਿੱਚ ਕੀਤਾ ਗਿਆ ਹੈ, ਉਹ ਜੋ ਨਾ ਕਾਬਲੇ ਬਰਦਾਸ਼ਤ ਹੈ, ਉਸ ਨੂੰ ਵਿਚਾਰੀਏ–

1. “ਸਿੱਖ ਲੀਡਰਾਂ ਨੇ ਰੌਲਾ ਪਾਉਣਾ ਸ਼ੁਰੂ ਕੀਤਾ ਕਿ ਕਾਂਗਰਸੀ ਲੀਡਰਾਂ ਨੇ ਸਿੱਖਾਂ ਨਾਲ ਵਿਸ਼ਵਾਸਘਾਤ ਕੀਤਾ ਹੈ, ਲਿਖਤੀ ਬਚਨ ਕਰ ਕੇ ਮੁੱਕਰ ਗਏ ਹਨ...” (ਖੰਡੇਧਾਰ ਅਗਸਤ 03 ਪੰਨਾ 26) ਜੋ ਵਿਚਾਰ ਸ. ਜੀ ਨੇ ਆਪਣੀ ਪੁਸਤਕ ਬਿਪ੍ਰਨ ਕੀ ਰੀਤ ਭਾਗ 1, ਉਸ ਵਿੱਚ ਇਬਾਰਤ ਬਿਲਕੁਲ ਹੋਰ ਹੈ, ਜੋ ਇਸ ਤਰ੍ਹਾਂ ਚਲਦੀ ਹੈ– “ਪਰ ਹੈਰਾਨੀ ਇਸ ਗੱਲ ਦੀ ਹੈ ਕਿ ਪੰਥਕ ਲੀਡਰਾਂ ਨੇ ਇਸ ਸਰਕਾਰ ਨੂੰ ਦਿਲੋਂ ਮਨੋਂ ਦੁਸ਼ਮਣ ਮੰਨ ਲੈਣ ਦੀ ਥਾਂ, ਇਸ ਨੂੰ ਕਿਸੇ ਭੁਲੇਖੇ ਕਾਰਨ ਕੁਰਾਹੇ ਪਈ ਹੋਈ ਅਥਵਾ ਰੁੱਸੀ ਹੋਈ “ਮਾਂ” ਹੀ ਸਮਝਿਆ ਹੈ। ਇਸੇ ਲਈ ਮੁੜ ਮੁੜ ਉਸੇ ਮਾਂ ਤੋਂ ਦਾਤਾਂ ਮੰਗਣ ਚਲੇ ਜਾਂਦੇ ਹਨ ਸਾਡੇ ਪੰਥਕ ਲੀਡਰ? (ਬ੍ਰਿਪਨ ਕੀ ਰੀਤ ਭਾਗ 1, ਪੰਨਾ 234)
2. ਪੰਨਾ ਨੰ. 217 ’ਤੇ ਇਹ ਅਖੌਤੀ ਵਿਦਵਾਨ ਕੌਮ ਦੇ ਹੀਰੇ ਸ. ਕਪੂਰ ਸਿੰਘ ਬਾਰੇ ਲਿਖਦਾ ਹੈ– ਆਪ ਜੀ ਦੇ ਸਿਆਸੀ ਭਾਸ਼ਣਾਂ (ਜਿਹੜੇ ਤੁਸੀਂ ਗੁਰਬਾਣੀ ਸ਼ਬਦਾਂ ਦੇ ਆਧਾਰ ’ਤੇ ਹੀ ਦਿਆ ਕਰਦੇ ਸੀ) ਤੋਂ ਏਹੀ ਸਿੱਧ ਹੁੰਦਾ ਹੈ ਕਿ ਜਿਵੇਂ ਤੁਹਾਨੂੰ ਵੀ ਪੂਰੀ ਤਸੱਲੀ ਹੈ ਕਿ ਹਿੰਦ ਸਰਕਾਰ ਨੂੰ ਇਨ੍ਹਾਂ ਤੱਥਾਂ ਦਾ ਬਿਲਕੁਲ ਪਤਾ ਨਹੀਂ...।” (ਖੰਡੇਧਾਰ ਪੰਨਾ 27)

ਪੱਥਰਦਿਲ ਸੁਖਪ੍ਰੀਤ ਸਿੰਘ ਜੀ। ਤੁਹਾਡੀ ਅਕਲ ਨੂੰ ਚੋਰ ਲੈ ਗਏ ਹਨ ਜਾਂ ਟਕਸਾਲ ਵਾਲਿਆਂ ਮਾਇਆ ਦਾ ਗਲੇਫ ਚਾੜ੍ਹ ਦਿੱਤਾ ਹੈ? ਜਾਂ ਪਾਪ ਭਰੇ ਦਵੈਤ ਵਾਲੇ ਚਸ਼ਮੇ ਲਗਾ ਲਏ ਹਨ? ਕਿਉਂਕਿ ਪਿੱਛੇ ਜਿਥੋਂ ਅਫ਼ਗਾਨਾ ਜੀ ਦਾ ਲੇਖ ਸ਼ੁਰੂ ਹੁੰਦਾ ਹੈ, ਉਥੇ ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਾਫ਼ ਲਿਖਿਆ ਹੋਇਆ ਹੈ। ਇਹ ਖਤ ਉਨ੍ਹਾਂ ਨੂੰ ਸੰਬੋਧਨ ਕੀਤਾ ਗਿਆ ਹੈ, ਨਾ ਕਿ ਸ. ਕਪੂਰ ਸਿੰਘ ਨੂੰ। ਵਿੱਚ ਕਈਆਂ ਥਾਂਵਾਂ ’ਤੇ ਰਾਗੀ ਤੇ ਪ੍ਰਚਾਰਕ ਸ਼ਬਦ ਵੀ ਵਰਤਿਆ ਹੋਇਆ ਹੈ। ਫਿਰ ਤੁਸੀਂ ਕਿਸ ਬਦਨੀਤੀ ਨਾਲ ਪ੍ਰੋ. ਦਰਸ਼ਨ ਸਿੰਘ ਨੂੰ ਸੰਬੋਧਨ ਖਤ ਸ. ਕਪੂਰ ਸਿੰਘ ਵੱਲ ਮੋੜ ਲਿਆ? ਤੁਸੀਂ ਕਿਸ ਵਿਸ਼ੇ ਦੇ ਡਾਕਟਰ ਹੋ? ਮੈਂ ਪੱਕੀ ਤਰ੍ਹਾਂ ਜਾਣਦਾ ਹਾਂ ਕਿ ਵਿਦਿਆ ਦੇ ਪੀ-ਐੱਚ.ਡੀ. ਨਹੀਂ ਹੋ। ਹਾਂ ਆਰ.ਐਮ.ਪੀ. ਸ਼ਾਇਦ ਹੋਵੋ। ਕਿਉਂਕਿ ਜਿਸ ਇਨਸਾਨ ਨੂੰ ਇਹ ਵੀ ਨਹੀਂ ਪਤਾ ਕਿ ਚਿੱਠੀ ਕਿਸ ਵੱਲ ਹੈ, ਕਿਸ ਵਾਸਤੇ ਹੈ, ਕੀ ਉਹ ਵਿਦਵਾਨ ਹੋ ਸਕਦਾ ਹੈ? ਇਸ ਖਤ ਵਿੱਚ ਸ. ਜੀ ਨੇ ਪੰਥ ਦੀ ਦਰਦਨਾਕ ਦਸ਼ਾ ਦਾ ਜੋ ਚਿੱਤਰ ਪੇਸ਼

ਕੀਤਾ ਹੈ ? ਉਹ ਪੜ੍ਹ ਕੇ ਭੁੱਬਾਂ ਨਿਕਲਦੀਆਂ ਨੇ, ਸੂਝਵਾਨ ਪਾਠਕ ਖ਼ੁਦ ਸ. ਜੀ ਦੀਆਂ ਪੁਸਤਕਾਂ ਪੜ੍ਹ ਕੇ ਵੇਖਣ, ਫਿਰ ਅਸਲੀਅਤ ਉਘੜ ਕੇ ਪ੍ਰਤੱਖ ਹੋਵੇਗੀ। ਸਗੋਂ ਸ. ਜੀ ਤਾਂ ਉਨ੍ਹਾਂ ਬੇਈਮਾਨ ਤੇ ਕਮੀਣੇ ਸਿੱਖ ਲੀਡਰਾਂ ਨੂੰ ਲਾਹਨਤਾਂ ਪਾ ਰਹੇ ਹਨ ਜਿਨ੍ਹਾਂ ਸਿੱਖ ਜਵਾਨੀ ਦਾ ਘਾਣ ਕਰਵਾ ਦਿੱਤਾ, ਪ੍ਰਾਪਤੀ ਫਿਰ ਵੀ ਕੋਈ ਨਾ ਹੋਈ। ਉਦੋਕੇ ਜੀਓ ! ਤੁਸੀਂ ਤਾਂ ਟਕਸਾਲੀ ਐਨਕਾਂ ਲਾ ਕੇ ਗੁਸਿੱਖਾਂ ਵਾਲਾ ਚਲਣ ਤੇ ਸਤਿਕਾਰ ਵਾਲੀ ਬੋਲੀ ਹੀ ਭੁੱਲ ਬੈਠੋ ਹੋ। ਇੱਕ ਵਿਦਵਾਨ ਗੁਰਸਿੱਖ ਬਜ਼ੁਰਗ ਨੂੰ "ਪਿੰਡ ਨੂੰ ਅੱਗ ਲੱਗੀ ਕੁੱਤਾ ਰੂੜੀ 'ਤੇ... ਪੰਜਾਬ ਦੀ ਜਵਾਨੀ ਲਹੂ ਲੁਹਾਣ ਤੇ ਕਾਲਾ ਅਫ਼ਗਾਨਾ ਹੋਟਲਾਂ ਵਿੱਚ ਪੀਜੇ ਖਾ ਰਿਹਾ ਹੈ....।" ਅਫ਼ਸੋਸ ਤੁਹਾਡੀ ਅਕਲ 'ਤੇ ਸਦ ਅਫ਼ਸੋਸ। ਤੁਸੀਂ ਦਸ ਸਕਦੇ ਹੋ ਕਿ ਤਸੁੀਂ ਖਾੜਕੂਵਾਦ ਦੌਰਾਨ ਕਿਸ ਕੱਦੂ ਵਿੱਚ ਤੀਰ ਮਾਰਿਆ ਸੀ ? ਕੀ ਮਰਨਾ ਤੇ ਮਾਰਨਾ ਹੀ ਗੁਰਮਤਿ ਹੈ ? ਬਿਨਾਂ ਸਮਝੇ ਵਿਚਾਰੇ, ਬਿਨਾਂ ਨਫ਼ਾ ਨੁਕਸਾਨ ਸੋਚੇ ? ਸ. ਜੀ ਦੇ ਸੱਚ ਨਾਲ ਖਲੋਤੇ ਹਮਦਰਦ ਗੁਰਸਿੱਖ ਇਹ ਚੈਲੰਜ ਸਵੀਕਾਰ ਕਰਦੇ ਹਨ, ਕਿਸੇ ਥਾਂ ਕਿਸੇ ਵੀ ਦਿਨ ਪੂਰੀ ਪਾਰਦਰਸ਼ਤਾ ਦੁਆਰਾ ਅਸੀਂ ਅਫ਼ਗਾਨਾ ਜੀ ਦੇ ਵਿਰੋਧੀਆਂ ਨਾਲ ਵਿਚਾਰ ਚਰਚਾ ਲਈ ਤਿਆਰ ਹਾਂ। ਪੁਸਤਕਾਂ ਵਿੱਚੋਂ ਲੋੜੀਂਦੇ ਪ੍ਰਸੰਗ ਸਾਹਮਣੇ ਲਿਆਉ। ਗੁਰਬਾਣੀ ਦੇ ਪੰਜ ਪ੍ਰਮਾਣ ਲਿਖਤ ਦੇ ਵਿਰੋਧ ਵਿੱਚ ਦਿਉ, ਪਰ ਤੁਸੀਂ ਤਾਂ ਸਾਹਮਣਾ ਕਰਨ ਦੀ ਹਿੰਮਤ ਹੀ ਗੁਆ ਬੈਠੇ ਹੋ। ਸ. ਜੀ ਦੀਆਂ ਦਸ ਕਿਤਾਬਾਂ ਲਗਪਗ ਪੰਜ ਹਜ਼ਾਰ ਪੰਨਿਆਂ ਵਿੱਚੋਂ ਲੱਖਾਂ ਕੋਸ਼ਿਸ਼ਾਂ ਤੋਂ ਬਾਅਦ ਚਿਰਾਗ ਲੈ ਕੇ ਢੂੰਡਿਆਂ ਕੇਵਲ "ਛੇ ਪੰਕਤੀਆਂ ਇਤਰਾਜ਼ਯੋਗ" ਲੱਗੀਆਂ ਸਨ ਜਥੇਦਾਰਾਂ ਨੂੰ ਤੇ ਜਿਨ੍ਹਾਂ ਪੰਨਿਆਂ ਦੇ ਹਵਾਲੇ ਸੁਖਪ੍ਰੀਤ ਸਿੰਘ ਜੀ ਤੁਸੀਂ ਲੱਭ ਲਿਆਏ ਹੋ, ਇਹ ਤਾਂ ਵੇਦਾਂਤੀ ਜੀ ਨੂੰ ਵੀ ਨਹੀਂ ਲੱਭੇ, ਧੰਨ ਹੋ ਤੁਸੀਂ। ਲਗਦੈ ਤੁਹਾਨੂੰ ਆਪਣੀ ਅਕਲ 'ਤੇ ਏਨਾ ਗਰਬ ਹੋ ਗਿਆ ਹੈ, ਸਾਰੇ ਜਥੇਦਾਰਾਂ ਨੂੰ ਤੁਹਾਡੀ ਤਾਬੇਦਾਰੀ ਸਵੀਕਾਰ ਕਰ ਲੈਣੀ ਚਾਹੀਦੀ ਹੈ ? ਧੰਨ ਸਿੱਖੀ !

3. (ਦੁਸ਼ਮਣ ਬਾਤ ਕਰੇ ਅਣਹੋਣੀ। ਇਹ ਸਿਰਲੇਖ ਵੀ ਸੱਜਣ ਜੀ ਦੀ ਪੁਸਤਕ ਵਿੱਚ ਹੈ।) ਇਸ ਅਖੌਤੀ ਕਲਮਜਾਰ ਸੱਜਣ ਦੀਆਂ ਲਿਖਤਾਂ ਦੇ ਕੁੱਝ ਹਿੱਸੇ ਹੇਠਾਂ ਲਿਖਣ ਲੱਗਿਆਂ ਅੱਖਾਂ ਵਿੱਚੋਂ ਆਪ ਮੁਹਾਰੇ ਨੀਰ ਵਹਿ ਟੁਰਦਾ ਹੈ, (ਮਗਰਮੱਛ ਦੇ ਹੰਝੂ) ਇੰਜ ਲਗਦਾ ਹੈ ਕਿ ਜਿਵੇਂ ਇਸ ਵਿੱਚ ਗ਼ੁਲਾਮ ਹੁਸੈਨ ਦੀ ਰੂਹ ਜਾਂ ਖਾਫ਼ੀਖ਼ਾਨ ਦੀ ਰੂਹ ਪ੍ਰਵੇਸ਼ ਕਰ ਗਈ ਹੋਵੇ। (ਪੰਨਾ 27 ਖੰਡੇਧਾਰ)

ਸੰਸਾਰ ਪ੍ਰਸਿੱਧ ਵਿਦਵਾਨ ਖਲੀਲ ਜਿਬਰਾਨ ਨੇ ਇੱਕ ਥਾਂ ਬੜਾ ਲਾਜਵਾਬ ਲਿਖਿਆ ਹੈ-ਜਿਸ ਦੇਸ਼ ਦਾ ਰਾਜਸੀ ਨੇਤਾ ਬੇਈਮਾਨ ਹੋਵੇ, ਉਹ ਦੇਸ਼ ਉਜੜਿਆ ਹੀ ਸਮਝੋ। ਜਿਸ ਦੇਸ਼ ਦੀ ਜਨਤਾ ਅਗਿਆਨੀ ਹੋਵੇ, ਉਹ ਦੇਸ਼ ਉਜੜਿਆ ਹੀ

# ਸੰਪ੍ਰਦਾਈ ਪ੍ਰਣਾਲੀ

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਭਾਈ ਮਨੀ ਸਿੰਘ ਜੀ (ਕੁਰਸੀਨਾਮਾ-ਗੁਰਬਾਣੀ ਪਾਠ ਦਰਸਨ ਵਿਚੋਂ) — ਬਾਬਾ ਦੀਪ ਸਿੰਘ ਜੀ

ਭਾ: ਦੀਵਾਨ ਸਿੰਘ ਜੀ — ਭਾ: ਗੁਰਦਿਆਲ ਸਿੰਘ ਜੀ — ਭਾ: ਗੁਰਬਖਸ਼ ਸਿੰਘ ਜੀ

ਭਾ: ਅਮਰ ਸਿੰਘ ਜੀ — ਭਾ: ਸੂਰਤ ਸਿੰਘ ਜੀ — ਭਾ: ਕੌਲ ਸਿੰਘ ਜੀ

ਭਾ: ਰਾਮ ਸਿੰਘ ਜੀ — ਭਾ: ਗੁਰਦਾਸ ਸਿੰਘ ਜੀ — ਭਾ: ਜੱਸਾ ਸਿੰਘ ਜੀ

ਭਾ: ਚੰਦਾ ਸਿੰਘ ਜੀ — ਭਾ: ਸੰਤ ਸਿੰਘ ਜੀ

ਭਾ: ਹਜ਼ਾਰਾ ਸਿੰਘ ਜੀ — ਭਾ: ਦਇਆ ਸਿੰਘ ਜੀ

ਭਾ: ਬੀਰ ਸਿੰਘ ਜੀ — ਭਾ: ਭਗਵਾਨ ਸਿੰਘ ਜੀ

ਸੰਤ ਬਾਬਾ ਹਰਨਾਮ ਸਿੰਘ ਜੀ (ਬੇਦੀ) — ਭਾ: ਫਤੇ ਚੰਦ ਜੀ (ਸੰਤ) — ਸੰਤ ਗਿਆਨੀ ਅਮੀਰ ਸਿੰਘ ਜੀ ਗਲੀ ਸਤੋ ਵਾਲੀ (ਅੰਮ੍ਰਿਤਸਰ)

ਸੰਤ ਬਾਬਾ ਬਿਸ਼ਨ ਸਿੰਘ ਜੀ (ਮੁਰਾਲੇ ਵਾਲੇ) — ਸੰਤ ਸੰਗਤ ਸਿੰਘ ਜੀ (ਕਮਾਲੀਏ ਵਾਲੇ) — ਸੰਤ ਗਿ: ਕ੍ਰਿਪਾਲ ਸਿੰਘ ਜੀ ਅੰਮ੍ਰਿਤਸਰ (ਅੱਜ ਕੱਲ)

ਮੁਖੀ ਦੋਅੰਮ੍ਰਿਤੀਆ

ਸੰਤ ਗਿਆਨੀ ਸੁੰਦਰ ਸਿੰਘ ਜੀ (ਭਿੰਡਰਾਂ ਵਾਲੇ)

ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲੇ (ਅੱਜ ਕੱਲ)

# ਸੰਪ੍ਰਦਾਈ ਪ੍ਰਣਾਲੀ

## ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ



ਸਮਝੋ। ਜਿਸ ਦੇਸ਼ ਦਾ ਲੇਖਕ ਵਿਕਾਊ ਹੋਵੇ, ਫ਼ਰੇਬੀ ਹੋਵੇ, ਕਾਇਰ ਹੋਵੇ ਉਹ ਦੇਸ਼ ਬਰਬਾਦ ਹੋਇਆ ਹੀ ਸਮਝੋ। ਦੇਸ਼ ਦੀ ਗੱਲ ਨਾ ਕਰ ਕੇ ਪੰਥ ਦੀ ਹੀ ਕਰ ਲਈਏ। ਪੰਥ ਵਿੱਚ ਉੱਪਰ ਵਰਣਿਤ ਸਾਰੀਆਂ ਬੀਮਾਰੀਆਂ ਥੋਕ ਵਿੱਚ ਮੌਜੂਦ ਹਨ। ਉੱਪਰ ਸਿਤਮ ਇਹ ਪਈ ਅਜਿਹੇ ਕਲਮ ਦੇ ਧਨੀ (ਡਾਕਟਰ ?) ਸੁਖਪ੍ਰੀਤ ਸਿੰਘ ਵਰਗੇ ਕੂੜ ਕੁਫ਼ਰ ਦੀ ਪੰਡ ਚੁੱਕ ਕੇ ਗੁਆਂਢੀਆਂ ਦੇ ਘਰ ਸੁੱਟਣ ਚੱਲ ਪੈਣ, ਫਿਰ ਘਰ ਬਚਾਉਣ ਵਾਸਤੇ ਹੱਕ ਸੱਚ ਦੀ ਲੜਾਈ ਲੜਨੀ ਹੀ ਪੈਂਦੀ ਹੈ। ਅੱਖਾਂ ਤੋਂ ਰੰਗੀਨ ਚਸ਼ਮਾ ਉਤਾਰ ਕੇ ਪੜ੍ਹੋ–"ਜੰਗ ਵਿੱਚ ਫ਼ੌਜਾਂ ਅਤਿਅੰਤ ਤਬਾਹੀ ਕਰਦੀਆਂ ਹਨ। ਜੇ ਭਲਾ ਇਹ ਬੇਦੀਨਾ ਮੁਗ਼ਲਾਂ ਨਾਲੋਂ ਜ਼ਾਲਮ (ਹਿੰਦ ਸਰਕਾਰ) ਦੁਸ਼ਮਣ, ਤੋਪਾਂ ਟੈਂਕਾਂ ਅਤੇ ਹਵਾਈ ਜਹਾਜ਼ਾਂ ਨਾਲ ਚੜ੍ਹ ਆਇਆ ਅਤੇ ਉਸ ਨੇ ਸਿੱਖੀ ਦੀ ਆਨਸ਼ਾਨ ਸ੍ਰੀ ਦਰਬਾਰ ਸਾਹਿਬ 'ਤੇ ਗੋਲਿਆਂ ਦੀ ਵਰਖਾ ਸ਼ੁਰੂ ਕਰ ਦਿੱਤੀ ਤਾਂ ਅਸੀਂ ਕੀ ਕਰ ਸਕਾਂਗੇ ? ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਸਢੌਰੇ ਦੀ ਜੰਗ ਸਮੇਂ ਉਸ ਮੰਦਰ ਅਤੇ ਮਸੀਤ ਨੂੰ ਅੱਗ ਲਾ ਦਿੱਤੀ ਸੀ, ਜਿਸ ਵਿਚ ਦੁਸ਼ਮਣ ਜਾ ਲੁਕਿਆ ਸੀ। ਜੰਗਾਂ ਵਿੱਚ ਅਜਿਹੇ ਅਨਰਥ ਹੋ ਜਾਣੇ ਅਚੰਭੇ ਵਾਲੀ ਗੱਲ ਨਹੀਂ। ਤੇ ਪਿੱਛੋਂ ਸਿਵਾਏ ਰੌਲਾ ਪਾਉਣ ਦੇ ਅਸਾਂ ਕਰ ਵੀ ਕੁੱਝ ਨਹੀਂ ਸਕਣਾ ਅਤੇ ਪੰਥਕ ਵਕਾਰ ਖੇਹ ਵਿੱਚ ਰਲਾ ਲੈਣ ਦੇ ਜ਼ਿੰਮੇਵਾਰ ਬਣਾਂਗੇ। ਗੁਰੂ ਦਰਬਾਰ ਲੱਗਣ ਵਾਲੇ ਥਾਂ ਜਿਥੇ ਸਤਿਸੰਗਤ ਜੁੜਦੀ ਹੋਵੇ ਤੇ ਇਕੋ ਨਾਮ ਦੀ ਵਿਆਖਿਆ ਹੁੰਦੀ ਹੋਵੇ, ਉਸ ਥਾਂ 'ਤੇ ਸਿੱਖਾਂ ਨੇ ਅੱਜ ਤਕ ਮੋਰਚਾਬੰਦੀ ਨਹੀਂ ਸੀ ਕੀਤੀ। ਗੁਰੂ ਹਰਿ ਗੋਬਿੰਦ ਸਾਹਿਬ ਕੋਲ ਮੁਗ਼ਲ ਫ਼ੌਜ ਨੂੰ ਭਾਜੜਾਂ ਪਾ ਦੇਣ ਦੀ ਸ਼ਕਤੀ ਵੀ ਸੀ ਪਰ ਫਿਰ ਵੀ ਗਲ ਆ ਪਈ ਜੰਗ ਉਨ੍ਹਾਂ ਦਰਬਾਰ ਸਾਹਿਬ ਵਿੱਚ ਨਹੀਂ ਸੀ ਲੜੀ। ਕਲਗੀਧਰ ਜੀ ਨੇ ਵੀ ਕੇਸਗੜ੍ਹ ਸਾਹਿਬ ਵਿਖੇ (ਜਿਥੇ ਰੋਜ਼ ਦੀਵਾਨ ਸਜਦੇ ਸਨ, ਪੰਜ ਪਿਆਰੇ ਤੇ ਖ਼ਾਲਸਾ ਪੰਥ ਸਾਜਿਆ ਸੀ) ਜੰਗ ਨਹੀਂ ਸੀ ਲੜੀ, ਲੋਹਗੜ੍ਹ, ਹੋਲਗੜ੍ਹ, ਤਾਰਾਗੜ੍ਹ, ਅਗੰਮਗੜ੍ਹ, ਕਿਲ੍ਹਿਆਂ ਵਿੱਚੋਂ ਜੰਗ ਲੜੀ ਸੀ।"... (ਬਿਪਰਨ ਕੀ ਰੀਤ, ਭਾਗ 1, ਪੰਨਾ 239)

ਡਾ. ਸਾਹਿਬ ਉਦੋਕੇ ਜੀਓ! ਸ. ਜੀ ਨੇ ਇੱਕੋ ਤਰਲਾ ਕੀਤਾ ਸੀ ਆਪਣੇ ਖਤ ਵਿੱਚ ਪਈ ਕਦੀ ਭੁੱਲ ਕੇ ਹੀ ਦਰਬਾਰ ਸਾਹਿਬ ਨੂੰ ਜੰਗ ਦਾ ਅਖਾੜਾ ਨਾਂ ਬਣਨ ਦੇਣਾ। ਜਿਸ ਨੇ ਲੜਾਈ ਕਰਨੀ ਹੈ ਜੀ ਸਦਕੇ ਕਰੇ, ਪਰ ਦਰਬਾਰ ਸਾਹਿਬ ਦੀ ਅਜ਼ਮਤ ਨੂੰ ਦਾਅ 'ਤੇ ਲਾ ਕੇ ਨਹੀਂ। ਜੋ ਦੁਖਦਾਈ ਘਟਨਾਵਾਂ ਦਰਾਬਾਰ ਸਾਹਿਬ ਵਿੱਚ ਵਾਪਰਦੀਆਂ ਰਹੀਆਂ, ਉਨ੍ਹਾਂ ਦਾ ਲਿਖਤੀ ਵੇਰਵਾ ਹੁਣ ਅਨੇਕਾਂ ਪੁਸਤਕਾਂ ਵਿੱਚ ਆ ਚੁੱਕਿਆ ਹੈ। ਗੁਰੂ ਗ੍ਰੰਥ ਸਾਹਿਬ ਨੂੰ ਜਾਂ ਕਿਸੇ ਪਵਿੱਤਰ ਅਸਥਾਨ ਨੂੰ ਨਿੱਜੀ ਗਰਜ਼ਾਂ ਲਈ ਵਰਤਣਾ, ਰਾਜਸੀ ਭਾਸ਼ਣ ਦੇਣੇ, ਸਾਨੂੰ ਇਕੱਲੇ ਇਕੱਲੇ ਸਿੱਖ

ਨੂੰ 35-35 ਹਿੰਦੂ ਆਉਂਦੇ ਹਨ, ਮੋਟਰ ਸਾਈਕਲ 'ਤੇ ਏ.ਕੇ. 47 ਖ਼ਰੀਦ ਕੇ ਪੰਥ ਦੋਖੀਆਂ ਨੂੰ ਪਾਰ ਬੁਲਾ ਦਿਉ...। ਕੀ ਅਜਿਹੇ ਮਨੁੱਖਤਾ ਦੇ ਦੋਖੀ ਭਾਸ਼ਣ, ਤੇ ਮਾਰ-ਕਾਟ ਦੇ ਬਿਆਨ ਦਾਗ਼ਣ ਲਈ ਹੀ ਦਰਬਾਰ ਸਾਹਿਬ ਬਣਾਇਆ ਗਿਆ ਸੀ ? ਸ. ਜੀ ਨੇ ਇਹੀ ਤਾਂ ਚਿਤਾਵਨੀ ਦਿੱਤੀ ਸੀ ਕਿ ਖਾੜਕੂ ਕਾਰਵਾਈਆਂ ਦਾ ਬਹਾਨਾ ਬਣਾ ਕੇ ਸਰਕਾਰ ਕੋਈ ਵੀ ਮੰਦ ਕਾਰਾ ਕਰ ਸਕਦੀ ਹੈ। ਅਜਿਹਾ ਮੌਕਾ ਨਾ ਦਿਉ। ਫਿਰ ਕੀ ਸ. ਜੀ ਦੀ ਲਿਖਤ ਸੱਚ ਸਾਬਤ ਨਹੀਂ ਹੋ ਰਹੀ ?

ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਕੇ ਉਦੋਕੇ (ਅਤੇ ਖੰਡੇਧਾਰ) ਨੇ ਪੀਲੀ ਪੱਤਰਕਾਰੀ ਦਾ ਸਬੂਤ ਦਿੰਦਿਆਂ, ਨੀਂਵੀਆਂ ਨਿਵਾਣਾਂ ਸੱਭ ਪਾਰ ਕਰ ਲਈਆਂ ਹਨ। ਖੰਡੇਧਾਰ ਦੇ ਪਹਿਲੇ ਪੰਨੇ 'ਤੇ ਲਿਖਿਆ ਹੈ- "ਕਾਲੀਆਂ ਲਿਖਤਾਂ ਵਾਲਾ ਕਾਲਾ ਅਫ਼ਗਾਨਾ ਪੰਥ 'ਚੋਂ ਖਾਰਜ" (ਮੁੱਖ ਪੰਨਾ ਅਗਸਤ 03) ਸ. ਜੀ ਬਾਰੇ ਅਤੇ ਉਸ ਦੇ ਹਮਾਇਤੀਆਂ ਬਾਰੇ ਲੇਖਕ ਦੇ ਪਰਵਚਨ ਸੁਣੋ -"ਮੇਰੀ ਫੱਤੋ ਦੇ ਯਾਰ, ਗਿੱਦੜ ਤੇ ਬਘਿਆੜ।" ਬਾਨੀ ਪੰਥ ਦਾ ਮਹਾਨ ਸਿਧਾਂਤ ਘਾੜਾ, ਕੁਰੀਤੀਆਂ ਨੂੰ ਜੜ੍ਹੋਂ ਉਖਾੜ ਦੇਣ ਲਈ ਤੱਤਪਰ, ਪਾਖੰਡੀ ਡੇਰੇਦਾਰਾਂ ਦੀ ਨੀਂਦਰ ਹਰਾਮ ਕਰ ਦੇਣ ਵਾਲਾ ਯੋਧਾ, ਗਿੱਦੜ ਨਜ਼ਰ ਆਇਆ ਹੈ ਅਤੇ ਉਸ ਦੇ ਸਾਥੀ ਬਘਿਆੜ ਆਦਿਕ...। ਮੇਰੀ ਕਲਮ ਹੁਣ ਤੱਕ ਰੁਕਦੀ ਰਹੀ ਸੀ ਪਰ ਉਦੋਕੇ ਨੇ ਕਲੇਜੇ ਵਿੱਚ ਤੀਰ ਮਾਰ ਕੇ ਮੈਨੂੰ ਬੇ-ਕਾਬੂ ਕਰ ਦਿੱਤਾ ਹੈ ਤੇ ਲੈ ਆਪਣੀਆਂ ਕਰਤੂਤਾਂ ਸੁਣ ਲੈ ਧਿਆਨ ਨਾਲ- "ਡਾ. ( ?) ਉਦੋਕੇ ਤੂੰ ਉਨ੍ਹਾਂ ਦਾ ਟੁਕੜੇ ਚੱਟ ਬਣ ਗਿਆ ਹੈਂ, ਜਿਨ੍ਹਾਂ ਪੰਥ ਨੂੰ ਖੇਰੂੰ ਖੇਰੂੰ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਆਪਣੀ ਵਖਰੀ ਰਹਿਤ ਮਰਿਆਦਾ ਬਣਾਈ। ਆਪਣੀਆਂ ਕਿਤਾਬਾਂ ਵਿੱਚ ਬੇ ਸਿਰ ਪੈਰ ਦੇ ਵਜਨੀ ਫੱਕੜ ਤੋਲੇ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਝੂਠ ਵੰਡਿਆ ਜਾ ਰਿਹਾ ਹੈ ਕਿ ਟਕਸਾਲ ਬਾਬਾ ਦੀਪ ਸਿੰਘ ਤੋਂ ਚੱਲੀ ਹੈ। ਗਿਆਨੀ ਗੁਰਬਚਨ ਸਿੰਘ (ਟਕਸਾਲੀ) ਦੀ ਲਿਖਤ "ਗੁਰਬਾਣੀ ਪਾਠ ਦਰਸ਼ਨ", ਵਿੱਚ ਬੰਸਾਵਲੀ ਦੱਸ ਰਹੀ ਹੈ ਕਿ ਟਕਸਾਲ ਭਾਈ ਮਨੀ ਸਿੰਘ ਤੋਂ ਚੱਲੀ ਹੈ। ਜਦੋਂ ਕਿ ਇਹ ਵੀ ਸਰਾਸਰ ਗਪੋੜਾ ਹੈ, ਕਿਉਂਕਿ ਕਿਸੇ ਪੁਰਾਤਨ ਸਿੱਖ ਗ੍ਰੰਥ ਵਿਚ ਟਕਸਾਲ ਦਾ ਜ਼ਿਕਰ ਤੱਕ ਨਹੀਂ ਹੈ।

ਗੁਰਬਾਣੀ ਪਾਠ ਦਰਸ਼ਨ ਕਿਤਾਬ ਦੇ ਪੰਨਾ 253 'ਤੇ "ਕਰਤਾਰਪੁਰੀ ਬੀੜ ਵਿੱਚ ਪੰਦਰਾਂ ਸੌ ਤੋਂ ਵੱਧ ਗ਼ਲਤੀਆਂ ਹਨ", ਲਿਖਿਆ ਹੋਇਆ ਹੈ। ਕਿੱਡਾ ਵੱਡਾ ਪਾਪ ਕੀਤਾ ਹੈ ਟਕਸਾਲੀਆਂ ਨੇ। ਤੇਰੀ ਪਿਆਰੀ ਟਕਸਾਲ ਬੀਬੀਆਂ ਨੂੰ ਕਦੀ ਬਰਾਬਰ ਦਰਜਾ ਨਹੀਂ ਦਿੰਦੀ। ਗੁਰੂ ਹੁਕਮਾਂ ਦਾ ਸਿੱਧਾ ਨਿਰਾਦਰ ਕਰ ਰਹੀ ਹੈ। ਇਹੀ ਟਕਸਾਲ ਪੰਦਰਾਂ ਸਾਲ ਤੱਕ, ਅਕਾਲ ਤਖ਼ਤ ਢੁਹਾ ਕੇ ਬਣਾਉਣ ਦੀ "ਕਾਰ

੧ ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਜਪੁ ॥

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ ਵਾਹਿਗੁਰੂ ॥

# ** ਭੂਮਿਕਾ **

## ਸਾਖੀ ਪਾਤਿਸ਼ਾਹੀ ਦਸਵੀਂ ਜੀ ਕਾਰਨ ਕੀ ੴ–

(ੳ) ਸੰਮਤ ੧੭੬੪ ਮਹੀਨਾ ਭਾਦਰੋਂ ਵਿਚ ਸ੍ਰੀ ਸਤਿਗੁਰੂ ਜੀ ਦੱਖਨ ਦੇਸ ਨਦੇੜ ਮੈ ਚਰਨ ਧਾਰੇ ਤੋ ਹਜ਼ੂਰ ਦੀ ਸਵਾਰੀ ਨਾਲ ਬਹਾਦਰ ਸ਼ਾਹ ਬਾਦਸ਼ਾਹ ਭੀ ਆਇਆ। ਸਾਹਿਬ ਦੀ ਆਗਿਆ ਮੇਂ ਚਲੈ ਤੇ ਬਹੁਤ ਸੇਵਾ ਕਰੇ। ਬਹਾਦਰ ਸ਼ਾਹ ਨਦੇੜ ਸ਼ਹਿਰ ਮੇਂ ਗੋਦਾਵਰੀ ਦੇ ਕੰਢੇ ਡੇਰਾ ਕੀਆ ਔਰ ਸਾਹਿਬ ਉਹਾਂ ਸੇ ਚਾਰ ਕੋਸ ਬਸਮਤ ਨਾਮ ਗਰਾਮ ਸੀ ਜਿਸ ਦਾ ਨਾਮ ਮਗਰੋਂ ਸਤਿਗੁਰੂ ਜੀ ਨੇ ਹੀਰਾ ਘਾਟ ਰਖਿਆ ਤਹਾਂ ਜਾਇ ਡੇਰਾ ਹੋਇਆ ਸਾਹਿਬ ਕਾ, ਸ੍ਰੀ ਸਤਿਗੁਰੂ ਜੀ ਉਹਾਂ ਚਰਨ ਧਾਰੇ। ਗੰਗਾ ਗੋਦਾਵਰੀ ਨੂੰ ਵੇਖਕੇ ਸਾਹਿਬ ਬੜੇ ਪ੍ਰਸੰਨ ਹੋਇ ਤੇ ਬਹਾਦਰ ਸ਼ਾਹ ਭੀ ਤਹਾਂ ਹੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਕਰੇ ਅਤੇ ਸਿਖ ਸੰਗਤਾਂ ਭੀ ਤਹਾਂ ਹੀ ਦਰਸ਼ਨਾਂ ਨੂੰ ਆਵੈ ਕਈ ਦਿਨ ਸਾਹਿਬ ਤਹਾਂ ਹੀ ਦਰਸ਼ਨ ਦੇਤੇ ਰਹੇ, ਔਰ ਸਰਬਤ ਖਾਲਸਾ ਦਰਸ਼ਨ ਕਰਤਾ ਰਹਾ, ਪੁਨਾ ਗੁਰੂ ਸਾਹਿਬ ਜੀ ਨਗੀਨਾ ਘਾਟ ਆਇ ਔਰ ਊਹਾਂ ਦੀਵਾਨ ਲਗਾਇ ਸਾਹਿਬ ਬੈਠੇ ਦਰਸ਼ਨ ਦੇਤੇ ਭੁਏ, ਔਰ ਸਰਬਤ ਖਾਲਸਾ ਦਰਸ਼ਨ ਕਰਤਾ ਭਇਆ, ਉਸ ਸਮੇਂ ਸਤਿਗੁਰੂ ਜੀ ਨੇ ਫੁਰਮਾਇਆ ਜੋ ਨਦੇੜ ਕਾ ਨਾਉ ਸਤਿਜੁਗ ਮੈਂ ਗੋਬਿੰਦ ਨਗਰੀ ਥਾ

ਸੇਵਾ ਦੇ ਨਾਮ ਹੇਠ” ਕਰੋੜਾਂ ਰੁਪਏ ਸੰਗਤ ਤੋਂ ਇਕੱਠੇ ਕਰ ਕੇ, ਡਕਾਰ ਗਈ, ਜਿਸ ਦਾ ਕੋਈ ਹਿਸਾਬ ਨਹੀਂ ਦਿੱਤਾ ਗਿਆ, ਸ਼੍ਰੋਮਣੀ ਕਮੇਟੀ ਨੂੰ। ਇਸੇ ਟਕਸਾਲ ਦੇ ਪੜ੍ਹਾਏ ਤੋਤੇ ਖ਼ਾਲਸਾ ਪੰਥ ਲਵ-ਕੁਸ਼ ਦੀ ਔਲਾਦ ਕਹਿਣ ਦਾ ਬੱਜਰ ਪਾਪ ਕਰਦੇ ਰਤੀ ਸ਼ਰਮਸਾਰ ਨਹੀਂ ਹੁੰਦੇ। ਇਸੇ ਟਕਸਾਲ ਦੇ ਗ੍ਰੰਥਾਂ ਵਿੱਚ, ਹਿੰਦੂ ਦੇਵੀ ਦੇਵਤਿਆਂ ਦੀਆਂ ਕਹਾਣੀਆਂ ਬੇਸ਼ੁਮਾਰ ਲਿਖੀਆਂ ਹੋਈਆਂ ਹਨ। ਜਿਨ੍ਹਾਂ ਨਾਲ ਸੰਗਤ ਨੂੰ ਗੁਮਰਾਹ ਕੀਤਾ ਜਾਂਦਾ ਹੈ। ਇਸੇ ਟਕਸਾਲ ਦਾ ਚੌਧਵਾਂ ਮੁਖੀ (ਮੈਂ ਨਿੱਜੀ ਤੌਰ ’ਤੇ ਭਾਈ ਜਰਨੈਲ ਦਾ ਸਤਿਕਾਰ ਕਰਦਾ ਹਾਂ ਪਰ ਤੁਸੀਂ ਉਸ ਦਾ ਅਪਮਾਨ ਕਰ ਰਹੇ ਹੋ)

ਇਸੇ ਟਕਸਾਲ ਦੇ ਚੌਧਰੀਆਂ ਨੇ ਕੇ.ਪੀ.ਐਸ. ਗਿੱਲ ਸਿੱਖਾਂ ਦੇ ਵੱਡੇ ਕਾਤਲ ਨੂੰ, ਮਹਿਤੇ ਚੌਂਕ ਗੁਰਦਵਾਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਸੱਦ ਕੇ ਪ੍ਰਸੰਸਾ ਕੀਤੀ। ਸਿਰੋਪੇ ਦਿੱਤੇ, ਦੁੱਧ ਵੀ ਛਕਾਇਆ, ਇਹੀ ਕਿਰਦਾਰ ਹੈ ਨਾ ਟਕਸਾਲ ਦਾ? ਤੇ ਉਨ੍ਹਾਂ ਦੇ ਟੁਕੜਿਆਂ ’ਤੇ ਪਲਣ ਵਾਲੇ, ਵੱਡੇ ਖਾੜਕੂ ਤੇ ਪੱਕੇ ਸਿੱਖ ਸਕਾਲਰ ਜੀਓ। ਤੇਰੇ ਆਪਣੇ ਵਿਆਹ ਵਿੱਚ ਸ਼ਰਾਬ ਦੀਆਂ ਪੇਟੀਆਂ ਦੀ ਖਪਤ ਨਹੀਂ ਹੋਈ? ਅੰਮ੍ਰਿਤਸਰ ਦੇ ਪੈਲੇਸ ਵਿੱਚ ਦਾਜ ਲੈਣਾ ਨਹੀਂ ਕੀਤਾ ਗਿਆ? ਗੁਰਮਤਿ ਦੀਆਂ ਧੱਜੀਆਂ ਨਹੀਂ ਉਡਾਈਆਂ ਗਈਆਂ? ਕਿਰਪਾ ਕਰ ਕੇ ਜੇ ਬਹਿਸ ਕਰਨਾ ਚਾਹੁੰਦਾ ਹੀ ਹੋਵੇਂ, ਤਾਂ ਲਿਖਤਾਂ ਦੇ ਦਾਇਰੇ ਵਿੱਚ ਰੱਖਿਆ ਜਾਵੇ। ਸ਼ਬਦਾਵਲੀ ਸਭਿਅਕ ਵਰਤੀ ਜਾਵੇ। ਤੱਥਾਂ ਨੂੰ ਤੋੜ ਮਰੋੜ ਕੇ ਗ਼ਲਤ ਰੰਗਣ ਨਾ ਦਿਤੀ ਜਾਵੇ। ਲਿਖਣ ਤੋਂ ਪਹਿਲਾਂ ਸ. ਜੀ ਦੀਆਂ ਲਿਖਤਾਂ ਨੂੰ ਇੱਕ ਵਾਰੀ ਚੰਗੀ ਤਰ੍ਹਾਂ ਪੜ੍ਹ ਲੈਣਾ, ਬਿਹਤਰ ਰਹੇਗਾ। ਬਿਨਾਂ ਪੜ੍ਹੇ ਝੂਠੇ ਇਲਜ਼ਾਮ ਲਾਉਣੇ ਇਨਸਾਨੀਅਤ ਨਹੀਂ ਹੈ, ਨਾ ਹੀ ਸਿੱਖੀ ਹੈ। ਇਹ ਸਾਹਿਤਕ ਬੇਈਮਾਨੀ ਹੈ, ਭ੍ਰਿਸ਼ਟਾਚਾਰ ਹੈ। ਆਸ ਕਰਦਾ ਹਾਂ ਗੰਭੀਰਤਾ ਨਾਲ ਵਿਚਾਰ ਕਰ ਕੇ ਹੀ ਅੱਗੋਂ ਲਿਖੋਗੇ। ਹਾਂ ਟਕਸਾਲ ਵੱਲੋਂ ਲਿਖਿਆ ਤੇ ਬੋਲਿਆ ਕੂੜ ਪ੍ਰਚਾਰ ਤੈਨੂੰ ਕਿਸ ਕਾਰਨ ਨਜ਼ਰ ਨਹੀਂ ਆਇਆ? ਉਨ੍ਹਾਂ ਦੀਆਂ ਪੁਸਤਕਾਂ ਦੀ ਵੰਨਗੀ ਪੇਜ ਨੰਬਰ ਮਾਰਕ ਕਰ ਕੇ ਭੇਜ ਰਿਹਾ ਹਾਂ। ਗੁਰਬਾਣੀ ਪਾਠ ਦਰਸ਼ਨ ਪੁਸਤਕ ਵੀ ਪੜ੍ਹ ਲੈਣੀ ਜ਼ਰੂਰ। ਸ਼ੈਤਾਨੀ ਕੁਫ਼ਰ ਦੀ ਤੱਕੜੀ ਲੈ ਕੇ ਇੱਕ ਹੋਰ ਸ਼ੈਤਾਨੀ ਰੂਹ ਸ. ਜੀ ਵਿਰੁੱਧ ਸ਼ੈਤਾਨੀ ਫ਼ਤਵੇ ਜਾਰੀ ਕਰਨ ਦੇ ਰਾਹ ਪੈ ਗਈ ਹੈ। ਉਹ ਹੈ ਸੁਖਪ੍ਰੀਤ ਸਿੰਘ ਉਦੋਕੇ... ਧੰਨ ਸਿੱਖੀ ਧੰਨ ਵਿਦਵਤਾ...?

ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰ ॥
ਪੁਤ ਜਿਨੂਰਾ ਧੀ ਜਿਨੂੰਰੀ ਜੋਰੂ ਜਿੰਨਾ ਦਾ ਸਿਕਦਾਰੁ ॥ (556)

000

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਸ੍ਰੀ ਦਸਮਗੁਰੂ ਗ੍ਰੰਥ ਸਾਹਿਬ ਜੀ ਦੀ

# ਪਾਠ ਮ੍ਰਯਾਦਾ

**(੧)ਸ੍ਰੀ ਅਖੰਡ ਪਾਠ (ਆਰੰਭ)**—ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਨਾਲ ਵੀ ਜਾਪੁ ਸਾਹਿਬ ਦਾ ਪਾਠ ਵੀ ਕਰਨਾ ਚਾਹੀਦਾ ਹੈ। ਜੋਤ, ਕੁੰਭ, ਨਾਰੀਇਲ, ਧੂਪ, ਫੁਲ ਆਦਿ ਚੀਜ਼ਾਂ ਤੇ ਰੀਤੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀ ਮ੍ਰਯਾਦਾ ਦੀ ਤਰ੍ਹਾਂ ਹੀ ਹੈ। ਕੜਾਹ ਪ੍ਰਸ਼ਾਦਿ ਕਰਕੇ, ਅਰਦਾਸ ਕਰ ਕੇ ਸ੍ਰੀ ਮੁਖਵਾਕ ਲੈ ਕੇ, ਆਰੰਭ ਕਰਕੇ ਜਾਪੁ ਸਾਹਿਬ ਪੜ੍ਹ ਕੇ ਕੜਾਹ ਪ੍ਰਸ਼ਾਦਿ ਵੰਡਣਾ।

**ਮਧ**—ਪਾਠ ਦਾ ਮਧ ਸ੍ਰੀ ਸ਼ਸਤ੍ਰ ਨਾਮ ਮਾਲਾ ਦੇ ਆਰੰਭ ਤੇ ਲਾਉਣਾ।

**ਭੋਗ**—(੧) ਪਿਛਲੀਆਂ ੨ ਹਕਾਇਤਾਂ ੧੧–੧੨। ਭੋਗ ਪਾਉਣਾ ਸ਼ੁਰੂ ਕਰਨਾ ੧੧ਵੀਂ ਤੋਂ, ਇਸ ਤੋਂ ਬਾਅਦ ਤਰਤੀਬ ਵਾਰ— (੨) ਜਾਪੁ ਸਾਹਿਬ ਪੰਨਾ ੧, (੩) ਸ਼ਬਦ ਹਜ਼ਾਰੇ ॥ ਰਾਮਕਲੀ ਪਾਤਿਸ਼ਾਹੀ ੧੦ ਰੇ ਮਨ ਐਸੋ ਕਰਿ ਸੰਨਿਆਸਾ ॥ (੪) ਸਵੈਯੇ ॥ ਤੇ ਦੋਹਰਾ ॥ ਜੋ ਕਿਛੁ ਲੇਖ ਲਿਖਿਓ ਬਿਧਨਾ ॥ (੫) ਸ਼ਸਤ੍ਰ ਨਾਮ ਮਾਲਾ ਦਾ ਧਿਆਇ ੧। (੬) ਚੌਪਈ ॥ ਦੋਹਰਾ ॥ ਮਹਾਂ ਕਾਲ ਕੀ ਜੋ ਸਰਨ ਪਰੈ ਸੋ ਲਏ ਬਚਾਇ ॥ ਛੰਦ ੩੯੬। ਤੇ ਇਤਿ ਸ੍ਰੀ ਚਰਿਤ੍ਰੋ ਪਖ੍ਯਾਨੇ ਅਫਜੂੰ ॥ ਤਕ ਭੋਗ ਪਾਉਣਾ।

**(੨) ਸਾਧਾਰਨ**—ਸਾਧਾਰਨ ਦੇ ਨਾਲ ਜਾਪੁ ਸਾਹਿਬ ਨਹੀਂ ਰਖਣਾ ਅਤੇ ਜਾਪੁ ਦੀਆਂ ਪਹਿਲੀਆਂ ੫ ਪਉੜੀਆਂ—ਨਮਸਤੰ ਅਨਾਮੇ ॥ ਨਮਸਤੰ ਅਧਾਮੇ ॥ ੫ ॥ ਤੇ ਇਕ ਅਖੀਰ ਦੀ ਪਉੜੀ ॥ ਚਤ੍ਰ ਚਕ੍ਰਵਰਤੀ ਚਤ੍ਰ ਚਕ੍ਰ ਭੁਗਤੇ ॥੧੯੯॥

ਨੋਟ—ਨਿਹੰਗ ਸਿੰਘ ਦਲਾਂ ਵਿਚ ਸ੍ਰੀ ਅਖੰਡ ਪਾਠ ਕਰਦਿਆਂ ਕਿਸੇ ਦੈਂਤ ਆਦਿ ਦਾ ਨਾਸ ਹੋਣ ਦਾ ਸ਼ਬਦ ਆਵੇ ਤਾਂ ਉਸ ਵਕਤ ਪਾਸ ਬੈਠਾ ਸਿੰਘ ਕੀਨੇ ਨੂੰ ਜਾਂ ਨਰੇਲ ਨੂੰ ਵਢ ਦਿੰਦਾ ਹੈ।

ਅੰਤਿਕਾ 1.

# ਸੰਪਰਦਾਈ ਪ੍ਰਣਾਲੀ

ਗਿਆਨੀ ਗੁਰਬਚਨ ਸਿੰਘ ਵੱਲੋਂ ਲਿਖੀਆਂ ਪੁਸਤਕਾਂ ਨੂੰ, ਮਹਿਤੇ ਵਾਲਾ (ਅਖੌਤੀ ਦਮਦਮੀ ਟਕਸਾਲ) ਡੇਰਾ ਲਗਾਤਾਰ ਛਾਪ ਕੇ ਵੇਚਦਾ ਆ ਰਿਹਾ ਹੈ। ਜਿਵੇਂ ਇਹ ਲੋਕ ਆਪਣੇ ਆਪ ਨੂੰ 'ਮਹਾਨ' ਜਥੇਬੰਦੀ ਗਰਦਾਨ ਰਹੇ ਹਨ, ਇਨ੍ਹਾਂ ਨੂੰ ਮਹਾਨਤਾ ਵਾਲੇ ਕੰਮ ਕਰਨੇ ਚਾਹੀਦੇ ਸੀ। ਜਦੋਂ ਕਿ ਵਡੇਰੇ ਕਾਰਜ ਕਰਨ ਦੀ ਥਾਵੇਂ, ਆਪਣੇ ਪ੍ਰਚਾਰ ਸਾਧਨਾਂ ਦੁਆਰਾ ਇਨ੍ਹਾਂ ਲੋਕਾਂ ਨੇ ਸਿੱਧੇ ਸਾਧੇ ਸਿੱਖ ਮਾਈ ਭਾਈ ਨੂੰ, ਬ੍ਰਾਹਮਣੀ ਖਾਰੇ ਸਾਗਰ ਵਿੱਚ ਡੋਬਿਆ ਹੈ। ਸਾਰੇ ਤਰ੍ਹਾਂ ਦੇ ਬ੍ਰਾਹਮਣੀ ਕਰਮਕਾਂਡ ਸਿੱਖਾਂ ਵਿੱਚ ਪ੍ਰਚਲਤ ਕਰ ਦਿੱਤੇ ਗਏ। ਗੁਰਬਾਣੀ ਦਾ ਹੁਕਮ ਕੁੱਝ ਹੋਰ ਅਗਵਾਈ ਕਰਦਾ ਹੈ। ਇਨ੍ਹਾਂ ਦੀਆਂ ਕਿਤਾਬਾਂ ਤੇ ਬੁਲਾਰੇ ਗੁਰਬਾਣੀ ਅਸੂਲਾਂ ਤੋਂ ਉਲਟ ਪ੍ਰਚਾਰ ਕਰ ਰਹੇ ਹਨ। ਜਿਵੇਂ ਬ੍ਰਾਹਮਣਾਂ ਨੇ ਪ੍ਰਚਾਰ ਦੇ ਜ਼ੋਰ ਪੱਥਰ ਦੀਆਂ ਮੂਰਤੀਆਂ ਦੀ 'ਭਗਵਾਨ' ਆਖ ਕੇ ਲੋਕਾਂ ਤੋਂ ਪੂਜਾ ਕਰਵਾਈ, ਮਾਇਆ ਬਟੋਰੀ ਤੇ ਅਪਣੇ ਸੇਵਕਾਂ ਨੂੰ ਸਦੀਆਂ ਤੋਂ ਕੁਰਾਹੇ ਪਾਇਆ ਉਹ ਹੁਣ ਜੱਗ ਜਾਹਿਰ ਹੋਣ ਲੱਗ ਪਿਆ ਹੈ। ਇਸੇ ਤਰ੍ਹਾਂ ਇਨ੍ਹਾਂ ਡੇਰੇਦਾਰਾਂ ਨੇ ਨਿੱਤ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ, ਨਿਰਮਲ ਬੁੱਧ ਜਗਿਆਸੂਆਂ ਸਨਮੁੱਖ, ਝੂਠ ਬੋਲਣ ਤੋਂ ਕਦੇ ਸ਼ਰਮ ਨਹੀਂ ਕੀਤੀ। ਸਾਰੀਆਂ ਲਿਖਤਾਂ ਦਾ ਜਵਾਬ ਦੇਣ ਲਗੀਏ ਤਾਂ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਆਉ ਕੁੱਝ ਕੁ 'ਪਹਾੜ' ਜਿੱਡੇ ਝੂਠਾਂ ਦੇ ਦਰਸ਼ਨ ਕਰੀਏ।

ਮੇਰੇ ਕੋਲ ਗਿਆਨੀ ਗੁਰਬਚਨ ਸਿੰਘ ਵੱਲੋਂ ਲਿਖੀ 'ਗੁਰਬਾਣੀ ਪਾਠ ਦਰਸ਼ਨ' 1969 ਦੀ ਐਡੀਸ਼ਨ ਮੌਜੂਦ ਹੈ। ਉਸ ਕਿਤਾਬ ਦੇ ਪੰਨਾ ਨੰ. 253 'ਤੇ ਇਨ੍ਹਾਂ ਨੇ ਆਪਣੀ ਸੰਪਰਦਾਈ ਪ੍ਰਣਾਲੀ ਦਾ ਕੁਰਸੀਨਾਮਾ ਦਿੱਤਾ ਹੈ। ਦੂਜੀ ਪੁਸਤਕ ਇਸੇ ਗਿ. ਦੀ ਲਿਖੀ ਹੋਈ 'ਸ੍ਰੀ ਗੁਰਮੁਖ ਪ੍ਰਕਾਸ਼' (ਪਹਿਲੀ ਛਾਪ 1969, ਦੂਜੀ ਛਾਪ 1997) ਵਿੱਚ ਵੀ ਆਪਣੇ ਡੇਰੇ ਦਾ ਕੁਰਸੀਨਾਮਾ ਦਿੱਤਾ ਹੋਇਆ ਹੈ। ਪਹਿਲਾ 'ਵਜਨੀ ਝੂਠ' ਇਨ੍ਹਾਂ ਨੇ ਲਿਖਿਆ ਹੈ, ਕਿ ਸਾਡਾ ਡੇਰਾ ਗੁਰੂ ਗੋਬਿੰਦ ਸਿੰਘ ਜੀ ਨੇ ਸਥਾਪਤ ਕੀਤਾ ਹੈ। ਦਸਮ ਪਾਤਿਸ਼ਾਹ ਨੇ ਡੇਰੇਦਾਰ, ਸੰਤ ਸਾਧ ਸੰਨਿਆਸੀ, ਜੋਗੀ, ਊਚ ਨੀਚ, ਜਾਤ ਪਾਤ ਆਦਿ ਦੇ ਸਾਰੇ ਵਖਰੇਵੇਂ ਖ਼ਤਮ ਕਰ ਕੇ 'ਨਿਰਮਲ ਪੰਥ ਜਾਂ ਖ਼ਾਲਸਾ' ਬਣਾਇਆ ਹੈ। ਅੱਡੋ ਅੱਡ ਡੇਰੇ ਬਣਾ ਕੇ ਆਪਣੀ 'ਢਾਈ ਪਾ ਖਿਚੜੀ' ਰਿੰਨਣ ਦੀ ਇਜਾਜ਼ਤ ਨਹੀਂ ਦਿੱਤੀ। ਫਿਰ ਕਿਸੇ ਇੱਕ ਵੀ ਪੁਰਾਤਨ ਸਰੋਤ ਗ੍ਰੰਥ ਵਿੱਚ ਟਕਸਾਲ ਦਾ ਜ਼ਿਕਰ ਤੱਕ ਨਹੀਂ ਹੈ। ਸਾਰੀ ਸੰਗ, ਸ਼ਰਮ ਲਾਹ ਕੇ, ਇਹ ਲਿਖਿਆ ਅਤੇ ਬੋਲਿਆ ਗਿਆ ਹੈ

## (ਕ) ਗੁਰਦੁਆਰਾ ਅਖੰਡ ਪ੍ਰਕਾਸ਼ :—

ਗੁਰੂ ਖਾਲਸਾ ਸਾਧ ਸੰਗਤਿ ਜੀ ! ਜ਼ਿਲਾ ਫੀਰੋਜ਼ ਪੁਰ ਪਿੰਡ ਭਿੰਡਰ ਕਲਾਂ ਵਿਚ, ਗੁਰਮੁਖ ਪਿਆਰੇ ਜੀਵਨ ਮੁਕਤਿ ਸ੍ਰੀਮਾਨ ੧੦੮ ਬਾਬਾ ਖਜ਼ਾਨ ਸਿੰਘ ਜੀ ਅੰਮ੍ਰਿਤ ਧਾਰੀ ਸਿੰਘ ਗ੍ਰਿਸਤ ਵਿਚ ਰਹਿਕੇ ਭਜਨ ਬੰਦਗੀ ਕਰਨ ਵਾਲੇ ਸੰਮਤ ੧੯੧੧ ਬਿ: ਨੂੰ ਜਨਮੇ। ਦਸਮ ਤੇ ਆਦਿ ਮਹਾਰਾਜ ਜੀ ਦੇ ਗਿਆਨੀ ਸਨ ਕੀਰਤਨ ਕਰਦੇ ਗੁਰੂ ਇਤਿਹਾਸ ਦੀ ਕਥਾ ਕਰਦੇ। ਘਰ ਬਾਰਾਂ ਮਹੀਨਿਆਂ ਵਿਚ ਬਾਰਾਂ ਪਾਠ ਕਰਕੇ ਭੋਗ ਪਾਉਂਦੇ। ਸਿਖ ਸਾਧ ਦੀ ਖਬਾ ਸ਼ਕਤਿ ਪ੍ਰਸਾਦ ਬਸਤ੍ਰ ਦੀ ਸੇਵਾ ਕਰਦੇ। ਆਪ ਜੀ ਖੇਤੀ ਕਰਕੇ ਵੰਡਕੇ ਛਕਦੇ ਸੀ। ਛੱਤੀ ਲੱਖ ਮੂਲ ਮੰਤ੍ਰ ਦਾ ਪਾਠ ਕੀਤਾ। ਸੱਵਾ ਲੱਖ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਸਾਢੇ ਸੱਤਾਂ ਸਾਲਾਂ ਵਿਚ ਕੀਤਾ। ਆਪ ਜੀ ਨੇ ਧਰਮ ਦੀ ਕ੍ਰਿਤ ਬਹੁਤ ਕੀਤੀ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਤੇ ਨਿਤਨੇਮ ਇਕ ਪੈਰ ਦੇ ਭਾਰ ਖੜੇ ਕਰਿਆ ਕਰਦੇ। ਪ੍ਰੇਮਾ ਭਗਤੀ ਵਿਚ ਸਦਾ ਮਸਤ ਰਹਿੰਦੇ ਸਨ। ਆਪ ਦੇ ਸਪੁਤਰ ਮਾਤਾ ਮਹਿਤਾਬ ਕੌਰ ਦੇ ਲਾਡਲੇ ਸ੍ਰੀਮਾਨ ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਸਾਹਿਬ ੧੯੪੦ ਬਿਕ੍ਰਮੀ ਵਿਚ ਹੋਏ। ਅੱਠ ਭਾਦਰੋਂ ਸਾਵਣ ਸੁਦੀ ਪੂਰਨਮਾਸ਼ੀ ਨੂੰ ਭਿੰਡਰਾਂ ਵਿਚ ਜਨਮ ਧਾਰਿਆ। ਛੋਟੇ ਹੁੰਦਿਆਂ ਵਿਦਿਆ ਪਿਤਾ ਜੀ ਪਾਸੋਂ ਪੜ੍ਹੀ। ਹੋਰ ਸੰਸਕ੍ਰਿਤ, ਵਿਦਾਂਤ, ਯੋਗ ਆਦਿ ਪੁਸਤਕਾਂ ਦਉਧਰ ਅਤੇ ਦਾਦਾ ਵਾਲੇ ਸੰਤਾਂ ਪਾਸੋਂ ਪੜ੍ਹੇ ਫਿਰ ਘਰ ਖੇਤੀ ਕਰਦੇ ਰਹੇ। ਫਿਰ ਪੂਰਨ ਵਿਰਾਗ ਵਿਚ ਲਿਵ ਲੀਣ ਹੋ ਕੇ ਮੁਰਾਲੇ (ਜ਼ਿਲਾ ਗੁਜਰਾਤ) ਵਿਚ ਪੁਜੇ। ਓਥੇ ਸ੍ਰੀ ਮਾਨ ਸੰਤ ੧੦੮ ਗੁਰਮੁਖ ਪਿਆਰੇ ਨਾਮੁ ਰਸ ਵਿਚ ਭਿਜੇ ਹੋਏ ਅਠ ਪਹਰ ਦੀ ਇਕ ਰਸ ਲਿਵ ਵਾਲੇ ਬ੍ਰਹਮ ਗਿਆਨੀ ਸੰਤ ਬਿਸ਼ਨ ਸਿੰਘ ਜੀ ਪਾਸੋਂ ਗੁਰਮਤਿ ਵਿਦਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਰਥਾਂ ਸਹਿਤ ਪੜ੍ਹੇ। ਆਦਿ ਮਹਾਰਾਜ ਜੀ ਤੇ ਦਸਮ ਬਾਬਾ ਹਰਨਾਮ ਸਿੰਘ ਜੀ ਅੰਮ੍ਰਿਤਸਰੀ ਤੋਂ ਮੁਰਾਲੇ ਰੱਖਕੇ ਪੜ੍ਹੇ। ਫੇਰ ਸ੍ਰੀ ਕੇਸ ਗੜ੍ਹ ਸਾਹਿਬ ਜੀ ਆਣ ਕੇ ਅੰਮ੍ਰਿਤ ਪਾਨ ਕੀਤਾ। ਪੰਜ ਕਕਾਰ ਦੀ ਰਹਿਤ ਰਖਦੇ। ਗਾਤਰੇ ਕ੍ਰਿਪਾਨ ਧਾਰੀ ਹੋਏ। ਸਾਰੀਆਂ ਕੁਰੱਹਿਤਾਂ ਤੋਂ ਮਨ, ਬਾਣੀ ਸਰੀਰ ਕਰਕੇ ਅਸੰਗ ਰਹੇ। ਆਪ ਨੇ ਭਿੰਡਰੀਂ ਰਹਿ ਕੇ ਬਾਹਰ ਬਾਵਲੀ ਪਰ ਬਹੁਤ ਨਾਮੁ ਦੀ ਕਮਾਈ ਕੀਤੀ ਸਤਿ ਸਰੂਪ ਦੀ ਸਖਯਾਤਤਾ ਪਾ ਕੇ ਪਰਉਪਕਾਰ ਵਾਸਤੇ ਆਪਣਾ ਜੀਵਣ ਵਾਰਿਆ। ਰਿਦੇ ਵਿਚੋਂ ਕਦੇ ਭੀ ਨਾਮੁ ਨਹੀਂ ਭੁਲੌਂਦੇ ਸੀ। ਬਾਣੀ ਨਾਲ ਗੁਰੂ ਮਹਾਰਾਜ ਜੀ ਦਾ ਯੱਸ ਕਰਦੇ ਸਨ ਤਨ ਨਾਲ ਸੇਵਾ। ਕਈ ਗੁਰਦੁਆਰੇ ਬਨਵਾਏ, ਸਰੋਵਰਾਂ ਦੀਆਂ ਸੇਵਾ ਕਰਵਾਈਆਂ, ਤਕਰੀਬਨ ਪੰਜ ਲੱਖ ਨੂੰ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਅੰਮ੍ਰਿਤੁ ਛਕਾਇਆ। ਇਕੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਕਥਾ ਸੰਥਿਆ ਪੜ੍ਹਾਈ। ਗੁਰ ਇਤਿਹਾਸ ਤੇ ਹੋਰ ਮਤਾਂ ਦੇ ਗ੍ਰੰਥ ਭੀ ਪੜ੍ਹਾਏ। ਵਿਦਿਆਰਥੀਆਂ ਤੋਂ ਭਜਨ ਬਾਣੀ ਕਰੌਂਦੇ ਤੇ ਆਪ ਕਰਦੇ। ਮਨ ਬਾਣੀ ਸਰੀਰ ਕਰਕੇ ਕਦੇ, ਨਾਮੁ ਭੁਲਣ ਨਹੀਂ ਸੀ ਦਿੰਦੇ ਪ੍ਰੇਮ ਰੰਗ ਵਿਚ ਰੰਗਿਆਂ ਹੋਯਾਂ ਦੇ ਸ੍ਰੀ ਗੁਰੂ ਨਾਨਕ ਦਸਮੇਸ਼ ਜੀ ਸਦਾ ਅੰਗ ਸੰਗ ਰਹਿੰਦੇ ਸਨ, ਅੰਤਰ ਬਾਹਰ ਨਿਰੰਕਾਰ ਸਦਾ ਪ੍ਰਗਟ ਸੀ ਦੱਖਣ ਵਿਚ ਆਪ ਰਾਮੇਸ਼ਰ ਤਕ ਗਏ। ਪੂਰਬ ਵਿਚ ਆਪ ਬ੍ਰਹਮ ਪੁਤਰ ਤੱਕ ਵਿਚਰੇ। ਪਹਾੜ ਵਿਚ ਬਿਆਸ ਕੁੰਡ ਤਕ ਪਹੁੰਚੇ। ਪਛਮ ਦੀ ਤਰਫ ਆਪ ਜੀ ਕਾਬਲ ਤੱਕ ਵਿਚਰੇ ਅਤੇ ਵਿਚਰਕੇ ਗੁਰਮਤਿ ਦਾ ਪ੍ਰਚਾਰ ਕੀਤਾ। ਆਪਨੇ ਮੋਰਚਿਆਂ ਵਿਚ ਕਾਮਯਾਬੀਆਂ ਹਾਸਲ ਕੀਤੀਆਂ ਸ੍ਰੀ ਮੁਕਤਸਰ ਜੀ ਦੇ ਮੋਰਚੇ

ਕਿ ਟਕਸਾਲ 'ਸੀਨਾ-ਬ-ਸੀਨਾ' ਚਲਦੀ ਹੈ। ਭਾਵ ਕਿ ਸਾਰੇ ਪੰਥ ਨੂੰ ਮਾਣ ਸਤਿਕਾਰ ਤੇ ਅਧਿਕਾਰ ਨਾ ਦੇ ਕੇ, 'ਗੁਪਤ ਰੂਪ ਵਿੱਚ ਕੰਨਾ ਬਾਟੀ ਕੁਰਰ' ਆਖ ਕੇ ਇਨ੍ਹਾਂ ਨੂੰ ਟਕਸਾਲ ਚਲਾਉਣ ਦੀ ਇਜਾਜ਼ਤ ਦੇ ਗਏ ? ਪਿਛਲੇ ਲੰਮੇ ਸਮੇਂ ਤੋਂ ਇਹ ਝੂਠ, ਖ਼ੂਬ ਵਧਿਆ, ਪ੍ਰਫੁੱਲਤ ਹੋਇਆ ਹੈ। ਸ਼੍ਰੋਮਣੀ ਕਮੇਟੀ, ਡੇਰੇਦਾਰ ਸਾਧ ਅਤੇ 'ਵਿਦਵਾਨ' ਸਾਰੇ ਹੀ ਇਸ ਕੁਫਰ ਨੂੰ ਅੰਮ੍ਰਿਤ ਜਾਣ ਕੇ ਪ੍ਰਵਾਨ ਕਰ ਰਹੇ ਹਨ। ਸਗੋਂ ਕਿੰਨੇ ਸਾਰੇ ਖ਼ੁਦਗਰਜ਼ ਪ੍ਰੋਫ਼ੈਸਰ ਇਨ੍ਹਾਂ ਦੇ ਦੁੰਮ ਛੱਲੇ ਬਣ ਕੇ ਝੂਠ ਉੱਤੇ ਸੱਚ ਦੇ ਚੋਲੇ ਪਾਉਣ ਦੀ ਹਿਮਾਕਤ ਕਰਦੇ ਰਹੇ। ਜਬਾਨੀ ਕਲਾਮੀ ਜੋ ਝੂਠ ਬੋਲਿਆ ਗਿਆ ਹੈ, ਉਸ ਦਾ ਤੇ ਅੰਤ ਪਾਰਾਵਾਰ ਹੀ ਕੋਈ ਨਹੀਂ। ਇਥੇ ਇਨ੍ਹਾਂ ਵਲੋਂ ਛਾਪਿਆ ਗਿਆ ਕੁਰਸੀਨਾਮਾ ਹੀ ਜੇ ਧਿਆਨ ਨਾਲ ਪੜ੍ਹ ਲਈਏ, ਸੱਚ ਝੂਠ ਦਾ ਝੱਟ ਨਿਤਾਰਾ ਹੋ ਜਾਵੇਗਾ। ਅੱਗੇ ਸ੍ਰੀ ਗੁਰਮੁੱਖ ਪ੍ਰਕਾਸ਼ ਵਿਚਲਾ ਕੁਰਸੀਨਾਮਾ ਅਤੇ ਗੁਰਬਾਣੀ ਪਾਠ ਦਰਸ਼ਨ ਵਾਲਾ ਕੁਰਸੀਨਾਮਾ ਧਿਆਨ ਨਾਲ ਪੜ੍ਹੋ। ਜਿਨ੍ਹਾਂ ਅੱਖ਼ਰਾਂ, ਸ਼ਬਦਾਂ ਦੁਆਲੇ ਘੇਰਾ ਵਾਹਿਆ ਹੋਇਆ ਹੈ, ਉਨ੍ਹਾਂ ਦਾ ਮਿਲਾਨ ਦੂਜੇ ਕੁਰਸੀਨਾਮੇ ਨਾਲ ਕਰ ਕੇ ਵੇਖੋ। ਚੌਦਾਂ ਵਖਰੇਵੇਂ ਸਾਫ਼ ਨਜ਼ਰ ਆਉਣਗੇ। ਇਹ 'ਬ੍ਰਹਮ ਗਿਆਨੀ' ਏਨਾ ਵੀ ਨਹੀਂ ਜਾਣਦੇ ਕਿ ਪਹਿਲੀਆਂ ਕਿਤਾਬਾਂ ਵਿੱਚ ਅਸੀਂ ਕੀ ਲਿਖ ਚੁੱਕੇ ਹਾਂ ਤੇ ਦੂਜੀ ਵਿੱਚ ਉਸ ਤੋਂ ਵਿਪਰੀਤ ਕਿਉਂ ਲਿਖ ਰਹੇ ਹਾਂ ?

ੴ ਵਾਹਿਗੁਰੂ ਜੀ ਕੀ ਫਤਹ ॥

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ ॥

# ਗੁਰਬਾਣੀ ਪਾਠ ਦਰਸ਼ਨ

ਅਰਥਾਤ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਹੋਏ ਕਠਨ ਪਾਠਾਂ ਦੀ ਵਿਚਾਰ

ਕਰਤਾ:—

ਸ੍ਰੀ ਮਾਨ ਪੰਥ ਰਤਨ ਵਿਦਯਾ ਮਾਰਤੰਡ

**ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ'**

ਭਿੰਡਰਾਂ ਵਾਲੇ [ਫੀਰੋਜ਼ਪੁਰ]

—ਪ੍ਰਕਾਸ਼ਕ—

**ਗਯਾਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰ ਕਲਾਂ**

ਗੁਰਦੁਆਰਾ ਸ੍ਰੀ ਅਖੰਡ ਪ੍ਰਕਾਸ਼, ਜ਼ਿਲਾ ਫੀਰੋਜ਼ਪੁਰ

(ਨੇੜੇ ਮੋਗਾ ਸ਼ਹਿਰ)

ਪ੍ਰਕਾਸ਼ਕ:—

**ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:**

ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

ਭੇਟਾ ੧੨-੫੦ ਪੈਸੇ

ਅੰਤਿਕਾ 2.

# ਗੁਰਬਾਣੀ ਤਰਤੀਬ ਤੋੜਨ ਦਾ ਬੱਜਰ ਪਾਪ

ਉਂਜ ਤਾਂ ਟਕਸਾਲੀਏ ਡੇਰੇਦਾਰਾਂ ਨੇ ਅਣਗਿਣਤ ਪਾਪ ਕਰਮ ਕੀਤੇ ਹਨ। ਪਰ 'ਸੰਤਪੁਣੇ' ਦਾ ਹਊਆ ਵਿਖਾ ਕੇ ਇਹ ਲੋਕ, 'ਸੰਤ ਕਾ ਨਿੰਦਕ ਮਹਾਂ ਹਤਿਆਰਾ', ਦਾ ਦਹਿਲ ਪਾ ਦਿੰਦੇ ਸਨ। ਪਈ ਕੋਈ ਵਿਅਕਤੀ 'ਸੰਤ' ਦੇ ਗੁਨਾਹ ਵੀ ਨੰਗੇ ਨਾ ਕਰੇ। ਲੰਮੇ ਸਮੇਂ ਤੱਕ ਇਨ੍ਹਾਂ ਦੀ ਇਹ 'ਗਿੱਦੜ ਸਿੰਗੀ' ਕੰਮ ਕਰਦੀ ਗਈ। ਹੌਲੀ ਹੌਲੀ ਗੁਰਬਾਣੀ ਪੜ੍ਹਨ ਵਾਲਿਆਂ ਨੂੰ ਹੌਸਲਾ ਮਿਲਿਆ ਕਿ ਮਨਾ ਸੱਚ ਨੂੰ ਸੱਚ ਕਹਿਣਾ ਕਾਹਦੀ ਨਿੰਦਾ ਹੈ? ਜਦੋਂ ਗੁਰਬਾਣੀ ਵਿੱਚ ਹਰ ਤਰ੍ਹਾਂ ਦੇ ਪਖੰਡਾਂ ਦੇ ਬਖੀਏ ਉਧੇੜੇ ਗਏ ਹਨ। ਗੁਰੂ ਨਾਨਕ ਸਾਹਿਬ ਨੇ ਕਿਸੇ ਪਖੰਡੀ ਸਾਧ ਨੂੰ ਨਹੀਂ ਬਖ਼ਸ਼ਿਆ। ਤਾਂ ਗੁਰਬਾਣੀ ਦੇ ਚਾਨਣ ਵਿੱਚ ਸਾਨੂੰ ਡਰ ਕਾਹਦਾ? ਜੇ ਅਸੀਂ ਝੂਠੇ ਇਲਜ਼ਾਮ ਲਾ ਕੇ ਕਿਸੇ ਸਰੀਫ਼ ਆਦਮੀ ਨੂੰ ਬਦਨਾਮ ਕਰੀਏ ਤਦ ਬੁਰੀ ਗੱਲ ਹੈ। ਪਖੰਡੀ ਨੂੰ ਪਖੰਡੀ, ਠੱਗ ਨੂੰ ਠੱਗ, ਚੋਰ ਨੂੰ ਚੋਰ ਕਹਿਣਾ ਕੋਈ ਬੁਰਾਈ ਨਹੀਂ ਹੈ। ਜੋ ਵਿਅਕਤੀ ਧਾਰਮਕ ਪਹਿਰਾਵਾ ਧਾਰਨ ਕਰ ਕੇ, ਆਮ ਲੋਕਾਂ ਦੀ ਲੁੱਟ ਖਸੁਟ ਕਰੇ, ਕੁਰਾਹੇ ਪਾਵੇ, ਉਸ ਦਾ ਵਿਰੋਧ ਕਰਨਾ ਮਨੁੱਖਤਾ ਦਾ ਭਲਾ ਹੈ। ਇਨ੍ਹਾਂ ਟਕਸਾਲੀ ਸਾਧ ਟੋਲਿਆਂ ਨੇ, ਪਹਿਲਾਂ ਜੋ ਕੀਤਾ ਸੋ ਕੀਤਾ, 2005 ਵਿਚ ਗੁਰਬਾਣੀ ਪਾਠ ਦੀਆਂ ਸੀ.ਡੀਜ਼ ਰਿਕਾਰਡ ਕਰਵਾ ਕੇ ਵੰਡੀਆਂ ਵੇਚੀਆਂ। ਜਿਸ ਵਿੱਚ ਉਚਾਰਣ ਦੀਆਂ ਗ਼ਲਤੀਆਂ ਤਾਂ ਹਨ ਹੀ ਸਨ। ਸਗੋਂ ਪੂਰੇ ਸ਼ਬਦ ਹੀ ਗ਼ਾਇਬ ਕਰ ਦਿੱਤੇ। ਅਖ਼ਬਾਰਾਂ ਵਿੱਚ ਖ਼ੂਬ ਰੌਲਾ ਪਿਆ। ਇਨ੍ਹਾਂ ਨੇ ਤਾਂ ਮੁਆਫ਼ੀ ਨਾ ਮੰਗੀ ਨਾ ਜਥੇਦਾਰਾਂ ਨੇ ਕੋਈ ਸਜ਼ਾ ਦਿੱਤੀ। ਹਾਂ ਰਿਕਾਰਡ ਕਰਨ ਵਾਲੀ ਕੰਪਨੀ ਟੀ.ਸੀਰੀਜ਼ ਦੇ ਮਾਲਕ ਨੇ ਮੁਆਫ਼ੀ ਮੰਗ ਲਈ।

ਗਿ. ਗੁਰਬਚਨ ਸਿੰਘ ਵੱਲੋਂ ਲਿਖੀ 'ਸ੍ਰੀ ਗੁਰਮੁਖ ਪ੍ਰਕਾਸ਼' ਕਿਤਾਬ ਦੀ ਭੂਮਿਕਾ ਵਿੱਚੋਂ ਫ਼ੋਟੋ ਉਤਾਰਾ ਨਾਲ ਦੇ ਪੰਨੇ 'ਤੇ ਦੇ ਰਿਹਾ ਹਾਂ। ਜਿਥੇ ਤੁਸੀਂ ਖ਼ੁਦ ਵੇਖ ਸਕਦੇ ਹੋ ਕਿ ਮੰਗਲਾ ਚਰਨ ਨੂੰ ਤੋੜ ਕੇ ਕਿਵੇਂ ਬਾਣੀ ਦਾ ਅਪਮਾਨ ਕੀਤਾ ਗਿਆ ਹੈ। ਵੱਡੀ ਡੁੱਬਮਰਨ ਵਾਲੀ ਗੱਲ ਇਹ ਹੈ ਕਿ ਸਾਰਾ ਪੰਥ ਘੂਕ ਗ਼ਫ਼ਲਤ ਦੀ ਨੀਂਦ ਵਿੱਚ ਸੁੱਤਾ ਹੋਇਆ ਹੈ। ਸ਼੍ਰੋਮਣੀ ਕਮੇਟੀ ਅਤੇ ਉਨ੍ਹਾਂ ਵੱਲੋਂ ਥਾਪੇ 'ਕਾਗ਼ਜ਼ੀ ਸ਼ੇਰ', ਅਖੌਤੀ ਜਥੇਦਾਰ ਟਕਸਾਲ ਵਿਰੁੱਧ ਕੋਈ ਕਾਰਵਾਈ ਨਹੀਂ ਕਰਦੇ। ਇਸ ਦਾ ਮਤਲਬ ਅੰਦਰਖਾਤੇ ਸਾਰੀ ਚੰਡਾਲ ਚੌਕੜੀ ਰਲੀ ਮਿਲੀ ਹੈ। ਯੂਨੀਵਰਸਿਟੀ ਦੇ 'ਵਿਦਵਾਨਾਂ' ਨੇ ਲਗਦੈ ਇਨ੍ਹਾਂ ਦੀਆਂ ਕਿਤਾਬਾਂ ਕਦੀ ਪੜ੍ਹੀਆਂ ਹੀ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿਥੇ ਵੀ ਮੰਗਲਾ ਚਰਨ ਆਇਆ ਹੈ 'ਗੁਰ ਪ੍ਰਸਾਦਿ' ਤੱਕ ਆਇਆ ਹੈ। 'ਜਪੁ' ਬਾਣੀ ਦਾ ਨਾਮ ਹੈ। 'ਜਪੁ' ਦੇ ਖੱਬੇ ਸੱਜੇ ਦੋ ਦੋ ਡੰਡੀਆਂ

# ਬੇਨਤੀ

ਗੁਰੂ ਸਵਾਰੇ ਖਾਲਸਾ ਜੀ,

ਸਚਖੰਡਵਾਸੀ ਸੰਤ ਗਿਆਨੀ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਤੋਂ ਬਾਅਦ ਦਮਦਮੀ ਟਕਸਾਲ ਦੇ ਮੁਖੀ ਲਈ ਵਾਦ-ਵਿਵਾਦ ਸਰਕਾਰੀ ਸ਼ਹਿ ਤੇ ਉਠਾਇਆ ਗਿਆ ਜੋ ਬਹੁਤ ਹੀ ਮੰਦਭਾਗੀ ਘਟਨਾ ਹੈ । ਸਤਿਕਾਰ ਯੋਗ ਬਾਬਾ ਜੀ ਅੰਤਲੇ ਸਮੇਂ ਤੱਕ ਇਹੀ ਕਹਿੰਦੇ ਰਹੇ 'ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਜਿਊਂਦੇ ਹਨ। ਐਵੇਂ ਤਮਾਸ਼ਾ ਨਾ ਲਾਇਓ । ਸੰਤਾਂ ਤੋਂ ਬਗੈਰ ਕਿਸੇ ਨੇ ਸਿੱਖ ਕੌਮ ਦੀ ਅਗਵਾਈ ਨਹੀਂ ਕਰਨੀ' । ਸਿੱਖ ਕੌਮ ਨੂੰ ਖੇਰੂੰ ਖੇਰੂੰ ਕਰਨ ਲਈ ਆਰ.ਐਸ.ਐਸ, ਕਮਿਊਨਿਸਟ ਗੁਰਮਤ ਦੇ ਬੁਰਕੇ ਪਾ ਕੇ ਰੋਜ਼ਾਨਾ ਅਖਬਾਰਾਂ ਜਤੀ ਸਤੀ ਨਾਮ ਜਪਣ ਵਾਲੀਆਂ ਰੂਹਾਂ, ਵਿਰੁਧ ਜ਼ਹਿਰ ਘੋਲ ਰਹੀਆਂ ਹਨ । ਖਾਲੀ ਕੀਤੇ ਬਾਮਸੇਫ ਸਿੱਖ ਮਿਸ਼ਨਰੀ ਦੇ ਕੁਝ ਪ੍ਰਚਾਰਕ ਜਿਵੇਂ ਪ੍ਰੋ. ਇੰਦਰ ਸਿੰਘ ਘੱਗਾ, ਜੋਗਿੰਦਰ ਸਿੰਘ ਸਪੋਕਸਮੈਨ, ਸੁਖਵਿੰਦਰ ਸਿੰਘ ਸਭਰਾ, ਗੁਰਬਖਸ਼ ਸਿੰਘ ਕਾਲਾ ਅਫਗਾਨਾ, ਆਈ. ਐਸ. ਖੰਡਾ ਆਦਿ ਪਲਾਸਟਿਕ ਸਿੰਘਾਂ ਵਾਲਿਆਂ ਨੇ ਸ਼ੇਰ ਦੀ ਸ਼ੱਕਲ ਗੁਪਤ ਵੇਖ ਕੇ ਗਿੱਦੜਾਂ ਦੇ ਰੂਪ ਵਾਂਗ ਮੂੰਹ ਖੋਲ ਲਏ ਹਨ। ਮਹਾਜਾ ਪ੍ਰੈਸ ਤੋਂ ਨਿਕਲਦਾ ਸਪੋਕਸਮੈਨ ਅਖਬਾਰ ਹੈ । ਸਿੱਖ ਕੌਮ ਦਾ ੧੯ ਜੁਲਾਈ ੧੯੮੨ ਨੂੰ ਸ਼ੁਰੂ ਕੀਤੇ ਮਹਾਂਪੁਰਖਾਂ ਵਲੋਂ ਸਿੱਖ ਸੰਘਰਸ਼ ਤੋਂ ਧਿਆਨ ਪਾਸੇ ਕਰਨ ਲਈ ਦਸਮ ਗ੍ਰੰਥ, ਅਨੰਦ ਕਾਰਜ, ਬੀਬੀਆਂ ਪੰਜਾਂ ਪਿਆਰਿਆਂ ਵਿਚ, ਦਰਬਾਰ ਸਾਹਿਬ ਜਾਂਦਿਆਂ ਨਾ ਪਛੂ ਜਾਣਾ ਆਦਿ ਮੁੱਦਿਆਂ ਬਾਰੇ ਲਗਾਤਾਰ ਲੇਖ ਲਿਖ ਕੇ ਸਿੱਖ ਕੌਮ ਨੂੰ ਭੰਬਲਭੂਸੇ ਪਾਇਆ ਜਾ ਰਿਹਾ ਹੈ। ਜਿਸ ਤਰ੍ਹਾਂ ਲਾਲਾ ਜਗਤ ਨਰਾਇਣ ਨੇ ਮਹਾਂਪੁਰਖਾਂ ਵਿਰੁੱਧ ਕਲਮ ਚੁਕ ਕੇ ਪੰਜਾਬ ਦੇ ਹਾਲਤ ਖਰਾਬ ਕੀਤੇ ਇਸੇ ਤਰ੍ਹਾਂ ਜੋਗਿੰਦਰ ਸਿੰਘ ਦੁਸ਼ਟ ਮਤ ਨਾਲ ਮਹਾਂਪੁਰਖਾਂ ਤੇ ਹਮਲਾ ਕਰ ਰਿਹਾ ਹੈ। ਸਿੱਖ ਕੌਮ ਇਸ ਦੁਸ਼ਟ ਚੌਂਕੜੀ ਤੋਂ ਸੁਚੇਤ ਰਹੇ।

ਅੱਜ ਦਮਦਮੀ ਟਕਸਾਲ ਵਿਰੁਧ ਦੁਸ਼ਟਾਂ ਨੇ ਕਲਮਾਂ ਇਸ ਕਰਕੇ ਚੁੱਕੀਆਂ ਹਨ ਕਿਉਂਕਿ ਆਪੇ ਬਣੇ ਨਕਲੀ ਭਿੰਡਰਾਂਵਾਲਿਆਂ ਨੇ ਦਮਦਮੀ ਟਕਸਾਲ ਨੂੰ ਬੌਣਾ ਕਰ ਦਿੱਤਾ ਹੈ। ਪਰ ਕਲਗੀਧਰ ਪਿਤਾ ਜੀ ਕਿਰਪਾ ਕਰਨਗੇ ਦਮਦਮੀ ਆਪਣੇ ਇਤਿਹਾਸ ਨੂੰ ਸੰਭਾਲ ਲਏਗੀ।

ਗੁਰਨਾਮ ਸਿੰਘ ਬੁੰਡਾਲਾ, ਦਮਦਮੀ ਟਕਸਾਲ
੯੮੭੨੪-੮੫੧੪੮

ਲੱਗੀਆਂ ਹੋਈਆਂ ਹਨ। ਇਨ੍ਹਾਂ ਭੱਦਰ ਪੁਰਸ਼ਾਂ ਨੇ ਜਪੁ ਦੇ ਖੱਬੇ ਪਾਸੇ ਤੋਂ ਦੋਵੇਂ ਡੰਡੀਆਂ ਉਡਾ ਦਿੱਤੀਆਂ। ਤਾਕਿ ਹੌਲੀ ਹੌਲੀ ਇਸ ਨੂੰ ਮੰਗਲ ਦਾ ਹਿੱਸਾ ਬਣਾਇਆ ਜਾ ਸਕੇ। ਜਪੁ ਦੁਆਲੇ ਜਿਥੇ ਚਕਰ ਵਾਹਿਆ ਗਿਆ ਹੈ ਇਹ ਸਹੀ ਥਾਂ ਦੀ ਨਿਸ਼ਾਨ ਦੇਹੀ ਕਰਨ ਵਾਸਤੇ ਲੇਖਕ ਨੇ ਲਾਇਆ ਹੈ। ਡੰਡੀਆਂ ਵਾਲਾ ਸੱਚ ਤੁਸੀਂ ਖ਼ੁਦ ਵੇਖ ਸਕਦੇ ਹੋ। ਸਿੱਖ ਪੰਥ ਨਾਲ ਸਬੰਧਤ ਹਰ ਛੋਟਾ ਵੱਡਾ ਵਿਅਕਤੀ ਜਾਣਦਾ ਹੈ ਕਿ 'ਮੰਗਲਾ ਚਰਨ' ਗੁਰ ਪ੍ਰਸਾਦਿ ਤੱਕ ਹੈ। ਇਸ ਤੋਂ ਬਾਅਦ ਦੋ ਡੰਡੀਆਂ ਹਨ। ਮੰਗਲਾ ਚਰਨ ਤੋਂ ਵੱਖਰਾ ਕਰ ਕੇ ਹੇਠਲੇ ਪਾਸੇ 'ਜਪੁ' ਲਿਖਿਆ ਹੈ। ਪੰਥ ਦੇ ਮੁਖੀਆਂ ਨੂੰ 'ਡੰਗ ਟਪਾਊ' ਨੀਤੀ ਤਿਆਗ ਕੇ, ਬਾਣੀ ਦੀ ਤਰਤੀਬ ਤੋੜਨ ਵਾਲਿਆਂ ਬਾਰੇ ਗੰਭੀਰਤਾ ਨਾਲ ਸੋਚਣਾ ਬਣਦਾ ਹੈ। ਜਿਸ ਮਹਾਨ ਗੁਰੂ ਨੇ ਬਾਣੀ ਨੂੰ ਸੰਪਾਦਨ ਕਰਦਿਆਂ ਅਤੀ ਉਤਮ ਤਰਤੀਬ ਦਿੱਤੀ। ਗੁਰੂ ਬਖ਼ਸ਼ੀ ਲਾਈਨ ਨੂੰ ਤਿਆਗ ਕੇ, ਆਪਣੀ ਹੋਛੀ ਅਕਲ ਮੁਤਾਬਕ ਬਾਣੀ ਛਾਪ ਕੇ ਵੰਡਣੀ, ਬੱਜਰ ਪਾਪ ਨਹੀਂ ਤਾਂ ਹੋਰ ਕੀ ਹੈ?

ਅੱਗੇ ਜਿਥੇ ਸਲੋਕ 'ਆਦਿ ਸਚੁ' ਵਾਲਾ, ਖ਼ਤਮ ਹੁੰਦਾ ਹੈ, ਉਸ ਦੇ ਨਾਲ 'ਵਾਹਿਗੁਰੂ' ਲਿਖ ਧਰਿਆ। ਸਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਮੰਗਲ ਤੋਂ ਮਗਰੋਂ ਕਿਤੇ ਵਾਹਿਗੁਰੂ ਲਿਖਿਆ ਨਹੀਂ ਮਿਲੇਗਾ। ਗੁਰੂ ਅਰਜਨ ਸਾਹਿਬ ਨੂੰ ਸਮਝ ਨਾ ਆਈ ਕਿ ਇਸ ਬਾਣੀ ਨੂੰ ਕਿਸ ਬਿਧੀ ਨਾਲ ਲਿਖਣਾ ਹੈ? ਟਕਸਾਲ ਵਾਲੇ ਗੁਰੂ ਸਾਹਿਬਾਨ ਨਾਲੋਂ ਵੀ ਆਪਣੇ ਆਪ ਨੂੰ ਵੱਧ ਸਿਆਣੇ ਮੰਨ ਬੈਠੇ ਹਨ। ਦਸਾਂ ਪਾਤਿਸ਼ਾਹੀਆਂ ਦੀ ਜੋਤ, ਸ਼ਬਦ ਗੁਰੂ ਤੇ ਸ਼ਰੇਆਮ ਹਮਲਾ? ਪੰਥ ਦੇ ਚੌਧਰੀ ਤੇ ਸੰਤਗੀਰੀ ਦੇ ਚੋਲੇ ਪਾਈ ਫਿਰਦੇ ਲੋਕ, ਇਸ ਪਾਪ ਕਰਮ ਵਿਰੁਧ ਇੱਕ ਅੱਖਰ ਤੱਕ ਨਹੀਂ ਬੋਲਦੇ। ਸਗੋਂ ਇਨ੍ਹਾਂ ਦੇ ਇਕੱਠਾਂ ਵਿੱਚ ਜਾ ਕੇ, ਝੂਠੀ ਪ੍ਰਸ਼ੰਸਾ ਦੇ ਪੁਲ ਬੰਨ੍ਹ ਆਉਂਦੇ ਹਨ। ਆਪਣੀ ਮਨਮੱਤ ਨੂੰ ਸਤਿਗੁਰੂ ਜੀ ਦੇ ਮੂੰਹ ਵਿੱਚ ਪਾਈ ਜਾ ਰਹੇ ਹਨ। ਜੇਹੜੀਆਂ ਗੱਲਾਂ ਗੁਰੂ ਜੀ ਨੇ ਕਦੇ ਨਹੀਂ ਆਖੀਆਂ। ਬਿਨਾਂ ਸਬੂਤਾਂ ਤੋਂ ਹਿੱਕ ਦੇ ਤਾਣ ਉਹ ਸੱਭ ਗੁਰੂ ਨਾਲ ਜੋੜ ਕੇ, ਪੰਥ ਨੂੰ ਗੁਮਰਾਹ ਕਰਹੀ ਜਾ ਰਹੇ ਹਨ। ਇਸੇ ਪੰਨੇ ਦੇ ਹੇਠਲੇ ਹਿੱਸੇ ਵਿੱਚ ਨਿਸ਼ਾਨਾਂ ਵਿਚਕਾਰ ਪੜ੍ਹੋ-ਅਖੇ ਨਾਂਦੇੜ ਦਾ ਨਾਂਉਂ 'ਸਤਿਯੁਗ ਮੇਂ ਗੋਬਿੰਦ ਨਗਰੀ ਥਾ।' ਨਾ ਕਦੀ ਸਤਿਯੁਗ ਹੋਇਆ ਨਾ ਕਦੀ ਉਥੇ ਪਹਿਲਾਂ ਗੋਬਿੰਦ ਨਗਰੀ ਸੀ। ਅਜਿਹੇ ਹਜ਼ਾਰ ਝੂਠ ਟਕਸਾਲ ਵਾਲਿਆਂ ਲਿਖ ਕੇ, ਤੇ ਬੋਲ ਕੇ ਪਹਿਲਾਂ ਪ੍ਰਚਾਰੇ ਹਨ, ਤੇ ਅੱਗੋਂ ਪ੍ਰਚਾਰ ਰਹੇ ਹਨ। (ਨੋਟ- 'ਮੰਗਲ ਜਾਂ ਮੰਤਰ' ਬਾਰੇ ਵਿਸਥਾਰ ਨਾਲ ਹੋਰ ਜਾਣਕਾਰੀ ਲੈਣੀ ਚਾਹੋ ਤਾਂ ਮੇਰੀ ਕਿਤਾਬ 'ਧਰਮ ਦੇ ਨਾਂ 'ਤੇ' ਪੜ੍ਹਨ ਦੀ ਖੇਚਲ ਕਰੋ ਜੀ।)

## ਅੰਤਿਕਾ 3.

# ਟਕਸਾਲੀਆਂ ਦਾ ਗੁਰੂ ਬਚਿੱਤਰ ਨਾਟਕ ?

ਆਮ ਹਾਲਤਾਂ ਵਿੱਚ ਇਹ ਸਿਰਲੇਖ ਕਈਆਂ ਨੂੰ ਬੇਚੈਨੀ ਪੈਦਾ ਕਰੇਗਾ। ਅਸਲੀਅਤ ਇਹੋ ਹੀ ਹੈ। ਮਹਿਤੇ ਚੌਂਕ ਟਕਸਾਲ ਦੇ ਗੁਰਦਵਾਰੇ ਬਹੁਤ ਲੋਕ ਆਉਂਦੇ ਜਾਂਦੇ ਰਹੇ ਹਨ। ਕਈ ਵਾਰੀ ਵੱਡੇ ਵੱਡੇ ਇਕੱਠ ਵੀ ਮਹਿਤੇ ਹੁੰਦੇ ਰਹੇ ਹਨ। ਆਪਣੇ ਆਪ ਨੂੰ ਪੰਥ ਦਾ ਮਹਾਂ ਪੁਜਾਰੀ (ਅਖੌਤੀ ਜਥੇਦਾਰ) ਮੰਨਣ ਵਾਲੇ ਵੀ ਉਥੇ ਜਾਂਦੇ ਰਹੇ ਹਨ। ਗੁਰਦਵਾਰਾ ਕਮੇਟੀਆਂ ਦੇ ਪ੍ਰਧਾਨ, ਸਕੱਤਰ ਵੀ ਜਾਂਦੇ ਰਹੇ ਹਨ। ਕਾਲਜਾਂ ਯੂਨੀਵਰਸਿਟੀਆਂ ਵਿਚਲੇ ਉਚੀਆਂ ਕੁਰਸੀਆਂ ਦਾ ਨਿੱਘ ਮਾਣ ਰਹੇ 'ਵਿਦਵਾਨ' ਵੀ ਉਥੇ ਜਾਂਦੇ ਰਹੇ ਹਨ। 'ਸੰਤ ਬ੍ਰਹਮ ਗਿਆਨੀ' ਟਕਸਾਲ ਵਾਲਿਆਂ ਨੂੰ ਮਿਲਦੇ ਰਹੇ ਹਨ। ਵੱਡੇ ਰਾਜਨੀਤਕ ਅਹੁਦਿਆਂ ਵਾਲੇ ਵੀ ਉਥੇ ਦਰਸ਼ਨ ਕਰਨ ਜਾਂਦੇ ਰਹੇ ਹਨ ਪਰ ਹਾਏ ਸਤਿਗੁਰੂ ਜੀ! ਤੁਹਾਡੇ ਬਰਾਬਰ 'ਕੰਜਰ ਕਵਿਤਾਵਾਂ' ਵਾਲੇ ਗ੍ਰੰਥ ਨੂੰ ਵੇਖ ਕੇ ਵੀ ਕਿਸੇ 'ਸੂਰਮੇ' ਨੇ ਤੁਹਾਡੇ ਹੱਕ ਵਿੱਚ ਆਵਾਜ਼ ਬੁਲੰਦ ਨਾ ਕੀਤੀ। 'ਕੰਜਰ ਕਵਿਤਾਵਾਂ' ਵਿਰੁੱਧ ਇੱਕ ਅੱਖਰ ਜੁਬਾਨੋਂ ਨਾ ਕੱਢਿਆ। ਦੋਵਾਂ ਗ੍ਰੰਥਾਂ ਨੂੰ ਮੱਥੇ ਟੇਕੇ ਜਾਂਦੇ ਰਹੇ। ਸਿੱਖਾਂ ਨੂੰ ਦਸਮ ਗੁਰੂ ਨੇ, ਇੱਕੋ ਗੁਰੂ ਦੇ ਲੜ ਲਾਇਆ ਸੀ। ਇਨ੍ਹਾਂ ਡੇਰੇਦਾਰ ਸਾਧਾਂ ਨੇ ਅਸ਼ਲੀਲ ਕਵਿਤਾਵਾਂ ਵਾਲਾ ਪੋਥਾ, ਸ਼ਬਦ ਗੁਰੂ ਦੇ ਬਰਾਬਰ ਟਿਕਾ ਦਿੱਤਾ। ਉਸ ਦੀ 'ਕਥਾ' ਕਰਨ ਲੱਗ ਪਏ। ਉਸ ਦੇ ਅਖੰਡ ਪਾਠ ਕਰਨ ਲੱਗ ਪਏ। ਕੋਈ ਸ਼ੱਕ ਹੋਵੇ ਤਾਂ ਨਾਲ ਫ਼ੋਟੋ ਉਤਾਰਾ ਦੇ ਰਿਹਾ ਹਾਂ। ਜੋ ਇਨ੍ਹਾਂ ਦੀ ਕਿਤਾਬ ਗੁਰਬਾਣੀ ਪਾਠ ਦਰਸ਼ਨ ਦੇ ਪੰਨਾ ਨੰ. 200 ਤੋਂ ਲਈ ਗਈ ਹੈ। ਇਨ੍ਹਾਂ ਡੇਰੇਦਾਰਾਂ ਨੂੰ ਬਚਿੱਤਰ ਨਾਟਕ ਗ੍ਰੰਥ, ਗੁਰੂ ਦੇ ਬਰਾਬਰ ਹੀ ਨਹੀਂ ਰਖਿਆ। ਉਸ ਵਿੱਚੋਂ ਟੋਟਕੇ ਲੈ ਕੇ, ਸਿੱਖ ਪੰਥ ਦਾ ਨਿਤ ਅਪਮਾਨ ਕਰਦੇ ਹਨ। ਗੁਰੂ ਸਾਹਿਬਾਨ ਦੀ ਤੌਹੀਨ ਕਰਦੇ ਹਨ। ਜੋ ਕੋਈ ਥੋੜਾ ਜਿੰਨਾ ਵਿਰੋਧ ਕਰਦਾ ਵੀ ਸੀ ਤਾਂ ਉਸ ਨੂੰ ਲਾਠੀ ਗੋਲੀ ਦੀ ਦਹਿਸ਼ਤ ਦੁਆਰਾ ਚੁੱਪ ਕਰਵਾ ਦਿੱਤਾ ਜਾਂਦਾ ਸੀ। ਟਕਸਾਲ ਦੇ ਬਾਕੀ ਮੁਖੀ ਤਾਂ ਲਗਪਗ 'ਸਾਧ' ਹੀ ਸਨ। ਪਰ ਗਿਆਨੀ ਕਰਤਾਰ ਸਿੰਘ ਤੇ ਗਿਆਨੀ ਜਰਨੈਲ ਸਿੰਘ, ਬੜੇ ਬਹਾਦਰ ਤੇ ਨਿਡੱਰ ਹੋਣਾ ਪ੍ਰਚਾਰਿਆ ਗਿਆ ਹੈ। ਇਹ ਦੋਵੇਂ ਵੀ ਬਚਿੱਤਰ ਨਾਟਕ ਨੂੰ ਮੱਥਾ ਟੇਕਦੇ ਰਹੇ। ਆਪਣੇ ਸੇਵਕਾਂ ਤੋਂ ਮੱਥਾ ਟਿਕਵਾਉਂਦੇ ਰਹੇ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਅੱਜ ਤੱਕ ਬਚਿੱਤਰ ਨਾਟਕ ਰੱਖਿਆ ਹੋਇਆ, ਵੇਖਿਆ ਜਾ ਸਕਦਾ ਹੈ। ਜੋ ਫ਼ੋਟੋ ਕਾਪੀ ਵਾਲਾ ਪੰਨਾ ਦਿੱਤਾ ਗਿਆ ਹੈ, ਇਸ ਵਿੱਚ ਨਿਸਾਨ ਵਾਲੇ ਅੱਖਰ ਵੇਖ ਲੈਣੇ, ਜਿਥੇ 'ਦਸਮ ਗੁਰੂ ਗ੍ਰੰਥ' ਸਾਫ਼ ਲਿਖਿਆ ਹੋਇਆ ਹੈ। ਕੀ ਅਜਿਹੇ ਮਨਮੁਖੀ ਕੰਮ ਕਰਨ ਲਈ ਗੁਰੂ ਗੋਬਿੰਦ ਸਿੰਘ ਨੇ 'ਟਕਸਾਲ' ਚਲਾਈ ਸੀ ? ਕੀ ਇਹ ਸ਼ਬਦ ਗੁਰੂ ਦਾ ਅਪਮਾਨ ਨਹੀਂ ਹੈ ?

ਅੰਤਿਕਾ 4.

# ਹਠ ਕਿਰਿਆਵਾਂ ਤੇ ਮੰਤਰ ਜਾਪ

ਗੁਰਬਾਣੀ ਵਿੱਚ 'ਮੰਤਰ ਜਾਪ' ਜਾਂ ਚੌਂਕੜੇ ਮਾਰ ਕੇ, ਅੱਖਾਂ ਬੰਦ ਕਰ ਕੇ 'ਸਿਮਰਨ' ਦੀ ਮਾਨਤਾ ਨਹੀਂ ਹੈ। ਆਪਣੇ ਜੀਵਨ ਨੂੰ ਗੁਰਬਾਣੀ ਦੇ ਅਸੂਲਾਂ ਮੁਤਾਬਕ ਚਲਾਉਂਦਾ ਹੀ ਅਸਲੀ ਸਿਮਰਨ ਹੈ। ਮਨੁੱਖ ਨੂੰ ਜਿਥੇ ਕਿਤੇ ਕੰਮ ਕਰਲ ਦਾ ਮੌਕਾ ਮਿਲੇ, ਤਦੋਂ ਪੂਰੀ ਦਿਆਨਤਦਾਰੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਵੇ। ਵਿਕਾਰਾਂ ਤੋਂ ਬਚੇ, ਗੁਣਾਂ ਨੂੰ ਧਾਰਨ ਕਰੇ। ਜੀਵਨ ਦੇ ਹਰ ਪਹਿਲੂ ਵਿੱਚੋਂ ਗੁਰਮਤਿ ਪ੍ਰਗਟ ਹੋਵੇ ਤੇ ਸਭ ਦਾ ਭਲਾ ਕਰੇ।ਬਿਨਾ ਸਮਝੇ ਵਿਚਾਰੇ ਮੰਤਰ ਜਾਪਾ ਨੇ ਤਾਂ ਪਹਿਲਾਂ ਕੁੱਝ ਸੰਵਾਰਿਆ ਹੈ, ਨਾ ਅੱਗੋਂ ਕੁੱਝ ਸੰਵਾਰਨਾ ਹੈ। ਪਰ ਇਨ੍ਹਾਂ ਸਾਧ ਟੋਲਿਆਂ ਨੇ ਬਹੁ ਗਿਣਤੀ ਸਮਾਜ ਨੂੰ 'ਸਿਮਰਨ ਜਾਪ' ਵਾਲੇ ਚੱਕਰਵਿਊ ਵਿੱਚ ਬੁਰੀ ਤਰ੍ਹਾਂ ਉਲਝਾ ਦਿੱਤਾ ਹੈ। ਆਪਣੇ ਡੇਰੇ ਦੇ ਮੁਖੀਆਂ ਨਾਲ ਬੇਅੰਤ ਝੂਠੀਆਂ ਕਹਾਣੀਆਂ ਜੋੜ ਕੇ, ਪ੍ਰਚਾਰੀਆਂ ਹਨ। ਆਪਣੇ ਡੇਰੇਦਾਰਾ ਨੂੰ 'ਭਗਤੀ ਤਪੱਸਿਆ, ਸਰੀਰ ਨੂੰ ਕਸਟ ਦੇਣਾ ਭੁੱਖੇ ਰਹਿਣਾ ਆਦਿ' ਦੇ ਚੱਕਰ ਵਿੱਚ ਪਿਆ ਬਿਆਨ ਕਰ ਕੇ ਫੁੱਲੇ ਨਹੀਂ ਸਮਾਉਂਦੇ। ਜਿਵੇਂ ਇਹ ਵੇਹਲੜ ਸਾਧ ਜਮਰੌਦ ਦਾ ਕਿਲ੍ਹਾ ਜਿੱਤ ਕੇ ਮੁੜਿਆ ਹੋਵੇ। ਸੰਘ ਪਾੜ ਪਾੜ ਕੇ ਲੱਖਾਂ ਵਾਰੀ ਕੀਤੇ ਗਏ ਪਾਠਾਂ ਦੇ ਦਮਗਜੇ ਮਾਰਨਗੇ। ਜਿਵੇਂ ਕਿਤੇ ਕੁੱਪ ਰੋਹੀੜੇ ਦੇ ਘਲੂਘਾਰੇ ਵਿੱਚ ਅਹਿਮਦਸ਼ਾਹ ਅਬਦਾਲੀ ਨਾਲ ਟੱਕਰ ਲੈ ਕੇ ਮੁੜਿਆ ਹੋਵੇ।

ਗਿਆਨੀ ਸੁੰਦਰ ਸਿੰਘ ਦੇ ਪਿਤਾ ਬਾਰੇ (ਫ਼ੋਟੋ ਉਤਾਰੇ ਦੇ ਨਿਸ਼ਾਨ ਵਿੱਚ ਪੜ੍ਹੋ) ਗਿਆਨੀ ਗੁਰਬਚਨ ਸਿੰਘ ਨੇ ਸਿਰੇ ਦਾ ਕੁਫਰ ਤੋਲਿਆ ਹੈ। ਜੇ ਅਜਿਹਾ ਕੀਤਾ ਹੀ ਹੈ ਤਾਂ ਗੁਰਬਾਣੀ ਅਸੂਲਾਂ ਦੀ ਘੋਰ ਉਲੰਘਣਾ ਕੀਤੀ ਗਈ ਹੈ। ਅਖੇ "ਛੱਤੀ ਲੱਖ ਮੂਲ ਮੰਤਰ ਦੇ ਪਾਠ ਕੀਤੇ। ਸਵਾ ਲੱਖ ਜਪੁਜੀ ਦਾ ਪਾਠ ਕੀਤਾ। ਸੁਖਮਨੀ ਸਾਹਿਬ ਤੇ ਨਿਤਨੇਮ ਦਾ ਪਾਠ ਹਰ ਰੋਜ਼ ਇੱਕ ਪੈਰ ਦੇ ਭਾਰ ਖਲੋ ਕੇ ਕਰਦੇ...।" ਆਦਿ ਮਹਾਰਾਜ (ਗੁਰੂ ਗ੍ਰੰਥ ਸਾਹਿਬ) ਤੇ ਦਸਮ (ਦਸਮ ਗ੍ਰੰਥ) ਬਾਬਾ ਹਰਨਾਮ ਸਿੰਘ ਤੋਂ ਪੜ੍ਹੇ। ਅਖੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਗਿਆਨੀ ਸੁੰਦਰ ਸਿੰਘ ਦੇ ਅੰਗ ਸੰਗ ਰਹਿੰਦੇ ਸਨ...। ਵਾਹ ਮੇਰੇ ਰੱਬ ਜੀ ਵਾਹ। ਝੂਠ ਬੋਲਣਾ ਕੋਈ ਇਨ੍ਹਾਂ ਲੋਕਾਂ ਤੋਂ ਸਿੱਖੇ। ਗੁਰੂ ਸਾਹਿਬ ਨੇ ਅਜਿਹੀ ਡੇਰੇਦਾਰੀ ਚਲਾਈ ਸੀ? ਏਹੀ ਹੈ 'ਸੀਨਾ ਬ ਸੀਨਾ' ਦਾ ਸੱਚ?

ਅੰਤਿਕਾ 5.

# ਕਿਤਾਬ ਦਾ ਪ੍ਰਕਾਸ਼ਕ ਕੌਣ ?

ਗਿਆਨੀ ਗੁਰਬਚਨ ਸਿੰਘ ਨੇ ਜਦੋਂ ਆਪਣੀ ਕਿਤਾਬ 'ਗੁਰਬਾਣੀ ਪਾਠ ਦਰਸ਼ਨ' ਲਿਖੀ ਤਦੋਂ ਬਾਹਰਲੇ ਪੰਨੇ 'ਤੇ ਭਾਈ ਜਵਾਹਰ ਸਿੰਘ ਕਿਰਪਾਲ ਸਿੰਘ ਅੰਮ੍ਰਿਤਸਰ ਵਾਲੇ ਛਪਿਆ ਹੋਇਆ ਹੈ। ਫ਼ੋਟੋ ਉਤਾਰਾ ਸਾਹਮਣੇ ਵੇਖ ਸਕਦੇ ਹੋ ਪਰ ਅੰਦਰ ਜਾ ਕੇ ਪੰਨਾ ਨੰ. 20 'ਤੇ ਗਿਆਨੀ ਗੁਰਬਚਨ ਸਿੰਘ ਖ਼ੁਦ ਪਬਲੀਸ਼ਰ ਬਣ ਬੈਠਾ। ਇਸ ਭਾਈ ਨੂੰ ਇਹ ਵੀ ਪਤਾ ਨਹੀਂ ਕਿ ਬਾਹਰ ਕਿਸੇ ਹੋਰ ਦਾ ਨਾਮ ਦੇ ਰਿਹਾ ਹਾਂ, ਤੇ ਅੰਦਰ ਆਪਣਾ। ਜਿਥੇ ਇਹ ਢੰਗ ਕਾਨੂੰਨੀ ਤੌਰ 'ਤੇ ਗ਼ਲਤ ਹੈ, ਉਥੇ ਨਾਲ ਹੀ ਇਨਸਾਨੀ ਅਸੂਲਾਂ ਦੇ ਵੀ ਵਿਰੁਧ ਹੈ। ਅਗਲੀ ਪੁਸਤਕ ਸ੍ਰੀ ਗੁਰਮੁਖ ਪ੍ਰਕਾਸ਼ (ਤੇ ਹੋਰ ਪੁਸਤਕਾਂ) ਵਿੱਚ ਗਿਆਨੀ ਸੁੰਦਰ ਸਿੰਘ ਦੇ ਨਾਮ ਨਾਲ 'ਸ੍ਰੀਮਾਨ, ਪੰਥ ਰਤਨ ਬ੍ਰਹਮਗਿਆਨੀ, ਸੰਤ' ਆਦਿ ਦੀਆਂ ਅਨੇਕ ਡਿਗਰੀਆਂ ਆਪੇ ਜੋੜ ਲਈਆਂ ਹਨ। ਗਿਆਨੀ ਸੁੰਦਰ ਸਿੰਘ ਤੇ ਗਿਆਨੀ ਗੁਰਬਚਨ ਸਿੰਘ ਨੂੰ ਕਦੇ ਵੀ ਅਕਾਲ ਤਖ਼ਤ ਵੱਲੋਂ ਜਾਂ ਸ਼੍ਰੋਮਣੀ ਕਮੇਟੀ ਵਲੋਂ ਜਾਂ ਕਿਸੇ ਯੂਨੀਵਰਸਿਟੀ ਵੱਲੋਂ, 'ਪੰਥ ਰਤਲ ਤੇ ਵਿਦਿਆ ਮਾਰਤੰਡ' ਵਰਗੇ ਸਨਮਾਨ ਖ਼ਿਤਾਬ ਕਦੇ ਨਹੀਂ ਮਿਲੇ। ਪੂਰੀ ਢੀਠਤਾਈ ਨਾਲ ਆਪੇ, ਆਪਣੇ ਨਾਵਾਂ ਨਾਲ ਕਈ ਕੁੱਝ ਜੋੜ ਲਿਆ। ਇਸ ਤਰ੍ਹਾਂ ਮਨਮਾਨੀਆਂ ਜਾਂ ਤੇ ਬੱਚੇ ਕਰਦੇ ਹਨ ਜਾਂ ਪਾਗਲ ਮਨੁੱਖ, ਜਾਂ ਫਿਰ ਹੰਕਾਰ ਨਾਲ ਆਫਰੇ ਹੋਏ ਵਿਅਕਤੀ। ਇਨ੍ਹਾਂ ਵੱਲੋਂ ਪ੍ਰਕਾਸ਼ਤ ਕਿਤਾਬਾਂ ਵਿੱਚ ਜਦੋਂ ਪੜ੍ਹੀਏ ਕਿ ਪ੍ਰਕਾਸ਼ਕ ਕਉਣ ਹੈ, ਤਾਂ ਇਨ੍ਹਾਂ ਦੀਆਂ ਬਚਗਾਨੀਆਂ ਪੜ੍ਹ ਕੇ ਬਦੋਬਦੀ ਗੁਰਬਾਣੀ ਦੀ ਇਹ ਪੰਗਤੀ ਸਾਹਮਣੇ ਆ ਖਲੌਂਦੀ ਹੈ ਜੋ ਇਨ੍ਹਾਂ 'ਮਹਾਂਪੁਰਖਾਂ' 'ਤੇ ਪੂਰੀ ਢੁਕਦੀ ਹੈ :

ਕੁਤੇ ਚੰਦਨ ਲਾਈਐ ਭੀ ਸੋ ਕੁਤੀ ਧਾਤੁ॥ ਬੋਲਾ ਜੇ ਸਮਝਾਈਐ ਪੜੀਅਹਿ ਸਿਮ੍ਰਿਤ ਪਾਠ॥
ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ॥ ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ॥
ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ॥ ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸ॥
(143)

ਪੁਸਤਕ ਦਾ ਪ੍ਰਕਾਸ਼ਕ ਕੌਣ ਹੈ, ਪੜ੍ਹ ਕੇ ਵੇਖੋ : 'ਸਚਖੰਡ ਵਾਸੀ, ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ, ਭਿੰਡਰਾਂ ਵਾਲਿਆਂ ਦੇ ਉਤਰਾਧਿਕਾਰੀ, ਸੱਚ ਖੰਡ ਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ, ਦੇ ਜਾਨਸ਼ੀਨ ਸੰਤ ਗਿਆਨੀ

ਜਰਨੈਲ ਸਿੰਘ ਜੀ ਖ਼ਾਲਸਾ ਦੀ 'ਗ਼ੈਰ ਹਾਜ਼ਰੀ ਵਿੱਚ', ਦਾਸਨਿ ਦਾਸ, ਠਾਕੁਰ ਸਿੰਘ ਖ਼ਾਲਸਾ, ਦਮਦਮੀ ਟਕਸਾਲ, ਜਥਾ ਭਿੰਡਾਂ ਮਹਿਤਾ' ਹੈ ਨਾ ਕਮਾਲ ਦੀ ਬ੍ਰਹਮ ਗਿਆਨਤਾ ? ਇਸ ਤੋਂ ਮਗਰੋਂ ਇਨ੍ਹਾਂ ਨਾਵਾਂ ਦੇ ਨਾਲ 'ਸ੍ਰੀ ਮਾਨ, ਸੰਤ ਗਿਆਨੀ, ਹਰਨਾਮ ਸਿੰਘ ਜੀ ਖ਼ਾਲਸਾ' ਵੀ ਅਗਲੀਆਂ ਐਡੀਸ਼ਨਾਂ ਵਿੱਚ ਸ਼ਾਮਲ ਹੋ ਗਏ ਹਨ।

## ਅੰਤਿਕਾ 6.

# ਆਪਣੀਆਂ ਲਿਖਤਾਂ ਵਿਚਲੇ ਝੂਠ ਦਾ ਜੁਆਬ ਦਿਉ

ਟਕਸਾਲ ਵਾਲੇ ਪਿਛਲੱਗ ਟੋਲੇ ਨੂੰ, ਇਨ੍ਹਾਂ ਦੇ ਦਾਹੜੀਆਂ ਕੇਸਾਂ ਵਾਲੇ, ਗਾਤਰੇ ਵਾਲੇ ਮੁਖੀ ਮਸੰਦਾਂ ਨੇ ਸੋਚ ਰਹਿਤ ਪੱਥਰਾਂ ਵਰਗੇ ਬਣਾ ਦਿੱਤਾ ਹੈ। ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ, ਸ. ਜੋਗਿੰਦਰ ਸਿੰਘ, ਸਪੋਕਸਮੈਨ, ਸ. ਸੁਖਵਿੰਦਰ ਸਿੰਘ ਸੱਭਰਾ ਤੇ ਦਾਸ ਲੇਖਕ, ਇੰਦਰ ਸਿੰਘ ਘੱਗਾ ਵੱਲੋਂ ਲਿਖੇ, ਕਿਸੇ ਸਵਾਲ ਦਾ ਇਨ੍ਹਾਂ ਕੋਲ ਕੋਈ ਜਵਾਬ ਨਹੀਂ ਹੈ। ਸਬੂਤ ਵਾਸਤੇ ਇਨ੍ਹਾਂ ਵੱਲੋਂ ਛਪੀਆਂ ਕਿਤਾਬਾਂ ਵਿੱਚੋਂ, ਪੰਨੇਵਾਰ ਸੈਂਕੜਿਆਂ ਦੀ ਗਿਣਤੀ ਵਿੱਚ ਪ੍ਰਮਾਣ ਦਿੱਤੇ। ਪਰ ਟਕਸਾਲੀਆਂ ਵੱਲੋਂ ਮਨਮੱਤ, ਅਤੇ ਪਖੰਡ ਨਾਲ ਨੱਕੋ-ਨੱਕ ਕਿਤਾਬਾਂ ਵਿੱਚੋਂ ਗ਼ਲਤ ਗੱਲਾਂ ਨੂੰ ਕੱਢਣ ਦੀ ਥਾਵੇਂ, ਗਾਲੀ ਗਲੋਚ ਅਤੇ ਮਾਰਕੁੱਟ 'ਤੇ ਉਤਰ ਆਉਂਦੇ ਹਨ। ਜਿਹੜੇ ਨੁਕਤੇ ਅਸੀਂ ਚੁੱਕੇ ਹਨ, ਉਨ੍ਹਾਂ ਦਾ ਜਵਾਬ ਨਹੀਂ ਦੇ ਸਕੇ। ਆਪਣੇ ਮੈਗਜ਼ੀਨ ਪੰਡੇਧਾਰ ਨਵੰਬਰ 2006 ਅੰਕ (ਜੋ ਹੁਣ ਬੰਦ ਹੋ ਗਿਆ ਹੈ) ਵਿੱਚ ਗੰਦੀ ਸ਼ਬਦਾਵਲੀ ਵਰਤੀ ਵੇਖੀ ਜਾ ਸਕਦੀ ਹੈ। ਜਦੋਂ ਮੈਗਜ਼ੀਨ ਬੰਦ ਹੋ ਗਿਆ ਤਾਂ ਭਾਈ ਗੁਰਨਾਮ ਸਿੰਘ ਬੁੰਡਾਲਾ ਨਾਮ ਦੇ ਵਿਅਕਤੀ ਨੇ, ਇੱਕ ਵੱਡਾ ਕੈਲੰਡਰ (2007) ਛਪਵਾ ਕੇ, ਹਜ਼ਾਰਾਂ ਦੀ ਗਿਣਤੀ ਵਿੱਚ ਵੰਡਿਆ। ਇਸ ਕੈਲੰਡਰ ਵਿੱਚ ਭਾਈ ਠਾਕੁਰ ਸਿੰਘ ਦੀ ਤਸਵੀਰ, ਵੱਡੀ ਕਰ ਕੇ ਭਾਈ ਜਰਨੈਲ ਸਿੰਘ ਦੇ ਬਰਾਬਰ ਛਾਪੀ ਗਈ ਹੈ। ਬਾਕੀ ਸ਼ਹੀਦਾਂ ਦੀਆਂ ਫ਼ੋਟੋਆਂ ਛੋਟੀਆਂ ਹਨ। 'ਕਿਥੇ ਰਾਜਾ ਭੋਜ, ਤੇ ਕਿਥੇ ਗੰਗੂ ਤੇਲੀ, 'ਵਾਲੀ ਕਹਾਵਤ ਵਾਂਗ, ਕਿਥੇ ਤਾਂ ਜਾਨ ਕੁਰਬਾਨ ਕਰਨ ਵਾਲੇ। ਕਿਥੇ ਇੱਕੀ ਸਾਲ ਤੱਕ ਕੁਫਰ ਤੋਲਣ ਵਾਲਾ ਝੂਠਾ ਠਾਕੁਰ ਸਿੰਘ ਜਿਸ ਨੇ ਜਰਨੈਲ ਸਿੰਘ ਨੂੰ ਵੀ ਰੋਲਿਆ ਤੇ ਪੂਰੀ ਸਿੱਖ ਕੌਮ ਨੂੰ ਵੀ ਸ਼ਰਮਸਾਰ ਕੀਤਾ। ਫ਼ੋਟੋਆਂ ਦੋਵਾਂ ਦੀਆਂ ਬਰਾਬਰ ? ਜੇ ਝੂਠਿਆਂ ਮਕਾਰਾਂ ਦੀ ਹੀ ਵਡਿਆਈ ਹੋਣੀ ਹੈ, ਫਿਰ ਜਾਨਾਂ ਵਾਰਨ ਦੀ ਕੀ ਲੋੜ ਹੈ ? ਟਕਸਾਲ ਵਾਲਿਆਂ ਏਹੀ ਰਾਹ ਅਖਤਿਆਰ ਕੀਤਾ ਹੋਇਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਤੇ ਅਕਾਲ ਤਖ਼ਤ ਦੇ ਸੇਵਾਦਾਰ ਵੱਲੋਂ ਠਾਕੁਰ ਸਿੰਘ ਦੇ ਮਰਨ ਤੋਂ ਬਾਅਦ ਜ਼ਿੰਮੇਵਾਰੀ ਸੰਭਾਲਣ ਦੀ ਪੱਗ

ਭਾਈ ਰਾਮ ਸਿੰਘ ਨੂੰ ਬਨ੍ਹਾਈ ਗਈ ਸੀ। ਭਾਈ ਹਰਨਾਮ ਸਿੰਘ ਧੁੰਮਾ ਤਾਂ ....... ਦਾ ਥਾਪਿਆ ਹੋਇਆ ਹੈ। ਟਕਸਾਲ ਵੱਲੋਂ ਛਾਪੇ ਕੈਲੰਡਰ ਵਿੱਚ ਜੋ ਕੁੱਝ ਸਾਡੇ ਵਿਰੁੱਧ ਲਿਖਿਆ ਹੈ? ਸਾਹਮਣੇ ਪੰਨੇ 'ਤੇ ਉਸ ਦਾ ਫ਼ੋਟੋ ਉਤਾਰਾ ਪੜ੍ਹ ਸਕਦੇ ਹੋ।

ਇਨ੍ਹਾਂ ਕੰਮਾਂ ਵਾਸਤੇ ਬਣਾਈ ਗਈ ਸੀ ਟਕਸਾਲ? ਅਜਿਹੇ ਮੰਦੇ ਕੰਮ ਕਰਨ ਲਈ ਵੀ ਗੁਰੂ ਗੋਬਿੰਦ ਸਿੰਘ ਜੀ ਹੁਕਮ ਦੇ ਗਏ ਸਨ?

ਅੰਤਿਕਾ 7.

# ਜਦੋਂ ਡਾ. ਅਨੋਖ ਸਿੰਘ ਨੇ ਲੂਣ ਦੀਆਂ ਪਕਾਈਆਂ

ਟਕਸਾਲ ਦਾ ਇੱਕ ਟੁੱਕੜਬੋਚ, ਗਿਆਨੀ ਗੁਰਬਚਨ ਸਿੰਘ ਦਾ ਅਤਿ ਕਰੀਬੀ ਰਿਸ਼ਤੇਦਾਰ ਹੈ, ਇਹ ਹੈ ਭਾਈ ਅਨੋਖ ਸਿੰਘ। ਇਸ ਨੇ ਬਠਿੰਡਾ ਵਿੱਚ ਇੱਕ ਹਸਪਤਾਲ ਖੋਹਲਿਆ ਹੋਇਆ ਹੈ। ਜਿਥੇ ਮਰੀਜ਼ਾਂ ਦਾ ਚੰਗਾ ਖ਼ੂਨ ਨਿਚੋੜਿਆ ਜਾਂਦਾ ਹੈ। ਸਿੱਖਾਂ ਵਾਲੀ ਸਕਲ ਸੂਰਤ ਤੋਂ ਪ੍ਰਭਾਵਤ ਹੋ ਕੇ, ਜਿਵੇਂ ਲੋਕੀਂ ਡੇਰੇਦਾਰ ਸਾਧਾਂ ਦੇ ਪੰਜੇ ਵਿੱਚ ਫਸ ਜਾਂਦੇ ਹਨ, ਇਸੇ ਤਰ੍ਹਾਂ ਇਸ ਦੀ ਬੀਬੀ ਦਾਹੜੀ ਤੇ ਗਾਤਰੇ ਕਿਰਪਾਨ, ਪੋਚਵੀਂ ਦਸਤਾਰ, ਮੋਮੋਠਗਣੀਆਂ ਗੱਲਾਂ ਵਿੱਚ ਆ ਕੇ, ਮਰੀਜ਼ ਫਸ ਜਾਂਦੇ ਹਨ। ਫਿਰ ਉਨ੍ਹਾਂ ਦੀ ਬੜੀ ਬੇਰਹਿਮੀ ਨਾਲ ਇਹ ਛਿੱਲ ਉਤਾਰਦਾ ਹੈ। ਨਾਲ ਹੀ ਉਨ੍ਹਾਂ ਨੂੰ ਟਕਸਾਲ ਨਾਲ ਜੋੜਨ ਦੀ ਪ੍ਰੇਰਨਾ ਵੀ ਕਰਦਾ ਰਹਿੰਦਾ ਹੈ। ਬਠਿੰਡੇ ਸ਼ਹਿਰ ਵਿੱਚ ਮਿਸ਼ਨਰੀਆਂ ਦੀ ਕਾਫ਼ੀ ਵੱਡੀ ਗਿਣਤੀ ਹੈ। ਮੈਂ ਖ਼ੁਦ 1980 ਤੋਂ ਲੈ ਕੇ 1991 ਤੱਕ ਬਠਿੰਡਾ ਅਤੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਪ੍ਰਚਾਰ ਸੇਵਾ ਕਰਦਾ ਰਿਹਾ ਹਾਂ। ਭਾਈ ਅਨੋਖ ਸਿੰਘ ਇਸੇ ਕਾਰਨ ਮਿਸ਼ਨਰੀ ਸਿੰਘਾਂ ਨਾਲ ਬਣਾ ਕੇ ਰਖਦਾ ਰਿਹਾ। ਆਪਣੇ ਘਰ ਵਿੱਚ ਸਾਡੇ ਕੋਲੋਂ ਧਾਰਮਕ ਸਮਾਗਮ (ਕਥਾ ਕੀਰਤਨ) ਕਰਾਉਂਦਾ ਰਿਹਾ। ਸਾਡੇ ਸਾਰੇ ਸਮਾਗਮਾਂ ਵਿੱਚ ਹਾਜ਼ਰ ਹੁੰਦਾ ਰਿਹਾ। ਅਸੀਂ ਦੋਵਾਂ ਨੇ ਕਈ ਵਾਰੀ ਇਕੱਠੇ, ਇੱਕੋ ਥਾਵੇਂ ਲੈਕਚਰ ਕੀਤੇ ਹਨ। ਸਾਡੀਆਂ ਸਟੇਜਾਂ 'ਤੇ ਆ ਕੇ ਇਹ ਨਿਰੋਲ ਗੁਰਮਤਿ ਦੀ ਗੱਲ ਕਰਦਾ ਸੀ। ਮੇਰੇ ਨਾਲ ਇਸ ਦੇ ਲੰਮੇ ਵਿਚਾਰ ਵਟਾਂਦਰੇ ਹੋਏ ਹਨ।

24 ਸਤੰਬਰ 2006 ਨੂੰ ਕੈਨੇਡਾ ਵਿੱਚ ਜਦੋਂ ਟਕਸਾਲੀਆਂ ਨੇ, ਮੇਰੇ ਤੇ ਮਾਰੂ ਹਮਲਾ ਕੀਤਾ ਸੀ। ਕੈਨੇਡਾ ਅਤੇ ਪੰਜਾਬ ਦੇ ਅਖ਼ਬਾਰਾਂ ਵਿੱਚ ਇਸ ਘਟਨਾ ਦੀ ਬੜੀ ਚਰਚਾ ਹੋਈ ਸੀ। ਉਸ ਵਕਤ ਇਹ ਭਾਊ ਵੀ ਕੈਨੇਡਾ ਪੁੱਜਿਆ ਹੋਇਆ ਸੀ। ਇਸ ਨੇ ਮੇਰੇ 'ਤੇ ਕਈ ਝੂਠੇ ਇਲਜ਼ਾਮ ਲਾ ਕੇ, ਆਪਣੀ 'ਸਿੱਖੀ' ਦਾ ਸਬੂਤ ਦਿੱਤਾ। ਖ਼ਬਰਾਂ ਮੇਰੇ ਤੱਕ ਪੁਜਦੀਆਂ ਰਹੀਆਂ। ਪਰ ਠੋਸ ਸਬੂਤ ਤੋਂ ਬਿਨਾਂ ਕੋਈ ਜਵਾਬ ਦੇਣਾ ਵਾਜਬ

ਨਹੀਂ ਸੀ। ਕੈਨੇਡਾ ਤੋਂ ਵਾਪਸ ਪਰਤ ਕੇ ਮੇਰੇ ਵਿਰੁੱਧ ਕੂੜ ਪ੍ਰਚਾਰ ਇਸ ਨੇ ਜਾਰੀ ਰਖਿਆ। ਜਦੋਂ ਪੰਥ ਦੀਆਂ ਬੇੜੀਆਂ ਵਿੱਚ ਵੱਟੇ ਪਾਉਣ ਵਾਲਾ, ਇੱਕ 'ਫ਼ਤਿਹ ਦਿਵਸ ਦਿਆਲਪੁਰਾ ਭਾਈ ਕਾ 11, 12, 13 ਨਵੰਬਰ 2006 ਨੂੰ ਮਨਾਇਆ ਗਿਆ। ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਰੱਖ ਕੇ, ਲੱਚਰ ਕਵਿਤਾਵਾਂ ਵਾਲੀ ਕਿਤਾਬ ਬਚਿੱਤਰ ਨਾਟਕ ਦਾ ਅਖੰਡ ਪਾਠ ਬੜੀ, 'ਸ਼ਰਧਾ ਸਹਿਤ ਪੰਥ ਦੀ ਚੜ੍ਹਦੀ ਕਲਾ ਵਾਸਤੇ' ਕੀਤਾ ਗਿਆ। ਉਸ ਸਮਾਗਮ ਵਿੱਚ ਡਾ. ਅਨੋਖ ਸਿੰਘ ਵੀ ਸੰਘ ਪਾੜ ਪਾੜ ਕੇ, ਬਾਹਵਾਂ ਉਲਾਰ ਕੇ, ਬਚਿੱਤਰ ਨਾਟਕ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਵਾਂਗ 'ਪੂਜਣ ਤੇ ਮੰਨਣਯੋਗ' ਦੱਸ ਰਿਹਾ ਸੀ। ਇਸ ਨੂੰ ਦਸਮੇ ਗੁਰੂ ਦੀ ਰਚਨਾ ਕਹਿ ਰਿਹਾ ਸੀ। ਅੱਗੇ ਜਾ ਕੇ ਆਪਣੇ ਲੈਕਚਰ ਵਿੱਚ ਤੱਤ ਗੁਰਮਤਿ ਵਾਲੇ ਸਿੰਘਾਂ ਨੂੰ ਕੋਸਣਾ ਸ਼ੁਰੂ ਕਰ ਦਿੱਤਾ। ਇੱਕ ਥਾਂ ਅਜਿਹੀ ਆ ਗਈ ਜਿਥੇ ਜਾ ਕੇ ਇਸ ਦੀ ਸੂਈ ਇੰਦਰ ਸਿੰਘ ਘੱਗਾ 'ਤੇ ਜਾ ਕੇ ਅਟਕ ਗਈ। ਮੇਰੇ ਵਿਰੁੱਧ ਇਸ ਨੇ ਖ਼ੂਬ ਗੁਬਾਰ ਕੱਢਿਆ। ਝੂਠ ਦੀਆਂ ਸੱਭ ਹੱਦਾਂ ਪਾਰ ਕਰਦਿਆਂ ਇਥੋਂ ਤੱਕ ਬੋਲ ਗਿਆ ਕਿ 'ਇੰਦਰ ਸਿੰਘ ਘੱਗਾ ਬਿਜਲੀ ਮਹਿਕਮੇ ਵਿੱਚ ਨੌਕਰੀ ਕਰਦਾ ਸੀ। ਉਥੋਂ ਖੰਭੇ ਅਤੇ ਤਾਰਾਂ ਵੇਚਦਾ ਫੜਿਆ ਗਿਆ। ਇਸ 'ਤੇ ਮੁਕੱਦਮਾ ਚਲਿਆ, ਲੰਮਾ ਸਮਾਂ ਜੇਲ ਵਿੱਚ ਬੰਦ ਰਿਹਾ। ਬਚੋ ਇਸ ਚੋਰ ਤੋਂ ਬਚੋ.....।

ਸਿੱਖੀ ਧਰਮ ਧਾਰਨ ਕਰ ਕੇ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਖਲੋ ਕੇ, ਹਜ਼ਾਰਾਂ ਦੇ ਵੱਡੇ ਇਕੱਠ ਵਿੱਚ, ਕੋਈ ਇੰਨੀ ਨਿਰਲੱਜਤਾ ਨਾਲ ਵੀ ਝੂਠ ਬੋਲ ਸਕਦਾ ਹੈ, ਚਿਤ ਚੇਤੇ ਵਿੱਚ ਵੀ ਨਹੀਂ ਸੀ। ਸਿੱਖ ਸ਼ਕਲਾਂ ਵਾਲੇ ਇੰਨੇ ਕਮੀਣੇ ਹੋ ਜਾਣਗੇ ਕਦੇ ਸੋਚਿਆ ਵੀ ਨਹੀਂ ਸੀ। ਫਿਰ ਇਹ ਭਾਈ ਮੈਨੂੰ ਨਿੱਜੀ ਤੌਰ 'ਤੇ ਜਾਣਦਾ ਸੀ। ਫਿਰ ਵੀ ਹਿੱਕ ਥਾਪੜਕੇ ਪੂਰੀ ਬੇਸ਼ਰਮੀ ਨਾਲ ਸਟੇਜ 'ਤੇ ਝੂਠ ਬੋਲਦਾ ਰਿਹਾ। ਇਸ ਦੇ ਸਾਰੇ ਕੁਫਰ ਦੀ ਹੁਣ ਵੀਡੀਓ ਸੀ.ਡੀ. ਮੇਰੇ ਕੋਲ ਮੌਜੂਦ ਹੈ। ਲੋੜ ਪੈਣ 'ਤੇ ਸਬੂਤ ਵਾਸਤੇ ਪੇਸ਼ ਕਰ ਸਕਦਾ ਹਾਂ।

ਅਸਲ ਵਿੱਚ ਮੈਂ ਕਦੇ ਵੀ ਬਿਜਲੀ ਮਹਿਕਮੇ ਵਿੱਚ ਨੌਕਰੀ ਨਹੀਂ ਕੀਤੀ। ਜੇ ਕੋਈ ਸਿੱਧ ਕਰ ਦੇਵੇ ਤਾ ਹਰ ਤਰ੍ਹਾਂ ਦੀ ਸਜ਼ਾ ਭੁਗਤਣ ਲਈ ਤਿਆਰ ਹਾਂ। ਤਾਰਾਂ ਤੇ ਖੰਭੇ ਵੇਚਣ ਦਾ ਇਲਜ਼ਾਮ ਆਪਣੇ ਆਪ ਖ਼ਤਮ ਹੋ ਗਿਆ, ਜਦੋਂ ਨੌਕਰੀ ਹੀ ਨਹੀਂ ਸੀ। ਮੈਨੂੰ ਲੰਮੀ ਨਜ਼ਰਬੰਦੀ ਵਿੱਚ ਰੱਖਿਆ ਗਿਆ। ਮੇਰੇ 'ਤੇ ਕੇਸ ਪਾਇਆ ਗਿਆ ਸੀ, 124-ਏ (ਭਾਰਤ ਸਰਕਾਰ ਵਿਰੁਧ ਜੰਗ 5 ਜੂਨ 1984 ਨੂੰ ਮੇਰੀ ਗ੍ਰਿਫ਼ਤਾਰੀ ਗੋਨਿਆਣਾ ਮੰਡੀ ਤੋਂ ਹੋਈ ਸੀ ਤੇ ਬਠਿੰਡਾ ਜੇਲ ਵਿੱਚ ਲੰਮੇ ਸਮੇਂ ਤੱਕ ਨਜ਼ਰਬੰਦ ਰਿਹਾ) ਦਾ। ਮਨੁੱਖੀ ਅਧਿਕਾਰਾਂ ਦੇ ਇੱਕ ਸਿਰ ਕੱਢਵੇਂ ਸੇਵਕ, ਜਸਟਿਸ ਅਜੀਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਇੱਕ ਪੜਤਾਲੀਆ ਕਮਿਸ਼ਨ ਬਣਾਇਆ ਗਿਆ ਸੀ। ਮੇਰੇ

ਕਾਗ਼ਜ਼ ਪੱਤਰਾਂ ਦੀ ਪੜਤਾਲ ਕਰ ਕੇ, ਪਿਛਲਾ ਸਾਰਾ ਰਿਕਾਰਡ ਵੇਖ ਕੇ, ਮੇਰੇ ਨਾਲ ਮੁਲਾਕਾਤ ਕਰ ਕੇ, ਪੂਰੀ ਤਸੱਲੀ ਤੋਂ ਬਾਅਦ, ਸਰਕਾਰ ਨੂੰ ਜੋ ਪੜਤਾਲੀਆ ਰੀਪੋਰਟ ਭੇਜੀ, ਉਸ ਵਿੱਚ ਮੈਨੂੰ ਬੇਕਸੂਰ ਲਿਖਿਆ। ਇਸ ਤੋਂ ਮਗਰੋਂ ਮੇਰਾ ਕੇਸ ਵਾਪਸ ਲੈ ਲਿਆ ਗਿਆ। ਸਾਰੇ ਕੇਸ ਦੀਆਂ ਨਕਲਾਂ ਮੇਰੇ ਕੋਲ ਮੌਜੂਦ ਹਨ। ਇੰਨੇ ਝੂਠੇ ਹਨ ਇਹ ਲੋਕ।

ਇਸ ਭਾਊ ਅਨੋਖ ਸਿੰਘ ਨੂੰ ਮੇਰੇ ’ਤੇ ਗੁੱਸਾ ਤਦੋਂ ਆਇਆ ਜਦੋਂ ਮੈਂ ਇਸ ਦੇ ਸੁਹਰੇ (7☛▲✪➢ 6▲✝✶✥☛ ⇨✪ ⋆▲↰) ‘ਬ੍ਰਹਮ ਗਿਆਨੀ ਸੰਤ’ ਦੀਆਂ ਲਿਖਤਾਂ ਦਾ ਭਾਂਡਾ ਚੌਰਾਹੇ ਵਿੱਚ ਭੰਨ੍ਹ ਦਿੱਤਾ। ਪਹਿਲਾਂ ਇਹ ਸਾਡੇ ਨਾਲ ਠੀਕ ਕਦਮ ਮਿਲਾ ਕੇ ਚੱਲ ਰਿਹਾ ਸੀ। ਹਰਿਆਣਵੀ ਲੋਕਾਂ ਵਿੱਚ ਇੱਕ ਅਖਾਣ ਪ੍ਰਚਲਤ ਹੈ– ‘ਏਕ ਤਰਫ਼ ਸਾਰੀ ਲੋਕਾਈ। ਦੂਸਰੀ ਤਰਫ਼ ਜੋਰੂ ਦਾ ਭਾਈ।’ ਇੱਕ ਉਚ ਵਿਦਿਆ ਪ੍ਰਾਪਤ ਵਿਅਕਤੀ, ਟਕਸਾਲ ਦੇ ਰਿਸ਼ਤੇ ਨੇ ਕੁਰਾਹੇ ਪਾ ਦਿੱਤਾ। ਝੂਠ ਬੋਲਣ ’ਤੇ ਮਜਬੂਰ ਕਰ ਦਿੱਤਾ। ਡੁੱਬ ਰਹੀ ਪਾਪ ਦੀ ਬੇੜੀ ਵਿੱਚ ਅੱਖਾਂ ਬੰਦ ਕਰ ਕੇ ਸਵਾਰ ਹੋ ਗਿਆ। ਧੰਨ ਸਿੱਖੀ! ਧੰਨ ਵਫ਼ਾਦਾਰੀ!! ਧੰਨ ਹੈ ‘ਸਮਝਦਾਰੀ’!!!

ਅੰਤਿਕਾ 8.

# ਸਿੱਖਾਂ ਦੀ ਕਮਾਈ, ‘ਸੰਤਾਂ’ ਨੇ ਹਥਿਆਈ

ਡੇਰੇਦਾਰ ਸਾਧ ਓਪਰੀ ਨਜ਼ਰੇ, ਬੜੇ ਭਜਨੀਕ, ਸਾਊ, ਤਿਆਗੀ ਤੇ ਪਰਉਪਕਾਰੀ ਨਜ਼ਰ ਆਉਂਦੇ ਹਨ। ਭੋਲੇ ਪੰਛੀਆਂ ਨੂੰ ਜਾਲ ਵਿੱਚ ਫਸਾਉਣ ਲਈ ਇਹੀ ਵਧੀਆ ਤਰੀਕਾ ਹੈ। ਅਸਲ ਵਿੱਚ ਇਹ ਸਾਧ ਬੜੇ ਘਾਗ, ਚਤਰ, ਕਲਾਬਾਜ਼ੀਆਂ, ਫਰੇਬ ਤੇ ਝੂਠ ਆਦਿ ਵਿੱਚ ਨਿਪੁੰਨ ਹੁੰਦੇ ਹਨ। ਜੇ ਇੰਨੀ ਚਤਰਾਈ ਨਾ ਹੋਵੇ ਤਾਂ ਚੇਲਿਆਂ ਨੂੰ ਕਾਬੂ ਵਿੱਚ ਨਹੀਂ ਰੱਖ ਸਕਦੇ। ਲੋਕਾਂ ਨੂੰ ਉਲੂ ਨਹੀਂ ਬਣਾ ਸਕਦੇ। ਜੇ ਭੋਲੇ ਹੋਣ ਤਾਂ ਕਰੋੜਾ ਦੀਆਂ ਜਾਇਦਾਦਾਂ ਅਤੇ ਮਹਿਲ ਨਹੀਂ ਉਸਾਰ ਸਕਦੇ। ਤੀਹ ਤੀਹ ਲੱਖ ਦੀ ਆਂ ਵਿਦੇਸ਼ੀ ਕਾਰਾਂ ਦੇ ਝੂਟੇ ਨਹੀਂ ਲੈ ਸਕਦੇ। ਜੇ ਇੰਨੇ ਭੋਲੇ ਹੋਣ ਤਾਂ ਲੋਕਾਂ ਦੀਆਂ ਤੀਵੀਆਂ ਤੋਂ ਮਾਲਸ਼ਾਂ ਨਹੀਂ ਕਰਵਾ ਸਕਦੇ। ਜੇ ਪੂਰੀ ਤਰ੍ਹਾਂ ਭੋਲੇ ਹੁੰਦੇ ਤਾਂ ਸੁੰਦਰ ਜਵਾਨ ਔਰਤਾਂ ਨੂੰ ਗਰਭਵਤੀਆਂ ਨਾ ਕਰ ਸਕਦੇ।

ਬਾਕੀ ਡੇਰਿਆਂ ਵਾਂਗ ਲੰਮੇ ਸਮੇਂ ਤੋਂ ਪੂਰੇ ਪੰਥ ਨੂੰ ਬੇਵਕੂਫ਼ ਬਣਾ ਕੇ, ਨਿਰੋਲ ਝੂ ਠ ਤੇ ਮਹਿਲ ਉਸਾਰ ਕੇ, ‘ਕਾਮਯਾਬੀ’ ਨਾਲ ਚੱਲ ਰਿਹਾ ਡੇਰਾ ਹੈ ‘ਦਮਦਮੀ ਟਕਸਾਲ।’ ਬਿਨਾਂ ਕਿਸੇ ਇਤਿਹਾਸਕ ਸਬੂਤ ਤੋਂ, ਆਪਣੇ ਡੇਰੇ ਨੂੰ ਜੋੜ ਦਿੱਤਾ ਗੁਰੂ ਗੋਬਿੰਦ

ਸਿੰਘ ਜੀ ਨਾਲ। ਸਬੂਤਾਂ ਦੀ ਘਾਟਨ ਪੂਰੀ ਕਰਨ ਲਈ, 'ਸੀਨਾ-ਬ-ਸੀਨਾ'। ਗੁਰੂ ਸਾਹਿਬ ਵਾਲੀ ਸਾ ਰੀ ਰਹਿਤ ਸਾਡੇ ਕੋਲ ਹੈ। ਗੁਰੂ ਜੀ ਵੱਲੋਂ ਗੁਰਬਾਣੀ ਦੇ ਸਿਖਾਏ ਅਰਥ, ਟਕਸਾਲ ਕੋਲ ਹਨ। ਇੱਕ ਪਾਸੇ ਟਕਸਾਲ ਦੀ ਕਾਰਗੁਜਾਰੀ ਹੈ ? ਇਨ੍ਹਾਂ ਦੀਆਂ ਕਿਤਾਬਾਂ ਦਾ ਕੂੜ ਕੁਫ਼ਰ ਹੈ। ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਦੀ ਬੇਦਾਗ਼ ਮਹਾਨ ਸ਼ਖ਼ਸੀਅਤ ਹੈ। ਸਿੱਖਾਂ ਵਿਚਲੇ ਵਿਚਾਰਵਾਨਾਂ ਅਤੇ ਧਰਮ ਮੁਖੀਆਂ ਨੇ ਕਦੀ ਗੰਭੀਰਤਾ ਨਾਲ ਸੋਚਿਆ ਹੈ ਕਿ ਜਿਨ੍ਹਾਂ ਸਿਧਾਂਤਾਂ ਨਿਯਮਾਂ ਨੂੰ ਗੁਰਬਾਣੀ ਵਿੱਚ ਦ੍ਰਿੜ ਕਰਵਾਇਆ ਗਿਆ ਹੈ। ਕੀ ਗੁਰੂ ਜੀ ਉਸ ਤੋਂ ਉ ਲਟ ਵਿਚਾਰ ਕਰ ਸਕਦੇ ਹਨ ? ਕੀ ਗੁਰੂ ਜੀ ਕਿਸੇ ਨੂੰ ਗੁਰਬਾਣੀ ਤੋਂ ਵਿਰੋਧੀ ਕੰਮ ਕਰਨ ਦੀ ਇਜਾਜ਼ਤ ਦੇ ਸਕਦੇ ਹਨ ? ਕੀ ਸਤਿਗੁਰੂ ਜੀ ਕਿਸੇ ਵਿਸ਼ੇਸ਼ ਵਿਅਕਤੀ ਜਾ ਡੇਰੇ ਨੂੰ ਕੋਈ ਵੱਧ ਅਧਿਕਾਰ ਦੇ ਸਕਦੇ ਹਨ ?

ਬਾਬਾ ਬੰਦਾ ਸਿੰਘ ਬਹਾਦਰ ਨੂੰ ਖੁੱਲ੍ਹੇਆਮ ਸਿੱਖਾਂ ਦਾ ਮੁੱਖ ਸੈਨਾਪਤੀ ਥਾਪਿਆ। ਵੱਡੀ ਗਿਣਤੀ ਵਿੱਚ ਸਿੱਖ ਨਾਲ ਭੇਜੇ। ਇਨ੍ਹਾਂ ਪੰਜਾਬ ਆ ਕੇ ਦੁਸ਼ਮਣਾਂ ਦੇ ਛੱਕੇ ਛੁਡਾ ਦਿੱਤੇ। ਸਰਹਿੰਦ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਦਿੱਲੀ ਨੂੰ ਕਾਂਬਾ ਛੇੜ ਦਿੱਤਾ। ਸੂਰਮਗਤੀ ਦੀਆਂ ਸਿਖਰਾਂ ਛੋਹਦਿਆਂ ਸਾਰੇ ਸ਼ਹੀਦ ਹੋ ਗਏ। ਇਹ ਸਾਰੇ ਵੇਰਵੇ ਇਤਿਹਾਸ ਵਿੱਚੋਂ ਪਰਤੱਖ ਪੜ੍ਹੇ ਜਾ ਸਕਦੇ ਹਨ। ਅਨੇਕ ਥਾਵੇਂ ਭਰੋਸੇਯੋਗ ਸਬੂਤ ਮੌਜੂਦ ਹਨ ਪਰ ਕੀ ਕਾਰਨ ਹੈ ਕਿ ਟਕਸਾਲ ਨੂੰ 'ਖ਼ਾਸ ਅਧਿਕਾਰ' ਦੇਣ ਬਾਰੇ ਇੱਕ ਵੀ ਸਬੂਤ ਨਹੀਂ ਮਿਲਦਾ। ਗੁਰੂ ਗੋਬਿੰਦ ਸਿੰਘ ਜੀ ਦੇ 'ਸੀਨੇ' ਵਿੱਚ ਉਹੀ ਕੁੱਝ ਸੀ ਜੋ ਗੁਰੂ ਨਾਨਕ ਸਾਹਿਬ ਵੱਲੋਂ ਗੁਰਬਾਣੀ ਰੂਪ ਵਿੱਚ ਉਨ੍ਹਾਂ ਨੂੰ ਪ੍ਰਾਪਤ ਹੋਇਆ ਸੀ। ਆਪਣੇ ਪੁਰਖਿਆਂ ਵੱਲੋਂ ਸੁਝਾਏ ਪਰਉਪਕਾਰ ਦੇ ਵਡੇਰੇ ਕਾਰਜ ਸਨ। ਫਿਰ ਟਕਸਾਲ ਵਾਲਿਆਂ ਦੇ 'ਸੀਨੇ' ਵਿੱਚ ਗੁਰਮਤਿ ਵਿਰੋਧੀ ਪਖੰਡ ਕਿਥੋਂ ਆ ਗਿਆ ? ਇੱਕ ਪਾਸੇ ਹਨ ਗੁਰਬਾਣੀ ਦੇ ਸੁਨਹਿਰੀ ਅਸੂਲ। ਦੂਜੇ ਪਾਸੇ ਹੇ ਟਕਸਾਲਦਾ ਬ੍ਰਾਹਮਣੀ ਪਖੰਡ ਕੂੜ ਪ੍ਰਚਾਰ। ਇਨ੍ਹਾਂ ਦੀਆਂ ਕਿਤਾਬਾਂ ਸਬੂਤ ਵਾਸਤੇ ਵੇਖੀਆਂ ਜਾ ਸਕਦੀਆਂ ਹਨ। ਕੀ ਅਜਿਹਾ ਕੁਫ਼ਰ ਸੀ ਗੁਰੂ ਗੋਬਿੰਦ ਸਿੰਘ ਜੀ ਦੇ ਸੀਨੇ ਵਿੱਚ ? ਇਨ੍ਹਾਂ ਦੇ ਮੁਖੀਆਂ ਪ੍ਰਚਾਰਕਾਂ ਤੇ ਇਨ੍ਹਾਂ ਦੀਆਂ ਕਿਤਾਬਾਂ ਵਿੱਚ ਤਾਂ ਨਿਰਾ ਕਾਂਸ਼ੀ ਦਾ ਬ੍ਰਾਹਮਣ ਆਪਣਾ ਵੈਦਕ ਕੂੜ ਲੈ ਕੇ, ਬੈਠਿਆ ਸਾਫ਼ ਨਜ਼ਰ ਆ ਰਿਹਾ ਹੈ। ਇਹ ਬ੍ਰਾਹਮਣੀ ਕੂੜ ਕਾਂਸ਼ੀ ਵੱਲੋਂ ਤਾ ਆ ਸਕਦਾ ਹੈ। ਗੁਰੂ ਸਾਹਿਬ ਵੱਲੋਂ ਕਦਾਚਿਤ ਨਹੀਂ।

ਗੁਰੂ ਸਾਹਿਬਾਨ ਦੀ ਮਹਾਨ ਸ਼ਖ਼ਸੀਅਤ ਪ੍ਰਤੀ ਆਮ ਸਿੱਖਾਂ ਵਿੱਚ ਅਥਾਹ ਸ਼ਰਧਾ ਹੈ। ਗੁਰੂ ਦਾ ਨਾਮ ਵਰਤ ਕੇ ਸਿੱਖ ਤੋਂ ਜੋ ਮਰਜ਼ੀ ਕੋਈ ਧਨ ਪਦਾਰਥ ਹਥਿਆ ਲਵੇ। ਜਾਂ ਆਪਣੀ ਕੋਈ ਹੋਰ ' ਸੇਵਾ' ਕਰਵਾ ਲਏ। ਜਨ ਸਾਧਾਰਨ ਦੀ ਇਸ ਮਨੋਬਿਰਤੀ ਦਾ ਇਨ੍ਹਾਂ ਡੇਰੇਦਾਰਾਂ ਨੇ, ਬੇਰਹਿਮ ਫ਼ਾਇਦਾ ਉਠਾਇਆ ਹੈ। ਕਿਤੇ ਭਾਈ ਮਰਦਾਨਾ ਜੀ ਦੇ ਵੰਸਜ਼। ਕਿਤੇ ਸਾਈਂ ਮੀਆਂ ਮੀਰ ਦੇ ਵੰਸਜ਼। ਕਿਧਰੇ ਬਿਧੀ ਚੰਦੀਏ। ਕਿਧਰੇ

ਬਾਬਾ ਬੁੱਢਾ ਜੀ ਦੀ ਅਉਲਾਦ। ਕੋਈ ਬੇਦੀ, ਕੋਈ ਸੋਢੀ, ਕੋਈ ਭਾਈ ਘਨਈਆ ਦਾ ਉਤਰ ਅਧਿਕਾਰੀ, ਕੋਈ ਭਾਈ ਜੈਤਾ ਜੀ ਦਾ। ਗੱਲ ਕੀ ਹਰ ਕੋਈ ਨਵਾਂ ਜਾਲ, ਸੁਆਦਲਾ ਚੋਗ ਲੈ ਕੇ, ਭੋਲੇ ਪੰਛੀਆਂ (ਸ਼ਰਧਾਲੂਆਂ) ਨੂੰ ਫਾਹੁਣ ਦੀ ਤਾਕ ਵਿੱਚ ਹੈ। ਟਕਸਾਲ ਵਾਲਿਆਂ ਨੇ ਇਸ 'ਬੱਜਰ ਝੂਠ' ਰਾਹੀਂ ਅਥਾਹ ਪੈਸਾ ਕਮਾਇਆ ਹੈ। ਜਿਸ ਗੁਰੂ ਵੱਲੋਂ ਟਕਸਾਲ ਚਲਾਈ ਦਾ ਦਮਗਜਾ ਮਾਰ ਰਹੇ ਹਨ। ਉਸੇ ਗੁਰੂ ਨੇ ਸਮੂਹ ਸਿੱਖ ਪੰਥ ਨੂੰ ਇੱਕੋ ਗੁਰੂ, ਗੁਰੂ ਗ੍ਰੰਥ ਸਾਹਿਬ ਦੇ ਤਾਬੇ ਕੀਤਾ ਸੀ। ਮਹਾਨ ਗੁਰੂ ਦੇ ਹੁਕਮ ਦੀ ਉਲੰਘਣਾ ਕਰ ਕੇ ਉਸ ਦੇ ਬਰਾਬਰ ਲੱਚਰ ਕਹਾਣੀਆਂ ਵਾਲਾ ਪੋਥਾ (ਬਚਿੱਤਰ ਨਾਟਕ) ਟਿਕਾ ਦਿੱਤਾ ਗਿਆ। ਮਹਿਤੇ ਚੌਂਕ ਵਾਲੇ ਟਕਸਾਲ ਦੇ ਗੁਰਦਵਾਰੇ ਵਿੱਚ ਲੰਮੇ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਬਚਿੱਤਰ ਨਾਟਕ ਗ੍ਰੰਥ ਰੱਖ ਕੇ ਮੱਥੇ ਟਿਕਵਾਏ ਜਾ ਰਹੇ ਹਨ। ਕੀ ਇਹ ਦਸਵੇਂ ਨਾਨਕ ਦੀ ਤੌਹੀਨ ਨਹੀਂ ? ਕੀ ਗੁਰੂ ਸਾਹਿਬ ਇਨ੍ਹਾਂ ਨੂੰ ਅਜਿਹਾ ਕੁਕਰਮ ਕਰਨ ਲਈ ਕਹਿ ਕੇ ਗਏ ਸਨ ? ਗੁਰੂ ਸਾਹਿਬ ਇਨ੍ਹਾਂ ਪਖੰਡੀਆਂ ਨੂੰ 'ਬ੍ਰਹਮ ਗਿਆਨੀ, ਸ੍ਰੀ ਮਾਨ 108, ਸੰਤ, ਵਿਦਿਆ ਮਾਰਤੰਤ, ਪੰਥ ਰਤਨ, 'ਵਗੈਰਾ ਦੇ ਖਿਤਾਬ ਵੀ ਦੇ ਕੇ' ਗਏ ਸਨ ? ਫਿਰ ਕਿਸ ਅਧਿਕਾਰ ਦੁਆਰਾ ਆਪਣੇ ਨਾਵਾਂ ਨਾਲ ਖਿਤਾਬ ਜੋੜੇ ਜਾ ਰਹੇ ਹਨ ? ਹਵਨ ਕਰਨੇ, ਚਲੀਹੇ ਕੱਟਣੇ, ਗੰਗਾ ਇਸ਼ਨਾਨ ਕਰਨੇ, ਵੀ ਦਸਮ ਪਾਤਿਸ਼ਾਹ ਇਨ੍ਹਾਂ ਨੂੰ ਸਿੱਖਾਂ ਗਏ ਸਨ ? ਝੂਠ ਬੋਲਣਾ ਵੀ ਗੁਰੂ ਸਾਹਿਬ ਨੇ ਸਿਖਾਇਆ ਸੀ ? ਟਕਸਾਲ ਦਾ ਇੱਕ ਬਹੁਤ ਹੀ ਦੂਰ ਦੀ ਸੋਚਣ ਵਾਲਾ ਮੁਖੀ, ਗਿਆਨੀ ਗੁਰਬਚਨ ਸਿੰਘ ਹੋਇਆ ਸੀ। ਸੰਨ 1930 ਤੋਂ ਲੈ ਕੇ 1969 ਤੱਕ ਇਸ ਡੇਰੇ ਦਾ ਮੁਖੀ ਰਿਹਾ। ਮਰਨ ਵੇਲੇ ਜਦੋਂ ਗੱਦੀ ਗਿਆਨੀ ਕਰਤਾਰ ਸਿੰਘ ਨੂੰ ਦਿੱਤੀ ਜਾਣ ਲੱਗੀ ਤਾਂ ਟਕਸਾਲ ਦਾ 'ਸੀਨਾ' ਪਾਟ ਗਿਆ। ਮਾਲਵੇ ਦੇ ਲੋਕਾਂ ਨੇ ਗਿਆਨੀ ਮੋਹਨ ਸਿੰਘ ਨੂੰ ਗੱਦੀ ਦੇ ਦਿੱਤੀ। ਕਰਤਾਰ ਸਿੰਘ ਮਾਝੇ ਦਾ ਸੀ, ਇਸ ਕਰ ਕੇ ਮਾਝੇ ਵਾਲਿਆਂ ਨੇ ਕਰਤਾਰ ਸਿੰਘ ਨੂੰ ਗੱਦੀ ਦੇ ਦਿੱਤੀ। ਪਰ ਕਰਤਾਰ ਸਿੰਘ ਮਾਲਵੇ ਵਿੱਚ ਠਹਿਰ ਨਾ ਸਕਿਆ। ਮਾਝੇ ਵਿੱਚ (ਮਹਿਤੇ) ਜਾ ਡੇਰਾ ਲਾਇਆ। ਗਿ. ਗੁਰਬਚਨ ਸਿੰਘ ਨੇ ਮਰਨ ਤੋਂ ਪਹਿਲਾਂ ਬਹੁਤ ਸਾਰੇ ਨੌਜਵਾਨਾਂ ਨੂੰ ਪਾਠ ਕਰਨਾ ਸਿੱਖਾ ਦਿੱਤਾ। ਉਸ ਅਣਪੜ੍ਹਤਾ ਵਾਲੇ (1930 ਤੋਂ 1969) ਸਮੇਂ ਵਿੱਚ ਪਾਠੀ ਘੱਟ ਸਨ। ਇਸੇ ਕਾਰਨ ਬਹੁਤੀਆਂ ਥਾਵਾਂ 'ਤੇ, ਇਨ੍ਹਾਂ ਵੱਲੋਂ ਭੇਜੇ ਪਾਠੀ ਗ੍ਰੰਥੀ ਗੁਰਦਵਾਰਿਆਂ ਵਿੱਚ ਕਾਬਜ਼ ਹੁੰਦੇ ਗਏ। ਜੋ ਅੱਜ ਤੱਕ ਇਨ੍ਹਾਂ ਦਾ ਪੱਖ ਪੂਰਦੇ ਆ ਰਹੇ ਹਨ। ਨਾਲੇ ਟਕਸਾਲ ਵਿੱਚੋਂ ਸਿਖਿਆ ਬ੍ਰਾਹਮਣਵਾਦ ਖ਼ੂਬ ਫੈਲਾ ਰਹੇ ਹਨ। ਇਨ੍ਹਾਂ ਦੇ 'ਪੜ੍ਹਾਏ' ਤਖ਼ਤਾਂ ਦੇ ਵੱਡੇ ਪੁਜਾਰੀ ਵੀ ਬਣ ਗਏ। ਜੋ ਨਿਤ ਦਿਨ ਨਵੇਂ ਚੰਦ ਚਾਹੜ ਰਹੇ ਹਨ।

ਗਿਆਨੀ ਗੁਰਬਚਨ ਸਿੰਘ ਨੇ 'ਦੂਰ ਦ੍ਰਿਸ਼ਟੀ' ਦੁਆਰਾ ਵਿਚਾਰ ਕਰ ਕੇ, ਪੰਜਾਬ

ਵਿੱਚੋਂ ਗੁਰੂ ਨਮਿੱਤ ਦਿੱਤਾ ਗਿਆ ਪੈਸਾ ਹੂੰਝ ਕੇ, ਯੂ.ਪੀ. ਵਿੱਚ ਫ਼ਾਰਮ ਹਾਊਸ ਬਣਾ ਲਿਆ। ਅੱਜ ਕਲ ਇਹ ਫ਼ਾਰਮ ਉਤਰਾਂਚਲ ਦੇ ਸ਼ਹਿਰ ਰੁੱਦਰਪੁਰ ਤੋਂ ਛੇ ਸੱਤ ਕਿਲੋਮੀਟਰ ਦੂਰ ਪਿੰਡ ਡਿਬਡਿਬਾ ਵਿਖੇ ਸਥਿਤ ਹੈ। ਜੇ ਪੰਜਾਬ ਵਿੱਚ ਜ਼ਮੀਨ ਖ਼ਰੀਦੀ ਜਾਂਦੀ ਤਾ ਸਭ ਨੂੰ ਪਤਾ ਲੱਗ ਜਾਣਾ ਸੀ। 'ਸੰਤ ਜੀ ਦੀ ਬ੍ਰਹਮ ਗਿਆਨਤਾ' ਨੂੰ ਠੇਸ ਲਗਣੀ ਸੀ। ਸਿੱਖਾਂ ਨੇ 'ਮਹਾਂ ਪੁਰਖਾਂ' ਦੇ ਚਰਨਾਂ ਵਿੱਚ ਲੰਮੇ ਪੈਣ ਤੋਂ ਟਾਲਾ ਵੱਟਣ ਲੱਗ ਪੈਣਾ ਸੀ। ਇਸ ਲਈ 'ਸ਼ਰਧਾਵਾਨ ਭੋਲੇ ਸਿੱਖਾਂ ਦਾ ਖ਼ੂਨ ਨਿਚੋੜ ਕੇ,' ਆਪਣੀ ਅਉਲਾਦ ਅੱਗੇ ਪਰੋਸਣ ਲਗਿਆ, ਕੁੱਝ ਕੁ ਪੜਦਾ ਜਾਂ ਦੂਰੀ ਤਾਂ ਬਣਾਉਣੀ ਹੀ ਪੈਣੀ ਸੀ।' ਇਹ ਜਾਇਦਾਦਾਂ ਖ਼ਰੀਦਣ ਵਾਲਾ ਹੁਕਮ ਵੀ ਇਨ੍ਹਾਂ ਬ੍ਰਹਮ ਗਿਆਨੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਹੀ ਦੇ ਗਏ ਸਨ ? ਅੱਜ ਤੱਕ ਲਿਖ ਕੇ ਅਤੇ ਬੋਲ ਕੇ ਇਹੀ ਦਸਿਆ ਗਿਆ ਹੈ ਸੱਭ ਨੂੰ। ਆਲੀਸ਼ਾਨ ਕੋਠੀਆਂ ਲਗਪਗ ਇੱਕ ਸੌ ਕਿੱਲੇ (ਏਕੜ) ਜ਼ਮੀਨ ਹੀ ਤਾਂ ਬਣਾਈ ਹੈ, ਕਿਹੜੀ ਬਹੁਤੀ ਹੈ ?

ਜੇ ਕੋਈ 'ਘਰ ਦਾ ਭੇਤੀ' ਸਵਾਲ ਖੜ੍ਹਾ ਕਰ ਹੀ ਦੇਵੇ ਕਿ 'ਸੰਤ ਜੀ' ਗੋਲਕ ਦਾ ਪੈਸਾ ਨਿੱਜੀ ਜਾਇਦਾਦ ਬਣਾਉਣ ਵਾਸਤੇ ਵਰਤਣਾ ਘੋਰ ਪਾਪ ਹੈ। ਕਿਥੇ ਸੁਰਖਰੂ ਹੋਵੋਗੇ ? ਤਾਂ ਪਹਿਲਾ ਜਵਾਬ ਤਾਂ ਇਹ ਤਿਆਰ ਕੀਤਾ ਗਿਆ ਹੈ ਕਿ ਪਟਿਆਲੇ ਤੋਂ ਇੱਕ ਬੀਬੀ ਨੇ ਜ਼ਮੀਨ 'ਦਾਨ' ਕੀਤੀ ਸੀ ਪਰ ਕੀ ਦਾਨ ਕੀਤੀ ਜ਼ਮੀਨ ਇੱਕ ਪਰਵਾਰ ਦੀ ਮਾਲਕੀ ਹੋ ਸਕਦੀ ਹੈ ? ਅਜਿਹੇ ਸਾਰੇ ਦਾਨ ਪੰਥਕ ਅਮਾਨਤ ਹੋਣੇ ਚਾਹੀਦੇ ਸਨ। ਲੋੜਵੰਦਾਂ ਦੇ ਉਥਾਨ ਵਾਸਤੇ ਵਰਤਣੇ ਚਾਹੀਦੇ ਸਨ। ਜ਼ਮੀਨ ਲਗਵਾ ਲਈ ਆਪਣੇ ਨਾਮ। ਕੀ ਇਹ ਸਿੱਧੀ ਪੰਥ ਨਾਲ ਗੱਦਾਰੀ ਨਹੀਂ ? ਦਸਮੇਸ਼ ਪਿਤਾ ਨਾਲ ਧ੍ਰੋਹ ਨਹੀਂ ? ਗੁਰੂ ਪਿਆਰ ਵਿੱਚ ਲਬਰੇਜ਼ ਹੋ ਕੇ, ਜੇ ਕੋਈ ਪੈਸਾ ਜਾਂ ਜ਼ਮੀਨ ਦੇ ਹੀ ਦੇਵੇ ਤਾਂ ਉਸ ਦੀ ਵਰਤੋਂ ਇਉਂ ਕੀਤੀ ਜਾ ਸਕਦੀ ਹੈ ? 'ਗੁਰੂ ਵੱਲੋਂ ਚਲਾਈ ਟਕਸਾਲ' ਦਾ ਢੰਡੋਰਾ ਪਿੱਟਣ ਵਾਲੇ ਨਹੀਂ ਜਾਣਦੇ ਕਿ 'ਅਮਾਨਤ ਵਿੱਚ ਖਿਆਨਤ' ਕਰਨ ਵਾਲੇ ਮਸੰਦਾ ਨੂੰ ਗੁਰੂ ਸਾਹਿਬ ਨੇ ਸਖ਼ਤ ਸਜ਼ਾਵਾਂ ਦਿੱਤੀਆਂ ਸਨ। ਮੌਜੂਦਾ ਦੌਰ ਦੇ ਮਸੰਦਾਂ ਬਾਰੇ ਨਿਰਣਾ ਸਿੱਖ ਪੰਥ ਦੇ ਸੁਚੇਤ ਵਰਗ ਨੇ ਕਰਨਾ ਹੈ, ਕਿ ਅੱਗੋਂ ਇਨ੍ਹਾਂ ਨਾਲ ਕਿਵੇਂ ਦਾ ਵਿਹਾਰ ਕੀਤਾ ਜਾਣਾ ਚਾਹੀਦਾ ਹੈ। 'ਮਹਾਂਪੁਰਖ' ਗਿਆਨੀ ਗੁਰਬਚਨ ਸਿੰਘ ਦੇ ਬਹੁਤੇ ਪਰਵਾਰਕ ਮੈਂਬਰ ਸਿੱਖੀ ਤੋਂ ਦੂਰ ਜਾ ਚੁਕੇ ਹਨ। ਕੁਰਾਹੇ ਪੈ ਚੁੱਕੇ ਹਨ, ਵਿਕਾਰਾਂ ਵਿੱਚ ਡੁੱਬ ਚੁੱਕੇ ਹਨ। ਬਿਨਾਂ ਕਮਾਏ ਪੈਸੇ ਨੇ ਅਯਾਸ ਬਿਰਤੀ ਵਾਲੇ ਬਣਾ ਦਿੱਤੇ ਹਨ। ਖ਼ੈਰ ਇਨ੍ਹਾਂ ਨੂੰ ਕਾਹਦਾ ਡਰ ਹੈ। ਇਹ ਤਾਂ ਸਟੇਜਾਂ 'ਤੇ ਨਿੱਤ ਦਿਨ ਪ੍ਰਚਾਰ ਕਰਦੇ ਰਹੇ ਹਨ, ਕਿ ਇੱਕ ਵਾਰੀ 'ਅੰਮ੍ਰਿਤ' (ਖੰਡੇ ਕੀ ਪਾਹੁਲ) ਛਕ ਲਵੋ। ਦਸ ਹਜ਼ਾਰ ਸਾਲ ਤੱਕ, ਜਿੰਨੇ ਮਰਜ਼ੀ ਪਾਪ ਕਰੀ ਜਾਉ, ਸੱਭ ਬਖ਼ਸ਼ੇ ਜਾਣਗੇ। ਡਰਨ ਦੀ ਕੋਈ ਲੋੜ ਨਹੀਂ।

ਜਿਸ ਗੁਰੂ ਨੇ 'ਗ਼ਰੀਬ ਦਾ ਮੂੰਹ ਗੁਰੂ ਕੀ ਗੋਲਕ' ਆਖਿਆ ਸੀ, ਅੱਜ ਉਸ ਗੁਰੂ ਦੇ ਨਾਮ 'ਤੇ ਲੋਕੀਂ 'ਸੰਤ ਬਣ ਕੇ ਧਰਮ ਦੀਆਂ ਦੁਕਾਨਾਂ ਸਜਾਈ ਬੈਠੇ ਹਨ।' ਦੁਨੀਆਂ ਭਰ ਵਿੱਚ ਬੇਅੰਤ ਗੁਰਦਵਾਰਿਆਂ 'ਤੇ ਕਾਬਜ਼ ਹਨ। ਨਿੱਤ ਦਿਨ ਮਨਘੜਤ ਝੂਠੀਆਂ ਗੱਲਾਂ ਸੰਗਤ ਨੂੰ ਸਣਾਉਂਦੇ ਹਨ। 'ਲੋਕ ਪ੍ਰਲੋਕ' ਸੁਹੇਲੇ ਕਰਨ ਦੀ ਥਾਵੇਂ ਲੋਕ ਪਰਲੋਕ ਬਰਬਾਦ ਕਰ ਰਹੇ ਹਨ। ਕੀ ਇਹ ਸਾਰੇ ਧੋਖੇ ਫਰੇਬ ਕਰਨੇ ਵੀ ਗੁਰੂ ਗੋਬਿੰਦ ਸਿੰਘ ਜੀ ਸਿਖਾ ਗਏ ਸਨ ? ਕੀ ਇਹ ਲੋਕ ਸਤਿਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਕਲੰਕਤ ਨਹੀਂ ਕਰ ਰਹੇ ? ਹੈ ਕੋਈ ਵਰਜਣ ਵਾਲਾ ?

000